੧ੴ ਸਤਿਗੁਰ ਪ੍ਰਸਾਦਿ॥

## ਜੀਵਨ ਪ੍ਰਸੰਗ

# ਭਾਈ ਸਾਈਂ ਦਾਸ ਜੀ

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ, ਨਵੀਂ ਦਿੱਲੀ-110001


www.sikhbookclub.com

Jeewan Bhai Sain Das Jee
Bhai Vir Singh

ISBN#978-81-904956-1-5
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਪ੍ਰਕਾਸ਼ਕ :
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110 001
ਫ਼ੋਨ : 2336 3510 / ਫੈਕਸ : 2374 4347

ਪ੍ਰਿੰਟਰ :

ਮੁੱਲ : 125/-

ਛਪਾਈ ਦਾ ਵੇਰਵਾ

ਪਹਿਲੀ ਵਾਰ - 1919 ਤੋਂ ਪਹਿਲੇ ਟ੍ਰੈਕਟਾਂ ਦੇ ਰੂਪ ਵਿਚ।
ਦੂਜੀ ਤੋਂ ਤੀਹਵੀਂ ਤੱਕ - ਬਾਬਾ ਨੌਧ ਸਿੰਘ ਦੇ ਅਖ਼ੀਰਲੇ ਹਿਸੇ ਦੇ ਰੂਪ ਵਿਚ।
ਇਕੀਤੀਵੀਂ ਵਾਰ - 2008 (Computerise)

# ਇੱਕਤੀਵੀਂ ਐਡੀਸ਼ਨ-ਬੇਨਤੀ

ਸਾਡੇ ਅੰਦਾਜ਼ੇ ਮੁਤਾਬਕ ਇਹ ਇਸ ਪੁਸਤਕ ਦੀ ਇੱਕਤੀਵੀਂ ਐਡੀਸ਼ਨ ਹੈ। ਇਹ ਕਮਪਯੂਟ੍ਰਾਈਜ਼ (Computerise) ਕਰ ਦਿਤੀ ਗਈ ਹੈ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਲਿਖਤ "ਸੁਭਾਗ ਜੀ ਦਾ ਸੁਧਾਰ ਹਥੀਂ ਬਾਬਾ ਨੌਧ ਸਿੰਘ" ਪਹਿਲੀ ਵਾਰ ੧੯੧੯-੧੯੨੦ ਵਿਚ ਟ੍ਰੈਕਟਾਂ ਦੇ ਰੂਪ ਵਿਚ ਛਪੀ ਸੀ ਤੇ ਪਿਛੋਂ ੧੯੨੩ ਵਿਚ ਪੁਸਤਕ ਦੇ ਰੂਪ ਵਿਚ ਛਪੀ। ਇਸ ਪੁਸਤਕ ਦੇ ਅਖੀਰਲੇ ਹਿੱਸੇ ਵਿਚ ਭਾਈ ਸਾਈਂ ਦਾਸ ਜੀ ਦਾ ਜੀਵਨ ਦਿਤਾ ਹੋਇਆ ਹੈ। ਇਸਦਾ ਮਤਲਬ ਇਹ ਹੋਇਆ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਭਾਈ ਸਾਈਂ ਦਾਸ ਜੀ ਦਾ ਜੀਵਨ ਕਦੀ ੧੯੧੯ ਤੋਂ ਪਹਿਲੇ ਲਿਖਿਆ ਸੀ। ਕਦੋਂ ਲਿਖਿਆ? ਇਸਦਾ ਸਾਨੂੰ ਵੇਰਵਾ ਨਹੀਂ ਮਿਲ ਸਕਿਆ।

ਪਾਠਕਾਂ ਦੀ ਪੁਰਜ਼ੋਰ ਮੰਗ ਤੇ ਅਸੀਂ ਭਾਈ ਸਾਈਂ ਦਾਸ ਜੀ ਦੇ ਜੀਵਨ ਪ੍ਰਸੰਗ ਵਖਰੇ ਇਸ ਛੋਟੇ ਆਕਾਰ ਦੀ ਪੁਸਤਕ ਵਿਚ ਛਾਪ ਕੇ ਸੰਗਤਾਂ ਨੂੰ ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ। ਇਸ ਪੁਸਤਕ ਦਾ ਸਾਰਾ ਮਸਾਲਾ (ਥੋੜੀ ਐਡਿਟਿੰਗ ਕਰਕੇ) 'ਬਾਬਾ ਨੌਧ ਸਿੰਘ' ਵਿਚੋਂ ਹੀ ਲਿਆ ਹੈ ਤੇ ਹਰ ਅਧਿਆਏ ਦਾ ਢੁਕਵਾਂ ਸਿਰਲੇਖ (Heading) ਦੇ ਦਿਤਾ ਹੈ।

ਚੂੰਕਿ ਭਾਈ ਸਾਈਂ ਦਾਸ ਜੀ ਸ੍ਰੀ ਗੁਰੂ ਹਰਿਗੋਬਿੰਦ ਸ਼ਾਹਿਬ ਜੀ ਦੇ ਅਤਿ ਸ਼ਰਧਾਲੂ ਸਿੱਖ ਸਨ, ਉਨ੍ਹਾਂ ਦੇ ਜੀਵਨ ਬਾਰੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੀਵਨ (ਸ੍ਰੀ ਅਸ਼ਟ ਗੁਰ ਚਮਤਕਾਰ ਭਾਗ-੩) ਲਿਖਣ ਵੇਲੇ, ਜ਼ਿਕਰ ਆਉਣਾ ਸੁਭਾਵਕ ਹੀ ਸੀ। ਸ੍ਰੀ ਅਸ਼ਟ ਗੁਰ ਚਮਤਕਾਰ ਭਾਗ-੩ (ਜਿਸ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਪ੍ਰਸੰਗ ਹਨ) ਵਿਚ ਭਾਈ ਸਾਈਂ ਦਾਸ ਜੀ ਦੇ ਜੀਵਨ ਬਾਰੇ ਵੀ ਕਈ ਅਧਿਆਏ ਹਨ। ਭਾਈ ਸਾਈਂ ਦਾਸ ਜੀ ਦਾ ਜੀਵਨ ਜਿਹੜਾ ਬਾਬਾ ਨੌਧ ਸਿੰਘ ਵਿਚ ਆਇਆ ਹੈ ਤੇ ਫਿਰ ਜਿਹੜਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ

ਵਿਚ ਆਇਆ ਹੈ ਉਨ੍ਹਾਂ ਦੋਵਾਂ ਵਿਚ ਕਿਤੇ ਕਿਤੇ ਥੋੜਾ-ਥੋੜਾ ਫ਼ਰਕ ਹੈ। ਇਤਿਹਾਸਕ ਫੈਕਟਸ (Historical facts) ਵਿਚ ਤਾਂ ਕੋਈ ਫਰਕ ਨਹੀਂ ਪਰ ਲਿਖਦਿਆਂ ਸਤਿਕਾਰਯੋਗ ਲੇਖਕ ਜੀ ਦੀ ਕਲਮ ਕਦੀ ਤਾਂ ਬਾਬਾ ਨੌਧ ਸਿੰਘ ਵਿਚ ਕੁਝ ਹੋਰ ਤਰ੍ਹਾਂ ਦੇ ਸ਼ਰਧਾ ਦੇ ਭਾਵ ਲਿਖ ਗਈ ਹੈ ਤੇ ਕਦੀ ਅਸ਼ਟ ਗੁਰ ਚਮਤਕਾਰ ਭਾਗ-੩ ਵਿਚ ਭਾਈ ਸਾਈਂਦਾਸ ਬਾਰੇ ਲਿਖਣ ਲਗਿਆਂ ਕੁਝ ਵੱਖਰੀ ਤਰ੍ਹਾਂ ਦੇ ਵਲਵਲੇ ਕਲਮਬੰਦ ਕਰ ਗਈ ਹੈ।

ਅਸਾਂ ਇਹ ਐਡੀਸ਼ਨ ਛਾਪਣ ਲਗਿਆਂ ਥੋੜੀ ਗੁਸਤਾਖ਼ੀ ਕਰ ਲਈ ਹੈ ਤੇ ਕੋਸ਼ਿਸ਼ ਕੀਤੀ ਹੈ ਕਿ ਇਹ ਜਾਪਦਾ ਫਰਕ ਘੱਟ ਤੋਂ ਘੱਟ ਰਹਿ ਜਾਵੇ। ਯਾਨੀ ਕੁਝ ਅੱਖਰ ਅਸ਼ਟ ਗੁਰ ਚਮਤਕਾਰ ਭਾਗ-੩ ਵਿਚੋਂ ਲੈ ਕੇ ਇਸ ਪੁਸਤਕ ਵਿਚ ਢੁਕਵੀਂ ਜਗ੍ਹਾ ਤੇ ਰੱਖ ਦਿੱਤੇ ਹਨ ਤੇ ਬਾਕੀ ਦਾ ਸਾਰਾ ਮਸਾਲਾ (matter) "ਬਾਬਾ ਨੌਧ ਸਿੰਘ" ਵਿਚੋਂ ਲਿਆ ਹੈ। ਇਹ ਕੁਝ ਕਰਦਿਆਂ ਇਸ ਗੱਲ ਦਾ ਪੂਰਾ ਧਿਆਨ ਰਖਿਆ ਗਿਆ ਹੈ ਕਿ ਅਸਾਂ ਆਪਣੇ ਵਲੋਂ ਕੋਈ ਲਫ਼ਜ਼ ਨਹੀਂ ਲਿਖਿਆ। ਪ੍ਰਯੋਜਨ ਕੇਵਲ ਇਤਨਾ ਹੀ ਹੈ ਕਿ ਪਾਠਕ ਜਨ ਭਾਈ ਵੀਰ ਸਿੰਘ ਜੀ ਦਿਆਂ ਵਲਵਲਿਆਂ ਦਾ ਪੂਰਾ ਪੂਰਾ ਰਸ ਮਾਣ ਸਕਣ। ਅਜਿਹਾ ਕਰਦਿਆਂ ਜੇਕਰ ਕੋਈ ਗਲਤੀ ਜਾਂ ਤ੍ਰੁਟੀ ਰਹਿ ਗਈ ਹੋਵੇ ਤਾਂ ਪਾਠਕ-ਜਨ ਕਿਰਪਾ ਕਰਕੇ ਭਾਈ ਵੀਰ ਸਿੰਘ ਸਾਹਿਤ ਸਦਨ ਨੂੰ ਹੇਠ ਲਿਖੇ ਪਤੇ ਤੇ ਜ਼ਰੂਰ ਲਿਖ ਭੇਜਣ। ਅਸੀਂ ਉਨ੍ਹਾਂ ਦੇ ਰਿਣੀ ਹੋਵਾਂਗੇ ਤੇ ਅਗਲੇ ਐਡੀਸ਼ਨ ਵਿਚ ਸੁਧਾਈ ਕਰਨ ਦੀ ਕੋਸ਼ਿਸ਼ ਕਰਾਂਗੇ।

ਮੀਤੀ : 2008

ਭਾਈ ਵੀਰ ਸਿੰਘ ਸਾਹਿਤ ਸਦਨ
ਨਵੀਂ ਦਿੱਲੀ-110001



 www.sikhbookclub.com

# ਜੀਵਨ ਪ੍ਰਸੰਗ ਭਾਈ ਸਾਈਂ ਦਾਸ ਜੀ

## ਸਿਰਲੇਖ ਸੂਚੀ


| ਨੰ: | ਪ੍ਰਸੰਗ | ਪੰਨਾ |
|---|---|---|
| ੧. | ਛਟਮ ਪਾਤਸ਼ਾਹ ਜੀ ਦੀ ਕੁੜਮਾਈ। | ੧ |
| ੨. | ਛਟਮ ਪਾਤਸ਼ਾਹ ਜੀ ਦਾ ਵਿਆਹ। | ੫ |
| ੩. | ਗੁਰੂ ਅਰਜਨ ਦੇ ਜੀ ਦੀ ਸ਼ਹਾਦਤ, ਗੁਰੂ ਹਰਗੋਬਿੰਦ ਜੀ ਦਾ ਗੁਰਗਦੀ ਬਿਰਾਜਨਾ, ਗਵਾਲੀਅਰ ਕਿਲ੍ਹੇ ਵਿਚ ਬੰਦ ਹੋਣਾ ਤੇ ਭਾਈ ਸਾਈਂ ਦਾਸ ਜੀ ਦੀ ਪ੍ਰਤਿਪਾਲਨਾ। | ੧੧ |
| ੪. | ਸੱਧਰ ਪੂਰੀ ਹੋਈ। | ੧੮ |
| ੫. | ਭਾਈ ਸਾਈਂ ਦਾਸ ਜੀ ਦਾ ਗੋਇੰਦਵਾਲ ਵਿਖੇ ਦਰਸ਼ਨ ਕਰਨਾ। | ੧੯ |
| ੬. | ਬੀਬੀ ਰਾਮੋ ਜੀ ਦੀ ਸ਼ਰਧਾ, ਸਤਿਸੰਗ ਤੇ ਸਿਖੀ ਸਿਧਾਂਤ। | ੨੩ |
| ੭. | ਭਾਈ ਫੇਮੇ ਨਾਲ ਵਿਚਾਰ, ਦੁਖ ਤੇ ਸੁਖ। | ੩੯ |
| ੮. | ਭਾਈ ਸਾਈਂ ਦਾਸ ਜੀ ਦਾ ਸੁਪਨਾ। | ੬੦ |
| ੯. | ਮਾਤਾ ਗੰਗਾ ਜੀ ਦਾ ਉਪਦੇਸ਼। | ੬੫ |
| ੧੦. | ਕਿਲ੍ਹਾ ਗਵਾਲੀਅਰ ਦਾ ਹਾਲ। | ੬੭ |
| ੧੧. | ਭਾਈ ਜੀ ਦੀ ਸਿੰਧੀ ਨਾਲ ਵਾਰਤਾ, ਪਰਉਪਕਾਰ ਤੋਂ ਅਗੇ ਕੁਝ ਹੋਰ ਭੀ ਹੈ, ਨਾਮ ਸਭ ਤੋਂ ਉਚਾ ਹੈ। | ੭੧ |
| ੧੨. | ਵਾਰਤਾ ਜਾਰੀ-ਸੇਵਾ ਗੁਰੂ ਦੇ ਨਮਿੱਤ ਤੇ ਗਰੂ ਦੀ ਹੁੱਬ ਵਿਚ ਕਰਨੀ ਚਾਹੀਏ। | ੮੪ |
| ੧੩. | ਵਾਰਤਾ ਜਾਰੀ-ਸੇਵਾ, ਗੁਰਬਾਣੀ, ਸ਼ੁਕਰ, ਬੇਨਤੀ, ਸਤਿਸੰਗ, ਕੀਰਤਨ ਤੇ ਕਥਾ। | ੯੧ |
| ੧੪. | ਬੰਦੀ ਛੋੜ ਦਾਤੇ ਦਾ ਰਾਮਦਾਸ ਪੁਰੇ ਜਾਣਾ। | ੧੨੪ |
| ੧੫. | ਦੁਖ ਸੁਖ ਕਿਸ ਬਣਾਏ, ਰਿਣ ਤੇ ਧਨ, ਬ੍ਰਹਮਗਿਆਨੀ ਦੇ ਲੱਛਣ ਆਦਿ। | ੧੩੨ |





www.sikhbookclub.com

| | | |
|---|---|---|
| ੧੬. | ਭਾਈ ਜੀ ਦੀ ਸਿਖਯਾ ਤੇ ਢੇਸੇ ਦਾ ਅਮਲ ਕਰਨਾ। | ੧੪੮ |
| ੧੭. | ਭਾਈ ਸਾਈਂ ਦਾਸ ਜੀ ਡਰੋਲੀ। | ੧੫੦ |
| ੧੮. | ਘਰ ਉਸਾਰੀ। | ੧੫੭ |
| ੧੯. | ਸਿੱਕ। | ੧੬੩ |
| ੨੦. | ਗੁਰੂ ਪਰਿਵਾਰ ਡਰੋਲੀ। | ੧੭੪ |
| ੨੧. | ਗੁਰੂ ਆਗਮ। | ੧੭੮ |
| ੨੨. | ਡਰੋਲੀ ਵਿਚ ਡੇਰੇ। | ੧੮੭ |
| ੨੩. | ਡਰੋਲੀ ਤੋਂ ਅੰਮ੍ਰਿਤਸਰ। | ੧੯੧ |
| ੨੪. | ਭਾਈ ਢੇਸਾ। | ੧੯੪ |
| ੨੫. | "ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥" | ੨੦੬ |




 www.sikhbookclub.com

ੴ ਸਤਿਗੁਰ ਪ੍ਰਸਾਦਿ॥

# ਜੀਵਨ ਭਾਈ ਸਾਈਂ ਦਾਸ

## (੧) ਛਟਮ ਪਾਤਸ਼ਾਹ ਜੀ ਦੀ ਕੁੜਮਾਈ।

**ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਬਾਲ ਅਵਸਥਾ ਦੇ ਮਗਰੋਂ ਸੁਲਤਾਨਪੁਰ** ਆ ਰਹੇ ਸੀ, ਜਿੱਥੇ ਆਪ ਨੇ ਨਵਾਬ ਦੌਲਤ ਖਾਂ ਦਾ ਮੋਦੀਖਾਨਾ ਤੋਰਿਆ ਅਰ ਗਰੀਬਾਂ ਦੀ ਪਾਲਨਾ ਕੀਤੀ। ਇਥੇ ਗੁਰੂ ਜੀ ਦਾ ਸਤਿਸੰਗ ਦਾ ਰੰਗ ਵੀ ਜ਼ੋਰਾਂ ਵਿਚ ਸੀ। ਆਲੇ ਦੁਆਲੇ ਤੇ ਦੂਰ ਨੇੜੇ ਗਿਰਾਵਾਂ ਸ਼ਹਿਰਾਂ ਵਿਚ ਆਪਦੇ ਸਤਿ ਉਪਦੇਸ਼ ਦਾ ਪਰਚਾ ਫੈਲ ਰਿਹਾ ਸੀ। ਪਹਿਲੀ ਉਦਾਸੀ ਇਸ ਥਾਂ ਤੋਂ ਹੀ ਆਰੰਭ ਹੋਈ। ਇਹ ਨਗਰ ਹੁਣ ਰਿਆਸਤ ਕਪੂਰਥਲਾ ਵਿਚ ਬਿਆਸਾ ਦੇ ਨੇੜੇ ਹੈ। ਬਿਆਸਾ ਤੋਂ ਉਰਾਰ ਗੋਇੰਦਵਾਲ ਤੇ ਪਾਰ ਪਰੇ ਹੇਠਲੇ ਪਾਸੇ ਸੁਲਤਾਨ ਪੁਰ ਹੈ। ਇਹ ਨਗਰ ਤਦੋਂ ਦੁਆਬੇ ਦੀ ਰਾਜਧਾਨੀ ਸੀ ਤੇ ਸ਼ਾਹੀ ਸੜਕ ਏਥੋਂ ਲੰਘਦੀ ਸੀ। ਇਸ ਸਿੱਖ ਇਤਿਹਾਸ ਦੇ ਯਾਦ ਲਾਇਕ ਅਸਥਾਨ ਤੋਂ ਤ੍ਰੈ ਕੁ ਕੋਹ ਪਰੇ ਡੱਲਾ ਨਾਮੇ ਗ੍ਰਾਮ ਹੈ। ਇਸ ਪਿੰਡ ਨੇ ਉਸ ਮਹਾਂਪੁਰਖ ਨੂੰ ਜਨਮ ਦਿਤਾ ਕਿ ਜਿਸ ਵਿਚ ਸ੍ਰੀ ਗੁਰੂ ਅਮਰ ਦਾਸ ਜੀ ਗੁਰਿਆਈ ਦੀ ਉਚਿਆਈ ਦੇ ਚਿੰਨ੍ਹ ਵੇਖਦੇ ਸੀ, ਪਰ ਉਸ ਪੂਰਨ ਸਿੱਖ ਨੇ ਆਪਣੇ ਆਪ ਨੂੰ ਕੇਵਲ ਸਿੱਖੀ ਜੋਗ ਸਮਝਕੇ ਪਰਮ ਨਿੰਮ੍ਰਤਾ ਨਾਲ "ਸਿਖੀ" ਦਾਨ ਹੀ ਮੰਗਿਆ, ਅਰ ਸਿੱਖੀ ਦਾਨ ਪ੍ਰਾਪਤ ਕੀਤਾ। ਉਸ ਵੇਲੇ ਸ੍ਰੀ ਗੁਰੂ ਅਮਰ ਦਾਸ ਜੀ ਨੇ ਸਰੂਪ ਨਿਵਾਸ ਤੋਂ ਵੱਖਰਾ ਇਹ ਵਰ ਬਖਸ਼ਿਆ:-

ਭਾਈ ਪਾਰੋ ਕੋ ਵਰ ਭਯੋ।
ਸ੍ਰੀ ਗੁਰ ਅਮਰ ਦਾਸ ਜੀ ਦਯੋ।
'ਗੁਰ ਘਰ ਸੋਂ ਤਵ ਕੁਲ ਕੋ ਨਾਤਾ।
ਹੁਇ ਹੈ ਆਗੇ ਜਗ ਬਖਯਾਤਾ'॥੮॥

(ਸੂ: ਪ੍ਰ: ਰਾ: ੪, ਅੰ: ੫)

 www.sikhbookclub.com

ਐਸੇ ਪੂਰਨ ਸਿੱਖ ਭਾਈ ਪਾਰੋ ਜੀ ਦੀ ਕੁਲ ਵਿਚ ਨਰਾਇਣ ਦਾਸ ਨਾਮੇ ਇਕ ਪ੍ਰਸਿੱਧ ਗੁਰੂ ਕਾ ਸਿੱਖ ਹੋਇਆ। ਇਹ ਸੱਜਣ ਗੁਰੂ ਘਰ ਦਾ ਬੜਾ ਪ੍ਰੇਮੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਨਿੰਨ ਸਿੱਖ ਸੀ। ਇਸਦੇ ਘਰ ਦੋ ਪੁਤ੍ਰੀਆਂ ਹੋਈਆਂ, ਵੱਡੀ ਦਾ ਨਾਮ ਰਾਮੋ ਤੇ ਛੋਟੀ ਦਾ ਦਮੋਦਰੀ ਸੀ। ਇਹ ਬੀਬੀਆਂ ਆਪਣੀ ਕੁਲ ਸੁਭਾਵ ਅਨੁਸਾਰ ਸ਼ੀਲਵੰਤੀਆਂ ਤੇ ਭਗਤੀ ਭਾਵ ਨਾਲ ਭਰੇ ਰਿਦੇ ਵਾਲੀਆਂ ਸਨ। ਸਤਲੁਜੋਂ ਪਾਰ ਡੱਲੇ ਤੋਂ ਪੰਝੀ ਤੀਹ ਮੀਲ ਡਰੋਲੀ ਨਾਮੇ ਪਿੰਡ ਹੈ, ਇਸ ਥਾਂ ਤੇ ਇਕ ਭਲਾ ਘਰ ਸੀ। ਭਾਈ ਨਰਾਇਣਦਾਸ ਨੇ ਅਪਣੀ ਵੱਡੀ ਪੁੱਤ੍ਰੀ ਰਾਮੋ ਦਾ ਵਿਆਹ ਡਰੋਲੀ ਦੇ ਇਸ ਕੁਲ ਦੇ ਹੋਣਹਾਰ ਸ਼ੀਲ ਸੁਭਾਉ 'ਸਾਂਈਦਾਸ' ਨਾਲ ਕੀਤਾ। ਆਪਣੇ ਘਰ ਪੁਤ੍ਰ ਨਹੀਂ ਸੀ ਤੇ ਸਾਈਂ ਦਾਸ ਦਾ ਮਿਲਾਪੜਾ ਤੇ ਨੇਕ ਸੁਭਾਉ ਵੇਖਕੇ ਭਾਈ ਨਰਾਇਣ ਦਾਸ ਨੇ ਉਸਨੂੰ ਆਪਣੇ ਘਰ ਡੱਲੇ ਵਿਚ ਪਾਸ ਹੀ ਰੱਖ ਲਿਆ[1]। ਡੱਲੇ ਵਿਚ ਗੁਰਸਿੱਖੀ ਦਾ ਬਹੁਤ ਹੀ ਚਰਚਾ ਸੀ ਤੇ ਸਤਿਸੰਗ ਦਾ ਭਾਰੀ ਪਰਵਾਹ ਚਲਦਾ ਸੀ। ਭਾਈ ਲਾਲੋ, ਭਾਈ ਧੀਰਾ, ਭਾਈ ਬਹਿਲੋ ਆਦਿ ਸਿੱਖੀ ਦੇ ਚਮਕਦੇ ਤਾਰੇ ਇਸ ਗ੍ਰਾਮ ਵਿਚ ਅਨੇਕਾਂ ਹੀ ਹੋਏ ਹਨ। ਮੰਜੀਆਂ, ਪੰਘੂੜਿਆਂ ਤੇ ਪੀੜ੍ਹੀਆਂ ਦੀਆਂ ਬਖਸ਼ਿਸ਼ਾਂ ਕਈ ਇਸ ਪਿੰਡ ਦੇ ਗੁਰਮੁਖਾਂ ਨੂੰ ਤੀਜੇ ਗੁਰੂ ਸਾਹਿਬਾਂ ਵਲੋਂ ਪ੍ਰਾਪਤ ਹੋਈਆਂ ਸੀ। ਸਤਿਸੰਗ ਦੇ ਅਮੀਕ ਪਰਵਾਹ ਏਥੇ ਹੋਣ ਕਰਕੇ ਸਾਈਂ ਦਾਸ ਉਤੇ ਬੀ ਪਰਮਾਰਥ ਦਾ ਅਸਰ ਹੋ ਗਿਆ ਤੇ ਉਹ ਸੰਗਤ ਦੇ ਨਾਲ ਸ੍ਰੀ ਅੰਮ੍ਰਿਤਸਰ ਜੀ ਆਇਆ। ਸ੍ਰੀ ਗੁਰੂ ਅਰਜਨਦੇਵ ਜੀ ਦੇ ਦਰਸ਼ਨ ਕੀਤਿਓਸੁ ਤਾਂ ਆਤਮਾਂ ਨੂੰ ਠੰਢ ਪੈ ਗਈ ਤੇ ਸਾਈਂਦਾਸ ਗੁਰੂ ਕਾ ਸਿੱਖ ਹੋ ਗਿਆ। ਅਭਯਾਸ ਨੂੰ ਇਹ ਰੰਗ ਲੱਗਾ ਕਿ ਨਾਮ ਦਾ ਜਾਪ ਰਸਨਾ ਤੇ ਟਿਕ ਗਿਆ ਤੇ ਫੇਰ ਇਹ ਸਿਮਰਣ ਬਣਕੇ ਹ੍ਰਿਦੇ ਵਿਚ ਜਾ ਪਹੁੰਚਾ। ਬੀਬੀ ਰਾਮੋ ਸਿੱਖ ਦੀ ਧੀ ਤੇ ਪੱਕੇ ਭਰੋਸੇ ਵਾਲੀ ਸੀ। ਪਤੀ ਸਿਦਕ ਤੇ ਪ੍ਰੇਮ ਵਾਲਾ ਹੋ ਜਾਣ ਕਰਕੇ ਦੋਹਾਂ ਦੀ ਅਨੂਪਮ ਜੋੜੀ ਹੋ ਗਈ। ਜੀਵਨ ਦਾ ਰਸ ਆ ਗਿਆ ਦੋਵੇਂ ਉਸ ਰਸ ਨੂੰ ਮਾਣਨ ਲਗ ਪਏ, ਜਿਸ ਰਸ ਦੇ ਆਇਆਂ ਕਿ ਸਾਰੇ ਰਸ ਭੁੱਲ ਜਾਂਦੇ ਹਨ[2]।

---

੧. ਸਾਈਂ ਦਾਸ ਬਸਹੇ ਸਸੁਰਾਰੇ॥ (ਗੁ: ਪ੍ਰ: ਸੂ: ਰਾਸਿ ੫, ਅੰਸੂ ੩੯-੪)

੨. ਰਾਮ ਰਸੁ ਪੀਆ ਰੇ॥ ਜਿਹ ਰਸ ਬਿਸਰਿ ਗਏ ਰਸ ਅਉਰ॥

(ਗਉੜੀ ਕਬੀਰ ਜੀ, ਪੰਨਾ ੩੩੭)


www.sikhbookclub.com

ਇਸ ਪ੍ਰਕਾਰ ਜਨਮ ਦਾ ਲਾਹਾ ਲੈਂਦਿਆਂ ਇਕ ਐਸਾ ਸਮਾਂ ਆਇਆ ਕਿ ਸਾਰਾ ਪਰਵਾਰ ਸ੍ਰੀ ਗੁਰੂ ਜੀ ਦੇ ਦਰਸ਼ਨ ਲਈ ਅੰਮ੍ਰਿਤਸਰ ਹਾਜ਼ਰ ਹੋਇਆ। ਅੱਗੋ ਉਥੇ ਉਹ ਮਾਮਲਾ ਛਿੜ ਰਿਹਾ ਸੀ ਕਿ ਜਿਸਦੇ ਦਰਦਨਾਕ ਸਾਕੇ ਅੱਜ ਤਕ ਗੜ੍ਹੇ ਗੜ੍ਹੇ ਦੇ ਹੰਝੂ ਰੁਆਉਂਦੇ ਹਨ। ਚੰਦੂ ਦੀਵਾਨ ਦੀ ਪੁੱਤ੍ਰੀ ਦਾ ਨਾਤਾ ਫੇਰ ਆਇਆ ਸੀ। ਦਿੱਲੀ ਦੀ ਸੰਗਤ ਦਾ ਇਹ ਵੀ ਫੈਸਲਾ ਪਹੁੰਚ ਹੀ ਚੁੱਕਾ ਹੋਇਆ ਸੀ ਕਿ ਆਪ ਨੇ ਇਹ ਨਾਤਾ ਨਹੀਂ ਲੈਣਾ। ਗੁਰੂ ਜੀ ਰੱਬ ਦੀ ਘੱਲੀ ਹੋਈ ਇਲਾਹੀ ਜੋਤ ਸਨ ਪਰ ਸਿੱਖਾਂ ਨੂੰ ਐਨਾਂ ਪਿਆਰ ਕਰਦੇ ਸਨ ਕਿ ਕਈ ਵਾਰੀ ਸੰਗਤ ਨੂੰ ਇਕੀ ਵਿਸਵੇ ਤੇ ਨਿਜ ਨੂੰ ੨੦ ਵਿਸਵੇ ਕਿਹਾ ਕਰਦੇ ਸਨ* ਸਿੱਖਾਂ ਨੂੰ ਉਹ **'ਮੇਰੇ ਮਾਧਉ ਜੀ ਸਤਿਸੰਗਤਿ ਮਿਲੇ ਸੁ ਤਰਿਆ'** {ਗੁ: ਮ: ੫, ਪੰਨਾ ੪੯੫} ਦੇ ਪਿਆਰੇ ਉਪਦੇਸ਼ ਦਿਆ ਕਰਦੇ ਸੇ। ਉਹਨਾਂ ਸਿੱਖਾਂ ਦੀ ਬਾਬਤ ਏਹ ਫੁਰਮਾਨ ਆਪਦਾ ਸੂ: ਪ੍ਰ: ਵਿਚ ਲਿਖਾ਼ਜਾ ਹੈ:-

> ਮਾਨਨੀਯ ਗੁਰ ਸਿੱਖ ਹਮਾਰੇ॥ ਕਰਹਿੰ ਤਥਾ ਇਹ ਜਥਾ ਉਚਾਰੇਂ॥੩੭॥ ਸ੍ਰੀ ਨਾਨਕ ਆਦਿਕ ਗੁਰ ਸਾਰੇ॥ ਜਾਨਤ ਰਹੇ ਇਨਹੁ ਬਹੁ ਪਜਾਰੇ॥ ਹਮ ਭੀ ਮਾਨਤ ਹੈ ਸਿਖ ਬਾਕ। ਕਹਯੋ ਤਿਨਹੁ ਨਹਿ ਲੀਜਹਿ ਸਾਕ॥੩੮॥ ...ਹੋਇ ਸਿੱਖਜ ਏਤੋ ਪਦ ਪਾਏ। ਸਕਲ ਜਗਤ ਕੇ ਪੂਜ ਬਨਾਏ। ਸਿਖ ਕੇ ਸਮਸਰ ਅਪਰ ਨ ਪਜਾਰੋ। ਸਾਸ ਸਾਸ ਮੈਂ ਸਿਖ ਸੰਭਾਰੋਂ॥੪੧॥ ਪੂਜਨੀਯ ਹੈਂ ਸਿੱਖਜ ਮਹਾਨ। ਤਨ ਧਨ ਮੇਰੋ ਹੈਂ ਸਿਖ ਪ੍ਰਾਨ। ਸਿੱਖਨਿ ਕੀ ਕਰੁਨਾ ਸੁਖ ਪੱਜੈ। ਕਹਜੋ ਤਿਨਹੁ ਕੋ ਕਿਮ ਹਟੱਕਜੈ॥੪੨॥
>
> {ਸੂ: ਪ੍ਰ: ਰਾ: ੪- ੮, ਪੰਨਾ ੨੨੫੯-੬੦}

ਸੋ ਦਿੱਲੀ ਦੀ ਸੰਗਤ ਦਾ ਲਿਖਿਆ ਮੰਨਕੇ ਗੁਰੂ ਜੀ ਨੇ ਨਾਤੇ ਤੋਂ ਨਾਂਹ ਕਰ ਦਿੱਤੀ ਹੋਈ ਸੀ। ਅੱਜ ਨਾਂਹ ਕਰਕੇ ਆਪ ਨੇ ਫੁਰਮਾਇਆ ਕਿ ਅਸੀਂ ਕਿਸੇ ਆਪਣੇ ਸਿਖ ਦੇ ਘਰ ਸਾਕ ਕਰਾਂਗੇ। ਇਸ ਪ੍ਰਕਾਰ ਦੇ ਬਚਨਾਂ ਨੇ ਸੰਗਤ ਵਿਚ ਖੁਸ਼ੀ ਭਰ ਦਿੱਤੀ ਸੀ। ਇਸ ਵੇਲੇ ਭਾਈ ਨਰਾਇਣ ਦਾਸ ਦੇ ਜੀ ਵਿੱਚ ਆਈ ਕਿ ਜੋ ਛੋਟੀ ਪੁੱਤ੍ਰੀ ਦਮੋਦਰੀ ਨੂੰ ਸ੍ਰੀ ਗੁਰੂ ਜੀ ਦੇ ਸਪੁੱਤ੍ਰ ਦੀ ਸੇਵਾ ਵਿੱਚ

* ਸੰਗਤ ਗੁਰੂ ਅਮੋਲ ਸੰਗਤ ਹੈ, ਜਿਸ ਤਰ੍ਹਾਂ ਜੋਰ ਲਾਵੇ ਪੰਚ ਤੇ ਜੋਰ ਹੈ ਪਰ ਲਾਵੇ ਬਿਨਾਂ ਜੋਰ ਨਹੀਂ ਹੈ।

ਅਰਪਣ ਕਰਾਂ ਤਦ ਸੁਭਾਗ ਹੋ ਜਾਣਗੇ ਸਾਡੇ। ਸ੍ਰੀ ਗੁਰੂ ਅਮਰ ਦਾਸ ਜੀ ਨੇ ਮੇਰੇ ਪਿਤਾਮਾ ਜੀ ਨੂੰ ਵਰ ਬੀ ਦਿੱਤਾ ਸੀ ਕਿ ਗੁਰੂ ਘਰ ਨਾਲ ਤੁਸਾਂ ਦੀ ਕੁਲ ਦਾ ਨਾਤਾ ਹੋਵੇਗਾ। ਕਿਆ ਉਸੇ ਵਾਕ ਦੀ ਸਫ਼ਲਤਾ ਦਾ ਸਮਾਂ ਤਾਂ ਨਹੀਂ ਆ ਪੁੱਜਾ? ਇਹ ਵਿਚਾਰਕੇ ਸਾਈਂਦਾਸ ਨੂੰ ਕਹਿਣ ਲੱਗਾ: ਪਿਆਰੇ ਪੁੱਤ੍ਰ! ਮੇਰੇ ਜੀ ਵਿਚ ਇਹ ਫੁਰਨਾ ਆਇਆ ਹੈ ਕਿ ਦਮੋਦਰੀ ਨੂੰ ਗੁਰੂ ਸਪੂਤ ਦੇ ਚਰਨਾਂ ਦੀ ਦਾਸੀ ਅਰਪਣ ਕਰੀਏ, ਤੁਹਾਡੀ ਕੀ ਸਲਾਹ ਹੈ? ਭਾਈ ਸਾਈਂ ਦਾਸ ਦੇ ਅਨੰਦ ਨਾਲ ਨੈਣ ਭਰ ਆਏ ਤੇ ਕਹਿਣ ਲਗੇ: ਪਿਤਾ ਜੀ! ਦੇਰ ਨਾ ਕਰੋ, ਇਹ ਬਹੁਤ ਸ਼ੁਭ ਸੰਕਲਪ ਹੈ। ਰਾਮੋ ਤੇ ਮਾਈ ਬੀ ਪਾਸ ਸਨ, ਉਨ੍ਹਾਂ ਨੇ ਬੀ ਸੁਣਕੇ ਖੁਸ਼ੀ ਮਨਾਈ। ਹੁਣ ਸਾਈਂ ਦਾਸ ਤੇ ਨਰਾਇਣ ਦਾਸ ਹੱਥ ਜੋੜ ਤੇ ਗਲ ਪੱਲਾ ਪਾਕੇ ਖੜੋ ਗਏ ਅਰ ਭਾਈ ਨਾਰਾਇਣ ਦਾਸ ਨੇ ਬਿਨਤੀ ਉਚਾਰੀ:-

ਬਡਭਾਗੋ ਸਹਤ ਹਮ ਗੁਰ ਸ਼ਰਨਾਈ॥
ਮਮ ਪੁੱਤ੍ਰੀ ਕੀ ਲੇਹੁ ਸਗਾਈ॥੧੨॥
ਲਾਜ ਬਿਨਾਂ ਮੈਂ ਸਭਾ ਮਝਾਰੀ॥
ਬਿਨਤੀ ਸ਼ਰਧਾ ਸਹਤ ਉਚਾਰੀ॥੧੩॥
ਰਾਖਹੁ ਲਾਜ ਮੋਹਿ ਭਰਵਾਸਾ॥
ਯਾ ਤੇ ਕਹੀ ਆਪਨੀ ਆਸਾ॥

{ਸੂ: ਪ੍ਰ: ਰਾ: ੪ ਅੰ: ੬, ਪੰਨਾ ੨੨੫੧}

ਸ੍ਰੀ ਗੁਰੂ ਜੀ ਨੇ ਬੜੇ ਪ੍ਰੇਮ ਤੇ ਕ੍ਰਿਪਾ ਨਾਲ ਸਾਕ ਪ੍ਰਵਾਨ ਕੀਤਾ, ਅਰ ਇਉਂ ਸਿੱਖਾਂ ਦੀ ਮਹਿਮਾ ਕਹੀ:-

"ਮਹਿਮਾ ਗੁਰ ਸਿੱਖਨ ਕੀ ਮਹਾਂ।
ਕੋ ਸਮਤਾ ਕਰ ਸਕਹਿ ਨ ਤਹਾਂ॥'

{ਸੂ: ਪ੍ਰ: ਰਾ: ੪ ਅੰ: ੬, ਪੰਨਾ ੨੨੫੧}

ਉਸ ਵੇਲੇ ਕੁੜਮਾਈ ਦੀ ਮਰਿਆਦਾ ਹੋ ਗਈ ਅਰ ਭਾਈ ਨਰਾਇਣ ਦਾਸ ਜੀ ਨੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਸਗਾਈ ਦਾ ਤਿਲਕ ਦੇ ਦਿੱਤਾ। ਇਸ ਪਵਿੱਤ੍ਰ ਸੰਜੋਗ ਤੋਂ ਸਭ ਨੂੰ ਸੁਖ ਹੋਇਆ, ਪਰ ਬੀਬੀ ਰਾਮੋ ਤੇ ਸਾਈਂ ਦਾਸ ਜੀ ਨੂੰ, ਜਿਨ੍ਹਾਂ ਦੇ ਹਿਰਦੇ ਵਿੱਚ ਪ੍ਰੇਮ ਘਰ ਕਰ ਰਿਹਾ ਸੀ, ਜਿਨ੍ਹਾਂ ਦਾ ਜੀਵਨ ਸਫ਼ਲ ਜੀਵਨ ਹੋ ਰਿਹਾ ਸੀ, ਜੋ ਸ਼ਰਧਾ ਤੇ ਪਜਰ ਭਰੇ ਮਨ ਨਾਲ ਗੁਰੂ ਕੇ

ਹੋ ਰਹੇ ਸਨ, ਉਨ੍ਹਾਂ ਨੂੰ ਸ੍ਰੀ ਗੁਰੂ ਜੀ ਦੇ ਨਾਲ ਇਹ ਨਿਕਟਵਰਤੀ ਸੰਬੰਧ ਹੋਣਾਂ ਕੁਝ ਐਸੇ ਰਸ ਵਿਚ ਪਾ ਗਿਆ ਕਿ ਜੋ ਅਕਹਿ ਸੀ।

## (੨) ਛਟਮ ਪਾਤਸ਼ਾਹ ਜੀ ਦਾ ਵਿਆਹ।

**ਕੁੜਮਾਈ** ਦਾ ਕਾਰਜ ਹੋ ਗਿਆ, ਰਾਤ ਅਨੰਦ ਵਿਚ ਬੀਤੀ, ਅੰਮ੍ਰਿਤ ਵੇਲੇ ਦੀਵਾਨ ਲੱਗਾ, ਸਾਰੇ ਆਸਾ ਦੀ ਵਾਰ ਦੇ ਸੁਣਨ ਵਿਚ ਮਗਨ ਹੋ ਗਏ। ਜਦੋਂ ਭੋਗ ਪੈ ਗਿਆ, ਕਥਾ ਕੀਰਤਨ ਹੋ ਚੁਕੇ, ਤਦ ਪਰਵਾਰ ਦੀ ਸਲਾਹ ਨਾਲ ਨਾਰਾਇਣ ਦਾਸ ਨੇ ਬੇਨਤੀ ਕੀਤੀ ਕਿ 'ਸ੍ਰੀ ਗੁਰੂ ਜੀ! ਜੇ ਵਿਆਹ ਦਾ ਕਾਰਜ ਝਬਦੇ ਹੀ ਹੋ ਜਾਵੇ, ਤਦ ਬਹੁਤ ਹੀ ਅਨੰਦ ਹੋਵੇ'। ਸ੍ਰੀ ਗੁਰੂ ਜੀ ਨੇ ਹੱਸ ਕੇ ਕਿਹਾ, 'ਨਾਰਾਇਣ ਦਾਸ! ਦੋ ਮਹੀਨੇ ਬੀਤ ਲੈਣ ਦਿਓ, ਮਾਘ ਵਿਚ ਅਸੀਂ ਡੱਲੇ ਆਵਾਂਗੇ ਅਰ ਵਿਆਹ ਰੀਤੀ ਕਰਾਂਗੇ, ਤੁਸੀਂ ਹੁਣ ਅਪਣੇ ਘਰ ਜਾਵੋ ਅਰ ਜਾਕੇ ਤਿਆਰੀ ਕਰੋ'। ਨਾਰਾਇਣ ਦਾਸ ਤੇ ਸਾਈਂ ਦਾਸ ਪਰਵਾਰ ਸਮੇਤ ਵਿਦਾ ਹੋਏ ਤੇ ਖਡੂਰ, ਗੋਇੰਦਵਾਲ, ਸੁਲਤਾਨਪੁਰੇ ਹੁੰਦੇ ਹੋਏ ਡੱਲੇ ਪਹੁੰਚਕੇ ਵਿਆਹ ਦੀਆਂ ਤਿਆਰੀਆਂ ਕਰਨ ਲੱਗ ਪਏ। ਰਾਮੋਂ ਬੀ ਮਾਂ ਨਾਲ ਦਾਜ ਦੇਣ ਦੇ ਆਹਰ ਵਿਚ ਲਗ ਪਈ। ਇਸ ਕਰਕੇ ਤਾਂ ਲੱਗਣਾ ਹੀ ਸੀ ਕਿ ਛੋਟੀ ਭੈਣ ਦਾ ਵਿਆਹ ਹੈ ਪਰ ਵਧੀਕ ਹੁਲਾਸ ਤੇ ਸ਼ਰਧਾ ਇਸ ਗਲ ਵਿਚ ਸੀ ਕਿ ਭੈਣ ਨੇ ਗੁਰੂ ਘਰ ਵਿਚ ਜਾਣਾ ਹੈ, ਜੋ ਕੁਝ ਭੈਣ ਜੋਗਾ ਦੇਣਾ ਹੈ, ਉਹ ਗੁਰੂ ਗ੍ਰਿਹਿ ਵਿਚ ਪ੍ਰਵਾਣ ਹੋਣਾ ਹੈ। ਪਿਆਰੇ ਜੀਜਾ ਜੀ, ਜੋ ਜਿੰਦੋਂ ਪਿਆਰੇ ਸਤਿਗੁਰੂ ਦੇ ਸਪੁੱਤ੍ਰ ਹਨ ਅਰ ਜਿਨ੍ਹਾਂ ਨੇ ਗੁਰ ਗਦੀ ਤੇ ਬਿਰਾਜਣਾ ਹੈ, ਹਰ ਵੇਲੇ ਰਾਮੋਂ ਦੀਆਂ ਅੱਖਾਂ ਅੱਗੇ ਰਹਿੰਦੇ ਹਨ। ਰਾਮੋਂ ਕਲੀਆਂ ਲਾ ਲਾਕੇ ਉਨ੍ਹਾਂ ਜੋਗਾ ਜਾਮਾ ਸੀਉਂਦੀ ਹੈ, ਨੈਤਰ ਭਰ ਭਰ ਆਉਂਦੇ ਹਨ ਤੇ ਸੋਚਦੀ ਹੈ ਕਿ 'ਵਾਹਿਗੁਰੂ ਦੀ ਕੇਡੀ ਦਿਆਲਤਾ ਹੈ। ਪਿਤਾ ਸਿੱਖ, ਮਾਤਾ ਸਿੱਖ, ਪਤੀ ਸਿੱਖ, ਅਰ ਹੁਣ ਗੁਰੂ ਜੀ ਨਾਲ ਸਾਕਾਦਾਰੀ ਹੋ ਗਈ ਹੈ'। ਇਹੋ ਹਾਲ ਸਾਈਂ ਦਾਸ ਦੇ ਹਿਰਦੇ ਦਾ ਹੈ, ਚੁਣ ਚੁਣ ਕੇ ਵਧੀਆ ਤੇ ਸੁੰਦਰ ਸ਼ੈਆਂ ਪਿਆਰ ਨਾਲ ਲਿਆਉਂਦਾ ਹੈ। ਸ੍ਰੀ ਹਰਗੋਬਿੰਦ ਜੀ ਨੂੰ ਉਹ ਨਿਰਾ ਸਾਕ ਹੀ ਨਹੀਂ ਦੇਖਦਾ ਪਰ ਗੁਰੂ ਦਾ ਰੂਪ ਗੁਰ ਗਾਦੀ ਤੇ ਬਿਰਾਜਣਹਾਰ। ਇਹ ਸਾਰੇ ਜਣੇ ਗੁਰ ਸਿੱਖੀ

ਦੇ ਪ੍ਰੇਮ ਵਿਚ ਭਰੇ ਹੋਏ ਜੋ ਤਿਆਰੀ ਕਰ ਰਹੇ ਹਨ, ਸੰਸਾਰੀਆਂ ਵਾਂਗੂ ਮੋਹ ਵਿਚ ਨਹੀਂ, ਪਰ ਪ੍ਰੇਮ ਵਿਚ।

ਇਹ ਦੋ ਮਹੀਨੇ ਜਿਸ ਰੰਗ ਦੇ ਨਰਾਇਣ ਦਾਸ ਦੇ ਘਰ ਬੀਤੇ ਉਸ ਦਾ ਰਸ ਉਸ ਦਾ ਪਰਵਾਰ ਹੀ ਜਾਣ ਸਕਦਾ ਸੀ। ਮਾਵਾਂ ਧੀਆਂ ਤਾਂ ਦਾਜ ਦੇਣ ਦੇ ਠੀਕ ਕਰਨ, ਹੋਰ ਮੁੱਲ ਲੈਣ ਤੇ ਸੀਉਣ ਪਰੋਣ ਵਿਚ ਲਗੀਆਂ ਰਹਿੰਦੀਆਂ ਹਨ ਤੇ ਸਹੁਰਾ ਜਵਾਈ ਸਾਮਾਨ ਖਰੀਦਣ, ਘਿਉ, ਖੰਡ, ਮੈਦਾ, ਬਾਲਣ ਆਦਿ ਸਮਾਨ ਤਿਆਰ ਕਰਾਉਣ ਦੇ ਆਹਰ ਵਿਚ ਹਨ। ਪਿੰਡ ਸਾਰਾ ਪ੍ਰੇਮੀ ਸਿੱਖਾਂ ਨਾਲ ਭਰਪੂਰ ਹੈ, ਸਾਰੇ ਦੇ ਸਾਰੇ ਪ੍ਰੇਮ ਨਾਲ ਸਹਾਇਤਾ ਕਰਦੇ ਹਨ ਅਰ ਸਾਰੇ ਸਮਝਦੇ ਹਨ ਕਿ ਸਾਡੇ ਪਿੰਡ ਦੀ ਮਹਾਨ ਵਡਿਆਈ ਹੋਈ ਹੈ ਕਿ ਸ੍ਰੀ ਗੁਰੂ ਜੀ ਨੇ ਇਸ ਥਾਂ ਦੀ ਬਾਲੀ ਆਪਣੇ ਸਪੂਤ ਦੀ ਦਾਸੀ ਹੋਣ ਲਈ ਕਬੂਲੀ ਹੈ। ਭੈਣਾਂ, ਦੁਭੈਣਾਂ, ਸਤਿਸੰਗਣਾਂ, ਵੱਧ ਤੋਂ ਵੱਧ ਚੋਲੀਆਂ, ਬਾਗ, ਫੁਲਕਾਰੀਆਂ, ਤੇ ਚੋਪ ਕੱਢ ਕੱਢ ਤੇ ਲਿਆ ਲਿਆ ਦੇਂਦੀਆਂ ਤੇ ਕਹਿੰਦੀਆਂ ਹਨ: 'ਪ੍ਰੇਮ ਦਈਏ! ਜੇ ਇਹ ਤੁਛ ਲੀਰ ਆਪਣੀ ਸਪੁੱਤ੍ਰੀ ਦੇ ਦਾਜ ਲਈ ਕਬੂਲ ਲਵੇਂ ਤਾਂ ਸਾਡੇ ਬੀ ਧੰਨ ਭਾਗ ਹੋ ਜਾਣ ਇਸ ਵਸੀਲੇ ਹੀ ਸਹੀ ਜੋ ਇਹ ਨਿਕਾਰੀ ਸ਼ੈ ਸਤਿਗੁਰਾਂ ਦੇ ਦਰਬਾਰ ਅੱਪੜ ਪਵੇ ਅਰ ਸ੍ਰੀ ਰੰਗਾ ਜੀ ਵਰਗੀ ਧਰਮ ਮੂਰਤ ਦੇ ਪਿਆਰੇ ਹੱਥ ਇਨ੍ਹਾਂ ਨੂੰ ਇਕ ਵੇਰ ਛੋਹ ਹੀ ਲੈਣ'। ਪ੍ਰੇਮ ਦਈ ਉਨ੍ਹਾਂ ਦੀ ਸਿੱਕ ਤੇ ਸੱਧਰ ਦੇ ਕਾਰਣ ਅਰ ਉਸ ਸਫ਼ਾਈ ਦੀ ਵਰਤਣ ਦੇ ਸਬਬ, ਜੋ ਸਤਿਸੰਗੀਆਂ ਦੀ ਆਪੋ ਵਿੱਚ ਹੋਇਆ ਕਰਦੀ ਹੈ, ਕਿਸੇ ਨੂੰ ਨਾਂਹ ਨਹੀਂ ਕਰਦੀ ਤੇ ਸਿਰ ਅੱਖਾਂ ਤੇ ਧਰਕੇ ਕਬੂਲਦੀ ਤੇ ਕਹਿੰਦੀ ਹੈ 'ਮੇਰੇ ਧੰਨ ਭਾਗ ਜਿਸ ਦੇ ਘਰ ਕੁਲ ਤਾਰੂ ਪੁਤ੍ਰੀ ਆਈ ਹੈ।'

ਦੋ ਮਹੀਨੇ ਬੀਤ ਗਏ। ਦਿਨਾਂ ਬੀਤਦਿਆਂ ਕੀ ਚਿਰ ਲਗਦਾ ਹੈ। ਇਧਰ ਮਾਤਾ ਰੰਗਾ ਜੀ ਨੇ ਸਾਰੀ ਤਿਆਰੀ ਪੁੱਤ੍ਰ ਵਿਵਾਹ ਦੀ ਕਰ ਲਈ ਹੋਈ ਸੀ। ਸ੍ਰੀ ਗੁਰੂ ਜੀ ਸੰਗਤ ਤੇ ਸਨਬੰਧੀ ਨਾਲ ਲੈਕੇ ਤੁਰੇ। ਖਡੂਰ ਸਾਹਿਬ ਆਏ, ਗੁਰ ਅਸਥਾਨ ਦੇ ਦਰਸ਼ਨ ਕੀਤੇ, ਦਾਤੂ ਜੀ ਤਾਂ ਪਹਿਲੋਂ ਹੀ ਨਾਲ ਸਨ। ਫੇਰ ਆਪ ਗੋਇੰਦਵਾਲ ਆਏ ਤੇ ਮੋਹਨ ਜੀ ਦੀਆਂ ਅਸੀਸਾਂ ਲਈਆਂ। ਮੋਹਰੀ ਜੀ ਤੇ ਪਰਵਾਰ ਤਾਂ ਨਾਲ ਸੀ ਹੀ। ਮੋਹਰੀ ਜੀ ਨੇ ਸਾਰੀ ਜੰਵ ਨੂੰ ਪ੍ਰਸਾਦਿ ਛਕਾਇਆ। ਫੇਰ ਸੁਲਤਾਨਪੁਰ ਆਏ। ਸਤਿਗੁਰ ਨਾਨਕ ਦੇਵ ਜੀ ਦੇ

ਗੁਰਦੁਆਰਿਆਂ ਦੇ ਦਰਸ਼ਨ ਕੀਤੇ। ਅਗਲੇ ਦਿਨ ਡੱਲੇ ਪਹੁੰਚੇ। ਕੁੜਮ ਸਾਰੀ ਸੰਗਤ ਸਮੇਤ ਜੋਟੀਆਂ ਦੇ ਸ਼ਬਦ ਪੜ੍ਹਦੇ ਅਗੋਂ ਲੈਣ ਵਾਸਤੇ ਆਏ ਤੇ ਪ੍ਰੇਮ ਨਾਲ 'ਜੀ ਆਇਆਂ' ਨੂੰ ਕਰਕੇ ਸ਼ੁਭ ਅਸਥਾਨ ਉਤਾਰਾ ਦਿੱਤਾ। ਸੀ ਤਾਂ ਵਿਵਾਹ, ਪਰ ਮੰਗਲ ਉਹੋ ਹੋ ਰਹੇ ਸੋ ਜੋ ਆਤਮ ਆਨੰਦ ਦੇਣ। ਸ਼ਬਦ ਕੀਰਤਨ ਦੀ ਅਖੰਡ ਧੁਨਿ ਲੱਗ ਰਹੀ ਸੀ, ਗੁਰਬਾਣੀ ਦਾ ਥਾਂ ਥਾਂ ਉਚਾਰ ਹੋ ਰਿਹਾ ਸੀ ਤੇ ਘਰ ਘਰ ਸ਼ਬਦਾਂ ਦੀ ਘਨਘੋਰ ਲੱਗ ਰਹੀ ਸੀ।

ਵੇਖੋ! ਗੁਰੂ ਕੇ ਸਿੱਖਾਂ ਦੀ ਕਰਨੀ, ਅਪਣੀ ਖੁਸ਼ੀ ਕਿਨ੍ਹਾਂ ਗੱਲਾਂ ਵਿੱਚ ਸਮਝਦੇ ਸਨ। ਗੁਰੂ ਜੀ ਦੇ ਆਪਣੇ ਪਿੰਡ ਵਿਵਾਹ ਲਈ ਆਉਣ ਦੀ ਸਫ਼ਲਤਾ ਸਿੰਖ ਕਿਸ ਗੱਲ ਵਿਚ ਖ਼ਿਆਲ ਕਰਦੇ ਸਨ। ਭਰੇ ਦੀਵਾਨ ਵਿੱਚ ਸ੍ਰੀ ਗੁਰੂ ਜੀ ਦੀ ਸੇਵਾ ਵਿਖੇ ਡੱਲੇ ਦੀ ਸੰਗਤ ਬਿਨੈ ਕਰਦੀ ਹੈ ਕਿ 'ਹੇ ਦੀਨ ਦਿਆਲ ਜੀ! ਆਪ ਨੇ ਏਥੇ ਚਰਨ ਪਾਏ ਹਨ, ਕੋਈ ਐਸੀ ਕਿਰਪਾ ਕਰੋ ਕਿ ਆਪ ਦੇ ਇਥੇ ਕਿਰਪਾ ਕਰਨ ਦਾ ਨਿਸ਼ਾਨ ਕਾਇਮ ਹੋ ਜਾਵੇ।' ਸ੍ਰੀ ਗੁਰੂ ਜੀ ਨੇ ਕਿਹਾ 'ਸਤਿ ਬਚਨ, ਜਿਵੇਂ ਸੰਗਤ ਦਾ ਪ੍ਰੇਮ ਹੋਵੇ।'

ਉਸ ਸਮੇਂ ਨਹਿਰਾਂ ਨਹੀਂ ਸਨ ਹੁੰਦੀਆਂ। ਪਾਣੀ ਦੀ ਥੁੜ ਥਾਂ ਥਾਂ ਹੁੰਦੀ ਸੀ। ਸੋ ਸਤਿਗੁਰ ਜੀ ਨੇ ਡੱਲੇ ਵਿਚ ਇਕ ਬਾਉਲੀ ਲਾ ਦੇਣ ਦੀ ਸਲਾਹ ਕੀਤੀ ਤੇ ਲੌਢੇ ਪਹਿਰ ਇਕ ਉੱਤਮ ਥਾਉਂ ਢੂੰਡਕੇ ਅਪਨੇ ਹਥੀਂ ਟੱਕ ਲਾਇਆ। ਫੇਰ ਸ੍ਰੀ ਗੁਰੂ ਜੀ ਨੇ ਭਾਈ ਸਾਲ੍ਹੋ ਨੂੰ ਕਿਹਾ ਕਿ 'ਭਾਈ ਜੀ ਤੁਸੀਂ ਇਥੇ ਕੁਛ ਕਾਲ ਟਿਕ ਜਾਓ ਅਰ ਬਉਲੀ ਦੀ ਸੇਵਾ ਕਰਾਓ।' ਡੱਲੇ ਦੀ ਸੰਗਤ ਨੇ ਅਪਣੇ ਧੰਨ ਭਾਗ ਜਾਣਕੇ ਆਪ ਧਰਤੀ ਖੰਨੀ ਅਰ ਆਪ ਉਸਾਰੀ ਕਰਕੇ ਬਾਉਲੀ ਸਮਾਪਤ ਕੀਤੀ। ਇਹ ਬਾਉਲੀ ਸ੍ਰੀ ਗੁਰੂ ਜੀ ਦੇ ਕਰ ਕਮਲਾਂ ਦੇ ਉਪਕਾਰ ਦੀ ਯਾਦਗਾਰ, ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਵਿਵਾਹ ਦੀ ਸੱਚੀ ਖ਼ੁਸ਼ੀ ਤੇ ਸੁਖ ਦਾ ਸੋਮਾਂ, ਹੁਣ ਤੱਕ ਓਥੇ ਹੈ ਅਰ ਦੱਸ ਰਹੀ ਹੈ ਕਿ ਗੁਰੂ ਜੀ ਕਿਵੇਂ ਉਪਕਾਰ ਦੇ ਕੰਮਾਂ ਨੂੰ ਸਿਰੇ ਚਾੜ੍ਹਦੇ ਸਨ। ਇਸ ਪ੍ਰਕਾਰ ਆਸਾ ਦੀਆਂ ਵਾਰਾਂ ਲਗਦੀਆਂ ਰਹੀਆਂ ਅਰ ਉਸੇ ਤਰ੍ਹਾਂ ਕਥਾ ਕੀਰਤਨ ਉਪਦੇਸ਼ ਹੁੰਦੇ ਰਹੇ ਜਿਸ ਤਰ੍ਹਾਂ ਕਿ ਗੁਰੂ ਜੀ ਦੇ ਨਿਤਾਪ੍ਰਤੀ ਹੁੰਦਾ ਸੀ। ਵਿਆਹ ਕਾਰਜ ਹੋ ਗਿਆ। ਦੂਲੇ ਜੀ ਨੂੰ ਸੱਸ ਨੇ ਗੋਦ ਵਿਚ ਲੈਕੇ ਪਿਆਰ ਦਿੱਤਾ। ਸਾਲੀ ਪ੍ਰੇਮ ਨਾਲ ਨਿਹਾਲ ਹੋ ਰਹੀ ਹੈ ਅਰ ਜੀਜਾ ਜੀ ਨੂੰ ਸਿੱਠਣੀਆਂ ਦੇਣ ਦੀ ਥਾਂ ਉਨ੍ਹਾਂ

ਦੇ ਚਰਨਾਂ ਪਰ ਸੀਸ ਧਰਕੇ ਮਨ ਹੀ ਮਨ ਵਿਚ ਕਹਿੰਦਾ ਹੈ-

"ਪ੍ਰਭ ਜਨਮ ਮਰਨ ਨਿਵਾਰਿ॥
ਹਾਰਿ ਪਰਿਓ ਦੁਆਰਿ॥"

{ਬਿਲਾ: ਮ: ੫: ਅਸ਼ਟ-੨}

ਦੂਲੇ ਜੀ ਸੱਸ ਦੀ ਗੋਦ ਵਿਚ ਹਨ, ਉਧਰ ਸਾਲੀ ਚਰਨਾਂ ਨੂੰ ਮਸਤਕ ਨਾਲ ਲਾਈ ਛੰਮ ਛੰਮ ਹੰਝੂ ਕੇਰ ਰਹੀ ਹੈ, ਸਾਈਂ ਦਾਸ ਪ੍ਰੇਮ ਦੀ ਮੂਰਤ ਬਣੀ ਹੱਥ ਬੰਨ੍ਹੀ ਖੜੇ ਹਨ, ਨਾਰਾਇਣ ਦਾਸ ਜੀ ਅਚਰਜ ਪਿਆਰ ਨਾਲ ਤੱਕ ਕੇ ਅਦਬ ਸਹਿਤ ਕੋਲ ਬੈਠੇ ਹਨ, ਸਾਰਾ ਪਰਵਾਰ ਮੂਰਤ ਵਾਂਙ ਅਚੱਲ- ਕੋਈ ਬੈਠਾ ਕੋਈ ਖੜਾ- ਤੱਕ ਰਿਹਾ ਹੈ। ਰਾਮੋਂ ਦਾ ਪ੍ਰੇਮ ਰੋਕਿਆਂ ਰੁਕਿਆ ਨਾ, ਉਸਦੇ ਮੂੰਹੋਂ ਕਿਸੇ ਅਰਦਾਸ ਦੇ ਭਾਉ ਵਿਚ ਨਿਕਲਿਆ:-

"ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ॥
ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ॥
ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ॥"

{ਫੁਨਹੇ: ਮ: ੫-੧੫}

ਇਹ ਅੰਤਲੀ ਤੁਕ ਅਤਿ ਅਧੀਨਗੀ ਦੀ ਬਿਨੈ ਵਿਚ ਕਈ ਵਾਰ ਮੂੰਹੋਂ ਨਿਕਲੀ। ਦੂਲਹਾ ਜੀ ਪ੍ਰੇਮ ਨਾਲ ਬੋਲੇ:-

"ਨਾਨਕ ਇਕੁ ਸ੍ਰੀ ਧਰ ਨਾਥੁ ਜਿ ਟੂਟੇ ਲੇਇ ਸਾਂਠਿ॥੧੫॥"

{ਫੁੱਨਹੇ: ਮ: ੫}

"ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ॥
ਖਾਵਹੁ ਭੁੰਚਹੁ ਸਭਿ ਗੁਰਮੁਖਿ ਛੁਟਈ॥
ਅੰਮ੍ਰਿਤੁ ਨਾਮੁ ਨਿਧਾਨੁ ਦਿਤਾ ਤੁਸਿ ਹਰਿ॥
ਨਾਨਕ ਸਦਾ ਅਰਾਧਿ ਕਦੇ ਨ ਜਾਂਹਿ ਮਰਿ॥੧੭॥"

ਇਹ ਆਸ਼ਾ, ਦਾਤ ਤੇ ਕ੍ਰਿਪਾਲਤਾ ਦਾ ਫੁਨਹਾ ਸੁਣਕੇ ਰਾਮੋ ਨੇ ਪਿਆਰ ਨਾਲ ਪੜ੍ਹਿਆ:-

"ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ॥
ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ॥

ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ॥
ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ॥੧੧॥"

{ਫੁਨਹੇ : ਮ: ੫}

ਪਿਆਰੇ ਦੂਲਹਾ ਜੀ ਬੋਲੇ:-

"ਅਉਖਧੁ ਨਾਮੁ ਅਪਾਰੁ ਅਮੋਲਕੁ ਪੀਜਈ॥
ਮਿਲਿ ਮਿਲਿ ਖਾਵਹਿ ਸੰਤ ਸਗਲ ਕਉ ਦੀਜਈ॥
ਜਿਸੈ ਪਰਾਪਤਿ ਹੋਇ ਤਿਸੈ ਹੀ ਪਾਵਣੇ॥
ਹਰਿਹਾਂ ਹਉ ਬਲਿਹਾਰੀ ਤਿੰਨ੍ ਜਿ ਹਰਿ ਰੰਗੁ ਰਾਵਣੇ॥੨੨॥"

{ਫੁਨਹੇ: ਮ: ੫}

ਇਸ ਵੇਲੇ ਸੰਗਤ ਤੇ ਬੜਾ ਪ੍ਰੇਮ ਦਾ ਪ੍ਰਭਾਵ ਛਾਇਆ। ਇਸ ਮਗਨਤਾ ਦੇ ਰਸ ਵਿਚ ਬੇਵਸ ਹੋਈ ਸਾਰੀ ਸੰਗਤ ਇਹ ਗਾਉਣ ਲੱਗ ਪਈ:-

"ਜਿਥੈ ਜਾਏ ਭਗਤੁ ਸੁ ਥਾਨੁ ਸੁਹਾਵਣਾ॥
ਸਗਲੇ ਹੋਏ ਸੁਖ ਹਰਿ ਨਾਮੁ ਧਿਆਵਣਾ॥
ਜੀਅ ਕਰਨਿ ਜੈਕਾਰੁ ਨਿੰਦਕ ਮੁਏ ਪਚਿ॥
ਸਾਜਨ ਮਨਿ ਆਨੰਦੁ ਨਾਨਕ ਨਾਮੁ ਜਪਿ॥੧੮॥"

{ਫੁਨਹੇ: ਮ: ੫}

ਇਸ ਵੇਲੇ ਦੇ ਇਸ ਮੰਗਲਾਚਾਰ ਤੇ ਸ਼ਬਦ ਉਚਾਰ ਦੀ ਜਦ ਸ੍ਰੀ ਗੁਰੂ ਜੀ ਨੂੰ ਖ਼ਬਰ ਅੱਪੜੀ ਤਦ ਸਹਿਜ ਸੁਭਾਵ ਬੋਲੇ- "ਹਰਿ ਗੋਬਿੰਦ ਸੂਰਾ ਗੁਰੂ, ਸਾਈਂ ਦਾਸ ਰਾਮੋ ਪੂਰੇ ਸਿੱਖ, ਡੱਲੇ ਦੀ ਸਿੱਖੀ ਧੰਨ।"

ਤ੍ਰੈ ਦਿਨ ਸ੍ਰੀ ਗੁਰੂ ਜੀ ਉਥੇ ਰਹੇ, ਨਰਾਇਣ ਦਾਸ ਨੇ ਬੜੇ ਪ੍ਰੇਮ ਤੇ ਆਦਰ ਨਾਲ ਸੇਵਾ ਕੀਤੀ, ਜਥਾ ਸ਼ਕਤ ਪ੍ਰੇਮ ਤੇ ਉਤਸ਼ਾਹ ਨਾਲ ਭਰਪੂਰ ਦਾਜ ਦਿੱਤਾ। ਇਹ ਸਭ ਕੁਝ ਕਰਕੇ ਜਦ ਗੁਰੂ ਜੀ ਵਿਦਾ ਹੋਣ ਲਗੇ ਤਦ ਨਿੰਮ੍ਰਤਾ ਭਰੀ ਬੇਨਤੀ ਕੀਤੀ:-

ਔਰ ਕਛੂ ਨ ਬਨਜੋ ਮੁਝ ਤੇ ਇਕਿ ਦਾਸੀ ਦਈ ਹਿਤ ਸੇਵ ਤੁਮਾਰੀ॥
ਆਪ ਕੋ ਨਾਮ ਅਨਾਥ ਕੋ ਨਾਥ ਹੈ ਰਾਖ ਲਈ ਪਤ ਆਨਿ ਹਮਾਰੀ॥
ਦੋਨਹੂ ਲੋਕ ਸਹਾਇ ਕਰਹੁ ਸੁ ਕਰੋਰਨਿ ਕੀ ਕਰਤੇ ਰਖਵਾਰੀ॥
ਮੈ ਪਕਰਜੋ ਇਕ ਦਾਮਨ ਆਪ ਕੋ ਆਯੋ ਸਰਨ ਲਖੇ ਉਪਕਾਰੀ॥੮॥

{ਸੂ: ਪ੍ਰ: ਰਾ: ੪, ਅੰ: ੧੪, ਪੰਨਾ ੨੨੮੧}

ਸ੍ਰੀ ਗੁਰੂ ਜੀ ਨੇ ਨਰਾਇਣ ਦਾਸ ਨੂੰ ਗਲ ਲਾ ਲਿਆ, ਅਰ ਪ੍ਰੇਮ ਨਾਲ ਕਿਹਾ, "ਭਾਈ ਨਰਾਇਣ ਦਾਸ! ਤੇਰਾ ਸਰੂਪ ਵਿਚ ਵਾਸ"। ਇਸ ਵੇਲੇ ਸਾਈਂ ਦਾਸ ਤੇ ਰਾਮੋ ਹੱਥ ਜੋੜੀ ਚਰਨੀ ਆ ਪਏ ਅਰ ਇਹ ਸ਼ਬਦ ਉਚਾਰਣ ਲੱਗੇ:-

"ਹਮ ਪਾਥਰ ਗੁਰੁ ਨਾਵ ਬਿਖੁ ਭਵਜਲੁ ਤਾਰੀਐ ਰਾਮ॥
ਗੁਰੁ ਦੇਵਹੁ ਸਬਦ ਸੁਭਾਇ ਮੈ ਮੂੜ ਨਿਸਤਾਰੀਐ ਰਾਮ॥
ਹਮ ਮੂੜ ਮੁਗਧ ਕਿਛੁ ਮਿਤਿ ਨਹੀ ਪਾਈ ਤੂ ਅਗੰਮੁ ਵਡ
ਜਾਣਿਆ॥ ਤੂ ਆਪਿ ਦਇਆਲੁ ਦਇਆ ਕਰਿ ਮੇਲਹਿ ਹਮ
ਨਿਰਗੁਣੀ ਨਿਮਾਣਿਆ॥ ਅਨੇਕ ਜਨਮ ਪਾਪ ਕਰਿ ਭਰਮੇ
ਹੁਣਿ ਤਉ ਸਰਣਾਗਤਿ ਆਏ॥ ਦਇਆ ਕਰਹੁ ਰਖਿ ਲੇਵਹੁ
ਹਰਿ ਜੀਉ ਹਮ ਲਾਗਹ ਸਤਿਗੁਰ ਪਾਏ॥੩॥"

{ਤੁਖਾ: ਛੰ: ਮ: ੪-੧}

ਸ੍ਰੀ ਗੁਰੂ ਜੀ ਸਿੱਖਾਂ ਦੇ ਪ੍ਰੇਮ ਨੂੰ ਦੇਖ ਆਪ ਵੀ ਪ੍ਰੇਮ ਦੇ ਘਰ ਵਿੱਚ ਆ ਗਏ ਤੇ ਪਿਆਰ ਨਾਲ ਥਾਪੀ ਦੇ ਕੇ ਬੋਲੇ:-

"ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ॥
ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ॥
ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ॥
ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ॥੧੨॥"

{ਫੁਨਹੇ: ਮ:੫}

ਇਸੀ ਪ੍ਰਕਾਰ ਸਾਰੀ ਸੰਗਤ ਨੂੰ ਧੀਰਜ ਅਤੇ ਉਪਦੇਸ਼ ਕਰਦੇ ਸ੍ਰੀ ਗੁਰੂ ਜੀ ਵਿਦਾ ਹੋ ਕੇ ਅੰਮ੍ਰਿਤਸਰ ਆਏ।

 www.sikhbookclub.com

## (੩) ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਗੁਰੂ ਹਰਿਗੋਬਿੰਦ ਜੀ ਦਾ ਗੁਰਗਦੀ ਬਿਰਜਾਨਾ, ਗਵਾਲੀਅਰ ਕਿਲ੍ਹੇ ਵਿਚ ਬੰਦ ਹੋਣਾ, ਭਾਈ ਸਾਈਂਦਾਸ ਦੀ ਪ੍ਰਤਿਪਾਲਨਾ ਕਰਨੀ ਆਦਿ।

"ਸਤਿਗੁਰ ਸਿੱਖ ਕੀ ਕਰੇ ਪ੍ਰਤਿਪਾਲ॥"

{ਸੁਖਮਨੀ-੧੮}

**ਭਾਈ ਸਾਈਂਦਾਸ ਜੀ** ਦੀਵਾਲੀ ਵਸਾਖੀ ਆਦਿਕ ਨੂੰ ਗੁਰੂ ਜੀ ਦੇ ਦਰਸ਼ਨਾਂ ਨੂੰ ਜਾਯਾ ਕਰਦੇ ਸਨ ਤੇ ਇਸ ਤੋਂ ਛੁਟ ਬੀ ਕਈ ਵੇਰ ਜਾਂਦੇ ਸਨ। ਸ੍ਰੀ ਹਰਿਗੋਬਿੰਦ ਜੀ ਸੁਹਰੇ ਘਰ ਆਉਂਦੇ ਤਾਂ ਇਨ੍ਹਾਂ ਦੇ ਅਨੰਦ ਦੀ ਹੱਦ ਨਾ ਰਹਿੰਦੀ। ਇਸ ਪ੍ਰਕਾਰ ਸਮਾਂ ਬਿਤੀਤ ਹੁੰਦਾ ਰਿਹਾ। ਇਸ ਸਮੇਂ ਵੱਿਚ ਅਨੇਕਾਂ ਸਾਮਾਨ ਖੇਦਾਂ ਦੇ ਹੋਏ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕੁਝ ਲਾਹੋਰ ਦੇ ਹਾਕਮਾਂ ਤੇ ਸ਼ਰਈ ਮੁਲਾਣਿਆਂ ਆਦਿਕਾਂ ਦੇ ਤਅੱਸਬ ਨੇ ਤੇ ਕੁਛ ਚੰਦੂ ਦੀ ਚੁੱਕ ਨੇ ਕਈ ਮੁਸ਼ਕਲਾਂ ਪਾਈਆਂ। ਕਦੇ ਤਾਂ ਅਕਬਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸੁਣੀ ਅਰ ਸੁਣਕੇ ਤਸੱਲੀ ਪਾਈ ਸੀ ਕਿ ਇਹ ਧਰਮ ਪੁਸਤਕ ਨਿਰੀ ਵਾਹਿਗੁਰੂ ਆਰਾਧਣ ਦੀ ਪ੍ਰਤੀਪਾਦਕ ਹੈ, ਸਗੋਂ ਮੁੜਦੀ ਵੇਰ ਅਕਬਰ ਗੋਇੰਦਵਾਲ ਠਹਿਰਿਆ ਬੀ ਅਰ ਗੁਰੂ ਜੀ ਦੇ ਦਰਸ਼ਨ ਪਾ ਕੇ ਅਨੰਦਿਤ ਬੀ ਹੋਇਆ ਸੀ। ਖੁਲਾਸਾ- ਤੁ- ਤ੍ਵਾਰੀਖ ਵਿਚ ਲਿਖਿਆ ਹੈ ਕਿ ਇਕ ਵੇਰ ਗੁਰੂ ਅਰਜਨ ਦੇਵ ਜੀ ਦੇ ਕਹਿਣੇ ਤੇ ਅਕਬਰ ਨੇ ਪਰਜਾ ਦੇ ਮਾਮਲੇ ਵਿਚ ਕੁਛ ਛੋਟ ਕਰ ਦਿੱਤੀ ਸੀ*, ਕਦੇ ਹੁਣ ਸਮਾਂ ਆਯਾ ਹੈ ਕਿ ਹਾਕਮਾਂ ਵਲੋਂ ਖੇਦ ਪਹੁੰਚਦੇ ਹਨ।

ਡੱਲੇ ਕਦੇ ਇਹ ਖਬਰ ਪਹੁੰਚੇ ਕਿ ਸੁਲਬੀ ਖਾਂ ਗੁਰੂ ਜੀ ਨੂੰ ਦੁਖ ਦੇਣ ਲਈ ਆ ਰਿਹਾ ਹੈ। ਕਦੇ ਇਹ ਪਤਾ ਮਿਲੇ ਕਿ ਸੁਲਹੀਖਾਂ ਆ ਰਿਹਾ ਹੈ। ਪ੍ਰੇਮੀ ਜ਼ਰਾਕੁ ਫ਼ਿਕਰ ਦਾ ਚੱਕਰ ਵੇਖਕੇ ਝਟ ਏਥੇ ਆ ਟਿਕਣ ਕਿ ਗੁਰੂ ਜੀ ਦੇ ਆਪਣੇ ਚੋਜ ਹਨ ਉਂਵ ਓਹ ਆਪ ਦੁਖਾਂ ਸੁਖਾਂ ਤੋਂ ਅਤੀਤ ਹਨ। ਫੇਰ ਇਹ ਖ਼ਬਰਾਂ ਬੀ ਮਿਲ ਪੈਣ ਕਿ ਸੁਲਬੀ ਨੂੰ ਕਿਸੇ ਮੁਸਲਮਾਨ ਨੇ ਮਾਰ ਦਿੱਤਾ ਹੈ ਤੇ ਸੁਲਹੀ ਆਵੇ ਦੇਖਦਾ ਵਿੱਚੇ ਵੈ ਮੋਇਆ ਹੈ। ਇਸ ਤਰ੍ਹਾਂ ਸਮੇਂ ਲੰਘਦਿਆਂ ਇਕ

* ਖੁਲਾਸਾ- ਤੁੱ- ਤਾਰੀਖ ਸਫ਼ਾ ੪੫੨


www.sikhbookclub.com

ਦਿਨ ਇਹ ਭਿਆਨਕ ਖਬਰ ਆ ਹੀ ਗਈ ਕਿ ਸ੍ਰੀ ਗੁਰੂ ਜੀ ਲਹੌਰ ਗਏ ਹਨ ਤੇ ਫੇਰ ਪਤਾ ਨਹੀਂ ਕੀ ਹੋਇਆ ਹੈ ਕਿ ਆਪ ਦਾ ਥਹੁ ਹੀ ਨਹੀਂ ਮਿਲਦਾ। ਜਾਂਦੇ ਹੋਏ ਸ੍ਰੀ ਹਰਿ ਗੋਬਿੰਦ ਜੀ ਲਈ ਗੁਰਿਆਈ ਦਾ ਇਸ਼ਾਰਾ ਬੀ ਕਰ ਗਏ ਹਨ ਅਰ ਮਾਤਾ ਗੰਗਾ ਜੀ ਨੂੰ ਕੁਝ ਭਾਣੇ ਵਰਤਾਉਣ ਦੀ ਸੂੰਹ ਬੀ ਦੇ ਗਏ ਹਨ। ਪ੍ਰੇਮੀ ਗੁਰੂ ਨੂੰ ਸਦਾ **"ਜਨਮ ਮਰਨ ਦੋਹਹੂ ਮਹਿ ਨਾਹੀ"** ਵੇਖਦੇ ਹਨ, ਪਰ ਦ੍ਰੋਹੀਆਂ ਦੇ ਦ੍ਰੋਹ ਦੇ ਕਾਰਨ ਉਨ੍ਹਾਂ ਦੇ ਸਰੀਰ ਦੇ ਫ਼ਿਕਰ ਕਰਕੇ ਡੱਲੇ ਦੀ ਸਾਰੀ ਸਿਖ ਸੰਗਤ ਵਾਹੋ ਦਾਹੀ ਸ੍ਰੀ ਅੰਮ੍ਰਿਤਸਰ ਜੀ ਆਈ। ਅੱਗੇ ਏਥੇ ਬੀ ਉਦਾਸੀ ਛਾ ਰਹੀ ਸੀ ਕਿ ਲਾਹੌਰ ਸਤਿਗੁਰਾਂ ਦਾ ਪਤਾ ਨਹੀਂ ਲਗਦਾ। ਚੰਗੇ ਚੰਗੇ ਸਿੱਖ ਸਾਰੇ ਲਾਹੌਰ ਟੁਰ ਚੁਕੇ ਸੇ। ਸਾਈਂਦਾਸ ਨਰਾਇਣ ਦਾਸ ਬੀ ਵਾਹੋ ਦਾਹੀ ਲਾਹੌਰ ਪਹੁੰਚੇ। ਇਸ ਵੇਲੇ ਮੀਆਂ ਮੀਰ ਫ਼ਕੀਰ ਸਾਰਾ ਥਹੁ ਕੱਢਕੇ ਦੱਸ ਚੁਕਾ ਸੀ ਕਿ ਸਤਿਗੁਰਾਂ ਦੇ ਪਵਿੱਤ੍ਰ ਸ਼ਰੀਰ ਤੇ ਗਰਮ ਰੇਤੇ ਪਾਏ ਗਏ, ਗਰਮ ਦੇਗਾਂ ਵਿਚ ਬਿਠਾਏ ਗਏ ਤੇ ਭੁੱਖ ਤ੍ਰਿਖਾ ਦੇ ਖੇਦ ਇਸ ਕਹਿਰ ਹੁਨਾਲ ਦੀ ਰੁਤ ਵਿੱਚ ਦਿੱਤੇ ਗਏ ਪਰ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿੱਚ ਇਕ ਅੱਖਰ ਹੋਰ ਪਾਉਣਾ ਯਾ ਘਟਾਉਣਾ ਸ੍ਵੀਕਾਰ ਨਾ ਕੀਤਾ* ਯਾ ਕਿਸੇ ਹੋਰ ਤਰ੍ਹਾਂ ਦੀ ਨਿਰਬਲਤਾ ਦਿਖਾਕੇ ਜਿੰਦ ਬਚਾਉਣੀ ਕਬੂਲ ਨਹੀਂ ਕੀਤੀ। ਓਹ ਭਾਣੇ ਤੇ ਰਜ਼ਾ ਪਰ ਐਸੇ ਪੱਕੇ ਰਹੇ ਹਨ ਕਿ ਮੇਰੇ ਅਰਜ਼ ਕਰਨੇ ਪਰ, ਕਿ ਮੈਂ ਕੋਸ਼ਿਸ਼ ਕਰਾਂ ਯਾ ਜ਼ਾਲਮਾਂ ਨੂੰ ਵਰ ਸਰਾਪ ਦਿਆਂ, ਆਪ ਨੇ ਨਹੀਂ ਮੰਨਿਆਂ, ਭਾਣਾ ਹੀ ਮਿੱਠਾ ਕਰਕੇ ਜਾਤਾ ਹੈ। ਇਨ੍ਹਾਂ ਕਸ਼ਟਾਂ ਅਰ ਮਹਾਂ ਭਿਆਨਕ ਖੇਦਾਂ ਦੇ ਸਮਾਚਾਰ ਸੁਣਦੇ ਹੀ ਖਬਰ ਮਿਲ ਗਈ ਕਿ ਅੱਜ ਸ੍ਰੀ ਗੁਰੂ ਜੀ ਨੇ ਰਾਵੀ ਦੇ ਕਿਨਾਰੇ ਕਿਲ੍ਹੇ ਦੇ ਹੇਠ ਸਰੀਰ ਤਿਆਗ ਦਿੱਤਾ ਹੈ। ਸੰਗਤ ਉਧਰ ਧਾਈ ਜਾ ਰਹੀ ਹੈ। ਏਹ ਲੋਗ ਬੀ ਅੱਪੜੇ। ਆਹ! ਅਮਿੱਤ ਅਥਾਹ ਨਦੀ ਅਪਣੇ ਵੇਗ ਨਾਲ ਜਾਰੀ ਹੈ, ਜਿਸਦੇ ਕਿਨਾਰੇ ਵਾਹਿਗੁਰੂ ਸਰੂਪ ਦੇ ਤੇਜ ਮਈ ਨਿਵਾਸ ਰੱਖਣ ਵਾਲੇ ਸਰੀਰ ਇਲਾਹੀ ਟਿਕਾਉ ਵਿੱਚ ਬਿਰਾਜ ਰਹੇ ਹਨ, ਫਲੂਹੇ ਤੇ ਛਾਲਿਆਂ ਨਾਲ ਸਰੀਰ ਭਰਪੂਰ ਹੈ, ਪਰ ਚਿਹਰੇ ਪਰ ਖਿਮਾਂ, ਧੀਰਜ, ਪ੍ਰੇਮ ਅਰ ਸ਼ਾਂਤੀ ਦੇ ਅੰਤਲੇ ਚੱਕਰ ਦ੍ਰਿੜ੍ਹ ਹੋ ਰਹੇ ਹਨ। ਦੇਹ ਮੁਰਦਾ ਨਹੀਂ ਭਾਸਦੀ, ਐਉਂ ਹੀ ਜਾਪਦਾ ਹੈ ਕਿ ਬਿਰਾਜ ਰਹੇ ਹਨ। ਸੰਗਤ ਵੈਰਾਗ ਦੀ ਮੂਰਤ ਦਰਸ਼ਨ ਕਰਦੀ ਤੇ ਸਦੱਕੜੇ ਹੋ ਰਹੀ ਹੈ। ਚੁੱਪ ਛਾ ਰਹੀ ਹੈ, ਕੋਈ ਬੋਲਦਾ

* ਤ੍ਵਾ ਖਾ :।

ਨਹੀਂ, ਅੱਖਾਂ ਵਿੱਚ ਹੰਝੂ ਤੇ ਹੰਝੂਆਂ ਵਿੱਚ ਦਿਲ ਪੰਘਰ ਪੰਘਰਕੇ ਵਹਿ ਰਿਹਾ ਹੈ। ਸਹਜੇ ਸਹਜੇ ਸਾਰੇ ਪਿਆਰੇ ਕੱਠੇ ਹੋ ਗਏ। ਸੇਵਕ ਨੇ ਗੁਰੂ ਜੀ ਦੇ ਅੰਤਮ ਵਾਕ ਦੱਸੇ ਅਰ ਕਿਹਾ ਕਿ ਆਪ ਅੰਗੀਠੇ ਸਾਜਨ ਦੀ ਆਗਜਾ ਨਹੀਂ ਦੇ ਗਏ, ਪਰ ਸਰੀਰ ਜਲ ਪ੍ਰਵਾਹ ਕਰਨੇ ਦਾ ਹੁਕਮ ਹੈ। ਸੰਗਤ ਨੇ ਉਸੇ ਤਰ੍ਹਾਂ ਉੱਜਲ ਬਸਤਰਾਂ ਵਿੱਚ ਪਰਉਪਕਾਰੀ ਦੇਹ ਨੂੰ ਨਿਵਾਸ ਦੇਕੇ ਮਾਰੂ ਰਾਗ ਦੇ ਸ਼ਬਦ ਪੜ੍ਹਦੇ ਤੇ ਕੀਰਤਨ ਕਰਦੇ ਜਲ ਪਰਵਾਹ ਦਿੱਤਾ। ਉਸ ਅਸਥਾਨ ਪਰ ਸ੍ਰੀ ਗੁਰੂ ਜੀ ਦੀ ਯਾਦ ਦਾ ਦੇਹੁਰਾ* ਬਣਿਆ ਕਿ ਜਿੱਥੇ ਆਪ ਦਾ ਸਰੀਰ ਜਲ ਪ੍ਰਵਾਹ ਲਈ ਪਹੁਨਾਇਆ ਗਿਆ ਸੀ।

ਇਹ ਦਰਦਨਾਕ ਸਾਕਾ, ਇਹ ਦਿਲ ਤੋੜ ਦੇਣ ਵਾਲੀ ਹੋਣਹਾਰ, ਸੱਚ ਪਰ ਇਹ ਸੱਚੀ ਸੂਰਮਤਾ ਦੀ ਕੁਰਬਾਨੀ ਅਰ ਬਹੁਤ ਉੱਚੀ ਅਨੂਠੇ ਖੇਲ ਦੀ ਕਰਨੀ ਕੋਈ ਛੋਟੀ ਜਿਹੀ ਬਾਤ ਨਹੀਂ ਸੀ। ਸਤਿਗੁਰੂ ਜੀ ਸੱਚ ਦੇ ਸੂਰਜ ਪਰ ਸਦਕੜੇ ਹੋ ਗਏ। ਗੁਰੂ ਜੀ ਆਪ ਨਾ ਭੈ ਦੇਂਦੇ ਸਨ ਤੇ ਨਾਂ ਭੈ ਮੰਨਦੇ ਸਨ; ਕਸ਼ਟ ਝੱਲ ਗਏ ਤੇ ਨਿਰਭੈ ਰਹੇ, ਤਾਂ ਹੀ ਭਾਈ ਗੁਰਦਾਸ ਜੀ ਨੇ ਕਿਹਾ ਹੈ:-

ਰਹਿੰਦੇ ਗੁਰ ਦਰੀਆਉ ਵਿਚ
ਮੀਨ ਕੁਲੀਨ ਹੇਤ ਨਿਰਬਾਣੀ।
ਦਰਸਨੁ ਦੇਖਿ ਪਤੰਗ ਜਿਉਂ
ਜੋਤੀ ਅੰਦਰਿ ਜੋਤਿ ਸਮਾਣੀ।
ਸ਼ਬਦੁ ਸੁਰਤਿ ਲਿਵ ਮਿਰਗ ਜਿਉਂ
ਭੀੜ ਪਈ ਚਿਤ ਅਵਰੁ ਨ ਆਣੀ।
ਚਰਣ ਕਵਲ ਮਿਲਿ ਭਵਰ ਜਿਉਂ
ਸੁਖ ਸੰਪਟ ਵਿਚਿ ਰੈਣਿ ਵਿਹਾਣੀ।
ਗੁਰੁ ਉਪਦੇਸੁ ਨ ਵਿੱਸਰੈ
ਬਾਬੀਹੇ ਜਿਉਂ ਆਖ ਵਖਾਣੀ।
ਗੁਰਮੁਖਿ ਸੁਖ ਫਲੁ ਪ੍ਰੇਮ ਰਸੁ
ਸਹਜ ਸਮਾਧਿ ਸਾਧ ਸੰਗਿ ਜਾਣੀ।
ਗੁਰ ਅਰਜਨ ਵਿਟਹੁ ਕੁਰਬਾਣੀ।

{ਵਾਰ ੨੪ ਪਉੜੀ ੨੩}

* ਇਹ ਦੇਹੁਰਾ ਕਿਲੇ ਦੇ ਪਾਸ ਹੁਣ ਤੱਕ ਮੌਜੂਦ ਹੈ ਤੇ ਡੇਰਾ ਸਾਹਿਬ ਕਰਕੇ ਸੱਦੀਂਦਾ ਹੈ। ਇਹ ਹੁਣ ਪਾਕਿਸਤਾਨ ਵਿਚ ਹੈ।

ਉਨ੍ਹਾਂ ਨੇ ਖੇਦ ਨਹੀਂ ਸਹਾਰੇ, ਦੁਖ ਪਾਕੇ ਸੁਖ ਮੁੱਲ ਲੀਤੇ ਅਪਣੀ ਸੰਗਤ ਵਾਸਤੇ। ਉਨ੍ਹਾਂ ਨੇ ਸਰੀਰ ਨਹੀਂ ਦਿੱਤਾ ਪਰ ਸਰੀਰ ਦੇਣ ਨਾਲ ਪੰਥ ਵਾਸਤੇ ਇਕ ਹੋਰ ਤਰ੍ਹਾਂ ਦਾ ਜੀਵਨ ਪੈਦ ਕਰ ਦਿੱਤਾ। ਇਸ ਸਾਕੇ ਨੇ ਸਿੱਖਾਂ ਦੀ ਕਾਇਆਂ ਪਲਟ ਦਿੱਤੀ। ਲੋਕੀ ਕਹਿੰਦੇ ਹਨ ਕਿ ਬੀਰ ਰਸੀ ਜੀਵਨ ਸਿਖਾਂ ਵਿੱਚ ਛੇਵੇਂ ਸਤਿਗੁਰਾਂ ਨੇ ਪੈਦਾ ਕੀਤਾ ਸੀ, ਪਰ ਬੀਰ ਰਸੀ ਜੀਵਨ ਦਾ ਮੁੱਢ ਇਸ ਸਾਕੇ ਨੇ ਬੰਨ੍ਹ ਦਿੱਤਾ। ਪਵਿੱਤ੍ਰ ਆਤਮਾ ਦਾ ਸ਼ਹੀਦ ਹੋਣਾ ਇਕ ਐਸੀ ਸ਼ੈ ਹੈ ਕਿ ਕੌਮ ਦੀ ਕਾਇਆਂ ਪਲਟ ਦੇਂਦਾ ਹੈ, ਪਰ ਏਥੇ ਤਾਂ ਰੱਬੀ ਜੋਤ ਨੇ ਆਪ ਜਾਨ ਤੇ ਖੇਡ ਦਿਖਾਇਆ ਸੀ। ਇਹ ਪਹਿਲੀ ਗ਼ਲਤੀ ਸੀ ਜੋ ਐਨ ਐਸ਼੍ਵਰਜ ਵੇਲੇ ਮੁਗ਼ਲੀਆ ਸਲਤਨਤ ਪਾਸੋਂ ਹੋਈ; ਇਹ ਪਹਿਲੀ ਸੱਟ ਸੀ ਜੋ ਉਨ੍ਹਾਂ ਦੇ ਰਾਜ ਦੀ ਜੜ੍ਹ ਨੂੰ ਉਨ੍ਹਾਂ ਦੇ ਆਪਣੇ ਹਥੋਂ ਵੱਜੀ। ਬੇਗੁਨਾਹ ਦਾ ਮਾਰੇ ਜਾਣਾ, ਮਹਾਤਮਾਂ ਦਾ ਬਿਨਾਂ ਦੋਸ਼ ਕਤਲ ਹੋਣਾ, ਵਾਹਿਗੁਰੂ ਦੇ ਪਿਆਰੇ ਦਾ ਅਦੋਸ਼ ਖੇਦ ਸਹਿਕੇ ਸਰੀਰ ਤਿਆਗਣਾ, ਨਹੀਂ ਨਹੀਂ, ਰੱਬੀ ਜੋਤ ਦਾ ਇਤਨਾ ਖੇਦ ਸਹਾਰਕੇ ਫੇਰ ਨਿਰਭੈ ਰਹਿਕੇ ਟੁਰ ਜਾਣਾ ਇਕ ਐਸਾ ਵਾਕਿਆ ਸੀ ਕਿ ਜਿਸਨੇ ਸਿੱਖਾਂ ਦੇ ਦਿਲਾਂ ਵਿਚ ਇਹ ਤਿਆਰੀ ਪੈਦਾ ਕਰ ਦਿੱਤੀ ਕਿ ਜਿਸ ਰਸਤੇ ਗੁਰੂ ਜੀ ਗਏ ਹਨ, ਸਿੱਖਾਂ ਨੇ ਜਾਣਾ ਹੈ। ਗੁਰੂ ਅਰਜਨ ਦੇਵ ਜੀ ਦਾ ਸਾਕਾ ਪਿਛਲੇ ਸਾਰੇ ਸਾਕਿਆਂ ਦਾ ਆਗੂ ਹੈ। ਇਸ ਮੁਨਾਰੇ ਦੇ ਦੀਪਕ ਨੂੰ ਦੇਖਕੇ ਸਿੱਖ ਪਿੱਛੋਂ ਸੱਚ ਦੀ ਖਾਤਰ ਜਾਨਾਂ ਦੇਂਦੇ ਰਹੇ, ਪਰ ਡੋਲਦੇ ਨਹੀਂ ਰਹੇ। ਨਹੀਂ ਤਾਂ ਜਾਨ ਖਾਤਰ ਸੱਚ ਦੇਣ ਲੱਗ ਜਾਂਦੇ ਤੇ ਸੱਚ ਦੇਣ ਨਾਲ ਪੰਥ ਮੁਕ ਜਾਂਦਾ। ਕਈ ਅਨਜਾਣ ਇਤਿਹਾਸ ਵੇਤਾ ਲਿਖਦੇ ਹਨ ਕਿ ਸਿੱਖਾਂ ਦੇ ਜੀ ਵਿਚ ਬਦਲੇ ਦਾ ਖਿਆਲ ਆ ਗਿਆ, ਪਰ ਉਹ ਲੋਕ ਉਸ ਵੇਲੇ ਦੇ ਸਿੱਖਾਂ ਦੇ ਵਾਕਫ ਨਹੀਂ ਹਨ। ਸਿੱਖ ਬਦਲਾ ਲੈਣਾ ਓਦੋਂ ਜਾਣਦੇ ਹੀ ਨਹੀਂ ਸਨ, ਪਰ ਹਾਂ 'ਸੱਚ ਦੀ ਖਾਤਰ ਸਦਕੇ ਹੋਣਾ' ਇਹ ਗੁਣ ਸਿੱਖਾਂ ਵਿਚ ਸੀ, ਜਿਸਨੂੰ ਇਸ ਸਾਕੇ ਨੇ, ਇਸ ਜੀਉਂਦੇ ਨਮੂਨੇ ਨੇ ਚਾਰ ਚੰਨ ਹੋਰ ਲਾ ਦਿੱਤੇ। ਸਿੱਖ ਉਂਵ ਹੀ ਗੁਰਬਾਣੀ ਤੋਂ ਸਿੱਖ ਗਏ ਹੋਏ ਸਨ ਕਿ ਸਰੀਰ ਬਿਨਸਨ ਹਾਰ ਹੈ ਪਰ ਹੁਣ ਤਾ **"ਛੈਲ ਲੰਘਦੇ ਪਾਰਿ ਗੋਰੀ ਮਨ ਧੀਰਿਆ"**{ਆਸਾ ਫਰੀਦ ਜੀ-੨} ਵਾਲਾ ਲੇਖਾ ਹੋ ਗਿਆ।

ਗੱਲ ਕੀ ਸੰਗਤਾਂ ਪਰਮ ਵੈਰਾਗ ਨਾਲ ਸ੍ਰੀ ਅੰਮ੍ਰਿਤਸਰ ਆ ਗਈਆਂ। ਦੇਸ਼ ਵਿਚ ਖ਼ਬਰ ਫੈਲ ਗਈ ਤੇ ਘਰ ਘਰ ਸ਼ੋਕ ਹੋਇਆ। ਮੁਸਲਮਾਨ

ਫ਼ਕੀਰ, ਹਿੰਦੂ ਪੰਡਤ ਜਿਨ੍ਹਾਂ ਕਦੇ ਦਰਸ਼ਨ ਪਾਇਆ ਸੀ, ਸ਼ੋਕਾਤੁਰ ਹੋਏ। ਇਹ ਇਕ ਐਸੀ ਹੋਣੀ ਸੀ ਕਿ ਜਿਸ ਪਰ ਬਿਨਾਂ ਲਿਹਾਜ਼ ਧਰਮ ਤੇ ਜ਼ਾਤ ਪਾਤ ਦੇ ਉਸ ਵੇਲੇ ਦੇ ਮੰਨੇ ਪ੍ਰਮੰਨੇ ਹੋਏ ਰਾਜ ਪਰ ਸਾਰੀ ਪਰਜਾ ਦਾ ਸ਼ੋਕ ਪਿਆ, ਪਰ ਕਿਸੇ ਤੋਂ ਆਹ ਦੇ ਨਾਹਰੇ ਮਾਰੇ ਬਿਨਾਂ ਰਿਹਾ ਨਾ ਗਿਆ।

ਗੱਲ ਕੀ ਸ੍ਰੀ ਗੁਰੂ ਜੀ ਦੇ ਸੱਚਖੰਡ ਪਿਆਨ ਦੇ ਮਗਰੋਂ ਸ਼ਬਦ ਕੀਰਤਨ ਪਾਠ ਆਦਿਕ ਹੁੰਦੇ ਰਹੇ। ਹਾੜ ਸੁਦੀ ਦਸਮੀ ਨੂੰ ਲਾਗੇ ਦੀ ਸਾਰੀ ਸੰਗਤ ਕੱਠੀ ਹੋ ਗਈ ਅਰ ਸ੍ਰੀ ਗੁਰੂ ਜੀ ਦੀ ਜਗਾ ਗੁਰੂ ਸਾਹਿਬ ਜੀ ਦੀ ਆਗਜਾ ਮੂਜਬ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਗੁਰਤਾ ਦੀ ਗੱਦੀ ਪਰ ਬਿਰਾਜਮਾਨ ਕਰਾਇਆ ਗਿਆ। ਆਪ ਨੇ ਉਸ ਵੇਲੇ ਸੇਲ੍ਹੀ ਦੀ ਥਾਂ ਦਸਤਾਰ ਸਜਾਕੇ ਕਲਗ਼ੀ ਲਗਾਈ ਅਰ ਦੋ ਤਲਵਾਰਾਂ ਸੱਜੇ ਖਬੇ ਲਗਾਕੇ ਮੀਰੀ ਪੀਰੀ ਨੂੰ ਕੱਠਾ ਕਰ ਦਿਖਲਾਇਆ।

ਗ੍ਰਿਹਸਤ ਆਸ਼ਰਮ ਤੇ ਪਰਮਾਰਥ ਤਾਂ ਪਹਿਲੇ ਸਤਿਗੁਰਾਂ ਨੇ ਇੱਕਠਾ ਕਰਕੇ ਸੰਸਾਰ ਨੂੰ ਸੁਗਮ ਰਾਹ ਦੱਸ ਦਿੱਤਾ ਸੀ, ਹੁਣ ਸ਼ਾਂਤਿ ਰਸ ਦੀ ਸੇਵਾ ਲਈ ਬੀਰ ਰਸ ਗੁਰੂ ਜੀ ਨੇ ਨਾਲ ਰਲਾ ਦਿੱਤਾ। ਪਰ ਫੇਰ ਨਿਰੋਲ ਧਰਮ ਤੇ ਰਾਜਭਾਵ ਅਲੱਗ ਵੀ ਰੱਖੇ ਜਿਵੇਂ ਸ੍ਰੀ ਗੁਰੂ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੇ ਸਾਹਮਣੇ ਵਾਰ ਸ੍ਰੀ ਤਖਤ ਅਕਾਲ ਬੁੰਗਾ ਰਚਕੇ ਦਰਬਾਰ ਲਾਉਣੇ ਸ਼ੁਰੂ ਕੀਤੇ। ਸ੍ਰੀ ਹਰਿ ਮੰਦਰ ਹਰੀ ਦੀ ਸੇਵਾ ਦਾ ਨਿਰੋਲ ਸਥਾਨ ਰਿਹਾ, ਪਰ ਅਕਾਲ ਬੁੰਗੇ ਤਖਤ ਲਗਾਇਆ ਅਰ ਦੀਨ ਦੁਨੀ ਦੀ ਪਾਤਸ਼ਾਹੀ ਦਾ ਡੰਕਾ ਵਜਾ ਦਿੱਤਾ। ਸ਼ਸਤ੍ਰ, ਅਸਤ੍ਰ, ਵਿਦਜਾ, ਘੋੜੇ, ਹੋਰ ਜੰਗ ਦੇ ਸਾਮਾਨ ਕੱਠੇ ਕਰਕੇ ਨਾਲ ਨਾਲ ਬੀਰ ਰਸ ਦੀ ਅਸਲੀ ਤਿਆਰੀ ਸ਼ੁਰੂ ਕਰ ਦਿੱਤੀ। ਸਿੱਖਾਂ ਨੂੰ ਸ਼ਸਤ੍ਰ ਵਿਦਜਾ ਸਿਖਾਲੀ ਅਰ ਕੁਛ ਸਮੇਂ ਵਿੱਚ ਕਾਫ਼ੀ ਜੰਗੀ ਤਾਕਤ ਸ਼ਾਂਤਿ ਰਸ ਦੇ ਬਾਗ਼ ਦੇ ਉਦਾਲੇ ਸ਼ੋਭਣ ਲਗ ਗਈ।

ਫੇਰ ਪਾਤਿਸ਼ਾਹ ਵੱਲੋਂ ਦਿੱਲੀ ਤੋਂ ਸੱਦਾ ਆਇਆ, ਦਿੱਲੀ ਪਹੁੰਚੇ। ਸੈਰ ਸ਼ਿਕਾਰ ਅਕਸਰ ਹੁੰਦੇ ਰਹੇ, ਫੇਰ ਆਗਰੇ ਗਏ। ਇਸ ਜਗ੍ਹਾ ਤੋਂ ਕਿਸੇ ਦਾਉ ਨਾਲ ਆਪ ਨੂੰ ਗੁਆਲੀਅਰ ਭੇਜ ਦਿੱਤਾ ਗਿਆ। ਇਸ ਕਿਲ੍ਹੇ ਵਿਚ ਵੱਡੇ ਵੱਡੇ ਰਾਜੇ ਤੇ ਅਮੀਰ ਨਜ਼ਰਬੰਦ ਰਿਹਾ ਕਰਦੇ ਸੇ, ਗੁਰੂ ਜੀ ਬੀ ਇੱਥੇ ਰਹਿਣ ਲੱਗੇ। ਆਪਣੇ ਲਈ ਜੋ ਰਸਦਾਂ ਆਉਂਦੀਆਂ ਸਨ ਸਤਿਗੁਰੂ ਜੀ ਨੇ ਓਹ ਕਿਲ੍ਹੇ

ਵਿੱਚ ਵੰਡਵਾ ਦੇਣੀਆਂ ਤੇ ਦੋਂਹ ਸਿੱਖਾਂ ਨੇ ਸ਼ਹਿਰ ਜਾਕੇ ਕੁਛ ਕਿਰਤ ਕਰਕੇ ਰਸਦ ਲਿਆਉਂਣੀ ਅਰ ਉਸਦਾ ਪ੍ਰਸ਼ਾਦ ਸਤਿਗੁਰਾਂ ਨੇ ਛਕਣਾ। ਸਤਿਸੰਗ ਦਾ ਪ੍ਰਵਾਹ ਕਿਲੇ ਵਿੱਚ ਬੀ ਸ਼ੁਰੂ ਹੋ ਗਿਆ ਅਰ ਪਰਮੇਸ਼ਰ ਦੇ ਪਿਆਰ ਦਾ ਬਗ਼ੀਚਾ ਉਸ ਸੁੰਞੇਂ ਥਾਂ ਵਿੱਚ ਬੀ ਖਿੜ ਪਿਆ। ਹਰਦਾਸ ਕਿਲ੍ਹੇ ਦਾ ਵੱਡਾ ਅਫ਼ਸਰ ਸਿੱਖ ਹੋ ਗਿਆ ਅਰ ਇਸ ਤਰ੍ਹਾਂ ਸਾਰੇ ਦੁਖੀਆਂ ਦੀ, ਜੋ ਓਥੇ ਸਨ, ਮੁਸੀਬਤ ਬਹੁਤ ਘਟ ਗਈ।

**'ਜਿਥੈ ਜਾਇ ਭਾਰਤੁ ਸੁ ਥਾਨ ਸੁਹਾਵਣਾ॥'**

ਇਧਰ ਸਿੱਖਾਂ ਦਾ ਹਾਲ, ਵਿਚਾਰ ਲਓ ਕਿ ਏਹ ਹਾਲ ਸੁਣਕੇ, ਕੀਹ ਹੋ ਸਕਦਾ ਸੀ? ਗੁਰੂ ਸਾਹਿਬ ਜੀ ਦੇ ਗਵਾਲੀਅਰ ਜਾਣ ਦਾ ਪ੍ਰਸੰਗ ਇਤਨਾਂ ਲੰਮਾਂ ਹੈ ਕਿ ਜੇ ਉਸ ਵਿਚ ਲੱਗੀਏ ਤਾਂ ਬੜਾ ਲੰਮਾਂ ਗ੍ਰੰਥ ਬਣ ਜਾਂਦਾ ਹੈ। ਭਾਈ ਸਾਈਂ ਦਾਸ ਜੀ ਦਾ ਹਾਲ ਏਥੇ ਦੱਸ ਦੇਣਾ ਹੈ, ਇਸ ਕਰਕੇ ਉਨ੍ਹਾਂ ਦੇ ਪ੍ਰੇਮ ਦੀ ਕਥਾ ਵੱਲ ਧਿਆਨ ਕਰਦੇ ਹੋਏ ਪਿੱਛੇ ਮੁੜਦੇ ਹਾਂ।

ਛੇਵੇਂ ਗੁਰਾਂ ਦੇ ਗੱਦੀ ਬਿਰਾਜਣ ਪਰ ਭਾਈ ਸਾਈਂ ਦਾਸ ਜੀ ਦਾ ਪਿਆਰ, ਜੋ ਆਪ ਨਾਲ ਪਹਿਲੇ ਦਿਨੋਂ ਹੀ ਚੋਖਾ ਸੀ, 'ਗੁਰੂ ਪ੍ਰੇਮ' ਵਿੱਚ ਪਲਟ ਗਿਆ। ਗੁਰੂ ਜੀ ਨੂੰ ਉਹ ਸਦਾ ਜਾਗਦੀ ਜੋਤ ਸਮਝਦੇ ਸਨ। ਗੁਰੂ ਅਰਜਨ ਦੇਵ ਜੀ ਦੇ ਸਾਕੇ ਤੋਂ ਅਤਿ ਦੁਖੀ ਹੋਏ ਪਰ ਅੰਤ ਗੁਰੂ ਕਾ ਚੋਜ ਜਾਣਕੇ ਸੰਭਲ ਗਏ।

ਛੇਵੇਂ ਸਤਿਗੁਰਾਂ ਦੀ ਸਿੱਖੀ ਤੇ ਰਹਿਤ ਓਹੋ ਹੀ ਸੀ ਜੋ ਪਿਛਲੇ ਪੰਜਾਂ ਦੀ ਸੀ, ਇੱਕ ਮੀਰੀ ਦਾ ਵਾਧਾ ਸੀ ਅਰ ਉਹ ਮੀਰੀ ਪਰਮਾਰਥ ਦੇ ਸ਼ਾਂਤਿ ਰਸ ਦੀ ਬਾਧਕ ਨਹੀਂ ਸੀ, ਸ਼ਾਂਤ ਰਸ ਦੀ ਰਖਜਾ ਨਮਿੱਤ ਪੈਦਾ ਕੀਤੀ ਸੀ*। ਉਸਦਾ ਪ੍ਰਯੋਜਨ ਦੀਨ ਰਖਿਆ, ਧਰਮ ਰਖਿਆ ਤੇ ਦੇਸ਼ ਰਖਿਆ ਸੀ, ਇਸ ਤੋਂ ਛੁੱਟ ਹੋਰ ਕੁਛ ਨਹੀਂ ਸੀ। ਮੀਰੀ ਨੇ ਸਿੱਖਾਂ ਵਿੱਚੋਂ ਭਜਨ ਬੰਦਗੀ, ਬਾਣੀ ਦਾ ਪ੍ਰੇਮ, ਸੱਚ ਦਾ ਜੀਵਨ, ਨੇਕੀ ਉਪਕਾਰ ਦਾ ਮਾਦਾ ਕਿਵੇਂ ਵੀ ਨਹੀਂ ਘਟਾਇਆ। ਸਤਿਗੁਰੂ ਜੀ ਆਪ ਆਤਮ ਰਸੀਏ ਸੇ ਤੇ ਆਪਣੇ ਸਿੱਖਾਂ ਨੂੰ ਕਿਸੇ ਬੜੇ ਉੱਚੇ ਬੀਰ ਰਸ ਦੇ ਰਸੀਏ ਬਣਾ ਰਹੇ ਸੀ ਜਿਸ ਵਿੱਚ ਕਿ ਹਉ, ਹੰਕਾਰ, ਖ਼ੁਦਗਰਜ਼ੀ ਦੀ ਲੇਸ਼ ਨਹੀਂ ਸੀ, ਪਰ ਚੜ੍ਹਦੀਆਂ ਕਲਾਂ ਦਾ ਰੰਗ ਸੀ।

---

* ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉਂ ਬਾਗੈ॥

{ਵਾ: ਭਾ: ਗੁ: ੨੬- ੨੫}


www.sikhbookclub.com

"ਪੰਜ ਪਿਆਲੇ ਪੰਜ ਪੀਰ
ਛਠਮੁ ਪੀਰ ਬੈਠਾ ਗੁਰ ਭਾਰੀ" {ਵਾਰ:੧-੪੮}

ਭਾਈ ਗੁਰਦਾਸ ਜੀ ਦਾ ਵਾਕ ਹੈ।

ਜਿਸ ਦਿਨ ਤਿਲਕ ਹੋਣਾ ਸੀ, ਭਾਰੀ ਦੀਵਾਨ ਲੱਗਾ। ਸੰਗਤਾਂ ਦੀਆਂ ਭੇਟਾਂ ਪ੍ਰਸ਼ਾਦਾਂ ਵਿਚ ਸਾਈਂ ਦਾਸ ਤੇ ਰਾਮੋ ਬੀ ਭੇਟ ਲੈਕੇ ਹਾਜ਼ਰ ਸਨ, ਆਪਣੇ ਹੱਥ ਦਾ ਕੱਢਿਆ ਤੇ ਸੀਤਾ ਇਕ ਲਾਚੇ ਦਾ ਕਲੀਆਂ-ਦਾਰ ਚੋਲਾ ਮਹਾਰਾਜ ਜੀ ਦੀ ਸੇਵਾ ਵਿਚ ਧਰਿਆ ਅਰ ਜਦ ਸਤਿਗੁਰਾਂ ਨੇ ਉਸੇ ਵੇਲੇ ਪਹਿਨ ਲਿਆ ਤਾਂ ਜੀ ਬਾਗ਼ ਬਾਗ਼ ਹੋ ਗਿਆ।

ਅਜੇ ਏਥੇ ਹੀ ਸਨ ਕਿ ਇਕ ਦਿਨ ਰਾਤ ਨੂੰ ਗੁਰੂ ਸਾਹਿਬਾਂ ਨੇ ਸਾਈਂ ਦਾਸ ਨੂੰ ਯਾਦ ਕੀਤਾ, ਪਰ ਸਾਈ ਦਾਸ ਨਾਂ ਲੱਭਿਆ। ਜਾਂ ਵਧੇਰੇ ਟੋਲ ਹੋਈ ਤਾਂ ਪਤਾ ਲੱਗਾ ਕਿ ਸ੍ਰੀ ਦਰਬਾਰ ਸਾਹਿਬ ਜੀ ਝਾੜੂ ਦੇ ਰਹੇ ਹਨ। ਜਾਂ ਦੋ ਕੁ ਦਿਨ ਮਗਰੋਂ ਫੇਰ ਰਾਤ ਨੂੰ ਗੁਰੂ ਜੀ ਨੇ ਦਾਸ ਨੂੰ ਭੇਜਿਆ ਤਾਂ ਪਤਾ ਲੱਗਾ ਕਿ ਸਰੋਵਰ ਦੇ ਕਿਨਾਰੇ ਬੈਠੇ ਪ੍ਰੇਮ ਦੇ ਸ਼ਬਦ ਪੜ੍ਹਦੇ ਤੇ ਵੈਰਾਗ ਕਰ ਰਹੇ ਹਨ, ਅਰ ਰਾਮੋ ਬੀ ਨਾਲ ਹੀ ਹੈ। ਜਾਂ ਫੇਰ ਇਕ ਰਾਤ ਕਿਸੇ ਤਰ੍ਹਾਂ ਭਾਲ ਹੋਈ ਤਾਂ ਪਤਾ ਲੱਗਾ ਜੋ ਅੱਜ ਸ੍ਰੀ ਦਰਬਾਰ ਸਾਹਿਬ ਜੀ ਬੀ ਨਹੀਂ ਹਨ। ਸਵੇਰੇ ਥਹੁ ਮਿਲਿਆ ਕਿ ਲੌਢੇ ਪਹਿਰ ਰਾਮਸਰ ਫਿਰਦੇ ਸਨ ਜੋ ਇਕ ਦੁਖੀ ਸਿੱਖ, ਨਾਮ ਦੇ ਪੂਰਨ ਰਸੀਏ ਗੁਰਮੁਖ ਦੀ ਕੁਛ ਖਬਰ ਸੁਣਦੇ ਹੀ ਸੁਲਤਾਨ ਪਿੰਡ ਚਲੇ ਗਏ ਅਰ ਉਸ ਦੀ ਦਾਰੀ ਵਿਚ ਲੱਗ ਗਏ ਹਨ। ਸੁਲਤਾਨ ਪਿੰਡ ਵਿਚ ਇਹ ਦੁਖੀ ਸਿੱਖ ਇਕ ਚੰਗਾ ਗੁਰੂ ਦਾ ਪ੍ਰੇਮੀ ਸੀ ਜੋ ਹੁਣ ਅਗਲੇ ਲੋਕ ਦੀਆਂ ਤਿਆਰੀਆਂ ਕਰ ਰਿਹਾ ਸੀ। ਸੇਵਾਦਾਰ ਪਾਸ ਕੋਈ ਨਹੀਂ ਸੀ। ਭਾਈ ਜੀ ਪ੍ਰਸੰਗ ਸੁਣਦੇ ਹੀ ਜਾ ਪਹੁੰਚੇ ਅਰ ਸੇਵਾ ਵਿਚ ਲੱਗ ਪਏ। ਆਤਮਾ ਵਾਹਿਗੁਰੂ ਦੇ ਪ੍ਰੇਮ ਵਿੱਚ ਤੇ ਸਰੀਰ ਸਿੱਖ ਦੀ ਸੇਵਾ ਵਿੱਚ ਲੱਗ ਰਿਹਾ ਸੀ। ਇਹ ਸਿੱਖ ਚੌਥੇ ਕੁ ਦਿਨ ਕੂਚ ਦੀ ਤਿਆਰੀ ਕਰ ਬੈਠਾ। ਭਾਈ ਜੀ ਨੇ ਕਿਹਾ 'ਕੋਈ ਸੇਵਾ ਦੱਸੋ?' ਕਹਿਣ ਲੱਗਾ:- 'ਦੀਨ ਦਿਆਲ ਜੀ! ਸਤਿਗੁਰਾਂ ਦੇ ਦਰਸ਼ਨ ਦੀ ਸਿੱਕ ਹੈ, ਪਰ ਹੁਣ ਕਿਥੋਂ ਹੋ ਸਕਦੇ ਹਨ? ਤੁਸੀਂ ਗੁਰੂ ਜੀ ਦੇ ਨਿਕਟਵਰਤੀ ਹੋ, ਜੇ ਕਿਵੇਂ ਤੁੱਠ ਪਵੋ ਤਾਂ ਅਤਿ ਦਿਆਲਤਾ ਹੈ। ਛੋਟਾ ਮੂੰਹ ਵਡੀ ਗੱਲ ਹੈ, ਪਰ ਇਹ ਪ੍ਰੇਮ ਦੀ ਸਿੱਕ ਆਪਣੇ ਵੱਸ ਦੀ ਨਹੀਂ ਹੈ'। ਭਾਈ ਜੀ ਨੇ ਕਦੇ

 www.sikhbookclub.com

ਸਤਿਗੁਰਾਂ ਪਾਸੋਂ ਕੁਛ ਨਹੀਂ ਸੀ ਮੰਗਿਆ। ਅੱਜ ਸੋਚੀਂ ਪੈ ਗਏ ਕਿ ਮੈਂ ਦਾਸ ਹੋਕੇ ਕਿਸ ਮੂੰਹ ਨਾਲ ਬੇਨਤੀ ਕਰਾਂ? ਸੋਚਾਂ ਸੋਚਦੇ ਉਠੇ, ਕਪੜੇ ਪਾਏ ਕਿ ਬਾਹਰੋਂ ਬੂਹਾ ਖੜਕਿਆ। ਦੌੜਕੇ ਖੋਲ੍ਹਿਆ ਤਾਂ ਘੋੜੇ ਤੇ ਚੜ੍ਹੇ ਹੋਏ ਸ੍ਰੀ ਗੁਰੂ ਜੀ ਦੀ ਕਿਸ਼ੋਰ ਮੂਰਤੀ ਦੇ ਦਰਸ਼ਨ ਹੋਏ। ਇਕ ਦਮ ਪ੍ਰਵਾਹ ਛੁਟ ਪਿਆ ਅਰ ਬੇਸੁਧ ਜੇਹੇ ਹੋਕੇ ਡਿੱਗ ਗਏ। ਗੁਰੂ ਜੀ ਨੇ ਉਤਰ ਕੇ ਸੰਭਾਲਿਆ, ਅਰ ਕਿਹਾ- 'ਧੰਨ ਸਿੱਖੀ' ਤੇ ਭਾਈ ਜੀ ਸਮੇਤ ਅੰਦਰ ਲੰਘ ਗਏ, ਸਿੱਖ ਨੂੰ ਦਰਸ਼ਨ ਦਿੱਤੇ ਅਰ ਅੰਤ ਸਮੇਂ ਨਾਮ ਦੀ ਪੱਕੀ ਲਿਵ ਵਿੱਚ ਸਿੱਖ ਨੂੰ ਤੋਰਿਆ। ਸਿਖ ਦੇ ਸਸਕਾਰ ਵਾਲੇ ਥਾਉਂ ਤਕ ਆਪ ਸਤਿਗੁਰੂ ਜੀ ਸਿੱਖਾਂ ਸਣੇ ਨਾਲ ਆਏ। ਸਾਈਂ ਦਾਸ ਜੀ ਚਾਹੁਣ ਕਿ ਧੁੱਪ ਚੜ੍ਹਦੀ ਹੈ, ਦੇਰ ਲਗੇਗੀ, ਉਮਰ ਛੁਟੇਰੀ ਹੈ, ਗੁਰੂ ਜੀ ਨੂੰ ਖੇਚਲ ਨਾ ਹੋਵੇ ਤੇ ਆਪ ਸ਼ਹਿਰ ਚਲੇ ਜਾਣ, ਪਰ ਮੂੰਹੋਂ ਆਖਣ ਦੀ ਹਿੰਮਤ ਨਾ ਪਵੇ। ਗੁਰੂ ਜੀ ਬੀ ਸਿੱਖ ਦੇ ਪ੍ਰੇਮ ਦੇ ਬੱਧੇ ਠਹਿਰੇ ਹੀ ਰਹੇ ਅਰ ਸਸਕਾਰ ਹੋਣ ਪਰ ਸਾਈਂਦਾਸ ਸਮੇਤ ਸ਼ਹਿਰ ਆਏ।

## (੪) ਸੱਧਰ ਪੂਰੀ ਹੋਈ।

**ਸਿੱਖ** ਤਾਂ ਚੜ੍ਹਦੇ ਤੋਂ ਚੜ੍ਹਦੇ ਕਹਿਣੀ ਰਹਿਣੀ ਬਹਿਣੀ ਦੇ ਸੂਰਮੇ ਗੁਰੂ ਕੇ ਦੁਲਾਰੇ ਸੇ ਪਰ ਭਾਈ ਸਾਈਂਦਾਸ ਤੇ ਰਾਮੋ ਦੇ ਹਿਰਦੇ ਕੁਛ ਗੁਰੂ ਜੀ ਦੇ ਪ੍ਰੇਮ ਨਾਲ ਐਸੇ ਖਿੱਚੇ ਗਏ ਸੇ ਕਿ ਜਿਸ ਦਾ ਸਮਝਣਾਂ ਕਠਨ ਹੈ। ਅੱਠੇ ਪਹਿਰ ਉਹਨਾਂ ਦੀ ਸੁਰਤ ਗੁਰੂ- ਚਰਨਾਂ ਵਿਚ ਖਿੱਚੀ ਰਹਿੰਦੀ ਅਰ ਗੁਰੂ- ਮੂਰਤਿ ਅੰਗ ਸੰਗ ਰਹਿੰਦੀ, ਇਹੋ ਜਾਪੇ ਨੇ ਕਿ ਗੁਰੂ ਜੀ ਔਹ ਖੜੋਤੇ ਹਨ। ਬੈਠੇ ਬੈਠੇ ਸਜਲ ਨੇਤ੍ਰ ਹੋ ਜਾਣਾ ਤੇ ਐਸੀ ਧੂਹ ਮਿਲਣ ਦੀ ਪੈਣੀ ਕਿ ਖਾਣ ਪੀਣ ਤੇ ਕੰਮ ਕਾਜ ਭੁੱਲ ਜਾਣੇ। ਹਰ ਵੇਲੇ ਐਉਂ ਭਾਸਦਾ ਰਹਿਣਾ ਕਿ ਜਿਵੇਂ ਆਪਣਾ ਆਪ ਤਾਂ ਰਿਹਾ ਨਹੀਂ ਤੇ ਗੁਰੂ ਆਪੇ ਵਿੱਚ ਵੱਸ ਰਿਹਾ ਹੈ। ਖਿੱਚ ਦੇ ਮਗਰ ਉੱਠਕੇ ਤੁਰ ਪੈਣਾ ਤੇ ਫੇਰ ਸੋਚ ਪੈਣੀ: ਆਗਜਾ ਨਹੀਂ ਲਈ, ਤਦ ਕਦਮ ਮੋੜਨੇ। ਜਦੋਂ ਅਕਾਲ ਬੁੰਗੇ ਦੀ ਰਚਨਾ ਹੋਈ ਤੇ ਸੰਗਤਾਂ ਵਿਚ ਪ੍ਰਸਿੱਧ ਹੋਇਆ ਕਿ ਮੀਰੀ ਪੀਰੀ ਦਾ ਤਖਤ ਬਣਨ ਲੱਗਾ ਏ, ਤਦੋਂ ਭਾਈ ਜੀ ਡੱਲੇ ਸੇ। ਖ਼ਬਰ ਸੁਣੀ, ਜੀ ਸੇਵਾ ਨੂੰ ਉਛਲਿਆ, ਪਰ ਆਗਜਾ ਨਹੀਂ ਸੀ, ਇਸ ਕਰਕੇ ਜਾਣੋ

ਰੁਕੇ, ਪਰ ਮਨ ਦੀ ਦਸ਼ਾ ਕੀ ਹੋਈ? ਹਰ ਵੇਲੇ ਐਉਂ ਭਾਸੇ ਜਿਕੂੰ ਟੋਕਰੀ ਮੋਢੇ ਤੇ ਹੈ ਤੇ ਇੱਟਾਂ ਢੋ ਰਹੇ ਹਾਂ ਤੇ ਬਾਣੀ ਪੜ੍ਹ ਰਹੇ ਹਾਂ।

ਇਸ ਸਿੱਕ ਭਰੇ ਅਵਸਰ ਵਿਚ ਰਾਮੋ ਨੇ ਅਪਣੀ ਸੱਧਰ ਐਵੇਂ ਨਾ ਜਾਣ ਦਿੱਤੀ। ਸੁਚੇ ਰੇਸ਼ਮ ਦੀ ਦਰਿਆਈ ਮੰਗਾਈ ਅਰ ਤਿੱਲੇਦੀ ਕਾਢ ਨਾਲ ਉਸਦੀ ਸੁੰਦਰਤਾ ਵਧਾਉਣੀ ਅਰੰਭ ਦਿੱਤੀ। ਉਧਰ ਅਕਾਲ ਬੁੰਗੇ ਦੀ ਉਸਾਰੀ ਹੋਵੇ, ਇਧਰ ਡੱਲੇ ਵਿਚ ਵਹੁਟੀ ਗੱਭਰੂ ਉਸ ਕੰਮ ਦੇ ਗਿਰਦ ਕਿ ਜਿੱਦਣ ਗੁਰੂ ਜੀ ਉਸ ਮੰਦਰ ਨੂੰ ਸ਼ੋਭਾ ਦੇਣਗੇ, ਇਹ ਮਹਾਰਾਜ ਜੀਦੇ ਚਰਨਾਂ ਹੇਠ ਵਿਛਾਵਾਂਗੇ। ਇਹ ਸੱਧਰ ਵੀ ਪੂਰਨ ਹੋਈ।

## (੫) ਭਾਈ ਸਾਈਂ ਦਾਸ ਜੀ ਦਾ ਗੋਇੰਦਵਾਲ ਵਿਖੇ ਦਰਸ਼ਨ ਕਰਨਾ।

**ਕੁਛ ਸਮਾਂ** ਤਾਂ ਇਸ ਤਰ੍ਹਾਂ ਪ੍ਰੇਮ ਦੀਆਂ ਖਿੱਚਾਂ ਤੇ ਪ੍ਰੇਮ ਦੀਆਂ ਪੂਰਨਤਾਈਆਂ, ਕਦੇ ਵਿਛੋੜਾ ਕਦੇ ਦਰਸ਼ਨ, ਕਦੇ ਸਿੱਕ ਕਦੇ ਸੱਧਰ, ਕਦੇ ਮੇਲ ਕਦੇ ਵੈਰਾਗ ਵਿਚ ਬੀਤਿਆ, ਜਿਸ ਤੋਂ ਮਨ ਪਰ ਅਚਰਜ ਅਸਰ ਹੁੰਦਾ ਗਿਆ। ਦਿਨੋਂ ਦਿਨ ਮਨ ਦੀ ਨਿਰਮਲਤਾ ਤੇ ਉੱਜਲਤਾ ਉੱਚੀ ਹੁੰਦੀ ਗਈ। ਜਿਉਂ ਜਿਉਂ ਇਹ ਦਸ਼ਾ ਹੋਈ ਸੁਰਤ ਬੀ ਉਚੀ ਹੁੰਦੀ ਗਈ, ਤਿਵੇਂ ਤਿਵੇਂ ਹੀ ਪ੍ਰੇਮ ਦੀ ਦਸ਼ਾ ਬੀ ਵਧਦੀ ਗਈ, ਪਰ ਹੁਣ ਸਮੇਂ ਨੇ ਹੋਰ ਪਲਟਾ ਖਾਧਾ। ਸ੍ਰੀ ਗੁਰੂ ਜੀ ਦੇ ਦਿੱਲੀ ਤੁਰ ਪੈਣ ਦੀਆਂ ਸੋਆਂ ਕੰਨੀ ਪਈਆਂ। ਜੀ ਕਦੇ ਧੜਕਦਾ ਹੈ ਕਿ ਪਿਛਲੇ ਪੰਜਵੇਂ ਸਤਿਗੁਰਾਂ ਵਾਂਙੂ ਭਾਣਾ ਨਾ ਵਰਤਦਾ ਹੋਵੇ; ਕਦੇ ਭਰੋਸਾ ਆਖਦਾ ਹੈ ਕਿ ਨਹੀਂ ਸੰਗਤਾਂ ਦੀ ਖਿੱਚ ਲੈ ਚੱਲੀ ਹੈ, ਪਰ ਹਰ ਹਾਲ ਵਿਚ ਦਰਸ਼ਨਾਂ ਲਈ ਜੀ ਉੱਛਲਦਾ ਹੈ। ਉਧਰੋਂ ਨਾ ਕੋਈ ਆਗਜਾ ਆਈ ਹੈ ਤੇ ਨਾਂ ਸੁਨੇਹਾ ਮਿਲਿਆ ਹੈ। ਇਸ ਸੋਚ ਵਿਚਾਰ ਵਿਚ ਪ੍ਰੇਮ ਦੀ ਨਿਤ ਬਲਦੀ ਜੁਆਲਾ ਭੜਕਾਰਿਆਂ ਵਿਚ ਆ ਗਈ ਤੇ ਉੱਤੋਂ ਹੁਣ ਦਿੱਲੀ ਤੁਰ ਪੈਣ ਦੀ ਪੱਕੀ ਸੋ ਵੀ ਮਿਲ ਗਈ। 'ਹਾ! ਹਾ! ਪਿਆਰੇ ਜੀ ਲੰਮੇ ਸਫ਼ਰ ਚਲੇ ਹਨ, ਕਦ ਮੁੜਨਗੇ? ਕਦ ਫੇਰ ਦਰਸ਼ਣ ਦੇਣਗੇ? ਸਰੀਰਾਂ ਦਾ ਕੀਹ ਭਰੋਸਾ ਹੈ? ਤਦ ਤਕ ਪ੍ਰਾਣ ਬੀ ਰਹਿਣਗੇ ਕਿ ਨਹੀਂ? ਫੇਰ ਕਹਿੰਦੇ ਹਨ, ਸਤਿਗੁਰੂ ਦੀ ਰਜ਼ਾਇ ਸਿਰ ਧਰਨੀ

ਹੈ। ਜੋ ਯੋਗ ਹੁੰਦਾ ਤਾਂ ਗੁਰੂ ਜੀ ਜ਼ਰੂਰ ਦਰਸ਼ਨ ਦੇਕੇ ਤੁਰਦੇ, ਉਨ੍ਹਾਂ ਨੇ ਜੋ ਕੁਛ ਵਿਚਾਰਿਆ ਹੈ ਸੋ ਠੀਕ ਹੈ, ਕਿਉਂਕਿ ਓਹ ਸਰਬੱਗ ਹਨ'। ਜਿਉਂ ਜਿਉਂ ਏਹ ਦਸ਼ਾ ਹੋਈ ਸੁਰਤ ਕਦੇ ਪ੍ਰੇਮ ਦੇ ਪ੍ਰਵਾਹ ਵਿਚ ਤੇ ਕਦੇ ਵੀਚਾਰ ਵਾਲੇ ਧੀਰਜ ਵਿਚ, ਅੰਤ ਦੂਹਾਂ ਦੀ ਖਿੱਚ ਨੇ ਐਸਾ ਵਲਵਲਾ ਖਾਧਾ ਕਿ ਗੁਰੂ- ਮੂਰਤ ਦੇ ਧਿਆਨ ਆਪੇ ਤੋਂ ਬੀ ਭੁਲਾ ਗਏ। ਜਿਉਂ ਸੰਝ ਨੂੰ ਸੁਰਤ ਜੁੜੀ ਹੈ ਫੇਰ ਖੁਲ੍ਹਣਾ ਹੀ ਭੁੱਲ ਗਈ। ਮਹਾਰਾਜ ਜੀ ਦੇ ਦਰਸ਼ਨ ਹੋ ਰਹੇ ਹਨ ਅਰ ਦਰਸ਼ਨ ਕਰਨਹਾਰੇ ਮਸਤ ਭੌਰੇ ਦੀ ਤਰ੍ਹਾਂ ਨਿਮਗਨ ੋਗੀ ਵਾਂਙ ਇਕ ਰਸ ਜੁੜੇ ਬੈਠੇ ਹਨ। ਸਵੇਰਾ ਹੋ ਗਿਆ, ਪਰ ਇਨ੍ਹਾਂ ਨੂੰ ਖ਼ਬਰ ਨਹੀਂ। ਸੂਰਜ ਚੜ੍ਹ ਆਇਆ, ਪਰ ਅਪਣੇ ਪਿਆਰੇ ਦੇ ਦਰਸ਼ਨ ਦਾ ਸੂਰਜ ਸਭ ਸੂਰਜਾਂ ਨੂੰ ਮਾਤ ਕਰਨ ਵਾਲਾ ਹੈ, ਉਸ ਵਿਚੋਂ ਸੁਰਤ ਨੂੰ ਇਸ ਨਿਕਾਰੇ ਸੂਰਜ ਦੀਆਂ ਕਿਰਨਾਂ ਕਿਵੇਂ ਬੀ ਨਹੀਂ ਉਟਕਾ ਸਕਦੀਆਂ, ਸੋ ਧੁੱਪੇ ਹੀ ਬੈਠਿਆਂ ਦਿਹੁੰ ਚੜ੍ਹ ਆਯਾ। ਘਰਦਿਆਂ ਨੇ ਧੁਰ ਛੱਤੇ ਇਸ ਤਰ੍ਹਾਂ ਬੈਠੇ ਵੇਖਕੇ ਹਿਲਾਇਆ ਨਹੀਂ। ਓਹ ਇਨ੍ਹਾਂ ਦੀ ਵਿਆਕੁਲਤਾ ਨੂੰ ਜਾਣ ਰਹੇ ਸੇ ਅਰ ਇਨ੍ਹਾਂ ਨੂੰ ਇਸ ਸੁਖ ਵਿਚ ਵੇਖਕੇ ਹਿਲਾਇਆ ਨਹੀਂ ਸਨ ਚਾਹੁੰਦੇ। ਭਾਵੇਂ ਸੂਰਜ ਦੀ ਤਪਤ ਤੋਂ ਡਰਦੇ ਉਠਾਉਣਾ ਲੋਚਦੇ ਸਨ, ਪਰ ਇਨ੍ਹਾਂ ਦੇ ਮਨ ਨੂੰ ਸੁਖੀ ਜਾਣਕੇ ਸਰੀਰ ਦੇ ਤੁੱਛ ਦੁਖ ਦੀ ਪ੍ਰਵਾਹ ਬੀ ਤਿਆਗੀ ਬੈਠੇ ਸਨ। ਇੰਨੇ ਨੂੰ ਇਕ ਸਿੱਖ ਆਇਆ ਕਿ ਸਿਤਗੁਰੂ ਦਿੱਲੀ ਜਾ ਰਹੇ ਹਨ, ਅੱਜ ਗੋਇੰਦਵਾਲ ਡੇਰਾ ਕਰਨਗੇ ਤੇ ਆਗ਼ਜਾ ਹੋਈ ਹੈ ਕਿ ਸਾਈਂਦਾਸ ਜੀ, ਜੋ ਦਰਸ਼ਨ ਦੀ ਅਤਿ ਤਾਂਘ ਕਰ ਰਹੇ ਹਨ, ਗੋਇੰਦਵਾਲ ਆ ਜਾਣ ਯਾ ਸੁਲਤਾਨ ਪੁਰੇ ਆ ਮਿਲਣ। ਗੁਰੂ ਜੀ ਤ੍ਰੈ ਚਾਰ ਦਿਨ ਗੋਇੰਦਵਾਲ ਰਹਿਣਗੇ।

ਇਹ ਸੁਖ ਸੁਨੇਹਾ ਸੁਣਕੇ ਕੌਣ ਉਨ੍ਹਾਂ ਨੂੰ ਜੁੜਿਆ ਰਹਿਣ ਦੇਵੇ? ਝੱਟ ਚਰਨ ਦਬਾ ਕੇ ਜਗਾਇਆ ਤੇ ਸਤਿਗੁਰਾਂ ਦਾ ਸੁਨੇਹਾ ਸੁਣਾਇਆ। ਸੁਨੇਹਾ ਸੁਣਦਿਆਂ ਨੈਣੀ ਨੀਰ ਭਰ ਆਇਆ, ਲੂੰ ਖੜੇ ਹੋ ਗਏ ਅਰ ਦੰਪਤੀ ਦੇ ਸਰੀਰ ਵਿਚੋਂ ਸ਼ੁਕਰ ਸ਼ੁਕਰ ਦੀ ਧੁਨਿ ਨਿਕਲੀ, ਗਲ ਪੱਲਾ ਪਾ ਲਿਆ ਅਰ ਕਈ ਵਾਰ ਧਰਤੀ ਪਰ ਮਸਤਕ ਰੱਖਕੇ ਕਿਹਾ: 'ਸਾਡੇ ਵਰਗੇ ਨੀਵਿਆਂ ਤੇ ਇਹ ਕਿਰਪਾਲਤਾ! ਕਰਮ ਹੀਣਾਂ, ਤਪ ਹੀਣਾਂ ਉੱਤੇ ਇਹ ਕ੍ਰਿਪਾਲਤਾ! ਧੰਨ ਗੁਰੂ ਹੈ, ਧੰਨ ਵਾਹਿਗੁਰੂ ਹੈ, ਧੰਨ ਬਖਸ਼ਿਸ਼ ਹੈ!' ਫੇਰ ਇਹ ਸ਼ਬਦ ਸਭ ਨੇ

ਮਿਲਕੇ ਗਾਵਿਆਂ:-

"ਸਾਫਲ ਇਛਾ ਜਪਿ ਪੁੰਨੀਆ॥ ਪ੍ਰਭਿ ਮੇਲੇ ਚਿਰੀ ਵਿਛੁੰਨਿਆ॥੧॥ ਤੁਮ ਰਵਹੁ ਗੋਬਿੰਦੈ ਰਵਣ ਜੋਗੁ॥ ਜਿਤੁ ਰਵਿਐ ਸੁਖ ਸਹਜ ਭੋਗੁ॥੧॥ਰਹਾਉ॥ਕਰਿ ਕਿਰਪਾ ਨਦਰਿ ਨਿਹਾਲਿਆ॥ ਅਪਣਾ ਦਾਸੁ ਆਪਿ ਸਮ੍ਾਲਿਆ॥੨॥ ਸੇਜ ਸੁਹਾਵੀ ਰਸਿ ਬਨੀ॥ ਆਇ ਮਿਲੇ ਪ੍ਰਭ ਸੁਖ ਧਨੀ॥੩॥ ਮੇਰਾ ਗੁਣੁ ਅਵਗਣੁ ਨ ਬੀਚਾਰਿਆ॥ ਪ੍ਰਭ ਨਾਨਕ ਚਰਣ ਪੁਜਾਰਿਆ॥੪॥੧॥੧੪॥" {ਬਸੰਤ ਮ: ੫ ਘਰ ੧, ਪੰਨਾ ੧੧੮੪}

ਸਤਿਗੁਰੂ ਜੀ ਦੇ ਲੰਘਣ ਦੀ ਸੋਇ ਸਾਰੇ ਪਿੰਡ ਵਿਚ ਪਸਰ ਗਈ। ਗੁਰੂ ਜੀ ਦੇ ਚਰਨਾਂ ਕਮਲਾਂ ਦੇ ਪ੍ਰੇਮੀ ਸੁਣਦੇ ਸਾਰ ਭਾਈ ਜੀ ਦੇ ਘਰ ਆਉਂਦੇ ਤੇ ਬੜੇ ਪਿਆਰ ਨਾਲ ਪੁੱਛਦੇ ਹਨ, 'ਦੀਨ ਦਿਆਲ ਜੀ! ਸਾਨੂੰ ਆਗਜਾ ਹੈ ਜੋ ਆਪ ਦੀ ਸ਼ਰਣ ਚੱਲਕੇ ਸਤਿਗੁਰਾਂ ਦੇ ਦਰਸ਼ਨ ਪਾ ਆਵੀਏ?'

ਜਿਉਂ ਜਿਉਂ ਇਸ ਤਰ੍ਹਾਂ ਪਿਆਰੇ ਦੇ ਪਿਆਰੇ ਆਉਂਦੇ ਹਨ ਸਾਈਂ ਦਾਸ ਦਾ ਹਰਖ ਉਛਾਲੇ ਖਾਂਦਾ ਹੈ ਤੇ ਹੱਥ ਬੰਨ੍ਹਕੇ ਆਖਦੇ ਹਨ-'ਪਿਆਰਿਓ! ਮੇਰੇ ਸਿਰ ਤੇ ਮੇਰੀਆਂ ਅੱਖਾਂ ਤੇ ਕਦਮ ਧਰਕੇ ਚੱਲੋ। ਤੁਹਾਡੇ ਪ੍ਰੇਮ ਦੇ ਆਸਰੇ ਦਾਸ ਨੂੰ ਬੀ ਗੁਰ-ਦਰਸ਼ਨ ਪ੍ਰਾਪਤ ਹੋ ਜਾਣਗੇ।'

ਇਸ ਤਰ੍ਹਾਂ ਲੋਕਾਂ ਦੀ ਤਿਆਰੀ ਤੇ ਬਿਨੈ 'ਜ਼ਰਾ ਠਹਿਰਨਾ, ਮੈਂ ਬੀ ਆਯਾ ਜੇ' ਨੇ ਕਿੰਨਾਂ ਚਿਰ ਲੰਘਾ ਦਿੱਤਾ, ਪਰ ਛੇਕੜ ਤੁਰੇ ਅਰ ਗੋਇੰਦਵਾਲ ਪਹੁੰਚੇ। ਦੀਵਾਨ ਸਜ ਰਿਹਾ ਸੀ, ਸਾਰੀ ਸੰਗਤ ਹਾਜ਼ਰ ਹੋਈ। ਸਾਈਂਦਾਸ ਜੀ ਨੂੰ ਸੰਗਤ ਮੋਹਰੇ ਲਾ ਰਹੀ ਸੀ, ਪਰ ਅੰਦਰ ਵੜਨ ਵੇਲੇ ਦੰਪਤੀ ਪਿੱਛੇ ਹੋ ਗਏ। ਡੱਲੇ ਦੀ ਸੰਗਤ ਨੂੰ ਗੁਰੂ ਜੀ ਬੜੇ ਹੀ ਆਦਰ ਨਾਲ ਮਿਲੇ। ਜਦ ਸਭਨਾ ਦੇ ਪ੍ਰਸ਼ਾਦਿ ਤੇ ਭੇਟਾ ਲੈ ਚੁਕੇ ਤਦ ਵਿਚ ਸਾਈਂਦਾਸ ਨਾ ਦਿੱਸਿਆ। ਸਾਈਂਦਾਸ ਤਾਂ ਜੋੜਿਆਂ ਵਿਚ ਖੜਾ ਸੀ, ਉਸਦੇ ਜੀ ਵਿੱਚ ਸ਼ੁਕਰ ਤੇ ਸ਼ੁਕਰ ਦੇ ਨਾਲ ਨਿਰਮਲ ਭੌ ਭਰ ਰਿਹਾ ਹੈ। 'ਸ਼ੁਕਰ ਹੈ ਮੇਰੀ ਸਿੱਕ ਪੂਰੀ ਹੋਈ, ਪਰ ਹਾਇ! ਮੈਂ ਇਸ ਜੋਗ ਹਾਂ ਕਿ ਐਸੀ ਪਵਿੱਤ੍ਰ ਜੋਤ ਦੇ ਨੇੜੇ ਜਾਵਾਂ?... ਮੇਰੇ ਧੰਨ ਭਾਗ, ਮੇਰੇ ਵਾਹ ਨਸੀਬ, ਜੋ ਇਕ ਮਾਨ ਵਾਲੀ ਥਾਂ ਤੇ ਖੜੋਣਾ ਮਿਲਿਆ। ...ਮੈਂ ਤਾਂ ਕੇਵਲ ਯਾਦ ਨੂੰ ਤਰਸਦਾ ਸਾਂ, ਆਹ ਤਾਂ ਚਰਨਾਂ ਵਿੱਚ ਹਾਜ਼ਰੀ ਤੇ ਦਰਸ਼ਨ ਨਸੀਬ

ਹੋ ਗਏ! ਧੰਨ ਗੁਰੂ ਕ੍ਰਿਪਾਲ ਜੋ ਮੰਗੋ ਉਸ ਤੋਂ ਵੱਧ ਬਖਸ਼ਦਾ ਹੈ।' ਇਸ ਪ੍ਰਕਾਰ ਦੇ ਭਾਵਾਂ ਵਿਚ ਭਰੇ ਇਸਤ੍ਰੀ ਭਰਤਾ ਖੜੇ ਸਨ। ਗੁਰੂ ਜੀ ਦੀ ਨਜ਼ਰ ਬੀ ਤੱਕ ਰਹੀ ਸੀ ਜੋ ਪਿਆਰਾ ਸਿੱਖ਼ ਕਿੱਥੇ ਹੈ। ਪ੍ਰੇਮੀਆਂ ਦੀ ਪ੍ਰੇਮ-ਅਵਸਥਾ ਦੇ ਜਾਣੂੰ ਜੀ ਨੇ ਤਾੜ ਲਿਆ। ਚਿਹਰੇ ਦਾ ਰੰਗ ਇਸ ਕਹਿਰ ਦੇ ਵੈਰਾਗ ਵਿੱਚ ਦੇਖਕੇ ਗੁਰੂ ਜੀ ਤ੍ਰਬ੍ਹਕਕੇ ਉਠੇ ਅਰ ਜਿਵੇਂ ਗਾਂ ਧਾਕੇ ਵੱਛੇ ਨੂੰ ਮਿਲਦੀ ਹੈ ਸਾਈਂ ਦਾਸ ਵਲ ਨੂੰ ਹੋਏ। ਸਾਈਂ ਦਾਸ ਨੇ ਜਾਂ ਗੁਰੂ ਜੀ ਉਠਦੇ ਦੇਖੇ ਤਦ ਤੜਫ਼ਿਆ ਕਿ ਹਾਇ! ਅਦਬ ਕਰਦਿਆਂ ਹੋਰ ਬਿਅਦਬੀ ਹੋ ਗਈ। ਭੱਜਕੇ ਚਰਨਾਂ ਤੇ ਢੈ ਪਿਆ, ਨਾਲ ਹੀ ਰਾਮੋਂ ਬੀ ਢੈ ਪਈ। ਗੁਰੂ ਜੀ ਨੇ ਸੀਸ ਫੜਕੇ ਚੁਕਿਆ, ਬੜੇ ਪਿਆਰ ਨਾਲ ਕਿਹਾ, 'ਤੁਸੀਂ ਵੱਡੇ ਥਾਂ ਹੋ, ਸਾਡੇ ਅਦਬ ਦੀ ਜਗ੍ਹਾ ਹੋ, ਐਦਾਂ ਨਾ ਕਰਿਆ ਕਰੋ'। ਪਰ ਅਗੋਂ ਪ੍ਰੇਮ ਤੇ ਅਦਬ ਭਰੇ ਏਹ ਵਾਕ ਨਿਕਲੇ- 'ਹੇ ਤਾਰਨਹਾਰ ਜੀ! ਸਾਕਾਦਾਰੀ ਦੇ ਮਾਨ ਤੋਂ ਮੁਕਤ ਕਰਕੇ ਸਿੱਖੀ ਦੀ ਚਰਨ ਧੂੜ ਵਿੱਚ ਸਮਾ ਲਓ'।

ਇਹ ਸਮਾਂ ਕੁਛ ਅਕਹਿ ਜਿਹਾ ਹੈ, ਪ੍ਰੇਮੀਆਂ ਦੇ ਦਿਲ ਆਪ ਹੀ ਸਮਝਦੇ ਹਨ ਕਿ ਕਿਵੇਂ ਦੇ ਹੁੰਦੇ ਹਨ। ਦਾਨੇ ਤੇ ਪ੍ਰੇਮ ਰਸ-ਭਿੰਨੇ ਸਤਿਗੁਰ ਨੇ ਦੰਪਤੀ ਤੇ ਅਤਿ ਮਿਹਰਾਂ ਕੀਤੀਆਂ। ਦੋ ਦਿਨ ਗੁਰੂ ਜੀ ਇਨ੍ਹਾਂ ਦੇ ਪ੍ਰੇਮ ਕਾਰਨ ਹੋਰ ਗੋਇੰਦਵਾਲ ਠਹਿਰ ਗਏ। ਅੰਤ ਤੁਰਨ ਦਾ ਸਮਾਂ ਆਇਆ। ਹੋਰ ਸੰਗਤਾਂ ਏਥੋਂ ਵਿਦਾ ਕੀਤੀਆਂ, ਡੱਲੇ ਦੀ ਸੰਗਤ ਨੂੰ ਸੁਲਤਾਨ ਪੁਰ ਤੱਕ ਨਾਲ ਚੱਲਨ ਦੀ ਆਗਜਾ ਮਿਲੀ।

ਹੁਣ ਵਿਛੁੜਨ ਦਾ ਵੇਲਾ ਆ ਗਿਆ। ਸਾਰੀ ਸੰਗਤ ਅਤਿ ਬਿਹਬਲ ਸੀ, ਪਰ ਇਸ ਦੰਪਤੀ ਦੀ ਦਸ਼ਾ ਬਹੁਤ ਕੋਮਲ ਭਾਵਾਂ ਵਿਚ ਸੀ। ਤੁਰਨ ਲੱਗਿਆਂ ਸ੍ਰੀ ਗੁਰੂ ਜੀ ਨੇ ਕਿਹਾ: "ਭਾਈ ਸਾਂਈਦਾਸ ਜੀ! ਅਸੀਂ ਰਾਜ਼ੀ ਖੁਸ਼ੀ ਜ਼ਰਾ ਚਿਰਾਕੇ ਮੁੜਾਂਗੇ, ਤੁਸੀਂ ਕੋਈ ਐਸੀ ਵੈਸੀ ਸੋਇ ਸੁਣਕੇ ਡੋਲਣਾ ਨਹੀਂ, ਗੁਰੂ ਨਾਨਕ ਦੇਵ ਜੀ ਦੀ ਆਗਜਾ ਵਿਚ ਸਭ ਸੁਖ ਹਨ।"

# (੬) ਬੀਬੀ ਰਾਮੋ ਜੀ ਦੀ ਸ਼ਰਧਾ, ਸਤਿਸੰਗ ਤੇ ਸਿਖੀ ਸਿਧਾਂਤ।

**ਡੱਲੇ** ਦੀ ਸੰਗਤ ਡੱਲੇ ਪਹੁੰਚੀ। ਏਥੇ ਪ੍ਰੇਮੀਆਂ ਦੇ ਪ੍ਰੇਮ ਤੇ ਸਤਿਸੰਗ ਦਾ ਪ੍ਰਵਾਹ ਅਖੰਡ ਜਾਰੀ ਸੀ। ਸਾਈਂਦਾਸ ਜੀ ਨੂੰ ਸਾਰੇ ਆਪਣਾ ਮੁਖੀਆ ਸਮਝਦੇ ਸੀ, ਇਸ ਕਰਕੇ ਨਹੀਂ ਕਿ ਉਸ ਵਿੱਚ ਕੋਈ ਧਨ ਦਾ ਬਲਕਾਰ ਜਾਂ ਵਿੱਦਜਾ ਦਾ ਹੰਕਾਰ ਸੀ, ਪਰ ਇਸ ਲਈ ਕਿ ਉਸ ਵਿੱਚ 'ਪਿਆਰ' ਵੱਸਦਾ ਸੀ। ਕਿਸੇ ਨਾਲ ਈਰਖਾ ਤਾਂ ਕਦੇ ਇਨ੍ਹਾਂ ਨੂੰ ਛੁਹ ਨਹੀਂ ਗਈ ਸੀ। ਨਗਰ ਭਰ ਵਿੱਚ ਤੇ ਸਾਰੀ ਸਾਕਾਦਾਰੀ ਵਿੱਚ ਰਾਮੋ ਦਾ ਬੇਲਾਗ ਵਰਤਣਾ ਤੇ ਸਭ ਦਾ ਭਲਾ ਕਰਨਾ ਉੱਘਾ ਹੋ ਰਿਹਾ ਸੀ। ਇਕ ਦਿਨ ਕਿਸੇ ਸਹੇਲੀ ਨੇ ਪੁੱਛਿਆ, 'ਭੈਣ ਜੀ! ਤੁਹਾਨੂੰ ਕੀ ਘੁੱਟੀ ਮਿਲ ਗਈ ਹੈ, ਜੋ ਕਿਸੇ ਨਾਲ ਈਰਖਾ ਤੁਹਾਨੂੰ ਫੁਰਦੀ ਹੀ ਨਹੀਂ, ਕੋਈ ਕੀਤਾ ਜਾਣੇ ਨਾ ਜਾਣੇ, ਕੋਈ ਕੀਤਾ ਭੁਲਾਵੇ ਯਾ ਭੁਲਾਕੇ ਦੁੱਖ ਤਕ ਦੇਵੇ ਤੁਸੀਂ ਉਸੇ ਤਰ੍ਹਾਂ ਹੀ ਰਹਿੰਦੇ ਹੋ?' ਰਾਮੋ ਨੇ ਕਿਹਾ 'ਭੈਣ ਜੀ! ਵਾਹਿਗੁਰੂ ਦੀ ਦਰਗਾਹ ਵਿਚ ਪ੍ਰੇਮੀਆਂ ਦਾ ਨਿਵਾਸ ਹੁੰਦਾ ਹੈ ਤੇ ਜੇ ਪ੍ਰੇਮ ਦੀ ਆਦਤ ਏਸ ਦੁਨੀਆਂ ਵਿਚ ਨਾ ਪਕਾਈ ਤਾਂ ਹੋਰ ਕਿੱਥੇ ਪਕਾਵਾਂਗੇ? ਇਹ ਮਨੁੱਖਾ ਜਨਮ ਦੁਰਲੱਭ ਹੈ, ਇਸ ਵਿੱਚ ਮਨੁੱਖ ਨੂੰ ਆਪਣਾ ਆਪ ਐਸਾ ਉੱਚਾ ਕਰੀ ਜਾਣਾ ਚਾਹੀਦਾ ਹੈ ਜੋ ਪ੍ਰੇਮ ਵਾਲਾ ਹੋਕੇ ਦਰਗਾਹ ਵਿੱਚ ਰਹਿਣ ਦੇ ਲਾਇਕ ਹੋ ਜਾਵੇ। ਗੁਰੂ ਜੀ ਬੀ ਸਭ ਨੂੰ ਪ੍ਰੇਮ ਕਰਦੇ ਹਨ ਤੇ ਪ੍ਰੇਮ ਸਿਖਾਲਦੇ ਹਨ, ਤਾਂਤੇ ਸਿੱਖੀ ਦੇ ਚਾਹਵਾਨਾਂ ਨੂੰ ਬੀ ਪ੍ਰੇਮ ਹੀ ਚਾਹੀਏ।'

ਸਹੇਲੀ— ਕੀਹ ਐਤਨੇ ਖਿਆਲ ਨਾਲ ਅਪਣੇ ਆਪ ਨੂੰ ਉੱਚਾ ਕਰਨ ਦੀ ਹਿੰਮਤ ਪੈਦਾ ਹੋ ਜਾਂਦੀ ਹੈ?

ਰਾਮੋ— ਭਰੋਸਾ ਲੋੜੀਏ ਪਹਿਲਾਂ, ਫੇਰ ਘਾਲ। ਫੇਰ ਨਿੱਤ ਦੀਆਂ ਆਪ ਨਾਲ ਬੀਤਦੀਆਂ ਦੇ ਵਰਤਾਵੇ ਹਿੰਮਤ ਭਰਦੇ ਹਨ।

ਸਹੇਲੀ— ਉਹ ਕਿੱਕੁਰ?

ਰਾਮੋ— ਸਿਦਕ ਯਾ ਭਰੋਸਾ ਯਾ ਨਿਸ਼ਚਾ ਜਿਸ ਸ਼ੈ ਨੂੰ ਆਖਦੇ ਹਨ ਅਸੀਂ ਉਸਨੂੰ ਸਮਝਦੇ ਨਹੀਂ ਹਾਂ, ਪਰ ਇਹ ਐਸੀ ਨਿਆਮਤ ਹੈ ਕਿ ਅਕਲ ਤੋਂ ਬੀ ਵਧੀਕ ਉੱਚੀ ਤੇ ਅਮੋਲਕ ਹੈ। ਜਦ ਸਾਨੂੰ ਰਤੀ ਜਿੰਨਾ ਭਰੋਸਾ ਹੋ ਜਾਵੇ ਕਿ

 www.sikhbookclub.com

'ਵਾਹਿਗੁਰੂ' ਹੈ* ਅਰ ਸਾਡੇ 'ਅੰਗ ਸੰਗ' ਹੈ, ਅਰ 'ਸਾਨੂੰ ਪਿਆਰ ਕਰਦਾ ਹੈ' ਤਦ ਕੁਦਰਤ ਵੱਲੋਂ ਸਾਰੀਆਂ ਹਿੰਮਤਾਂ ਕਰਨ ਲਈ ਉੱਦਮ ਜਾਗ ਪੈਂਦਾ ਹੈ। ਕਦਮ ਕਦਮ ਤੇ ਪਰਮੇਸ਼ੁਰ ਦਾ 'ਹੋਣਾ' ਉਸਦਾ 'ਅੰਗ ਸੰਗ ਹੋਣਾ' ਅਰ ਸਾਨੂੰ 'ਪਿਆਰ ਕਰਨਾ' ਵਰਤਦਾ ਦਿੱਸਣ ਲੱਗ ਪੈਂਦਾ ਹੈ। ਜਿਉਂ ਜਿਉਂ ਇਹ ਵਰਤਾਰਾ ਰੋਜ਼ ਹੱਡੀਂ ਬੀਤਦਾ ਹੈ ਤਿਉਂ ਤਿਉਂ ਭਰੋਸਾ ਵਧਦਾ ਜਾਂਦਾ ਹੈ; ਜਿਉਂ ਜਿਉਂ ਭਰੋਸਾ ਵਧਦਾ ਹੈ, ਇਹ ਹੱਡ ਬੀਤੇ ਵਰਤਾਰੇ ਵਧੀਕ ਤੋਂ ਵਧੀਕ ਦਿਖਾਈ ਦੇਂਦੇ ਜਾਂਦੇ ਹਨ ਕਿ "ਪਰਮੇਸ਼ਰ ਹੈ" ਸਾਡੇ "ਅੰਗ ਸੰਗ ਹੈ" ਤੇ "ਸਾਨੂੰ ਪਿਆਰ ਕਰਦਾ ਹੈ"।

ਪਿਆਰੀ ਭੈਣ! ਜਦੋਂ ਰੋਜ਼ ਸਦਾ ਇਕ ਰਸ ਰਹਿਣ ਵਾਲੇ ਪ੍ਰੇਮ ਸਰੂਪ ਪਰਮੇਸ਼ਰ ਦੇ 'ਹੋਣ' ਮਾਤ੍ਰ ਦਾ ਸਿਦਕ ਬੱਝ ਗਿਆ, ਫੇਰ ਦਿਲ ਪਰ ਆਪੇ ਏਹ ਅਸਰ ਬੈਠਦਾ ਹੈ ਕਿ ਜਦ ਮੇਰੇ ਪੈਦਾ ਕਰਨ ਵਾਲੇ ਤੇ ਪਿਆਰ ਕਰਨ ਵਾਲੇ ਦਾ ਸਰੂਪ ਸੁਧਾ ਨੇਕੀ ਤੇ ਪ੍ਰੇਮ ਹੈ ਤਦ ਮੇਰੇ ਕਰਤੱਵ ਵੀ ਉਸੇ ਤਰ੍ਹਾਂ ਦੇ ਹੋਣੇ ਚਾਹੀਦੇ ਹਨ। ਜੋ ਸੁਭਾਉ ਪਿਤਾ ਦਾ ਹੈ ਉਸੇ ਸੁਭਾਉ ਵਾਲੀ ਹੋਕੇ ਮੈਂ ਪਿਤਾ ਦੀ ਪਿਆਰੀ ਹੋ ਸਕਦੀ ਹਾਂ। ਫੇਰ ਈਰਖਾ ਛੱਡਣ ਤੇ ਪਿਆਰ ਦੀ ਵਰਤੋਂ ਵਰਤਣ ਲਈ ਕੋਈ ਮਿਹਨਤ ਨਹੀਂ ਕਰਨੀ ਪੈਂਦੀ, ਸਗੋਂ ਇਸ ਤਰ੍ਹਾਂ ਦਾ ਚਾਉ ਐਸਾ ਕਰਨ ਲਈ ਆਪੇ ਪੈਦਾ ਹੋ ਜਾਂਦਾ ਹੈ ਅਰ ਉਹ ਚਾਉ ਉਸੇ ਵਿਚ ਆਪੇ ਲਈ ਚਲਦਾ ਹੈ। ਇਥੇ ਕੁ ਪਹੁੰਚਕੇ ਇਕ ਹੋਰ ਕਲਾ ਵਰਤਦੀ ਹੈ, ਉਹ ਇਹ ਕਿ ਵਾਹਿਗੁਰੂ ਨੂੰ ਭੁੱਲਕੇ ਯਾ ਬਦੀ ਕਰਕੇ ਯਾ ਪ੍ਰੇਮ ਦੇ ਉਲਟ ਕਿਸੇ ਨਾਲ ਦ੍ਵੈਖ ਕਰਕੇ ਜੀ ਆਪੇ ਹੀ ਖੁੱਸਣ ਲਗ ਜਾਂਦਾ ਹੈ, ਕੁਛ ਸਰੀਰ ਬੀ ਟੁੱਟਣਾ ਲਗ ਜਾਂਦਾ ਹੈ, ਸਗੋਂ ਬਾਜ਼ੇ ਵੇਲੇ ਜੀਉ ਐਸਾ ਛਿੱਥਾ ਹੁੰਦਾ ਹੈ ਕਿ ਆਪਣੇ ਆਪ ਨੂੰ ਵੱਢ ਵੱਢਕੇ ਖਾਣ ਲਗ ਪੈਂਦਾ ਹੈ। ਬਾਣੀ ਵਿਚ ਚਿੱਤ ਨਹੀਂ ਲਗਦਾ, ਬੇਨਤੀ ਵਿਚ ਨਹੀਂ ਖੁੱਭਦਾ, ਸ਼ੁਕਰ ਤੋਂ ਨੱਸਦਾ ਹੈ ਤੇ ਵਾਹਿਗੁਰੂ ਦੀ ਯਾਦ ਬੀ ਭੁੱਲ ਭੁੱਲ ਜਾਂਦੀ ਹੈ। ਸਰੀਰ ਤੇ ਮਨ ਦੀ ਇਹ ਟੋਟ ਐਸੀ ਮਲੂੰਮ ਹੁੰਦੀ ਹੈ ਕਿ ਜਿਵੇਂ ਕੋਈ ਦੰਡ ਹੈ। ਉਸ ਵੇਲੇ ਹਾੜ੍ਹੇ ਤੇ ਤਰਲੇ ਕੱਢੀਦੇ ਹਨ ਕਿ ਹੁਣ ਇਕ ਵੇਰੀ ਚੈਨ ਆਵੇ ਤਦ ਫੇਰ ਕਦੀ ਐਸਾ ਨਾ ਕਰਾਂਗੇ। ਸੋ ਐਸੇ ਸਮੇਂ ਬਾਣੀ ਪੜ੍ਹਨੀ

---

* ਜਾਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥ {ਸੁਖਮਨੀ}

ਚਾਹੀਏ, ਜੇ ਜੀ ਨਾ ਬੀ ਲਗੇ ਤਾਂ ਬੀ। ਬਾਣੀ ਪੜ੍ਹਦਿਆਂ ਤੇ ਵੀਚਾਰਦਿਆਂ ਜਦ ਮਨ ਦੀ ਮੈਲ ਉਤਰਦੀ ਹੈ ਤਦ ਫੇਰ ਸ਼ਾਂਤਿ ਤੇ ਸੁਖ ਆ ਵਰਤਦਾ ਹੈ। ਐਉਂ ਜਾਪਦਾ ਹੈ ਕਿ ਅਸੀਂ ਕਿਸੇ ਬੜੇ ਭਾਰੇ ਸਖਤ ਪਰਬਤ ਦੇ ਹੇਠ ਆ ਗਏ ਸਾਂ ਅਰ ਮਸਾਂ ਨਿਕਲੇ ਹਾਂ। ਇਹ ਸੁਖ ਸਾਰੇ ਸਰੀਰ ਵਿੱਚ ਪ੍ਰਤੀਤ ਦੇਕੇ ਫੇਰ ਅੰਦਰੋਂ ਸ਼ੁਕਰ ਦੇ ਅਵਾਜ਼ੇ ਨਿਕਲਦੇ ਹਨ ਤੇ ਮਨ ਕਹਿੰਦਾ ਹੈ: 'ਪਿਆਰੇ ਦੀ ਮਰਜ਼ੀ ਦੇ ਉਲਟ ਕੀਤਿਆਂ ਸਭ ਕੁਛ ਉਲਟ ਪੁਲਟ ਹੋ ਗਿਆ ਸੀ, ਫੇਰ ਨਾ ਕਦੇ ਐਸਾ ਹੋਵੇ'। ਇਹ ਵੀਚਾਰਦਾ ਹੋਇਆ ਮਨ ਕਦੇ ਪ੍ਰਾਰਥਨਾ ਵਿੱਚ ਐਸਾ ਜੁੜਦਾ ਹੈ ਤੇ ਤਰਲੇ ਕਰਦਾ ਹੈ ਕਿ ਹੇ ਕਰੁਣਾ ਨਿਧੇ!

**"ਜੇ ਤੂੰ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ॥**
**ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ॥"**

{ਸੂਹੀ: ਮ: ੫: ਅਸਟ-੪}

ਐਉਂ ਜਤਨ ਲਾਉਂਦਿਆਂ ਕਰਤਾਰ ਤੇ ਗੁਰੂ ਦੀ ਆਪਣੀ ਮਿਹਰ ਨਾਲ ਕੁਛ ਆਪੇ ਹੀ ਸੁਭਾਵ ਵਿੱਚ ਪਲਟਾ ਆ ਜਾਂਦਾ ਹੈ।

ਸਹੇਲੀ— ਇਹ ਹਾਲ ਤੁਹਾਡਾ ਹੀ ਸੁਣਿਆਂ ਹੈ, ਹੋਰ ਤਾਂ ਕਿਸੇ ਦਾ ਨਹੀਂ ਹੁੰਦਾ। ਕੀ ਏਹ ਤੁਹਾਡੇ ਵਰਗੇ ਚੁਣੇ ਹੋਏ ਪਿਆਰਿਆਂ ਦਾ ਹੀ ਹੁੰਦਾ ਹੈ ਕਿ ਸਭ ਕਿਸੇ ਦਾ ਹੁੰਦਾ ਹੈ?

ਰਾਮੋ— ਪਹਿਲੀ ਗੱਲ ਇਹ ਠੀਕ ਨਹੀਂ ਕਿ ਅਸੀਂ ਚੁਣੇ ਹੋਏ ਹਾਂ, ਅਸੀਂ ਤਾਂ ਚੁਣੇ ਹੋਏ ਮੂਰਖ ਹੋ ਸਕਦੇ ਹਾਂ। ਦੂਜੇ ਇਹ ਦਸ਼ਾ ਡਾਕੂ ਤੇ ਚੋਰ ਤੋਂ ਲੈਕੇ ਪੂਰਨ ਸੰਤ ਤੱਕ ਦੀ ਹੁੰਦੀ ਹੈ ਕਿ ਬਦੀ ਕਰਕੇ ਚਿਤ ਵਿਚ ਉਦਾਸੀ ਆਉਂਦੀ ਹੈ ਤੇ ਭਲਿਆਈ ਕਰਕੇ ਚਿੱਤ ਵਿਚ ਖੁਸ਼ੀ ਆਉਂਦੀ ਹੈ। ਫ਼ਰਕ ਹੈ ਤਾਂ ਇਤਨਾਂ ਕਿ ਚੋਰ ਆਦਿਕ ਦੁਰਾਚਾਰੀ ਲੋਕਾਂ ਨੂੰ ਆਪਣੇ ਜੀ ਦੀ ਉਦਾਸੀ ਨੂੰ ਦੇਖਣ ਦਾ ਸੁਭਾਵ ਨਹੀਂ ਹੁੰਦਾ। ਜੇ ਉਨ੍ਹਾਂ ਨੂੰ ਇਹ ਉਦਾਸੀ ਦਿੱਸੇ ਬੀ ਤਾਂ ਸ਼ਰਾਬ, ਜੂਏ ਤੇ ਖੇਡਾਂ ਤਮਾਸ਼ਿਆਂ ਵਿਚ ਉਸ ਉਦਾਸੀ ਨੂੰ ਉਹ ਭੁਲਾਉਂਦੇ ਹਨ। ਬਾਰ ਬਾਰ ਇਸ ਤਰ੍ਹਾਂ ਕਰਦਿਆਂ ਉਨ੍ਹਾਂ ਦਾ ਮਨ ਦਿਨੋਂ ਦਿਨ ਕਠੋਰ ਹੁੰਦਾ ਜਾਂਦਾ ਹੈ। ਦੁਨੀਆਂਦਾਰ ਲੋਕ ਐਸੀ ਉਦਾਸੀ ਨੂੰ ਅਕਲਾਂ ਨਾਲ ਨਜਿੱਠਦੇ ਹਨ, ਦਿਲ ਨੂੰ ਓਪਰੀਆਂ ਤਸੱਲੀਆਂ ਦੇਂਦੇ ਹਨ ਕਿ ਤੂੰ ਠੀਕ ਕੀਤਾ ਹੈ, ਮੁਨਾਸਬ ਹੀ ਇਹੋ ਕਰਨਾ ਸੀ। ਇਨ੍ਹਾਂ ਲੋਕਾਂ ਦੀ ਜੇਕਰ ਅਕਲਾਂ ਨਾਲ ਮਨ ਦੀ ਉਦਾਸੀ ਨਾ

ਲ੍ਹਵੇ ਤਦ ਖੇਲ ਕੁੱਦ, ਤਮਾਸ਼ੇ, ਹਾਸੀ ਤੇ ਸੁੱਖਾਂ ਦੇ ਰੁਝੇਵਿਆਂ ਵਿਚ ਰੁੱਝ ਰੁੱਝ ਕੇ ਉਹ ਆਪਣੇ ਜੀ ਤੋਂ ਉਸ ਉਦਾਸੀ ਨੂੰ ਕੱਢ ਦੇਂਦੇ ਹਨ। ਵੱਡਾ ਭਾਗ ਪਰਦਾ ਇਹ ਹੈ ਕਿ ਇਹ ਗੱਲ ਤਾਂ ਅਕਸਰ ਸਮਝ ਲੈਂਦੇ ਹਨ ਕਿ ਜੀ ਉਦਾਸ ਹੈ, ਅੱਜ ਕਿਤੇ ਨਹੀਂ ਲੱਗਦਾ, ਪਰ ਇਸ ਪਾਸੇ ਧਿਆਨ ਨਹੀਂ ਪੈਂਦਾ ਕਿ ਜੀਉ ਕਿਉਂ ਉਦਾਸ ਹੈ। ਸੋ ਓਹ ਕਾਰਣ ਦੀ ਖੋਜ ਨਹੀਂ ਕਰਦੇ। ਸਤਿਸੰਗ ਦੀ ਸ਼ਰਨ ਆਏ ਨੂੰ-ਚਾਹੇ ਕਮਜ਼ੋਰ ਹੈ, ਚਾਹੇ ਪੂਰਨ ਸੰਤ-ਇਹ ਆਪਾ ਖੋਜਣ ਦੀ ਵਾਦੀ ਪਹਿਲੇ ਹੀ ਪੈ ਜਾਂਦੀ ਹੈ। ਓਹ ਕਾਰਣ ਲਭਦੇ ਹਨ ਕਿ ਅੱਜ ਜੀਉ ਉਚਾਟ ਕਿਉਂ ਹੈ? ਫੇਰ ਲਭਦੇ ਲਭਦੇ ਆਪਣਾ ਕੋਈ ਕਾਰਣ ਲੱਭ ਪੈਂਦਾ ਹੈ ਜਿਵੇਂ ਕੋਈ ਅਪ੍ਰੇਮ ਦਾ ਕੰਮ, ਕੋਈ ਅਕ੍ਰਿਪਾ ਦਾ ਵਾਕ, ਕੋਈ ਈਰਖਾ ਦੀ ਸੋਚ, ਕੋਈ ਵਾਹਿਗੁਰੂ ਦੀ ਯਾਦ ਵਿਚ ਭੁੱਲ* ਤੇ ਫੇਰ ਉਹ ਉਸਦਾ ਦਾਰੂ ਕਰਦੇ ਹਨ:-

"ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥" {ਜਪੁਜੀ}

ਏਸ ਤਰ੍ਹਾਂ ਸਤਿਸੰਗ ਦੀ ਸ਼ਰਣ ਰਹਿਣ ਵਾਲਾ ਪੁਰਖ ਆਪੇ ਦੀਆਂ ਤਾਕਤਾਂ ਵਧਾ ਲੈਂਦਾ ਹੈ।

ਸਹੇਲੀ— ਭੈਣ ਜੀ! ਜੋ ਤੁਸਾਂ ਕਿਹਾ ਸੋ ਤਾਂ ਮੈਂ ਸਮਝਿਆ, ਪਰ ਹੁਣ ਇਹ ਦੱਸੋ ਕਿ ਸਤਿਸੰਗ ਦੀ ਸ਼ਰਣ ਆਉਣਾ ਕੀਹ ਹੁੰਦਾ ਹੈ? ਮੈਂ ਤਾਂ ਜਿਉਂ ਵਿਆਹੀ ਅਜ ਸੋਲਾਂ ਵਰ੍ਹੇ ਮਗਰੋਂ ਪੇਕੇ ਆਈ ਹਾਂ। ਸਾਡੇ ਸਾਹੁਰੇ ਤਾਂ ਸਤਿਸੰਗ ਇਹ ਹੈ ਕਿ ਰੋਟ ਪਕਾਇਆ ਤੇ ਸਰਵਰ ਦੇ ਨਮਿੱਤ ਦੇ ਛੱਡਿਆ ਤੇ ਸਮਝ ਲਿਆ ਕਿ ਪੁੱਤਰ, ਬੌਲਦ ਜੀਉਂਦੇ ਰਹਿਣਗੇ ਤੇ ਖੇਤੀ ਵਧਦੀ, ਫਲਦੀ, ਫੁਲਦੀ ਰਹੇਗੀ, ਪਰ ਵੇਖਦੀ ਰਹੀ ਹਾਂ ਜੋ ਢੱਗੇ ਵੱਛੇ ਮਰ ਹੀ ਜਾਂਦੇ ਤੇ ਮਨ ਕਦੇ ਖਿੜਕੇ ਰਾਜ਼ੀ ਨਹੀਂ ਹੁੰਦਾ। ਐਥੇ ਤ੍ਰੈ ਕੁ ਮਹੀਨੇ ਦੀ ਆਈ ਹਾਂ ਤਾਂ ਦਿਲ ਖੁੱਲ੍ਹਦਾ ਹੈ ਤੇ ਖਿੜਦਾ ਹੈ। ਤੁਸੀਂ ਸਾਰੇ ਖਿੜੇ ਮੱਥੇ ਤੇ ਖੁਸ਼ੀ ਦਿੱਸਦੇ ਹੋ। ਬੌਲਦ ਮਰੇ ਕਿ ਵੱਛਾ, ਇਸ ਗਲ ਦਾ ਤੌਖਲਾ ਤੁਹਾਨੂੰ ਹੈ ਹੀ ਨਹੀਂ। ਉਂਞ ਵੀ ਤੁਹਾਡੇ ਪਿੰਡ ਅਪਦਾ ਘੱਟ ਪੈਂਦੀ ਦਿਸਦੀ ਹੈ। ਮੈਂ ਅਚੰਭਾ ਹੋ ਰਹੀ ਹਾਂ ਕਿ ਇੱਥੇ ਕੀ

* ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ॥
{ਸਿਰੀ ਰਾ: ਕੀ ਵਾ: ਮ:੪}

ਹੋ ਰਿਹਾ ਹੈ? ਗੁਰੂ ਕੀ ਸਿੱਖੀ ਤਾਂ ਉਦੋਂ ਬੀ ਏਥੇ ਸੀ ਜਦੋਂ ਮੈਂ ਵਿਆਹੀ ਸਾਂ, ਪਰ ਹੁਣ ਕੁਛ ਹੋਰ ਰੰਗ ਹੈ। ਯਾ ਮੈਂ ਉਦੋਂ ਨਿਆਣੀ ਸਾਂ ਤੇ ਸਮਝ ਨਹੀਂ ਸੀ ਯਾ ਏਥੇ ਕੁਛ ਹੋਰ ਵਰਤਿਆ ਹੈ।

ਰਾਮੋ— ਮੈਂ ਦੱਸ ਚੁਕੀ ਹਾਂ ਕਿ ਜਦ ਕਿਣਕਾ ਮਾਤ੍ਰ ਭਰੋਸਾ ਆਪਣੇ ਪਰਮੇਸ਼ਰ ਤੇ ਆ ਜਾਵੇ ਤਦ ਤੌਖਲਾ ਮਿਟ ਜਾਂਦਾ ਹੈ। ਨਾ ਭਰਮ ਉਠਦਾ ਹੈ ਨਾ ਭੈ। ਜਿਨ੍ਹਾਂ ਨੂੰ ਬਹੁਤ ਤੌਖਲਾ ਉਠਦਾ ਹੈ, 'ਹਾਏ ਪੁੱਤ ਨਾਂ ਮਰ ਜਾਏ' 'ਹਾਏ ਬੌਲਦ ਚੋਰ ਨਾ ਲੈ ਜਾਣ', ਉਨ੍ਹਾਂ ਨਾਲ ਅਜਿਹੀਆਂ ਹੋਣੀਆਂ ਵਧੀਕ ਵਰਤਦੀਆਂ ਹਨ। ਜਿਨ੍ਹਾਂ ਨੂੰ ਭਰੋਸਾ ਹੈ ਕਿ ਵਾਹਿਗੁਰੂ ਸਾਨੂੰ ਪਿਆਰ ਕਰਦਾ ਹੈ, ਉਹ ਜੋ ਕਰੇਗਾ ਸਾਡੇ ਭਲੇ ਦੀ ਕਰੇਗਾ, ਉਨ੍ਹਾਂ ਦਾ ਨੁਕਸਾਨ ਹੁੰਦਾ ਨਹੀਂ, ਹੋਵੇ ਤਾਂ ਚਿਤ ਨੂੰ ਖਾਂਦਾ ਨਹੀਂ।

**'ਮੀਤੁ ਕਰੈ ਸੋਈ ਹਮ ਮਾਨਾ॥**
**ਮੀਤ ਕੇ ਕਰਤਬ ਕੁਸਲ ਸਮਾਨਾ॥'**

{ਗਉ: ਮ: ੫}

ਇਹ ਗੁਰਵਾਕ ਉਨ੍ਹਾਂ ਦੀ ਢਾਲ ਹੁੰਦੀ ਹੈ। ਪਿਆਰੀ ਭੈਣ! ਇਕ ਚਾਨਣਾਂ ਹੈ, ਇਕ ਹਨੇਰਾ। ਜੋ ਚਾਨਣੇ ਵਿਚ ਤੁਰਦਾ ਹੈ ਉਹ ਠੇਡਾ ਘੱਟ ਖਾਂਦਾ ਹੈ। ਜੋ ਹਨੇਰੇ ਤੁਰਦਾ ਹੈ, ਬਹੁਤ ਸੱਟਾਂ ਖਾਂਦਾ ਹੈ। ਪਰਮੇਸ਼ੁਰ ਤੇ ਭਰੋਸਾ ਕਰਨਾ ਕਿ "ਹੈ" ਫੇਰ ਇਹ ਮੰਨਣਾਂ ਕਿ "ਅੰਗ ਸੰਗ ਹੈ" ਫੇਰ ਇਹ ਸਿਦਕ ਧਾਰਨਾ "ਕਿ ਮੈਨੂੰ ਪਿਆਰ ਕਰਦਾ ਹੈ" ਇਹ ਚਾਨਣਾ ਹੈ। ਚਾਨਣੇ ਦੀਆਂ ਕਿਰਨਾਂ ਸਚ, ਪਿਆਰ, ਨੇਕੀ, ਧਰਮ, ਉਪਕਾਰ ਤੇ ਵਾਹਿਗੁਰੂ ਦੀ ਯਾਦ ਬੇਨਤੀ ਅਰ ਸ਼ੁਕਰ ਹਨ। ਜੋ ਇਸ ਚਾਨਣੇ ਵਿਚ ਤੁਰਦਾ ਹੈ ਉਹ ਠੁੱਡੇ ਬਹੁਤ ਘੱਟ ਖਾਂਦਾ ਹੈ। ਪਰ ਜੋ ਉਸਦੇ ਉਲਟ ਭੁੱਲ ਅਰਥਾਤ ਤੌਖਲੇ, ਭਰਮ, ਵਹਿਮ, ਝੂਠ, ਵੈਰ ਤੇ ਮਨ ਦੇ ਖਿੰਡਾਉ ਵਿਚ ਤੁਰਦਾ ਹੈ ਉਹ ਹਨੇਰੇ ਵਿਚ ਜਾ ਰਿਹਾ ਹੈ। ਨੇਕੀ 'ਸੱਤ' ਵਸਤੂ ਹੈ, ਜਿਕੂੰ ਚਾਨਣਾ ਹੈ; ਪਰ ਹਨੇਰਾ ਤਾਂ ਚਾਨਣੇ ਦੀ ਅਣਹੋਂਦ ਹੈ। ਇਸੇ ਤਰ੍ਹਾਂ ਬਦੀ ਨੇਕੀ ਦੇ ਉਲਟ ਜਾਣ ਦਾ ਨਾਂ ਹੋਇਆ। ਸੋ ਹਨੇਰਾ ਤੇ ਬਦੀ ਕੋਈ ਸੱਤ ਵਸਤੂ ਨਹੀਂ ਹਨ। ਸੱਤ ਵਸਤੂ 'ਨੇਕੀ' ਹੈ। "ਬਦੀ" 'ਅਸਤਿ ਵਸਤੂ' ਹੈ। ਜੋ ਨੇਕੀ ਵਿਚ ਤੁਰਦਾ ਹੈ, ਉਹ ਤਾਂ ਕਿਸੇ ਸ਼ੈ ਦਾ ਮਾਲਿਕ ਹੋ ਰਿਹਾ ਹੈ, ਕੁਛ ਰਾਸ ਜਮਾਂ ਕਰ ਰਿਹਾ ਹੈ, ਪਰ ਬਦੀ ਦਾ ਜਦ ਕੋਈ "ਸੱਤ"

ਸਰੂਪ ਹੀ ਨਹੀਂ ਤਦ ਉਹ ਕੀ ਰਾਸ ਜਮਾਂ ਕਰ ਰਿਹਾ ਹੈ? ਉਹ ਤਾਂ ਲੁਟਾ ਰਿਹਾ ਹੈ, ਗੁਆ ਰਿਹਾ ਹੈ, ਤੋਟੇ ਦੇ ਘਰ ਜਾ ਰਿਹਾ ਹੈ। ਸਿਆਣੇ ਲੋਕ ਆਖਦੇ ਹਨ ਕਿ ਵਾਹਿਗੁਰੂ 'ਸੱਤ' ਸਰੂਪ ਹੈ, ਅਰਥਾਤ ਉਹ ਤਿੰਨਾਂ ਸਮਿਆਂ ਵਿੱਚ ਹੋਣ ਵਾਲੀ ਕਲਿਆਣ ਸਰੂਪ ਹਸਤੀ ਹੈ। ਉਹ ਜੀਉਂਦੀ ਜਾਗਦੀ ਜੋਤ ਹੈ ਤੇ ਪ੍ਰੇਮ ਉਸ ਦਾ ਸਰੂਪ ਹੈ। ਉਹ ਸਦਾ ਸੀ, ਹੁਣ ਹੈ ਤੇ ਸਦਾ ਹੋਊ। ਗੁਰੂ ਜੀ ਨੇ ਫੁਰਮਾਯਾ ਹੈ।

**"ਆਦਿ ਸਚੁ, ਜੁਗਾਦਿ ਸਚੁ,**
**ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ"॥** {ਜਪੁਜੀ}

ਅਰਥਾਤ ਸੱਚ ਸਦਾ ਅਟੱਲ ਹੋਂਦ ਹੈ, ਇਸਦੇ ਉਲਟ ਜੋ ਕੁਛ ਹੈ ਸੋ 'ਨਹੀਂ' ਹੈ, ਉਹ ਕੋਈ ਸ਼ੈ ਨਹੀਂ, ਉਹ ਝੂਠ ਹੈ ਤੇ ਕੋਈ ਰਾਸ ਨਹੀਂ ਹੈ।

ਵਪਾਰੀਆਂ ਨੂੰ ਇਕ 'ਨਫ਼ਾ' ਹੁੰਦਾ ਹੈ ਇਕ ਨੁਕਸਾਨ ਹੁੰਦਾ ਹੈ। ਨਫ਼ਾ ਕੋਈ ਸ਼ੈ ਹੈ ਜੋ ਪੱਲੇ ਪੈਂਦੀ ਹੈ ਪਰ ਘਾਟਾ ਕੁਛ ਪੱਲਿਓਂ ਜਾਂਦਾ ਹੈ। ਇਸੇ ਤਰ੍ਹਾਂ ਨੇਕੀ ਨਫ਼ਾ ਹੈ ਜੋ ਪਲੇ ਬੱਝਦੀ ਹੈ ਪਰ ਬਦੀ ਘਾਟਾ ਹੈ ਜੋ ਨੇਕੀ ਦੀ ਰਾਸ ਨੂੰ ਉਜਾੜਦਾ ਹੈ ਤੇ ਜਿਸ ਨਾਲ ਆਪੇ ਦੀ ਤਾਣ ਤਾਕਤ ਅੰਦਰੋਂ ਘਟਦੀ ਹੈ ਅਰਥਾਤ ਇਖ਼ਲਾਕੀ ਤੇ ਰੂਹਾਨੀ ਘਾਟਾ ਪੈਂਦਾ ਹੈ। ਜਿਸ ਦੇ ਅੰਦਰ 'ਭਰਮ ਤੇ ਤੌਖਲਾ' ਰਹਿੰਦਾ ਹੈ, ਉਸਦੇ ਅੰਦਰ ਘਾਟੇ ਦਾ ਸੁਭਾਉ ਪੱਕ ਰਿਹਾ ਹੈ। ਇਸ ਸੁਭਾਉ ਦਾ ਫਲ ਨਾਨਾ ਪ੍ਰਕਾਰ ਦੇ ਦੁਖ ਤੇ ਰੋਗ ਹਨ। ਦਾਰੂ ਏਸਦਾ ਉਸਦੇ ਉਲਟ ਹੈ, ਉਹ ਹੈ ਭਰੋਸਾ। ਭਰੋਸੇ ਨਾਲ ਭਰਮ ਤੇ ਤੌਖਲਾ ਯਾ ਡਰ ਤੇ ਸੰਸਾ ਨਹੀਂ ਰਹਿੰਦੇ। ਵੇਖੋ ਗੁਰੂ ਜੀ ਨੇ ਲਿਖਿਆ ਹੈ ਕਿ '**ਦੂਖ ਰੋਗ ਬਿਨਸੇ ਭੈ ਭਰਮ**' ਅਰਥਾਤ ਲਾਹੇ ਪਖ ਵਾਲਿਆਂ ਦੇ ਭੈ ਤੇ ਭਰਮ ਬਿਨਸ ਜਾਂਦੇ ਹਨ। ਭੈ ਤੇ ਭਰਮ ਕਾਰਣ ਹਨ, ਇਨ੍ਹਾਂ ਦੇ ਫਲ ਹਨ ਦੁਖ ਤੇ ਰੋਗ। ਸੋ ਜਦ ਭੈ ਤੇ ਭਰਮ ਮਿਟ ਗਏ ਤਦ ਦੁੱਖ ਤੇ ਰੋਗ ਨਾਲ ਮਿਟ ਗਏ, ਇਹ ਕਿਕੂੰ? ਸੁਖਮਨੀ ਸਾਹਿਬ ਦੇ ਪਾਠ ਕੀਤਿਆਂ ਤੇ ਪਹਿਰਾ ਦਿਤਿਆਂ ਮਨੁੱਖ ਦਾ ਮਨ ਭਰੋਸੇ ਵਾਲਾ ਤੇ ਸ਼ੁਕਰ ਕਰਨ ਵਾਲਾ ਹੋ ਜਾਂਦਾ ਹੈ ਅਰ ਇਕ ਵਾਹਿਗੁਰੂ ਦੀ ਪਿਆਰੀ ਯਾਦ ਵਿੱਚ ਖੁਸ਼ ਰਹਿੰਦਾ ਹੈ। ਸ੍ਰੀ ਆਦਿ ਗੁਰੂ ਜੀ ਨੇ ਜਪੁਜੀ ਸਾਹਿਬ ਵਿੱਚ ਵਾਹਿਗੁਰੂ ਦਾ ਸਰੂਪ 'ਨਿਰਭਉ' ਤੇ 'ਨਿਰਵੈਰ' ਆਖਿਆ ਹੈ। ਮਤਲਬ ਕੀਹ ਕਿ ਨਿਰਭਉ ਤੇ ਨਿਰਵੈਰ ਦਾ ਉਪਾਸ਼ਕ ਆਪ ਨਿਰਭਉ ਤੇ ਨਿਰਵੈਰ ਹੋ ਜਾਏਗਾ।

ਤੋਟੇ ਦੀ ਖੱਡ ਵਿਚੋਂ ਨਿਕਲਕੇ ਲਾਹੇ ਦੀ ਚੋਟੀ ਪਰ ਆ ਬੈਠੇਗਾ। ਸਤਿਗੁਰ ਨੇ ਇਹ ਗੱਲ ਖੋਹਲਕੇ ਬੀ ਕਹਿ ਦਿੱਤੀ ਹੈ **'ਨਿਰਭਉ ਜਪੈ ਸਗਲ ਭਉ ਮਿਟੈ'॥** ਅਰਥਾਤ ਅਕਾਲ ਪੁਰਖ ਜੋ ਨਿਰਭਉ ਹੈ ਉਸਦਾ ਭਜਨ ਕੀਤਿਆਂ ਸਾਰੇ ਭਉ ਦੂਰ ਹੋ ਜਾਂਦੇ ਹਨ। ਇਸ ਭਉ ਦਾ ਅਰਥ ਵਾਹਿਗੁਰੂ ਦਾ ਪਿਆਰ ਭਰਿਆ ਭਉ ਨਹੀਂ, ਪਰ ਉਹ ਭਉ ਜੋ ਜੀਵਾਂ ਨੂੰ ਖਾ ਰਿਹਾ ਹੈ। 'ਕਿਤੇ ਚੋਰ ਨਾ ਆ ਜਾਣ, ਕਿਤੇ ਪੁੱਤ ਨਾ ਮਰ ਜਾਏ, ਫਲਾਣਾ ਮੈਨੂੰ ਖਾ ਨਾ ਜਾਏ, ਖਬਰੇ ਕੀਹ ਹੋਵੇਗਾ? ਹਾਏ ਕੀਹ ਕਰਾਂ? ਹੁਣ ਕੀਹ ਬਣੂੰ?' ਇਹ ਭਉ ਹੈ ਜੋ ਹਾਨੀ ਕਾਰਕ ਹੈ ਤੇ ਜਿਸਨੂੰ ਨਿਰਭਉ ਦੇ ਪ੍ਰੇਮ ਨਾਲ ਅਸਾਂ ਜਿੱਤਣਾ ਹੈ। ਸੋ ਭੈ ਤੇ ਭਰਮ ਤੋਟੇ ਦਾ ਪੱਖ ਹੈ ਤੇ 'ਵਾਹਿਗੁਰੂ ਪਿਆਰ ਕਰਨ ਵਾਲਾ ਪਿਤਾ ਹੈ, ਉਹ ਸਦਾ ਸਾਡੇ ਨਾਲ ਹੈ, ਸਦਾ ਦਿਆਲ ਹੈ' ਇਹ ਨਿਹਚਾ ਨਫ਼ੇ ਦਾ ਪੱਖ ਹੈ। ਇਸਨੂੰ 'ਧਨ ਪੱਖ' ਤੇ 'ਰਿਣ ਪੱਖ' ਬੀ ਕਹਿ ਸਕਦੇ ਹਾਂ। ਜੋ ਲੋਗ ਆਪੇ ਨੂੰ ਤੋਟੇ ਵਾਲੇ ਸੁਭਾਉ ਵਿੱਚ ਰੱਖਦੇ ਹਨ ਤੇ ਆਸ ਲਾਹੇ ਦੀ ਰੱਖਦੇ ਹਨ ਉਨ੍ਹਾਂ ਨੂੰ ਹਾਨੀ ਹੀ ਹਾਨੀ ਹੈ।

ਸਹੇਲੀ (ਠੰਢਾ ਸਾਹ ਭਰਕੇ)— ਭੈਣ ਜੀ! ਸੱਚ ਹੈ, ਪਰ ਮੈਂ ਇਹ ਪੁੱਛਦੀ ਹਾਂ ਕਿ ਇਹ ਹੋਵੇ ਕਿਕੂੰ? ਹੁਣ ਮੈਂ ਸਮਝ ਤਾਂ ਸਾਰਾ ਲੀਤਾ ਹੈ, ਪਰ ਮੇਰੇ ਅੰਦਰ ਠਹਿਰਦਾ ਨਹੀਂ, ਮੇਰਾ ਜੀ ਕਰਦਾ ਹੈ ਕਿ ਜੋ ਕੁਛ ਤੁਸਾਂ ਕਿਹਾ ਹੈ ਮੇਰੇ ਜੀ ਅੰਦਰ ਘਰ ਪਾਕੇ ਬਹਿ ਜਾਵੇ, ਪਰ ਇਹ ਮੋਹ ਮਾਇਆ ਦੇ ਜਾਲ ਕੁਛ ਕਰਨ ਨਹੀਂ ਦੇਂਦੇ।

ਰਾਮੋ— ਇਹ 'ਮੋਹ ਮਾਇਆ ਦੇ ਜਾਲ' ਜੋ ਤੁਹਾਨੂੰ ਦਿੱਸ ਰਹੇ ਹਨ, ਇਨ੍ਹਾਂ ਨੂੰ ਕੱਟ ਸੁੱਟੋ। ਮੈ ਤੁਹਾਨੂੰ ਬੇਨਤੀ ਕਰ ਆਈ ਹਾਂ ਕਿ ਮਾਇਆ ਕੋਈ "ਸੱਤ ਸਰੂਪ" ਵਾਲੀ ਸ਼ੈ ਨਹੀਂ ਹੈ। ਜੋ ਕੁਛ ਇਸਦਾ ਦਿੱਸਦਾ ਹੈ ਸੋ ਤਿੰਨ ਕਾਲ ਇੱਕ ਰਸ ਨਹੀਂ ਰਹਿੰਦਾ। ਤੁਸੀਂ ਇਸ ਵਿਚੋਂ ਮਨ ਨੂੰ ਕੱਢੋ ਤੇ "ਸੱਤ" ਵਿਚ ਲਾਓ। ਮਨ ਜਦ ਮਾਇਆ ਵਿਚ ਲੱਗਦਾ ਹੈ, ਤਦ ਖਿੰਡਦਾ ਹੈ। ਜਦ ਵਾਹਿਗੁਰੂ ਵੱਲ ਲੱਗੂ, ਤਦ ਕੱਠਾ ਹੋਊ। ਖਿੰਡੀ ਚੀਜ਼ ਨਿਰਬਲ ਹੁੰਦੀ ਹੈ, ਕੱਠੀ ਹੋਈ ਬਲਵਾਨ ਹੁੰਦੀ ਹੈ। ਹੁਣ ਤੁਹਾਡਾ ਮਨ ਮਾਇਆ ਵਿੱਚ ਲਗਾ ਹੋਇਆ ਖਿੰਡ ਰਿਹਾ ਹੈ, ਇਸ ਕਰਕੇ ਨਿਤਾਣਾ ਹੈ, ਆਪ ਨੂੰ ਮਾਇਆ ਦੇ ਹੀ ਜਾਲ ਵਿਚੋਂ ਨਹੀਂ ਕੱਢ ਸਕਦਾ। ਜਦ ਸਾਈਂ ਵੱਲ ਲਾਓਗੇ ਤਦ ਇਹੋ ਕੱਠਾ


www.sikhbookclub.com

ਹੋਵੇਗਾ ਤੇ ਇਸ ਵਿਚ ਬਲ ਆਵੇਗਾ, ਫਿਰ ਇਹ ਮਾਇਆ ਦੇ ਜਾਲ ਵਿਚੋਂ ਨਿਕਲ ਜਾਏਗਾ।

'ਪ੍ਰੇਮ' ਤੁਸੀਂ ਜਾਣਦੇ ਹੋ ਜੋ ਸੱਤ ਵਸਤੂ ਹੈ ਉਸਦੇ ਯੋਗ ਸੁਭਾਵ ਨਾਲ ਨੇਕੀ ਦੀ ਰਾਸ ਜਮਾਂ ਹੁੰਦੀ ਹੈ। ਜਦ ਪ੍ਰੇਮ ਦੇ ਸੁਭਾਵ ਵਿਚ ਤੌਖਲਾ ਤੇ ਸਹਿਸਾ ਰਲਾ ਦੇਈਦਾ ਹੈ ਤੇ ਕਾਣੀ ਵੰਡ ਵਰਤੀਂਦੀ ਹੈ ਤਦ ਉਹ ਸੁਭਾਵ ਮੋਹ ਦਾ ਹੋ ਜਾਂਦਾ ਹੈ। ਮੋਹ ਦਾ ਫਲ ਨਫ਼ਾ ਨਹੀਂ ਹੁੰਦਾ, ਤੋਟਾ ਹੁੰਦਾ ਹੈ। ਅੰਦਰੋਂ ਪ੍ਰੇਮ ਦੇ ਸੁਭਾਵ ਵਾਲਾ ਜਦ ਵਰਤਦਾ ਹੈ ਤਾਂ ਸਾਰੀ ਵਰਤੋਂ ਇਕ ਸਾਰ ਕਰਦਾ ਹੈ ਤੇ ਸਭ ਨਾਲ ਪ੍ਰੇਮ ਕਰਦਾ ਹੈ। ਮੋਹ ਕਰਨੇ ਵਾਲਾ ਕਿਸੇ ਇਕ (ਯਾ ਇਕ ਤੋਂ ਵਧੀਕ) ਨੂੰ ਪਿਆਰ ਕਰਦਾ ਹੈ, ਪਰ ਉਸ ਤੋਂ (ਯਾ ਉਨ੍ਹਾਂ ਤੋਂ) ਛੁੱਟ ਹੋਰਨਾਂ ਨੂੰ ਪਿਆਰ ਨਹੀਂ ਕਰਦਾ। ਅਰ ਜਿਨ੍ਹਾਂ ਨੂੰ ਪਿਆਰ ਕਰਦਾ ਹੈ ਉਨ੍ਹਾਂ ਤੋਂ ਉਲਟ ਸਾਮਾਨ ਜਿੱਥੇ ਹੋਣ ਉਨ੍ਹਾਂ ਨਾਲ ਦ੍ਵੈਸ਼ ਕਰਦਾ ਹੈ। ਅਰਥਾਤ, ਮੋਹ ਕਰਨ ਵਾਲਾ ਦ੍ਵੈਖ ਵੀ ਕਰਦਾ ਹੈ। ਦ੍ਵੈਸ਼ ਕਰਨਾ ਮੈਂ ਦੱਸ ਆਈ ਹਾਂ ਕਿ ਤੋਟੇ ਦਾ ਪੱਖ ਹੈ। ਸੋ ਮੋਹ ਕਰਦਿਆਂ ਤੋਟੇ ਵਾਲੀ ਰਾਸ ਨਾਲ ਆ ਜਾਂਦੀ ਹੈ। ਇਸ ਲਈ ਮੋਹ ਨਾਲ ਭੀ ਪੱਲੇ ਕੁਛ ਨਾ ਬੱਝਾ, ਘਾਟਾ ਹੀ ਪਿਆ। ਹੁਣ ਤੁਸੀਂ ਪਰਤੱਖ ਵਿਚ ਵੇਖੋ ਕਿ ਮੋਹ ਦਾ ਫਲ ਕੀ ਨਿਕਲਦਾ ਹੈ? ਜਿੰਨਾਂ ਚਿਰ ਮੋਹ ਵਾਲਾ ਪਦਾਰਥ ਪ੍ਰਾਪਤ ਰਹਿੰਦਾ ਹੈ, ਅਰਥਾਤ ਮਿਲਿਆ ਰਹਿੰਦਾ ਹੈ ਤਦ ਤਾਈਂ ਜੀਵ ਵਿਚ ਇਹ ਤੌਖਲਾ ਰਹਿੰਦਾ ਹੈ ਕਿ ਕਿਤੇ ਇਹ ਮੈਥੋਂ ਖੁੱਸ ਨਾ ਜਾਏ। ਪੁਤ ਜੰਮਦਿਆਂ ਹੀ ਲੋਕੀ ਕਹਿੰਦੇ ਹਨ— 'ਜੀਉਂਦਾ ਰਹੇ', ਮਾਨੋਂ ਉਸ ਦੇ ਮਰਨ ਦਾ ਗੁਪਤ ਸਹਿਸਾ ਉਨ੍ਹਾਂ ਕੋਲੋਂ ਇਹ ਗੱਲ ਕਹਾ ਰਿਹਾ ਹੈ। ਪਦਾਰਥ ਖੱਟੋ ਤਾਂ ਕਹੀਦਾ ਹੈ 'ਕਿਤੇ ਚੋਰ ਨਾ ਲੈ ਜਾਏ', ਮਾਨੋ ਉਸਦੇ ਗੁਆਚਣ ਦਾ ਸਹਿੰਸਾ ਅੰਦਰ ਹੈ। ਘਰ ਉਸਾਰੋ ਤਾਂ ਕਹਿੰਦੇ ਹਨ 'ਸੁਹੰਢਣਾ ਹੋਵੇ', ਮਾਨੋ ਉਸ ਦੇ ਢਹਿ, ਸੜ ਜਾਣ ਦਾ ਯਾ ਆਪ ਮਰ ਕੇ ਛੱਡ ਜਾਣ ਦਾ ਤੌਖਲਾ ਅੰਦਰ ਹੈ। ਫੇਰ ਪ੍ਰਾਪਤ ਹੁੰਦਿਆਂ, ਉਨ੍ਹਾਂ ਵਸਤਾਂ ਦੇ ਜੋ ਹੋਰ ਗਾਹਕ ਹਨ, ਉਨ੍ਹਾਂ ਨਾਲ ਦ੍ਵੈਖ ਰਹਿੰਦੀ ਹੈ।

ਸ਼ਾਹੂਕਾਰ ਨੂੰ ਹੋਰ ਖੱਟਣ ਵਾਲੇ ਨਾਲ ਈਰਖਾ ਖਾਂਦੀ ਹੈ। ਇਸੇ ਤਰ੍ਹਾਂ ਸਮਝ ਲਵੋ ਕਿ ਮੋਹ ਮਾਇਆ ਵਾਲੇ ਦੇ ਅੱਖੀਂ ਸੁਖ ਕਲੇਜੇ ਠੰਢ ਨਹੀਂ ਵਰਤਦੀ, ਕਿਉਂਕਿ ਨਾਲ ਨਾਲ ਸਾਮਾਨ ਜੁ ਤੋਟੇ ਵਾਲੇ ਹੁੰਦੇ ਜਾਂਦੇ ਹਨ ਸੋ ਫਲ ਵੀ ਤੋਟੇ ਵਾਲੇ ਲੱਗਣਗੇ।

 www.sikhbookclub.com

ਸਹੇਲੀ— ਫੇਰ ਕਿਕੂੰ ਤੋਟੇ ਵਿਚੋਂ ਲਾਹੇ ਵਿਚ ਆਈਏ? ਜਾਂ ਜਿਕੂੰ ਤੁਸਾਂ ਕਿਹਾ ਹੈ ਕਿ:—

'ਰਿਣਪੱਖ' ਤੋਂ 'ਧਨਪੱਖ' ਵਿਚ ਆਈਏ?

ਰਾਮੋ— ਮੈਂ ਦੱਸਿਆ ਸੀ 'ਸਤਿਸੰਗ ਨਾਲ'।

ਸਹੇਲੀ— ਸਤਿਸੰਗ ਦਾ ਕੀ ਭਾਵ ਹੈ?

ਰਾਮੋ— ਜੋ 'ਤੋਟੇ ਦੇ ਸੁਭਾਵ ਵਾਲੇ' ਤੋਟੇ ਦੇ ਸੁਭਾਵ ਵਾਲਿਆਂ ਦਾ ਸੰਗ ਕਰਦੇ ਹਨ ਉਹ ਤੋਟੇ ਦੀ ਵਾਦੀ ਨੂੰ ਹੀ ਵਧੀਕ ਪਕਾਉਂਦੇ ਹਨ। ਜੋ ਲਾਹੇ ਦੇ ਸੁਭਾਵ ਵਾਲੇ ਤੋਟੇ ਵਾਲੇ ਦਾ ਸੰਗ ਕਰਦੇ ਹਨ ਸੋ ਲਾਹਾ ਗੁਆ ਬੈਠਦੇ ਹਨ, ਪਰ ਜੋ ਲਾਹੇ ਦੇ ਸੁਭਾਵ ਵਾਲੇ ਦਾ ਸੰਗ ਕਰਦੇ ਹਨ, ਇਸ ਨੀਯਤ ਨਾਲ ਕਿ ਸਾਡਾ ਖੋਟਾ ਤੋਟੇ ਦਾ ਸੁਭਾਉ ਛੁੱਟਕੇ ਆ ਜਾਵੇ ਲਾਹੇ ਦਾ, ਓਹ ਸਤਿਸੰਗ ਕਰਦੇ ਹਨ ਤੇ ਓਹ ਲਾਹੇ ਦੇ ਪੱਖ ਵਿਚ ਆ ਜਾਂਦੇ ਹਨ।

ਸਹੇਲੀ— ਜਿੱਦਾਂ ਮੈਂ ਹੁਣ ਆਪ ਦੇ ਪਾਸ ਬੈਠੀ ਹਾਂ, ਇਹ ਸਤਿਸੰਗ ਹੈ?

ਰਾਮੋ— ਮੈਂ ਤਾਂ ਜੋ ਹਾਂ ਸੋ ਹਾਂ, ਪਰ ਜੇ ਤੁਸੀਂ ਸੱਚੀ ਮੁੱਚੀ ਦੇ ਕਿਸੇ ਭਲੇ ਪਾਸ ਬੈਠੋ ਯਾ ਗੁਰੂ ਜੀ ਦੀ ਸ਼ਰਨ ਜਾਓ- ਸਾਹਿਬ ਸ੍ਰੀ ਗੁਰੂ ਹਰਗੋਬਿੰਦ ਜੀ ਦੀ--ਤਦ ਤੁਸੀਂ 'ਸਤਿਸੰਗ' ਕਰੋਗੇ।

ਸਹੇਲੀ— ਪਰ ਭੈਣ ਜੀ! ਉਹ ਤਾਂ ਦਿੱਲੀ ਗਏ ਹਨ, ਤੇ ਮੈਂ ਪਰਵੱਸ ਹਾਂ, ਕੀਕੂੰ ਜਾ ਸਕਾਂ?

ਰਾਮੋ— ਗੁਰੂ ਸ਼ਰੀਰ ਕਰਕੇ ਸ਼ਰੀਰ ਵਿਚ ਪਰ ਸ਼ਰਧਾਵਾਨਾਂ ਦੇ ਪ੍ਰੇਮ ਕਰਕੇ ਸੰਗਤ ਵਿਚ ਵੱਸਦੇ ਹਨ ਤੇ ਮਨ ਨਾਲ ਉਨ੍ਹਾਂ ਦੇ ਮਨ ਦੀ ਲਿਵ ਲਾਇਆਂ ਹਾਜ਼ਰ ਨਾਜ਼ਰ ਹੁੰਦੇ ਹਨ। ਇਹ ਕਹਿਕੇ ਰਾਮੋ ਦੇ ਨੈਣ ਭਰਕੇ ਮਿਟ ਗਏ ਤੇ ਕਿੰਨਾਂ ਚਿਰ ਚੁੱਪ ਰਹੀ।

ਜਦ ਪ੍ਰੇਮ ਦੇ ਅੰਝੂਆਂ ਨਾਲ ਭਰੇ ਨੇਤ੍ਰ ਖੁਲ੍ਹੇ ਤਦ ਸਹੇਲੀ ਬੋਲੀ:- ਭੈਣ ਜੀ! ਜੋ ਕੁਛ ਤੁਸਾਂ ਕਿਹਾ ਹੈ, ਇਹ ਕੁਛ ਮੈਂ ਕਿਸ ਤਰ੍ਹਾਂ ਜਾਣਦੀ ਜੇ ਤੁਸੀਂ ਨਾਂ ਕਹਿੰਦੇ ਤਾਂ, ਹਾਂ ਤੁਸਾਂ ਜੋ ਸਮਝਾਇਆ ਤੇ ਕ੍ਰਿਪਾ ਕੀਤੀ ਕੀ ਇਹ ਸਤਿਸੰਗ ਨਹੀਂ ਹੈ?

ਰਾਮੋ— ਭੈਣ ਜੀ! ਮੈਂ ਤਾਂ ਹੋਈ ਨਾ ਭੁੱਲਣਹਾਰ, ਪਰ ਜੇ ਕੋਈ ਗੁਰੂ ਕਾ

ਪਿਆਰਾ ਸਿੱਖ ਤੁਹਾਨੂੰ ਨੇਕ ਗੱਲਾਂ ਸਿਖਾਵੇ ਅਰ ਨੇਕ ਗੱਲਾਂ ਦਾ ਵੱਡਾ ਕਾਰਣ-ਨਾਮ ਦੀ ਮਹਿੰਮਾ-ਦਸੇ, ਇਸ ਰਸਤੇ ਪਾਵੇ ਤੇ ਤੁਹਾਡੇ ਦਿਲ ਵਿਚ ਤਾਕਤ ਭਰੇ ਜਿਸ ਕਰਕੇ ਸੁਰਤ ਨਾਲ ਸੁਰਤ ਚੁੱਕੀਵੇ ਤਾਂ ਓਸ ਨੂੰ ਸਤਿਸੰਗੀ ਸੱਜਣ ਹੀ ਕਹੀਦਾ ਹੈ।

ਸਹੇਲੀ— ਤਦ ਭੈਣ ਜੀ! ਮੈਂ ਕਿਸੇ ਸਤਿਸੰਗੀ ਦੀ ਕ੍ਰਿਪਾ ਨਾਲ ਤੋਟੇ ਵਿਚੋਂ ਲਾਹੇ ਵਿੱਚ ਆ ਸਕਦੀ ਹਾਂ?

ਰਾਮੋ— ਜ਼ਰਰ, ਪਰ ਸਤਿਸੰਗੀ ਦੇ ਉਪਦੇਸ਼ ਦੀ ਕਮਾਈ ਕਰਨ ਨਾਲ ਤੇ ਪਿਆਰ ਭਰੀ ਕ੍ਰਿਪਾ ਨਾਲ।

ਸਹੇਲੀ— ਐਸਾ ਸਤਿਸੰਗੀ ਕੌਣ ਹੁੰਦਾ ਹੈ?

ਰਾਮੋ— ਗੁਰ ਯਾ ਜਿਸ ਨਾਲ ਗੁਰ ਪਿਆਰ ਕਰਦਾ ਹੋਵੇ।

ਸਹੇਲੀ— ਮੈਂ ਅਜਾਣ, ਨਾ ਸਤਿਸੰਗੀ ਨੂੰ ਜਾਣਾਂ, ਨਾ ਗੁਰ ਨੂੰ ਜਾਣਾ, ਮੈਂ ਇਹ ਭੇਤ ਕਿੱਥੋਂ ਸਮਝਾਂ ਕਿ ਗੁਰ ਕਿਸ ਨੂੰ ਪਿਆਰ ਕਰਦਾ ਹੈ?

ਰਾਮੋ— ਇਹ ਬੇਨਤੀ ਨਾਲ।

ਸਹੇਲੀ— ਕਿੱਦਾਂ?

ਰਾਮੋ— ਮਨ ਦੀਆਂ ਸੋਚਾਂ ਵਿਚਾਰਾਂ ਛੱਡਕੇ ਗਲ ਪੱਲਾ ਪਾਕੇ ਸੱਚੇ ਦਿਲੋਂ ਪ੍ਰਾਰਥਨਾ ਕਰਿਆ ਕਰੋ ਕਿ ਹੇ ਅਕਾਲ ਪੁਰਖ! ਕਿਸੇ ਗੁਰਮੁਖ ਦਾ ਮੇਲ ਦੇਹ, ਜਿਸਨੂੰ ਤੰ ਪਿਆਰ ਕਰਦਾ ਹੋਵੇਂ। ਪਰ ਅਰਦਾਸ ਸੱਚੇ ਦਿਲੋਂ ਹੋਵੇ। ਇੱਕ ਤਾਂ ਇਹ ਸਤਿਸੰਗ ਹੈ। ਦਸਰੇ ਸਤਿਸੰਗ ਹੈ ਗੁਰ ਕਾ। ਇਹ ਜੋ ਗੁਰ ਕੀ ਬਾਣੀ ਹੈ ਸੋ ਬੀ ਗੁਰ ਵਾਂਙ ਗੁਰ ਹੈ*। ਬਾਣੀ ਦਾ ਪ੍ਰੇਮ ਗੁਰ ਕਾ ਸਤਿਸੰਗ ਹੈ। ਤੰ ਪੁੱਛਿਆ ਸੀ ਗੁਰ ਜੀ ਦਿੱਲੀ ਗਏ ਹਨ, ਮੈਂ ਕਿਕੰ ਮਿਲਾਂ? ਭੈਣ ਜੀ ਗੁਰ ਜੀ ਦਾ ਆਪਣਾ ਸਰਪ ਉਨ੍ਹਾਂ ਦੀ ਬਾਣੀ ਵਿਚ ਹੈ ਤੇ ਇਹ ਨਿਜ ਘਰ ਦਾ ਵਾਸਾ ਬਖਸ਼ਦੀ ਹੈ: ਹੁਕਮ ਹੈ:- **'ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ'॥** {ਰਾਮ: ਮ: ੧ ਦਖ: ਉਂ:-੪੦} ਏਹ ਜੋ ਬਾਣੀ ਗੁਰ ਹੈ ਇਸ ਦਾ ਪਿਆਰ ਹਰ ਵੇਲੇ ਗੁਰ ਦੇ ਚਰਨਾਂ ਵਿਚ ਰਖਦਾ ਹੈ। ਬਾਣੀ ਅਪਣੇ ਪ੍ਰੇਮ ਵਾਲੇ ਨੂੰ ਅਪਣੇ ਦੇਸ਼ ਲੈ ਜਾਂਦੀ ਹੈ, ਬਾਣੀ ਦਾ ਦੇਸ਼ ਹੈ ਗੁਰੂ ਕਾ ਹ੍ਰਿਦਾ।

* ਬਾਣੀ ਗੁਰੂ, ਗੁਰੂ ਹੈ ਬਾਣੀ। (ਨਟ: ਮ: ੪)

ਜਿੱਦਾਂ ਗੁਰੂ ਦੱਸਦਾ ਹੈ ਕਿ ਮੈਂ ਫਲਾਣੇ ਗੁਰਮੁਖ ਨੂੰ ਪਿਆਰ ਕਰਦਾ ਹਾਂ, ਇਸ ਤਰ੍ਹਾਂ ਬਾਣੀ ਦਾ ਪ੍ਰੇਮੀ ਬਾਣੀ ਤੋਂ ਸਮਝ ਪ੍ਰਾਪਤ ਕਰ ਲੈਂਦਾ ਹੈ ਕਿ ਕਿਹੜਾ ਗੁਰਮੁਖ ਹੈ ਜਿਸ ਨੂੰ ਗੁਰੂ ਪਿਆਰ ਕਰਦਾ ਹੈ। ਉਸ ਦੀ ਕਰਨੀ, ਉਸਦੀ ਰਹਿਣੀ ਦੱਸ ਦੇਂਦੀ ਹੈ ਕਿ ਇਹ ਗੁਰੂ ਪਿਆਰਾ ਹੈ, ਪਰ ਇਹ ਜਾਚ ਗੁਰੂ ਬਾਣੀ ਦੇ ਨਾਲ ਸੱਚਾ ਪਿਆਰ ਕੀਤਿਆਂ ਲੱਝਦੀ ਹੈ।

ਸਹੇਲੀ— ਫੇਰ ਮੈਂ ਤਾਂ ਬਾਣੀ ਬੀ ਨਹੀਂ ਪੜ੍ਹੀ, ਮੈਨੂੰ ਤਾਂ ਤੁਹਾਡੀਆਂ ਗੱਲਾਂ ਨੇ ਹੀ ਚੇਟਕ ਲਾ ਦਿੱਤੀ ਹੈ, ਚੇਟਕ ਕਾਹਦੀ? ਐਸ ਘੜੀ ਤਾਂ ਜੀਉ ਐਦਾਂ ਦਾ ਹੋ ਗਿਆ ਹੈ ਕਿ ਮਾਨੋਂ ਮੈਂ 'ਲਾਹੇ' ਵਿੱਚ ਆ ਹੀ ਗਈ ਹਾਂ। ਮੇਰੀ ਜਾਚੇ ਮੇਰੇ ਜਿਹੀ ਨਿਮਾਣੀ ਤੇ ਮੂਰਖ ਲਈ ਤੁਹਾਡਾ ਅੱਜ ਦਾ ਸੰਗ ਹੀ ਸੱਚਾ ਸਤਿਸੰਗ ਹੈ।

ਰਾਮੋ— ਮੇਰਾ ਸੰਗ ਤਾਂ ਗੁਰੂ ਜਾਣੇ ਕੀ ਹੈ? ਪਰ ਗੁਰੂ ਜੀ ਦੀ ਦਇਆ ਇਕ ਹੋਰ ਸ਼ੈ ਹੈ। ਆਪ ਦਾ ਵਾਕ ਹੈ:-

**"ਸਤ ਸੰਗਤਿ ਕੈਸੀ ਜਾਣੀਐ॥**
**ਜਿਥੈ ਏਕੋ ਨਾਮੁ ਵਖਾਣੀਐ॥"**

{ਸਿਰੀ: ਮ: ੧-ਘਰ-੩-੫}

ਸੋ ਜਿਸ ਵੇਲੇ ਦੇ ਤੁਸੀਂ ਆਏ ਹੋ, ਗੁਰੂ ਨੇ ਐਸੀ ਕਲਾ ਵਰਤਾਈ ਹੈ ਕਿ ਏਥੇ ਨਾਮ ਦੀ ਚਰਚਾ ਹੀ ਜਾਰੀ ਰਹੀ ਹੈ, ਇਸ ਕਰਕੇ ਗੁਰੂ ਨੇ ਮੇਰੇ ਤੇਰੇ ਦੁਹਾਂ ਦੇ ਔਗੁਣ ਭੁਲਾਕੇ ਆਪਣੀ ਨੇਕ ਛਾਇਆ ਨਾਲ ਏਥੇ ਸਤਿਸੰਗ ਵਰਤਾ ਦਿੱਤਾ ਹੈ। ਭੈਣ ਜੀ! ਤੁਸੀਂ ਸੱਚ ਕਿਹਾ ਹੈ, ਇਹ ਜੋ ਹੋਇਆ ਸੋ ਸਤਿਸੰਗ ਹੀ ਹੈ ਪਰ ਮੈਂ ਆਪਣੇ ਤਾਣ ਤੇ ਕੋਈ ਸਤਿਸੰਗਣ ਨਹੀਂ, ਹਾਂ ਗੁਰੂ ਦੀ ਮਿਹਰ ਨੇ ਸਾਨੂੰ ਪਲਕੀਂ ਨਿਹਾਲ ਕਰ ਛਡਿਆ ਹੈ।

ਸਹੇਲੀ— ਐਉਂ ਹੀ ਸਹੀ। ਕੀ ਗੁਰੂ ਜੀ ਦੀ ਇਹ ਮਰਜ਼ੀ ਨਹੀਂ ਹੈ ਕਿ ਤੁਸੀਂ ਮੈਨੂੰ ਲਾਹੇ ਦੀ ਜਾਚ ਸਿਖਾ ਦਿਓ? ਮੇਰੇ ਵਰਗੀ ਨਿਕਾਰੀ ਵਾਸਤੇ ਜੋ ਓਹ ਆਪ ਛਾਇਆ ਪਾ ਰਹੇ ਹਨ ਤਦ ਤੁਸੀਂ ਉਨ੍ਹਾਂ ਦੇ ਚਰਨਾਂ ਦੇ ਪ੍ਰੇਮ ਦੀ ਖਾਤਰ ਕੀ ਮੈਂ ਨਿਮਾਣੀ ਨੂੰ ਰਸਤੇ ਨਹੀਂ ਪਾ ਸਕਦੇ? ਇਹ ਕਹਿੰਦੀ ਵੈਰਾਗ ਵਿਚ ਬੇਵਸ ਹੋ ਗਈ ਅਰ ਰਾਮੋਂ ਦੇ ਚਰਨਾਂ ਤੇ ਢੈ ਪਈ। ਰਾਮੋ ਨੇ ਛੇਤੀ ਨਾਲ


www.sikhbookclub.com

ਚੱਕਕੇ ਗਲ ਲਾਇਆ। ਗਲ ਲਾਉਣਾ ਕੀਹ ਸੀ? ਲੋਹੇ ਦਾ ਚੁੰਬਕ ਨਾਲ ਛੋਹਣਾ ਸੀ। ਰਾਮੋ ਦੇ ਲੂੰਆਂ ਤੋਂ ਇਕ ਝਰਨਾਟ ਜਿਹੀ ਛਿੜੀ, ਜਿਸ ਨਾਲ ਸਹੇਲੀ ਦੇ ਸਰੀਰ ਤੇ ਪੁਲਕਾਵਲੀ ਆ ਗਈ। ਇਕ ਠੰਢ ਜਿਹੀ ਕਲੇਜੇ ਵਿਚ ਆ ਬੈਠੀ। ਇਹ ਅਸਰ 'ਨਿੱਤ ਦੀ ਯਾਦ ਵਿਚ ਦ੍ਰਿੜ ਰਾਮੋ' ਦੇ ਹਿਰਦੇ ਦੀ ਕ੍ਰਿਪਾਲਤਾ ਤੋਂ ਹੋ ਗਿਆ। ਰਾਮੋਂ ਨੇ ਪਈ ਗਲੱਕੜੀ ਵਿਚ ਕਿਹਾ, "ਭੈਣ ਜੀ! ਤੁਸੀਂ ਬਾਣੀ ਪੜ੍ਹਿਆ ਕਰੋ ਤੇ ਇਹ ਭਾਵ ਜੀ ਵਿਚ ਪਕਾਇਆ ਕਰੋ ਕਿ ਅਕਾਲ ਪੁਰਖ 'ਹੈ'। ਹਰ ਵੇਲੇ ਇਹ ਚੇਤਾ ਰਿਹਾ ਕਰੇ ਕਿ 'ਵਾਹਿਗੁਰੂ ਹੈਗਾ ਹੈ'। ਜਦੋਂ ਸ੍ਰੀ ਗੁਰੂ ਜੀ ਮੁਹਾੜਾਂ ਮੋੜਨਗੇ, ਪਰਤੱਖ ਦਰਸ਼ਨਾਂ ਤੋਂ, ਜੋ ਤੇਰੇ ਭਾਗ ਹੋਣਗੇ, ਪ੍ਰਾਪਤ ਹੋ ਜਾਏਗਾ।"

ਸਹੇਲੀ— ਭੈਣ ਜੀ! ਮਾਰੋ ਤੇ ਚਾਹੇ ਰੱਖੋ ਐਸ ਵੇਲੇ ਤਾਂ ਗੁਰੂ ਤੁਸੀਂ ਦਿੱਸਦੇ ਹੋ।

ਇਹ ਵਾਕ ਸਨ ਕਿ ਤੀਰ? ਰਾਮੋ ਦੇ ਕਲੇਜੇ ਵਿੱਚ ਸਈਂ ਜਾਣੇ ਕੀਹ ਹੋਇਆ। ਸਰੀਰ ਸਾਰੇ ਤੇ ਪਸੀਨਾ ਆ ਗਿਆ ਤੇ ਅੱਖਾਂ ਬੰਦ ਹੋ ਗਈਆਂ। ਗ਼ਸ਼ੀ ਜੇਹੀ ਵਾਂਙੂ ਹਾਲਤ ਹੋ ਗਈ। ਸਹੇਲੀ ਬੜੀ ਘਬਰਾਈ। ਉਸ ਨੇ ਤਾਂ ਜੋ ਕਿਹਾ ਸੀ ਸੋ ਆਪਣਾ ਸੱਚਾ ਦਿਲੀ ਭਾਵ ਕਿਹਾ ਸੀ, ਕੋਈ ਕੁਸ਼ਾਮਤ ਜਾਂ ਦਿਖਾਵਾ ਨਹੀਂ ਸੀ ਤੇ ਰਾਮੋਂ ਨੇ ਸੱਚੀ ਮੁੱਚੀ ਉਸ ਤੇ ਉਪਕਾਰ ਕੀਤਾ ਸੀ, ਫਿਰ ਇਹ ਕੀ ਹੋਇਆ? ਜੇ ਕਦੀ ਸਹੇਲੀ ਕਪਟ ਨਾਲ ਇਹ ਗਲ ਆਖਦੀ ਤਾਂ ਰਾਮੋ ਉਸਨੂੰ ਝਿੜਕਕੇ ਚੁਪ ਹੋ ਜਾਂਦੀ। ਪਰ ਉਸਨੇ ਤਾਂ ਆਪਣਾ ਉਸ ਵੇਲੇ ਦਾ ਸੱਚਾ ਦਿਲੀ ਭਾਵ ਕਿਹਾ ਹੈ। ਪਰ ਰਾਮੋ ਆਪ ਜਾਣਦੀ ਹੈ ਕਿ 'ਮੈਂ ਗੁਰੂ ਨਹੀਂ ਹਾਂ, ਮੈਂ ਤਾਂ ਉਸ ਖੜਗਧਾਰੀ ਦੇ ਦਰ ਦੀ ਕੂਕਰ ਵੀ ਨਹੀਂ ਹਾਂ।' ਇਕ ਪਾਸੇ ਸਤਿਗੁਰ ਦਾ ਅਦਬ ਹੈ ਤੇ ਅਪਣਾ ਨੀਵਾਂ ਮਨ ਹੈ, ਦੂਜੇ ਪਾਸੇ ਸਹੇਲੀ ਦੇ ਸੁੱਚਾ ਦਿਲ ਦਾ ਭਾਵ ਹੈ, ਇਸ ਤਰ੍ਹਾਂ ਦੀ ਦੁਚਿਤਾਈ ਵਿਚ ਘਬਰਾ ਗਈ ਸੀ ਰਾਮੋ।

ਸਹੇਲੀ ਨੇ ਇਹ ਹਾਲ ਵੇਖਕੇ ਪੈਰ ਫੜ ਲਏ: 'ਮੈਂ ਭੁੱਲ ਗਈ। ਭੈਣ ਜੀ! ਤੁਸੀਂ ਸਦਮਾ ਨਾ ਖਾਓ, ਮੈਂ ਅੰਞਾਣ ਹਾਂ। ਮੈਨੂੰ ਸਮਝ ਨਹੀਂ। ਤੁਹਾਡੇ ਹੀ ਚਰਨਾਂ ਦੀ ਸੌਂਹ ਹੈ, ਮੈਂ ਲਾਕੇ ਨਹੀਂ ਕਿਹਾ, ਮੈਨੂੰ ਬਖਸ਼ ਲਓ।'

ਪਰ ਰਾਮੋ ਦੀ ਸੁਰਤ ਤਾਂ ਇਸ ਵੇਲੇ ਦਿੱਲੀ ਪਹੁੰਚ ਗਈ ਹੈ। ਖੜਗਧਾਰੀ ਗੁਰੂ ਜੀ ਦੀ ਹਜ਼ੂਰੀ ਵਿਚ ਤਰਲੇ ਕਰ ਰਹੀ ਹੈ ਕਿ 'ਮੈਂ ਤਾਂ ਆਪ

ਦੇ ਦਰ ਦੀ ਕੂਕਰ ਹਾਂ। ਆਪ ਦੇ ਚਰਨਾਂ ਦੇ ਪਿਆਰ ਦੀ ਦੁਹਾਈ ਸੁਣਕੇ ਮੈਂ ਆਪਦੀ ਦੱਸੀ ਹੋਈ ਗੱਲ ਆਪ ਦੀ ਆਗਜਾ ਸਮਝਕੇ ਦੱਸੀ ਸੀ। ਮੈਨੂੰ ਕੀਹ ਪਤਾ ਸੀ ਕਿ ਮੇਰੇ ਸਰੀਰ ਦੇ ਸੰਬੰਧ ਵਿਚ ਆਪ ਦੀ ਬਰਾਬਰੀ ਇਕ ਭੋਲੇ ਤੇ ਸੱਚੇ ਹਿਰਦੇ ਤੋਂ ਮੇਰੇ ਕੰਨੀ ਪਵੇਗੀ। ਬਖਸ਼ਿੰਦ ਦਾਤਾ ਜੀ! ਬਖਸ਼ੋ ਤੇ ਅਪਣੇ ਚਰਨਾਂ ਕਵਲਾਂ ਦਾ ਭੰਵਰਾ ਬਨਾਈ ਰਖੋ।' ਇਸ ਤਰ੍ਹਾਂ ਦੇ ਪ੍ਰਾਰਥਨਾਂ ਦੇ ਭਾਵ ਵਿਚ ਰਾਮੋ ਕਿੰਨਾਂ ਚਿਰ ਗੁੰਮ ਰਹਿਕੇ ਪਰਤੀ। ਜਦ ਉਸ ਦੀ ਅੱਖ ਖੁਲ੍ਹੀ ਤਾਂ ਕੀ ਵੇਖਦੀ ਹੈ ਕਿ ਪਤੀ ਜੀ ਸਰੰਦਾ ਲੈਕੇ ਪਾਸ ਬੈਠੇ ਕੀਰਤਨ ਕਰ ਰਹੇ ਹਨ ਤੇ ਉਸ ਵੇਲੇ ਅੰਤਲੀਆਂ ਤੁਕਾਂ ਏਹ ਗਾਵੀਆਂ ਜਾ ਰਹੀਆਂ ਸਨ:-

> **"ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ**
> **ਰੇ॥ ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ**
> **ਗਰਭਾਸਿ ਨ ਪਰਿਆ ਰੇ॥੪॥੨॥੧੩॥"**

{ਸੋਰਠ: ਮ: ੫}

ਹਾਂ, ਰਾਮੋ ਨੇ ਚੰਗੀ ਤਰ੍ਹਾਂ ਅੱਖਾਂ ਖੁਹਲੀਆਂ ਤੇ ਸਹੇਲੀ ਵਲ ਮਿਹਰ ਨਾਲ ਤੱਕਿਆ। ਸਹੇਲੀ ਦੀ ਜਾਨ ਵਿਚ ਜਾਨ ਆਈ। ਕੀਰਤਨ ਸਮਾਪਤ ਹੋ ਚੁਕਾ ਸੀ। ਰਾਮੋ ਨੇ ਇਕ ਸੁਹਣੀ ਠੰਢ ਵਰਤੀ ਵਾਲਾ ਸਾਹ ਲਿਆ। ਸਾਈਂ ਦਾਸ ਜੀ ਨੇ ਕਿਹਾ '**ਗੁਰਿ ਪੂਰੇ ਮੇਰੀ ਰਾਖਿ ਲਈ**'॥ ਸਹੇਲੀ ਕੁਛ ਖਿਮਾ ਮੰਗਣ ਵਾਙੂ ਖਿਆਲ ਕਰ ਹੀ ਰਹੀ ਸੀ ਕਿ ਸਾਈਂਦਾਸ ਜੀ ਨੇ ਸੈਨਤ ਕੀਤੀ ਕਿ ਹੁਣ ਕੁਛ ਨਹੀਂ ਕਹਿਣਾ।

ਕੁਛ ਚਿਰ ਮਗਰੋਂ ਭਾਈ ਸਾਈਂਦਾਸ ਜੀ ਨੇ ਉਸ ਬੀਬੀ ਨੂੰ ਸਮਝਾਇਆ ਕਿ 'ਹੇ ਗੁਰੂ ਸੁਆਰੀ! ਗੁਰੂ ਤੁਹਾਡੀ ਸਹਾਇਤਾ ਕਰੇ ਤੇ ਆਪਣੇ ਨੇੜੇ ਕਰੇ। ਗੁਰੂ ਭਾਵਨਾ ਗੁਰੂ ਵਿੱਚ ਹੀ ਧਾਰਨ ਕਰੀਦੀ ਹੈ। ਸਾਰੇ ਦੀਵਿਆਂ ਵਿੱਚ ਸੂਰਜ ਦੀ ਕ੍ਰਿਪਾ ਤੋਂ ਹੀ ਚਾਨਣਾ ਹੈ, ਸਾਰੀ ਅਗਨੀ ਜੋ ਧਰਤੀ ਪੁਰ ਬਲਦੀ ਹੈ, ਸੂਰਜ ਦੀ ਰੌਸ਼ਨੀ ਹੀ ਹੈ, ਪਰ ਕੋਈ ਅੱਗ ਯਾ ਦੀਵਾ ਸੂਰਜ ਨਹੀਂ ਹੈ। ਸਾਰੇ ਚਾਨਣੇ ਕੰਮ ਸਾਰਦੇ ਤੇ ਉਪਕਾਰ ਕਰਦੇ ਹਨ ਤੇ ਸਾਡੇ ਪਿਆਰ ਦੇ ਸਾਮਾਨ ਹਨ, ਪਰ ਸੂਰਜ ਨਹੀਂ ਹਨ। ਸਾਰੇ ਸਿੱਖ ਗੁਰੂ ਦੇ ਚਾਨਣੇ ਨਾਲ ਸਿੱਖ ਬਣੇ ਹਨ। ਹਰੇਕ ਸਿੱਖ ਦੇ ਚਾਨਣੇ ਤੋਂ ਅਨੇਕਾਂ ਸਿੱਖ ਬਣਦੇ ਹਨ ਤੇ ਅਨੇਕਾਂ ਦੇ ਪਾਰ ਉਤਾਰੇ ਹੁੰਦੇ ਹਨ ਪਰ ਸਿੱਖ ਕਦੇ ਗੁਰੂ ਅਖਵਾਉਣਾ ਪਸੰਦ ਨਹੀਂ

ਕਰਦਾ। ਗੁਰੂ ਉਹ ਹੈ ਜੋ ਭੁੱਲ ਨਹੀਂ ਕਰਦਾ[੧]। ਸਿੱਖ ਭੁੱਲਣ ਅੰਦਰ ਹੋਣ ਕਰਕੇ ਗੁਰੂ ਦੇ ਚਾਨਣੇ ਨਾਲ ਜਹਾਨ ਨੂੰ ਰੌਸ਼ਨ ਕਰਦਾ ਅਪਣੇ ਵਿੱਚ ਸਦਾ ਅਦਬ ਤੇ ਭੈ ਨਾਲ ਰਹਿੰਦਾ ਹੈ, ਜਗਤ ਨੂੰ ਤਾਰਦਾ ਹੈ ਤੇ ਭੁੱਲਿਆਂ ਨੂੰ ਰਸਤੇ ਪਾਉਂਦਾ ਨਾਮ ਦਾਨ ਦੀ ਰਾਸ ਨੂੰ ਵਧਾਉਂਦਾ ਹੈ। ਬਖਸ਼ਿਆ ਸਿੱਖ ਨਾਮ ਦੀ ਖਾਣ ਹੈ, ਕਿਉਂਕਿ ਆਪ ਜਪਣਾ ਤੇ ਹੋਰਨਾਂ ਨੂੰ ਜਪਾਉਣਾ ਇਹ ਗੁਰੂ ਦੇ ਪਿਆਰੇ ਸਿੱਖ ਦਾ ਧਰਮ ਹੈ[੨]। ਜੀਅਦਾਨ ਦੇਂਦਾ ਹੋਇਆ ਸਿੱਖ ਫੇਰ ਅਦਬ ਵਿਚ ਹੀ ਵੱਸਦਾ ਹੈ। ਅਦਬ ਸਾਡੇ ਧਰਮ ਦਾ ਨੇਮ ਹੈ[੩]। ਤੇਰੀ ਸ਼ਰਧਾ, ਤੇਰਾ ਪਿਆਰ ਧੰਨ ਹੈ, ਪਰ ਅਸੀਂ ਅਧਮ ਜੀਵ ਅਪਣੇ ਕਰਮਾਂ ਦੇ ਜਾਣੂ ਹਾਂ ਤੇ ਡਰਦੇ ਹਾਂ। ਜੇ ਤੁਹਾਨੂੰ ਠੰਢ ਪਈ ਤਦ ਗੁਰੂ ਨੇ ਪਾਈ। ਰਾਮੋ ਗੁਰੂ ਦੀ ਕ੍ਰਿਪਾ ਤੋਂ ਵਾਂਜੀ ਕੱਖ ਨਹੀਂ ਹੈ। ਰਾਮੋਂ ਗੁਰੂ ਸਨਮਾਨੀ ਸਿੱਖ ਹੈ। ਜੇ ਸਾਨੂੰ ਸਿੱਖੀ ਦਾਨ ਮਿਲਿਆ ਰਹੇ ਤਦ ਬ੍ਰਹਮੰਡ ਦੀ ਸਾਨੂੰ ਲੋੜ ਨਹੀਂ ਹੈ। ਤੁਹਾਡੇ ਜੀ ਵਿੱਚ ਸਤਿਸੰਗ ਨਾਲ ਪ੍ਰੇਮ ਬਣਦਾ ਹੈ ਪ੍ਰੇਮ ਹੀ ਪਾਰ ਕਰੇਗਾ। ਅਸੀਂ, ਦੁਹਾਈ ਹੈ, ਅਜੇ ਸਿੱਖ ਅਖਾਉਣ ਜੋਗੇ ਬੀ ਆਪ ਨੂੰ ਨਹੀਜ ਸਮਝਦੇ। ਜੇ ਗੁਰੂ ਸਿੱਖੀ ਦਾ ਇੱਕ ਕਿਣਕਾ ਬਖਸ਼ੀ ਰੱਖੇ ਤਦ ਜਨਮ ਸਫਲ ਜਨਮ ਹੈ!'

{**ਅਰਥਾਤ**–੧. ਪਰਮੇਸੁਰ ਦਾ ਸਰੂਪ ਪ੍ਰੇਮ ਹੈ। ਉਸ਼ਨੂੰ ਪਿਆਰ ਕਰਨ ਨਾਲ ਸਾਡੇ ਅੰਦਰ ਪ੍ਰੇਮ ਉਪਜਦਾ ਹੈ। ਉਸ ਨਾਲ ਪ੍ਰੇਮ ਹੋਣ ਕਰਕੇ ਦਿਲ ਟਿਕਾਉ, ਭਰੋਸੇ ਤੇ ਸੁਆਦ ਵਿਚ ਰਹਿੰਦਾ ਹੈ, ਜਗਤ ਵਲੋਂ ਜੋ ਮਾੜੇ ਸਲੂਕ ਹੁੰਦੇ ਹਨ ਜਦ ਦਿਲ ਤੇ ਅਸਰ ਕਰਦੇ ਹਨ ਤਦ ਦਿਲ ਪਰਮੇਸ਼ੁਰ ਦੇ ਪਿਆਰ ਵਿਚ ਹੋਣ

---

੧. ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥

{ਸਿਰੀ: ਮ: ੧: ਅਸਟ-੧੨}

੨. ਜਨੁ ਨਾਨਕੁ ਧੂੜਿ ਮੰਗੇ ਤਿਸੁ ਗੁਰ ਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ {ਗਉ: ਵਾਰ-੧੧}

ਪੁਨਾ- ਆਪਿ ਜਪਹੁ ਅਵਰਹ ਨਾਮੁ ਜਪਾਵਹੁ॥
ਸੁਨਤ ਕਹਤ ਰਹਤ ਗਤਿ ਪਾਵਹੁ॥ {ਸੁਖਮਨੀ੧੯-੬}

੩. ਤਾਲਬਾਨੇ ਹੱਕ ਹਮੇਸ਼ਾ ਬਾ-ਅਦਬ॥
ਬਾ-ਅਦਬ ਬਾਸ਼ੰਦ ਦਾਯਮ ਬਾ ਅਦਬ॥੩੦੦॥

{ਜ਼ਿੰਦਗੀ ਨਾਮਾ}

 www.sikhbookclub.com

ਕਰਕੇ ਦੁਖਦਾ ਨਹੀਂ ਤੇ ਜੇ ਦੁਖੇ ਤਾਂ ਅੰਦਰੋਂ ਗੁਰਮਤਿ ਮੱਤਾਂ ਦੇਂਦੀ ਹੈ ਕਿ ਖਿਮਾ ਕਰ, ਅਪਣੇ ਅੰਦਰ ਕਿਸੇ ਦੀ ਈਰਖਾ ਦ੍ਵੈਖ ਦਾ ਸਾੜ ਨਾ ਵਾੜ। ਖੁਸ਼ ਰਹੁ ਤੇ ਵਾਹਿਗੁਰੂ ਜੀ ਦੇ ਸਰੂਪ ਤੋਂ ਨਾ ਵਿਛੁੜ। ਫਿਰ ਗੁਰਮਤ ਕਹਿੰਦੀ ਹੈ ਕਿ ਈਰਖਾਲੂਆਂ ਤੇ ਦ੍ਵੈਖੀਆਂ ਦੋਖੀਆਂ ਨਾਲ ਬੀ ਗੁੱਸੇ ਨਾ ਹੋ। ਗੁੱਸਾ ਪਹਿਲਾਂ ਤੈਨੂੰ ਅੰਦਰੋਂ ਔਖਿਆਂ ਕਰੇਗਾ ਫੇਰ ਦੂਸਰਿਆਂ ਨੂੰ ਸਾੜੇਗਾ। ਸੋ ਤੂੰ ਕਿਸੇ ਦਾ ਨਾ ਬੁਰਾ ਕਰ ਤੇ ਨਾ ਬੁਰਾ ਸੋਚ। ਜਿੰਨਾ ਤੈਥੋਂ ਹੋ ਸਕੇ ਪਿਆਰ ਦਾ ਵਰਤਾਉ ਕਰ। ਜੇ ਸਾਰੇ ਬੰਦੇ ਆਪੋ ਵਿਚ ਪਿਆਰ ਦੀ ਵਰਤੋਂ ਵਰਤਣ ਤਾਂ ਜਗਤ ਸੁਰਗ ਹੋ ਜਾਵੇ। ਫਿਰ ਦੱਸਿਆ ਹੈ ਕਿ ਜਦੋਂ ਬਦੀ ਕਰੋ ਤਾਂ ਦੂਜੇ ਦਾ ਨੁਕਸਾਨ ਤਾਂ ਹੁੰਦਾ ਹੈ ਪਰ ਅਪਣੇ ਅੰਦਰ ਆਪਾ ਬੀ ਉਦਾਸ ਤੇ ਕਈ ਵੇਰ ਦੁਖੀ ਹੁੰਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਆਪੇ ਨੂੰ ਆਪਾ ਦੇਖਣ ਦਾ ਸੁਭਾਵ ਪਾਉਣਾ ਚਾਹੀਏ, ਆਪ ਚੀਨ ਚੀਨ ਕੇ ਦੇਖਦੇ ਰਹਿਣ ਨਾਲ ਪ੍ਰੇਮ ਤੋਂ ਉਲਟ ਕੀਤੇ ਕੰਮ ਤੇ ਉਹਨਾਂ ਤੋਂ ਆਈ ਉਦਾਸੀ ਦਿੱਸ ਪੈਂਦੀ ਹੈ। ਮਾੜੀ ਚੀਜ਼ ਜੇ ਦਿੱਸ ਪਵੇ ਤਾਂ ਕੱਢਣ ਨੂੰ ਜੀ ਕਰਦਾ ਹੈ ਤੇ ਉਸ ਨੂੰ ਕੱਢਣ ਦੀ ਤਾਕਤ ਭਰਦੀ ਹੈ। ਇਸ ਤਰ੍ਹਾਂ ਮਨ ਨੂੰ ਜਿੱਤਣ ਦੀ ਤਾਕਤ ਵਧਦੀ ਹੈ ਤੇ ਸੁਭਾਵ ਪ੍ਰੇਮ ਦਾ ਬਣ ਜਾਂਦਾ ਹੈ।

੨. ਦੂਜੀ ਗਲ ਇਹ ਹੈ ਕਿ ਮਨੁਖ ਜੋ ਕੁਛ ਕਰਦਾ ਹੈ ਉਸਦੇ ਦੋ ਅਸਰ ਹਨ। ਇਕ ਅਪਣੇ ਤੇ, ਦੂਆ ਦੂਜੇ ਤੇ। ਮਿਥ ਲਓ ਕਿ ਇਕ ਮਨੁਖ ਨੇ ਕਿਸੇ ਨੂੰ ਰਾਹ ਜਾਂਦਿਆਂ ਚਪੇੜ ਮਾਰੀ। ਹੁਣ ਉਦਾਸੀ, ਰੰਜ, ਗੁੱਸੇ ਦਾ ਅਸਰ ਤੇ ਬਦਲਾ ਲੈਣ ਦੀ ਚਾਹ ਇਹ ਤਾਂ ਉਸਦੇ ਅੰਦਰ ਉਪਜੇਗਾ ਜਿਸ ਨੂੰ ਚਪੇੜ ਵਜੀ, ਪਰ ਮਾਰਨ ਵਾਲੇ ਦੇ ਅੰਦਰ ਪਹਿਲਾਂ ਗੁੱਸਾ ਆਇਆ ਤੇ ਮਾਰ ਚੁਕਣ ਮਗਰੋਂ ਅਫਸੋਸ ਆਇਆ ਕਿ ਮੈਂ ਕਿਉਂ ਮਾਰਿਆ? ਇਹ ਕੰਮ ਪ੍ਰੇਮ ਦਾ ਨਹੀਂ ਸੀ, ਇਹ ਬਦੀ ਦਾ ਸੀ। ਇਹ ਜੋ ਅਸਰ ਮਾਰਨ ਵਾਲੇ ਦੇ ਅੰਦਰ ਪਿਆ ਇਸਨੂੰ ਤੋਟਾ ਲਿਖਿਆ ਹੈ ਕਿ ਅੰਦਰ 'ਤੋਟੇ' ਦਾ ਅਸਰ ਪਿਆ। ਜਾਂ ਜਿਵੇਂ ਹਿਸਾਬਦਾਨ ਕਹੇਗਾ ਕਿ ਇਕ ਰਕਮ ਰਿਣ ਦੀ ਉਸਦੇ ਅੰਦਰ ਵਧ ਗਈ। ਮੋਟੀ ਗਲ ਇਹ ਕਿ ਅੰਦਰਲੇ ਵਿਚ ਕਿਸੇ ਨਾ ਕਿਸੇ ਤਰ੍ਹਾਂ ਦਾ ਘਾਟਾ ਪਿਆ ਹੈ। ਇਸੇ ਤਰ੍ਹਾਂ ਜੇ ਕਿਸੇ ਨੇ ਕਿਸੇ ਭੁੱਖੇ ਨੂੰ ਰੋਟੀ ਦਿੱਤੀ ਤਾਂ ਉਹ ਰੱਜਿਆ, ਉਸਦੇ ਅੰਦਰ ਸ਼ੁਕਰ ਆਇਆ ਤੇ ਰੋਟੀ ਦੇਣ ਵਾਲੇ ਦੇ ਅੰਦਰ ਇਕ ਸ਼ਾਂਤਮਈ

ਖੁਸ਼ੀ ਆਈ। ਇਹ ਲਾਹਾ ਸੀ। ਮਤਲਬ ਕਿ ਹਿਸਾਬਦਾਨ ਦੀ ਬੋਲੀ ਵਿਚ ਦੇਣ ਵਾਲੇ ਦੇ ਅੰਦਰ ਇਕ ਰਕਮ ਧਨ ਦੀ ਜਮਾਂ ਹੋਈ। ਇਉਂ ਪ੍ਰੇਮ ਨਾਲ ਅੰਦਰਲੇ ਵਿਚ ਲਾਹਾ ਵਧੇਗਾ ਤੇ ਅਪ੍ਰੇਮ ਨਾਲ ਤੋਟਾ ਵਧੇਗਾ। ਜੋ ਰੂਹ ਲਾਹਾ ਵਧਾਉਂਦੀ ਹੈ ਬਲਵਾਨ ਹੋ ਜਾਏਗੀ, ਜੋ ਤੋਟਾ ਵਧਾਏਗੀ ਨਿਰਬਲ ਹੋ ਜਾਏਗੀ। ਇਹ ਸੋਝੀ ਬੜੀ ਕੀਮਤੀ ਹੈ।

ਫਿਰ ਸਮਝਣ ਵਾਲੀ ਗਲ ਹੈ ਕਿ ਮਨੁੱਖ ਦੀ ਮਨੁੱਖ ਨਾਲ ਜੋ ਵਰਤੋਂ ਹੈ, ਅਕਸਰ ਅਪ੍ਰੇਮ ਦੀ ਹੈ। ਇਸਦਾ ਕਾਰਣ ਇਹ ਹੈ ਕਿ ਸਭ ਦੇ ਅੰਦਰ ਭੈ ਤੇ ਭਰਮ ਹੈ। ਇਹ ਕਿੱਥੋਂ ਆਏ? ਉੱਤਰ- ਸਾਡਾ ਸਰੀਰ ਅਪਣੀਆਂ ਲੋੜਾਂ ਲਈ ਜੋ ਜਤਨ ਕਰਦਾ ਹੈ ਉਸ ਵਿਚ ਉਹ ਸ੍ਵੈਰਖਜਾ ਸ੍ਵੈਪਾਲਨਾ ਦੇ ਭਾਵ ਤੋਂ ਵਧਕੇ ਖ਼ੁਦਗਰਜ਼ ਹੋ ਜਾਂਦਾ ਹੈ ਤੇ ਵਰਤਾਉ ਕਰਦਾ ਹੈ ਜ਼ੋਰ ਧੱਕੇ ਦੇ। ਇਨ੍ਹਾਂ ਵਰਤਾਵਾਂ ਤੋਂ ਦਿਲਾਂ ਵਿਚ ਤੌਖਲਾ ਬੈਠ ਗਿਆ ਹੈ। ਤੌਖਲੇ ਦਾ ਹੀ ਰੂਪ ਹੈ ਭੈ ਤੇ ਭਰਮ। ਭੈ ਤੇ ਭਰਮ 'ਤੋਟਾ' ਹੈ ਤੇ ਇਸ ਤੋਟੇ ਦਾ ਫਲ ਹੈ ਦੁੱਖ ਤੇ ਰੋਗ। ਇਸ ਦਾ ਦਾਰੂ ਹੈ ਭਰੋਸਾ, ਪਹਿਲਾ ਭਰੋਸਾ ਵਾਹਿਗੁਰੂ ਤੇ। ਉਹ ਨਿਰਭਉ ਹੈ, ਉਸਦੇ ਸਿਦਕ ਧਾਰਿਆਂ ਦਿਲ ਠੌਰੇ ਆ ਜਾਂਦਾ ਹੈ ਤੇ ਨਿਰਭਉ ਨੂੰ ਭਜਿਆਂ ਭਉ ਮਿਟ ਜਾਂਦਾ ਹੈ। ਇਹ ਉਹੋ ਗਲ ਹੈ ਜੋ ਸੁਖਮਨੀ ਸਾਹਿਬ ਵਿਚ ਲਿਖੀ ਹੈ "**ਦੂਖ ਰੋਗ ਬਿਨਸੇ ਭੈ ਭਰਮ**" ਕਿ ਜਿਸਨੂੰ ਵਾਹਿਗੁਰੂ ਚਿਤ ਆਵੇ ਉਸਦੇ ਭੈ ਤੇ ਭਰਮ ਮਿਟ ਜਾਂਦੇ ਹਨ। ਭੈ ਤੇ ਭਰਮ ਕਾਰਣ ਹਨ ਤੇ ਦੁਖ ਰੋਗ ਕਾਰਜ ਹਨ, ਸੋ ਜਦ ਭੈ ਭਰਮ ਮਿਟ ਗਏ ਤਾਂ ਦੁਖ ਰੋਗ ਦੇ ਰਸਤੇ ਆਪੇ ਬੰਦ ਹੋ ਗਏ।

੩. ਇਸ ਦੀ ਪ੍ਰਾਪਤੀ ਭਲੇ ਪੁਰਖਾਂ ਦੇ ਸਤਿਸੰਗ ਵਿਚ ਹੈ ਕਿ ਜਿਨ੍ਹਾਂ ਦੇ ਸੰਗ ਨਾਲ ਤੋਟੇ ਦੀ ਰਾਸ ਘਟਦੀ ਹੈ। '**ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ॥**' ਸਤਿਸੰਗ ਨਾਲ ਕੂੜ ਦੀ ਰਾਸ ਯਾ ਤੋਟੇ ਦੀਆਂ ਰਕਮਾਂ ਘਟ ਜਾਂਦੀਆਂ ਹਨ। ਨਾਮੀ ਪੁਰਖ ਦਾ ਸੰਗ ਇਕ ਤਾਂ ਇਹ ਸਤਿਸੰਗ ਹੈ। ਦੂਜੇ ਗੁਰੂ ਕੀ ਬਾਣੀ ਦਾ ਪਾਠ, ਵੀਚਾਰ, ਇਹ ਬੀ ਸਤਿਸੰਗ ਹੈ, ਗੁਰੂ ਦਾ ਸਤਿਸੰਗ। ਇਸ ਨਾਲ ਕੀਰਤਨ ਤੇ ਲਿਵ ਦੀ ਪ੍ਰਾਪਤੀ ਹੁੰਦੀ ਹੈ। ਫਿਰ ਪਾਰ ਗਿਰਾਮੀ ਸਿੱਖ ਨੂੰ ਗੁਰੂ ਮਤ ਵਿਚ ਗੁਰਮੁਖ ਕਹਿੰਦੇ ਤੇ ਸਤਿਕਾਰਦੇ ਹਨ, ਪਰ ਗੁਰੂ ਪਦਵੀ ਦਸਾਂ ਗੁਰੂ ਸਾਹਿਬਾਂ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤੀ ਹੈ।

ਸਿੱਖਾਂ ਵਿਚ ਗੁਰਮੁਖ ਹੋਏ ਹਨ। ਉਨ੍ਹਾਂ ਨੂੰ ਮੰਜੀਆਂ ਤੇ ਬਖਸ਼ਿਸ਼ਾਂ ਵਾਲੇ ਬੀ ਕਹਿੰਦੇ ਹਨ। ਉਹ ਆਪ ਜਪਦੇ ਦੂਇਆਂ ਨੂੰ ਜਪਾਉਂਦੇ ਹਨ ਤੇ ਸਿੱਖਾਂ ਨੂੰ ਗੁਰੂ ਸਾਹਿਬਾਂ ਦੀ ਚਰਨੀਂ ਲਿਆਕੇ ਲਾਉਂਦੇ ਹਨ। ਜੋ ਗੁਰੂ ਦਾ ਦਰਜਾ ਉਨ੍ਹਾਂ ਬਖਸ਼ਿਸ਼ਾਂ ਵਾਲਿਆਂ ਤੋਂ ਉਚਾ ਹੁੰਦਾ ਹੈ ਤੇ ਉਨ੍ਹਾਂ ਦੀਆਂ ਸੰਗਤਾਂ ਬੀ ਐਉਂ ਹੀ ਮੰਨਦੀਆਂ ਹਨ। ਹੁਣ ਬੀ ਇਹੋ ਗਲ ਹੈ। ਗੁਰਮੁਖ ਦਾ ਮੇਲ ਅਸੀਂ ਲੋਚਦੇ ਹਾਂ। ਸਤਿਸੰਗ ਤੋਂ ਲਾਭ ਲੈਂਦੇ ਹਾਂ, ਸਤਕਾਰ ਕਰਦੇ ਹਾਂ। ਉਹ ਨਾਮ ਜਪਦਾ ਤੇ ਜਪਾਉਂਦਾ ਹੈ, ਪਰ ਸਭ ਨੂੰ ਗੁਰੂ ਕੀ ਸ਼ਰਨ ਅਪੜਾਉਂਦਾ ਹੈ, ਆਪ ਨੂੰ ਸਿੱਖ ਹੀ ਕਰਕੇ ਜਾਣਦਾ ਹੈ ਤੇ ਅਦਬ ਵਿਚ ਵੱਸਦਾ ਹੈ। ਸਿਖ ਉਸਦਾ ਸਤਿਕਾਰ ਕਰਦੇ ਹਨ। ਗੁਰੂ ਕਾ ਮਤ ਬਹੁਤ ਸਿਧਾ ਤੇ ਸੌਖਾ ਹੈ। ਇਹ ਦੱਸਦਾ ਹੈ ਕਿ ਆਪਣੇ ਆਪ ਨਾਲ ਸਤਵਾਦੀ ਬਣੋ। ਜਿਵੇਂ ਆਪੇ ਨਾਲ ਝੂਠ ਕਪਟ ਨਾ ਵਰਤੋ ਤਿਵੇਂ ਦੂਇਆਂ ਨਾਲ ਝੂਠ, ਦਗ਼ਾ ਤਿਆਗੋ ਤੇ ਪਿਆਰ ਵਰਤੋ। ਪਿਆਰ ਦੀ ਜਾਚ ਲਈ ਸਤਿਸੰਗ ਕਰੋ, ਬਾਣੀ ਨੂੰ ਪੜੋ, ਵੀਚਾਰੋ ਤੇ ਵਾਹਿਗੁਰੂ ਨਾਲ ਪ੍ਰੇਮ ਕਰੋ। ਵਾਹਿਗੁਰੂ ਨਾਲ ਪ੍ਰੇਮ ਤੁਹਾਡੇ ਸੁਭਾਵ ਨੂੰ ਪ੍ਰੇਮ ਮਈ ਕਰੇਗਾ। ਜਦ ਸੁਭਾਵ ਪ੍ਰੇਮ ਦਾ ਹੋਵੇਗਾ ਤਾਂ ਤੁਸੀਂ ਜਗਤ ਵਿਚ ਬੀ ਪ੍ਰੇਮ ਵਰਤੋਗੇ।}

## (੭.) ਭਾਈ ਢੇਸੇ ਨਾਲ ਵਿਚਾਰ, ਦੁਖ ਤੇ ਸੁਖ।

**ਇਕ** ਦਿਨ ਭਾਈ ਸਾਈਂਦਾਸ ਜੀ ਕਥਾ ਕਰਕੇ ਹਟੇ। ਸੰਗਤ ਘਰੋ ਘਰੀ ਗਈ। ਆਪ ਅਜੇ ਧਰਮਸਾਲ ਵਿੱਚ ਹੀ ਸਨ ਕਿ ਇਕ ਬੜੀ ਦਨਾਈ ਦੀ ਸੂਰਤ ਵਾਲਾ ਅਧਖੜ ਮਨੁੱਖ ਆ ਗਿਆ। ਭਾਈ ਜੀ ਦੇ ਪਾਸ ਆ ਬੈਠਾ। ਪੈਰੀ ਪੌਣਾ ਕੀਤਾ ਤੇ ਬੜੀ ਨਿੰਮ੍ਰਤਾ ਨਾਲ ਬੋਲਿਆ:- "ਭਾਈ ਜੀ! ਪਰਮੇਸ਼ੁਰ ਮੈਨੂੰ ਕਿਉਂ ਰਚਿਆ?" ਭਾਈ ਜੀ ਕੁਛ ਤ੍ਰਬ੍ਹਕਕੇ ਤੱਕਣ ਲਗ ਗਏ। ਅਜੇ ਤੱਕ ਹੀ ਰਹੇ ਸਨ, ਕਿ ਉਹ ਕਹਿੰਦਾ ਹੈ:- "ਦੱਸੋ ਜੀ, ਮੈਂ ਬੜਾ ਦੁਖੀ ਹਾਂ, ਮੈਨੂੰ ਕਿਉਂ ਰਚਿਆ?"

ਹੁਣ ਭਾਈ ਜੀ ਧੀਰਜ ਨਾਲ ਬੋਲੇ:— "ਹੇ ਸੱਜਨ! ਇਸ ਗੱਲ ਦਾ ਉਤਰ ਕੋਈ ਪੰਡਤ ਜਾਂ ਕਾਜ਼ੀ ਦੇ ਸਕਦਾ ਹੈ। ਮੈਂ ਤਾਂ ਮੋਟੀ ਅਕਲ ਦਾ ਮੋਟਾ ਸੂਤਰ ਹਾਂ, ਕਰਤਾ ਪੁਰਖ ਆਪ ਜਾਣੇ।"

ਢੇਸਾ (ਉਸਦਾ ਨਾਉਂ ਸੀ)— ਮਹਾਰਾਜ ਜੀ! ਪੰਡਤ, ਮੁੱਲਾਂ ਤੇ ਪਾਂਧੇ ਅੱਡ ਅੱਡ ਗੱਲਾਂ ਦੱਸਦੇ ਹਨ, ਕੋਈ ਇਕ ਗੱਲ ਨਹੀਂ ਕਹਿੰਦਾ। ਕਿਤੇ ਸ਼ਾਸਤਰਾਂ ਦੇ ਅੱਡ ਅੱਡ ਨਿਰਣੇ ਹਨ, ਕਿਤੇ ਅੱਡ ਅੱਡ ਵਿਦ੍ਵਾਨਾਂ ਦੀਆਂ ਅੱਡ ਅੱਡ ਟੋਹਾਂ ਹਨ, ਕਿਤੇ ਅੱਡ ਅੱਡ ਕਥਾਂ ਹਨ। ਇਕ ਨਾਲ ਦੂਸਰੀ ਨਹੀਂ ਰਲਦੀ। ਮੈਂ ਘਬਰਾਕੇ ਹੀ ਤਾਂ ਆਪ ਦੇ ਪਾਸ ਆਇਆਂ ਹਾਂ ਕਿ ਸੱਚੀ ਗੱਲ ਕਿਹੜੀ ਹੈ?

ਸਾਈਂ ਦਾਸ— ਮਿਥ ਲਓ ਕਿ ਇੱਕ ਗੱਲ ਮੈਂ ਬੀ ਕਹਿ ਦਿੱਤੀ, ਕੀ ਓਹ ਹੋਰਨਾਂ ਨੂੰ ਝੂਠੀ ਬਣਾਕੇ ਆਪ ਸੱਚੀ ਪ੍ਰਵਾਨ ਹੋ ਜਾਏਗੀ? ਯਾ ਬਹੁਤੀਆਂ ਵਿੱਚ ਇੱਕ ਹੋਰ ਰਲਕੇ ਰੌਲੇ ਨੂੰ ਵਧਾਏਗੀ? ਤੁਸੀਂ ਮੇਰੇ ਲਿਹਾਜ਼ ਕਰਕੇ ਮੇਰੀ ਕਹੀ ਨੂੰ ਸੱਚ ਮੰਨ ਲਓਗੇ ਤਾਂ ਬਾਜ਼ੇ ਲੋਕ ਉਸਨੂੰ ਵੀ ਕਈ ਅਵਾਜ਼ਾਂ ਵਿਚੋਂ ਇਕ ਗਿਣਨਗੇ। ਇਸ ਤਰ੍ਹਾਂ ਮੇਰਾ ਕਹਿਣਾ ਬੀ ਤੁਹਾਡਾ ਮਤਲਬ ਸਿੱਧ ਨਹੀਂ ਕਰੇਗਾ।

ਢੇਸਾ— ਗੁਰੂ ਜੀ ਨੇ ਕੁਛ ਨਹੀਂ ਕਿਹਾ?

ਸਾਈਂਦਾਸ— ਕਿਹਾ ਕਿਉਂ ਨਹੀਂ ਹੋਣਾ, ਪਰ ਮੇਰੀ ਅਜੇ ਅਵਸਥਾ ਸਾਰੇ ਨੂੰ ਸਮਝਣ ਵਾਲੀ ਨਹੀਂ ਹੋਈ, ਕੁਛ ਕੁਦਰਤੀ ਅਕਲ ਮੋਟੀ, ਕੁਛ ਤਪਾਂ ਦਾ ਹੀਣਾ।

ਢੇਸਾ— ਮੈਂ ਕੀਹ ਕਰਾਂ? ਮੈਂ ਬਹੁਤ ਦੁਖੀ ਹਾਂ।

ਸਾਈਂਦਾਸ— ਇਸ ਗਲ ਦਾ ਤਾਂ ਦਾਰੂ ਹੋ ਸਕਦਾ ਹੈ ਅਰ ਓਸ ਦਾਰੂ ਵਿਚੋਂ ਹੀ, ਅਵਸਥਾ ਪਾਰ ਹੋ ਗਿਆਂ, ਕਦੇ ਉਸ ਗਲ ਦੀ ਪਛਾਣ ਅੱਖਾਂ ਦੇ ਅੱਗੇ ਖੁੱਲ੍ਹ ਸਕਦੀ ਹੈ ਜੋ ਤੂੰ ਅਜ ਜਾਣਨੀ ਚਾਹੁੰਦਾ ਹੈਂ। ਅੱਜ ਜੋ ਕੇਵਲ ਸਮਝ ਨੂੰ ਲੜਾਉਣਾ ਹੈ, ਉਹ ਕਿਆਸ ਕਰਨੇ ਹਨ।

ਢੇਸਾ— ਫੇਰ ਕੀਹ ਕਰਾਂ?

ਸਾਈਂਦਾਸ— ਤੂੰ ਇਹ ਦੱਸ ਕਿ 'ਤੂੰ ਹੈਗਾ ਹੈਂ'? ਅਪਣੇ ਆਪ ਨੂੰ ਸਮਝਦਾ ਹੈਂ ਕਿ 'ਮੈਂ ਹਾਂ'?

ਢੇਸਾ— ਬੜੀ ਚੰਗੀ ਤਰ੍ਹਾਂ।

ਸਾਈਂਦਾਸ— ਹਾਲੇ ਇਹ ਗੱਲ ਛਡ ਦੇਹ, ਕਿ ਮੈਂ ਕਿਉਂ ਹਾਂ ਤੇ ਕਿਸ ਤਰ੍ਹਾਂ ਹਾਂ।

 www.sikhbookclub.com

ਢੇਸਾ— ਇਸ ਦੇ ਛੱਡਣ ਦਾ ਗੁਣ?

ਸਾਈਂਦਾਸ— ਤੂੰ ਕਿਹਾ ਸੀ, ਮੈਂ ਦੁਖੀ ਹਾਂ। ਅਸੀਂ ਹੁਣ ਰਲਕੇ ਇਹ ਵੀਚਾਰ ਕਰਨੀ ਚਾਹੁੰਦੇ ਹਾਂ ਕਿ ਕਿਆ ਦੁਖ ਦੂਰ ਹੋ ਸਕਦਾ ਹੈ, ਬਿਨਾਂ (ਹਾਲੇ) ਇਸ ਝਗੜੇ ਵਿੱਚ ਪੈਣ ਦੇ ਕਿ ਅਸੀਂ ਕਿਸ ਤਰ੍ਹਾਂ ਬਣ ਗਏ ਤੇ ਕਿਉਂ ਬਣ ਗਏ? ਜੇ ਅਸੀਂ ਇਸ ਤੋਂ ਬਿਨਾਂ ਸੁਖੀ ਹੋ ਸਕੀਏ ਤਦ ਰੋਗ ਤਾਂ ਰਾਜ਼ੀ ਹੋ ਗਿਆ। ਰੋਗ ਕਿੱਕੂੰ ਲੱਗਾ ਸੀ ਤੇ ਕਿਉਂ ਲੱਗਾ ਸੀ? ਇਸਦੀ ਲੋੜ ਜੇ ਇਲਾਜ ਵਿਚ ਨਾ ਪਵੇ ਤੇ ਆਰਾਮ ਆ ਜਾਵੇ ਤਦ ਕਿਆ ਚੰਗਾ ਨਹੀਂ ਕਿ ਅਸੀਂ ਪਹਿਲੇ ਪੀੜ ਤੋਂ ਖਲਾਸੀ ਪਾ ਲਈਏ, ਫੇਰ ਹਕੀਮੀ ਦੀ ਵਿਦਜਾ ਪਏ ਪੜ੍ਹੀਏ, ਜਿਸ ਤੋਂ ਪਤਾ ਲੱਗ ਜਾਏ ਕਿ ਕਿੱਕੂੰ ਰੋਗ ਲੱਗਦਾ ਹੈ। ਕੀਹ ਤੁਸੀਂ ਇਸ ਗੱਲ ਵਿੱਚ ਮੇਰੇ ਨਾਲ ਇੱਕ ਸੰਮਤਿ ਹੁੰਦੇ ਹੋ?

ਢੇਸਾ (ਸੋਚਕੇ)— ਹੈ ਤਾਂ ਠੀਕ।

ਸਾਈਂਦਾਸ— ਤੁਸੀਂ ਮੰਨਦੇ ਹੋ ਕਿ 'ਤੁਸੀਂ ਹਓ'?

ਢੇਸਾ— ਜੀ ਹਾਂ।

ਸਾਈਂਦਾਸ— ਤੁਸੀਂ ਹਓ, ਪਰ ਦੁਖੀ ਹੋ?

ਢੇਸਾ— ਠੀਕ, ਮੈਂ ਹਾਂ ਪਰ ਦੁਖੀ ਹਾਂ।

ਸਾਈਂਦਾਸ— ਤੁਸੀਂ ਚਾਹੁੰਦੇ ਹੋ ਕਿ 'ਸੁਖੀ ਹੋ ਜਾਓ'?

ਢੇਸਾ— ਇਹੋ ਤਾਂ ਮੈਂ ਮੰਗਦਾ ਹਾਂ।

ਸਾਈਂਦਾਸ— ਤਦ ਪਤਾ ਲੱਗਾ ਕਿ 'ਤੁਸੀਂ ਹਓ'? ਪਰ ਜਿਕੂੰ ਹੁਣ ਹਓ 'ਦੁਖੀ ਹੋ'।

ਢੇਸਾ— ਠੀਕ!

ਸਾਈਂਦਾਸ— ਪਰ ਤੁਸੀਂ ਦੁਖੀ ਹੋਣ ਵਿੱਚ ਖੁਸ਼ ਨਹੀਂ ਅਰ ਵਾਹ ਲਾਉਂਦੇ ਹੋ ਕਿ ਸੁਖੀ ਹੋਵਾਂ।

ਢੇਸਾ— ਲਾਉਂਦਾ ਹੀ ਹਾਂ।

ਸਾਈਂਦਾਸ— ਫੇਰ ਬੀ ਸੁਖੀ ਨਹੀਂ ਹੋਏ?

ਢੇਸਾ— ਨਹੀਂ?

ਸਾਈਂਦਾਸ— ਹੱਛਾ! ਹੁਣ ਅਸੀਂ ਵੇਖੀਏ ਕਿ ਤੁਹਾਡੀਆਂ ਵਾਹਵਾਂ ਕਿਉਂ ਤੁਹਾਨੂੰ ਸੁਖੀ ਨਹੀਂ ਕਰਦੀਆਂ? ਜਾਂ ਤਾਂ ਓਹ ਵਾਹਵਾਂ ਗ਼ਲਤ ਹਨ ਯਾ ਲਾਉਣ ਦਾ ਤਰੀਕਾ ਗ਼ਲਤ ਹੈ।

ਢੇਸਾ— ਦੋਵੇਂ ਯਾ ਦੁਹਾਂ ਵਿਚੋਂ ਇੱਕ ਗੱਲ ਜ਼ਰੂਰ ਹੈ।

ਸਾਈਂਦਾਸ— ਵਖੋ ਵੱਖ ਕਰਕੇ ਪੜਤਾਲ ਕਰੀਏ।

ਢੇਸਾ— ਸੱਤ ਬਚਨ।

ਸਾਈਂਦਾਸ— ਤੁਸੀਂ ਕੀ ਕੀ ਵਾਹਵਾਂ ਲਾਈਆਂ?

ਢੇਸਾ— ਮੈਂ ਹਰ ਪੰਡਤ ਹਰ ਵਿਦ੍ਵਾਨ ਪਾਸ ਪੁੱਛਣ ਗਿਆ ਪਰ ਕਿਸੇ ਨੇ ਮੇਰੀ ਤਸੱਲੀ ਨਾ ਕੀਤੀ।

ਸਾਈਂਦਾਸ— ਇਹ ਤਾਂ ਤੁਸੀਂ ਕੇਵਲ ਇਸ ਘਬਰਾ ਦੇ ਦੂਰ ਕਰਨ ਲਈ ਗਏ ਕਿ ਮੈਨੂੰ ਕਿਉਂ ਰਚਿਆ ਗਿਆ? ਇਹ ਘਬਰਾ ਤੁਹਾਨੂੰ ਆਪਣੇ ਆਪ ਨੂੰ ਦੁਖੀ ਸਮਝਣ ਤੋਂ ਪਿਆ। ਸੋ ਇਹ ਘਬਰਾ ਤਾਂ ਰੋਗ ਦੇ ਹੋਣ ਕਰਕੇ ਸੀ ਇਹ ਕੋਈ ਰੋਗ ਨਵਿਰਤੀ ਦਾ ਉਪਾਉ ਤਾਂ ਨਹੀਂ ਸੀ। ਮੈਂ ਪੁੱਛਦਾ ਹਾਂ ਕਿ ਅਸਲੀ ਰੋਗ ਦੇ ਦੂਰ ਕਰਨ ਲਈ ਕੀਹ ਵਾਹਵਾਂ ਲਾਈਆਂ ਜੇ?

ਢੇਸਾ— ਉਹ ਤਾਂ ਮੈਂ ਕੋਈ ਨਹੀਂ ਲਾਈਆਂ।

ਸਾਈਂਦਾਸ— ਭਲਾ, ਮੈਂ ਕੁਛ ਦੱਸਦਾ ਹਾਂ, ਇਨ੍ਹਾਂ ਵਿਚੋਂ ਜੋ ਜੋ ਤੁਸਾਂ ਲਾਈ ਹੋਵੇ ਸੋ ਸੋ ਦੱਸੀ ਜਾਣੀ।

ਢੇਸਾਂ— ਹੱਛੀ ਗੱਲ।

ਸਾਈਂਦਾਸ— ਤੁਸੀਂ ਜਦੋਂ ਅਵਾਣੇ ਸੀ, ਖਾਣ ਪੀਣ ਵਾਸਤੇ ਸਭ ਤੋਂ ਵੱਧ ਉਛਲਦੇ ਸੀ। ਤੁਹਾਨੂੰ ਭਾਵੇਂ ਪਤਾ ਨਹੀਂ ਸੀ ਕਿ ਕਿਉਂ ਪਰ ਗੱਲ ਇਹੋ ਹੁੰਦੀ ਸੀ। ਹੁਣ ਬੀ ਚੰਗੀ ਤੋਂ ਚੰਗੀ ਚੀਜ਼ ਖਾਣ ਲਈ ਕੋਸ਼ਿਸ਼ ਕਰਦੇ ਹੋ ਅਰ ਵਾਹ ਲੱਗੇ ਉੱਤਮ ਤੋਂ ਉੱਤਮ ਵਸਤੂ ਖਾਂਦੇ ਹੋ।

ਢੇਸਾ— ਠੀਕ ਹੈ।

ਸਾਈਂਦਾਸ— ਇਉਂ ਕਿਉਂ?

ਢੇਸਾ— ਜੀ ਕਰਦਾ ਹੈ।

ਸਾਈਂਦਾਸ— ਜੀ ਕਿਉਂ ਕਰਦਾ ਹੈ?

ਢੇਸਾ— ਇਹ ਤਾਂ ਮੈਨੂੰ ਪਤਾ ਨਹੀਂ ਹੈ।

ਸਾਈਂਦਾਸ— ਲਓ ਇਸ ਨੂੰ ਪੜਤਾਲੀਏ। ਕੀਹ ਭੋਜਨ ਨਾ ਖਾਧਿਆਂ ਇਕ ਅੰਦਰ ਹਾਲਤ ਪੈਦਾ ਹੁੰਦੀ ਹੈ ਜਿਸ ਨੂੰ ਭੁੱਖ ਕਹੀਦਾ ਹੈ? ਅਰ ਉਸ ਭੁੱਖ ਦੀ ਤਸੱਲੀ ਨਾ ਕੀਤਿਆਂ ਉਹ ਭੁੱਖ ਦੁੱਖ ਬਣ ਜਾਂਦੀ ਹੈ ਅਰ ਉਸ ਦੁੱਖ ਤੋਂ ਬਚਣ ਲਈ ਕੁਛ ਖਾਈਦਾ ਹੈ। ਫਿਰ ਖਾਂਦਿਆਂ ਜੀਭ ਨੂੰ ਕੋਈ ਸੁਆਦ ਆਉਂਦਾ ਹੈ। ਉਸ ਸੁਆਦ ਨੂੰ ਵਧੀਕ ਤੋਂ ਵਧੀਕ ਮਾਣਨ ਲਈ ਸੁਾਦੀਕ ਤੋਂ ਸੁਾਦੀਕ ਪਦਾਰਥ ਲੱਭੀਦਾ ਹੈ। ਕੀ ਇਹ ਦੋਵੇਂ ਗੱਲਾਂ ਤੁਸੀਂ ਮੰਨਦੇ ਹੋ ਕਿ ਠੀਕ ਹਨ?

ਢੇਸਾ (ਤੱਕ ਕੇ)— ਠੀਕ ਹਨ।

ਸਾਈਂਦਾਸ— ਤਦ ਫੇਰ ਇਹ ਗੱਲ ਨਿਕਲੀ ਕਿ ਤੁਸੀਂ ਭੁੱਖ ਦਾ ਦੁੱਖ ਦੂਰ ਕਰਨ ਲਈ ਖਾਣਾ ਖਾਣ ਦੀ ਵਾਹ ਲਾਈ ਤੇ ਵਧੀਕ ਸੁਆਦਾਂ ਨੂੰ ਮਾਣਨ ਲਈ ਵਧੀਕ ਸੁਆਦੀ ਪਦਾਰਥਾਂ ਦੀ ਭਾਲ ਕੀਤੀ।

ਢੇਸਾ— ਠੀਕ।

ਸਾਈਂਦਾਸ— ਕੀ ਭੁੱਖ ਦਾ ਦੁੱਖ ਦੂਰ ਕਰਨਾ, ਅਰ ਜੀਭ ਨੂੰ ਵਧੀਕ ਸੁਆਦ ਚਖਾਉਣੇ, ਸੁਖ ਹਨ ਯਾ ਦੁਖ?

ਢੇਸਾ— ਸੁਖ।

ਸਾਈਂਦਾਸ— ਤਦ ਤੁਸੀਂ ਮੰਨਦੇ ਹੋ ਕਿ ਤੁਸੀਂ ਸੁਤੇ ਹੀ ਸੁਖ ਲਈ ਇਹ ਵਾਹ ਲਾਉਂਦੇ ਰਹੇ ਹੋ?

ਢੇਸਾ— ਇਹ ਠੀਕ ਹੈ ਕਿ ਮੈਂ ਵਾਹ ਲਾਉਂਦਾ ਰਿਹਾ ਹਾਂ ਪਰ ਮੈਂ ਸਮਝਦਾ ਨਹੀਂ ਸਾਂ।

ਸਾਈਂਦਾਸ— ਜਦ ਕਦੇ ਕਿਸੇ ਨੇ ਤੁਹਾਡੀ ਮਰਜ਼ੀ ਤੋਂ ਉਲਟ ਕੰਮ ਕੀਤਾ ਜਾਂ ਕਿਸੇ ਨੇ ਤੁਹਾਡੇ ਸੁਭਾਵ ਨੂੰ ਚੰਗੇ ਲੱਗਣ ਵਾਲੀਆਂ ਗੱਲਾਂ ਦੇ ਉਲਟ ਕਿਹਾ ਤਦ ਤੁਹਾਨੂੰ ਦੁੱਖ ਪ੍ਰਤੀਤ ਹੋਇਆ ਕਿ ਨਹੀਂ?

ਢੇਸਾ— ਹੋਇਆ।

ਸਾਈਂਦਾਸ— ਉਸਦੇ ਦੂਰ ਕਰਨ ਲਈ ਤੁਸੀਂ ਉਸਨੂੰ ਉਸੇ ਹਾਲਤ ਵਿਚ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਕਿ ਨਹੀਂ ਕਿ ਜਿਸ ਵਿੱਚ ਉਸ ਨੇ ਤੁਹਾਨੂੰ ਪਹੁੰਚਾਇਆ ਸੀ?

 www.sikhbookclub.com

ਢੇਸਾ— ਠੀਕ ਹੈ, ਉਸਤੋਂ ਵੱਧ ਸਗੋਂ।

ਸਾਈਂਦਾਸ— ਕੀ ਇਹ ਜਤਨ ਇਸ ਲਈ ਨਹੀਂ ਸੀ ਕਿ ਤੁਸੀਂ ਉਸ ਨੂੰ ਵਧੀਕ ਦੁਖੀ ਕਰਨ ਵਿੱਚ ਸੁਖੀ ਹੁੰਦੇ ਸਾਓ। ਯਾ ਇਉਂ ਕਹੋ ਕਿ ਬਦਲਾ ਲੈਣ ਵਿੱਚ ਇਕ ਸੁਆਦ ਆਉਂਦਾ ਸੀ ਅਰ ਉਹ ਸੁਆਦ ਇਕ ਤਰ੍ਹਾਂ ਦਾ ਸੁਖ ਭਾਸਦਾ ਸੀ?

ਢੇਸਾ— ਠੀਕ ਹੈ।

ਸਾਈਂਦਾਸ— ਜਦ ਤੁਸੀਂ ਜੁਆਨ ਹੋਏ, ਕੀਹ ਇਸਤ੍ਰੀ ਮਾਤ੍ਰ ਤੁਹਾਨੂੰ ਮਨੁੱਖ ਮਾਤ੍ਰ ਤੋਂ ਵਧੀਕ ਪਿਆਰੀ ਲਗਦੀ ਸੀ?

ਢੇਸਾ— ਲਗਦੀ ਸੀ।

ਸਾਈਂਦਾਸ— ਫੇਰ ਤੁਹਾਨੂੰ ਇਸਤ੍ਰੀਆਂ ਵਿਚੋਂ ਕੋਈ ਵਧੀਕ ਸੁਹਣੀ ਤੇ ਵਧੀਕ ਚੰਗੀ ਲਗਦੀ ਸੀ ਕਿ ਨਹੀਂ?

ਢੇਸਾ— ਠੀਕ ਹੈ, ਪਰ ਗੁਣ ਬੀ ਚੰਗੇ ਲਗਦੇ ਸੀ।

ਸਾਈਂਦਾਸ— ਕੀਹ 'ਸੁੰਦਰਤਾ' ਵਧੀਕ ਖਿੱਚ ਮਾਰਦੀ ਸੀ ਅਰ 'ਗੁਣ' ਵੀਚਾਰ ਕਰਨ ਤੋਂ ਮਗਰੋਂ ਭਾਉਂਦੇ ਸੇ ਯਾ ਇਸ ਤੋਂ ਉਲਟ ਹੁੰਦਾ ਸੀ?

ਢੇਸਾ— ਸੁੰਦਰਤਾ ਵਧੀਕ ਅਰ ਅਗੰਮ ਦੀ ਖਿੱਚ ਮਾਰਦੀ ਸੀ ਅਰ ਕਿਸੇ ਸੋਚ ਵੀਚਾਰ ਦੀ ਲੋੜ ਨਹੀਂ ਸੀ ਰਖਦੀ।

ਸਾਈਂਦਾਸ— ਭਲਾ ਜੇ ਮਨ ਨੂੰ ਭਾਈ ਇਸਤ੍ਰੀ ਨਾ ਮਿਲੇ ਤਾਂ ਇਸਦੇ ਨਾਂ ਮਿਲਣ ਨੂੰ ਤੁਸੀਂ ਦੁੱਖ ਸਮਝਣ ਲਗ ਗਏ ਸਾਓ ਕਿ ਨਹੀਂ?

ਢੇਸਾ— ਸਮਝਣ ਲਗ ਗਿਆ ਸਾਂ, ਇਹ ਠੀਕ ਹੈ।

ਸਾਈਂਦਾਸ— ਉਸ ਦੁੱਖ ਦੇ ਦੂਰ ਕਰਨ ਲਈ ਤੁਸੀਂ ਉਸ ਇਸਤ੍ਰੀ ਨਾਲ ਮ੍ਰਿਯਾਦਾ ਅਨੁਸਾਰ ਵਿਆਹ ਕੀਤਾ ਸੀ?

ਢੇਸਾ— ਵਿਆਹ ਕੀਤਾ ਸੀ।

ਸਾਈਂਦਾਸ— ਵਿਆਹ ਦੀ ਖੁਸ਼ੀ ਕਿੰਨੀ ਕੁ ਹੋਈ ਸੀ?

ਢੇਸਾ— ਬਹੁਤ ਹੀ ਵਧੀਕ।

ਸਾਈਂਦਾਸ— ਕੀਹ ਇਹ ਸੁਖੀ ਹੋਣ ਦਾ ਹੀਲਾ ਸੀ ਯਾ ਕੁਝ ਹੋਰ?

ਢੇਸਾ— ਸੀ ਤਾਂ ਇਹੋ ਕੁਛ।

 www.sikhbookclub.com

ਸਾਈਂਦਾਸ— ਬਹੁਤ ਹੱਛਾ। ਹੁਣ ਇਕ ਹੋਰ ਵੀਚਾਰ ਕਰੀਏ। ਵਹੁਟੀ ਦੀ ਪ੍ਰਸੰਨਤਾ ਤੁਹਾਨੂੰ ਪ੍ਰਸੰਨ ਕਰਦੀ ਸੀ ਅਰ ਉਸਦਾ ਗੁੱਸਾ ਉਦਾਸ ਕਰਦਾ ਸੀ। ਉਸਦੀ ਪ੍ਰਸੰਨਤਾ ਲਈ, ਘਰ ਵਿੱਚ ਖੁੱਲ੍ਹਾ ਖਰਚ ਤੇ ਗਹਿਣੇ ਕਪੜੇ ਦੀ ਲੋੜ ਹੁੰਦੀ ਸੀ। ਲੋੜ ਨੂੰ ਪੂਰਨ ਲਈ ਤੁਸੀਂ ਰੁਪੱਯਾਂ ਦੀ ਵਧੀਕ ਲੋੜ ਸਮਝਦੇ ਸੀ। ਰੁਪੱਯੇ ਵਧੀਕ ਜਮਾਂ ਕਰਨ ਲਈ ਚੋਰੀ, ਜੂਆ, ਵਿਹਾਰ, ਖੇਤੀ, ਮਜੂਰੀ, ਚਾਕਰੀ ਯਾ ਕੋਈ ਸਾਧਨ ਕਰਦੇ ਸਾਓ ਜੋ ਵਧੀਕ ਰੁਪੱਯੇ ਮਿਲਨ ਤੇ ਘਰ ਵਿਚ ਸੁਖ ਵਧੇ?

ਢੇਸਾ— ਆਪ ਦੀ ਕਿਰਪਾ ਹੈ, ਅੱਜ ਤਕ ਮਾੜਾ ਕੰਮ ਨਹੀਂ ਕੀਤਾ, ਜੋ ਕਮਾਇਆ ਸੋ ਕਿਰਤ ਵਿਹਾਰ ਨਾਲ ਕਮਾਇਆ ਹੈ।

ਸਾਈਂਦਾਸ— ਬਹੁਤ ਚੰਗਾ। ਪਰ ਮੇਰਾ ਪ੍ਰਯੋਜਨ ਰੁਪੱਯਾਂ ਦੇ ਪੈਦਾ ਕਰਨ ਦੇ ਹੀਲੇ ਤੋਂ ਹੈ, ਚਾਹੇ ਹੀਲਾ ਪਾਪ ਰੂਪ ਕੀਤਾ ਚਾਹੇ ਨਿਸ਼ਪਾਪ, ਇਸਦੀ ਵੀਚਾਰ ਫੇਰ ਕਰਾਂਗੇ।

ਢੇਸਾ— ਹਾਂ, ਹਿੰਮਤ ਕਰਨ ਵਿਚ ਫਰਕ ਨਹੀਂ ਕੀਤਾ।

ਸਾਈਂਦਾਸ— ਹੁਣ ਇਹ ਸਿੱਧ ਹੋ ਗਿਆ ਕਿ ਸੁਖੀ ਹੋਣ ਲਈ ਤੁਸੀਂ ਵਾਹਵਾਂ ਲਾਈਆਂ ਹਨ ਅਰ ਨਾ ਕੇਵਲ ਦੁੱਖ ਦੂਰ ਕਰਨ ਲਈ ਸਗੋਂ ਵਧੀਕ ਤੋਂ ਵਧੀਕ ਰਸ ਮਾਣਨ ਲਈ ਤੇ ਵਧੀਕ ਤੋਂ ਵਧੀਕ ਸੁਖੀ ਹੋਣ ਲਈ।

ਢੇਸਾ— ਇਹ ਤਾਂ ਹੁਣ ਸਾਫ਼ ਸਮਝ ਲਿਆ ਹੈ।

ਸਾਈਂਦਾਸ— ਅਸੀਂ ਕਿਹਾ ਸੀ ਕਿ ਅਸੀਂ ਪੜਤਾਲ ਕਰਨੀ ਹੈ ਕਿ ਜੇ ਸੱਚੀ ਮੁੱਚੀ ਤੁਸੀਂ ਵਾਹਾਂ ਲਾਈਆਂ ਹਨ ਤੇ ਫੇਰ ਦੁਖੀ ਹੀ ਰਹੇ ਹੋ ਤਾਂ ਕੀਹ ਵਾਹਾਂ ਵਿੱਚ ਕਸਰ ਹੈ ਯਾ ਲਾਉਣ ਦੇ ਤ੍ਰੀਕੇ ਵਿੱਚ? ਆਓ ਹੁਣ ਇਸ ਗਲ ਦੀ ਪੜਤਾਲ ਕਰੀਏ।

ਢੇਸਾ— ਬਹੁਤ ਅੱਛਾ।

ਸਾਈਂਦਾਸ— ਜਦ ਭੁੱਖ ਲਗੀ ਤੇ ਵਧਕੇ ਦੁੱਖ ਬਣਨ ਲੱਗੀ ਤਦ ਤੁਸਾਂ ਕੁਛ ਖਾਧਾ ਤਾਂ ਦੁਖ ਦੂਰ ਹੋ ਗਿਆ ਅਰ ਇਸ ਤੋਂ ਕੋਈ ਫਲ ਐਸਾ ਨਾ ਨਿਕਲਿਆ ਕਿ ਜਿਸ ਤੋਂ ਤੁਹਾਡਾ ਖਾਣ ਦਾ ਸਾਧਨ ਤੁਹਾਨੂੰ ਦੁਖੀ ਕਰੇ।

ਢੇਸਾ— ਮੈਂ ਨਹੀਂ ਸਮਝਿਆ।

ਸਾਈਂਦਾਸ— ਤੁਸਾਂ ਰੋਟੀ ਖਾਧੀ, ਇਹ ਇਕ ਵਾਹ ਸੀ ਜੋ ਭੁੱਖ ਦੇ ਦੁੱਖ ਨੂੰ ਦੂਰ ਕਰਨ ਲਈ ਤੁਸਾਂ ਲਾਈ। ਰੋਟੀ ਖਾਕੇ ਕੋਈ ਹੋਰ ਦੁਖ ਬੀ ਨਾ ਪੈਦਾ ਹੋਇਆ, ਭੁੱਖ ਦਾ ਦੁੱਖ ਤਾਂ ਮਿਟ ਹੀ ਗਿਆ ਸੀ। ਇਸ ਵਾਹ ਲਾਉਣ ਵਿੱਚ ਕੋਈ ਭੁੱਲ ਨਹੀਂ ਸੀ ਅਰ ਨਾ ਇਸਦੇ ਤ੍ਰੀਕੇ ਵਿੱਚ ਭੁੱਲ ਸੀ। ਕਿਉਂਕਿ ਇਸਦੇ ਫਲ ਵਿੱਚ ਉਹ ਦੁਖ ਦੂਰ ਹੋ ਗਿਆ ਅਰ ਹੋਰ ਪੈਦਾ ਨਹੀਂ ਹੋਇਆ।

ਢੇਸਾ— ਹੁਣ ਮੈਂ ਸਮਝਿਆ, ਠੀਕ ਹੈ।

ਸਾਈਂਦਾਸ— ਪਰ ਕਈ ਵੇਰ ਖਾਕੇ ਭੁੱਖ ਦਾ ਦੁੱਖ ਦੂਰ ਹੁੰਦਿਆਂ ਸਾਰ ਹੀ ਢਿੱਡ ਪੀੜ, ਯਾ ਕੁਝ ਸਮਾਂ ਪਾਕੇ ਅਜੀਰਣ ਅਣਪਾਚਾ ਯਾ ਕਈ ਵੇਰ ਫੋੜੇ ਫਿਨਸੀ ਤੇ ਹੋਰ ਦੁਖ ਪੈਦਾ ਹੋਏ ਹੋਣਗੇ?

ਢੇਸਾ— ਕਈ ਵੇਰ।

ਸਾਈਂਦਾਸ— ਉਪਰ ਅਸੀਂ ਵੇਖ ਆਏ ਹਾਂ ਕਿ ਜੋ ਸਾਧਨ ਅਸਾਂ ਭੁੱਖ ਦੇ ਦੂਰ ਕਰਨ ਲਈ ਵਰਤਿਆ ਸੀ ਉਹ ਠੀਕ ਸੀ, ਉਸਦਾ ਤਰੀਕਾ ਬੀ ਠੀਕ ਸੀ ਫੇਰ ਏਹ ਦੁੱਖ ਕਿਉਂ ਹੋਏ?

ਢੇਸਾ— ਇਸ ਲਈ ਕਿ ਕਦੇ ਵੱਧ ਖਾਧਾ ਗਿਆ, ਕਦੇ ਦੁਸ਼ਪਚ ਪਦਾਰਥ ਖਾਧੇ ਗਏ, ਕਦੇ ਮਾੜਾ ਲਹੂ ਬਨਾਉਣ ਵਾਲੇ ਪਦਾਰਥ ਖਾਧੇ ਗਏ ਤੇ ਕਦੇ ਬਿਨਾਂ ਭੁੱਖੋਂ ਖਾ ਲਿਆ।

ਸਾਈਂਦਾਸ— ਸਿੱਟਾ ਕੀ ਨਿਕਲਿਆ? ਕਿ ਜਦੋਂ ਅਸਾਂ ਨਿਰਾ ਜੀਭ ਦੇ ਰਸ ਨੂੰ ਅੱਗੇ ਰੱਖ ਲਿਆ ਤੇ ਭੁੱਖ ਨਵਿਰਤੀ ਨੂੰ ਅੱਗੇ ਨਾ ਰੱਖਿਆ ਓਦੋਂ ਦੁਖ ਹੋਇਆ।

ਢੇਸਾ— ਮੈਂ ਨਹੀਂ ਸਮਝਿਆ।

ਸਾਈਂਦਾਸ— ਭੁੱਖ ਜਿਸਨੂੰ ਇਕ ਦੁੱਖ ਜਾਣਕੇ ਦੂਰ ਕਰਨ ਲਈ ਤੁਸਾਂ ਵਾਹ ਲਾਈ ਸੀ ਉਸਦੀ ਤਸੱਲੀ ਦਾ ਖਿਆਲ ਭਲਾਕੇ ਖਾਣਾ ਨਿਰਾ ਜੀਭ ਦੇ ਸੁਆਦ ਲੈਣ ਦਾ (ਇਕ ਵਧੀਕ ਰਸ ਮਾਣਨ ਦਾ) ਵਸੀਲਾ ਸਮਝਿਆ, ਤਦ ਸੁਆਦ ਦੇ ਮਾਰੇ ਵੱਧ ਬੀ ਖਾਧਾ ਗਿਆ, ਕਰੜੇ ਪਦਾਰਥ ਬੀ ਸੁਆਦੀ ਹੋਣ ਕਰਕੇ ਖਾਧੇ ਗਏ, ਜੀਭ ਦੇ ਰਸ ਪਿੱਛੇ ਹੀ ਬੇ-ਭੁੱਖੋਂ ਬੀ ਖਾਧਾ ਗਿਆ। ਹਾਂ, ਤਦੋਂ ਸੁਖ ਦਾ ਸਾਧਨ ਕਰਦੇ ਹੋਏ ਬੀ ਤੁਸੀਂ ਦੁਖੀ ਹੋ ਗਏ।

ਜੇਸ਼ਾ— ਠੀਕ ਹੈ। ਪਰ ਕੀਹ ਫਿਰ ਜੀਭ ਵਿੱਚ ਜੋ ਰਸ ਪਰਖਣ ਤੇ ਮਾਣਨ ਦੀ ਸ਼ਕਤੀ ਹੈ ਉਸਦਾ ਦੋਸ਼ ਹੈ ਕਿ ਅਸੀਂ ਠੀਕ ਸਾਧਨ ਕਰਦੇ ਹੋਏ ਬੀ ਦੁਖੀ ਹੋਏ?

ਸਾਈਂ— ਮੇਰੀ ਜਾਚੇ ਇਹ ਨਹੀਂ ਹੈ। ਜੀਭ ਵਿਚ ਸ੍ਵਾਦ ਪਰਖਣ ਦੀ ਸ਼ਕਤੀ ਹੈ ਕਿ ਅਸੀਂ ਜੋ ਕੁਛ ਖਾ ਰਹੇ ਹਾਂ ਉਸਦੀ ਪਰਖ ਹੋ ਜਾਏ ਕਿ ਕਿਸ ਤਰ੍ਹਾਂ ਦਾ ਹੈ। ਨਾਲੇ ਸੁਆਦ ਨਾਲ ਖਾਂਦਿਆਂ ਦਿਲ ਖੁਸ਼ ਹੁੰਦਾ ਹੈ ਤੇ ਖਿੜਦਾ ਹੈ। ਤੀਜੇ ਸੁਆਦ ਦਾ ਇਹ ਪ੍ਰਯੋਜਨ ਬੀ ਹੈ ਕਿ ਇਹ ਜੋ ਕੁਛ ਅੰਦਰ ਭੇਜਣਾ ਹੈ ਸੋ ਮੂੰਹ ਛੇਤੀ ਨਾਲ ਅੰਦਰ ਸੁੱਟਣ ਦੀ ਨਾ ਕਰੇ, ਪਰ ਰਸ ਦੇ ਕਾਰਣ ਉਸਨੂੰ ਵਧੀਕ ਚਿੱਥੇ ਤੇ ਮੁਲਾਇਮ ਕਰਕੇ ਓਝਰੀ ਵਿਚ ਘੱਲੇ, ਤਾਂ ਜੋ ਓਝਰੀ ਦਾ ਕੰਮ ਦੰਦਾਂ ਦੀ ਪੀਹ ਵਿੱਚ ਸੌਖਾ ਹੋ ਜਾਏ। ਜੇ ਮੂੰਹ ਵਿੱਚ ਰਸ ਦੀ ਪਰਖ ਤੇ ਮਾਣਨ-ਸ਼ਕਤੀ ਨਾ ਹੁੰਦੀ ਤਦ (ਇਹ ਕੰਮ ਜੋ ਹਾਜ਼ਮੇ ਦਾ ਪਹਿਲਾ ਕੰਮ ਕਹੀਦਾ ਹੈ) ਮੂੰਹ ਚੰਗੀ ਤਰ੍ਹਾਂ ਨਾ ਕਰਦਾ ਅਰ ਸਰੀਰ ਪੁਸ਼ਟ ਨਾ ਰਹਿੰਦਾ। ਮੂੰਹ ਦਾ ਇਹ ਰਸ, ਜੋ ਭੋਜਨ ਦੇ ਪਚਾਉਣ ਲਈ ਅਤਿ ਲੋੜੀਂਦਾ ਹੈ, ਭੋਜਨ ਨਾਲ ਮੂੰਹ ਵਿਚੋਂ ਰਲਦਾ ਹੈ, ਉਹ ਵਧੀਕ ਚਿੱਥੇ ਬਿਨਾਂ ਰਲਦਾ ਨਹੀਂ ਤੇ ਵਧੀਕ ਚਿੱਥਣਾ ਰਸ ਬਿਨਾ ਨਹੀਂ ਹੋ ਸਕਦਾ।

ਢੇਸਾ— ਤਦ ਤਾਂ ਰਸ ਦਾ ਦੋਸ਼ ਬੀ ਨਾ ਹੋਇਆ, ਫੇਰ ਦੁੱਖ ਦਾ ਦੋਸ਼ੀ ਕੌਣ ਹੋਇਆ?

ਸਾਈਂ— ਕੀਹ ਕਿਤੇ ਹੋਰਥੇ ਦੁੱਖ ਦੀ ਜੜ੍ਹ ਨਹੀਂ ਹੈ?

ਢੇਸਾ— ਆਪ ਹੀ ਕਿਰਪਾ ਕਰੋ।

ਸਾਈਂਦਾਸ— ਭੁੱਖ ਨੂੰ ਦੁੱਖ ਸਮਝਣਾ ਹੀ ਭੁੱਲ ਨਹੀਂ ਸੀ। ਭੁੱਖ ਇਕ ਲੋੜ ਦੀ ਅਵਾਜ਼ ਹੈ ਜੋ ਦੱਸਦੀ ਹੈ ਕਿ ਸਰੀਰ ਦੀ ਪਾਲਨਾ ਕਰਨ ਵਾਲਾ ਸਾਮਾਨ ਮੁੱਕ ਚੁਕਾ ਹੈ, ਹੁਣ ਸਰੀਰ ਜੇ ਰਹੇਗਾ ਤਦ ਆਪਨੂੰ ਖਾਕੇ ਰਹੇਗਾ ਅਰ ਨਿਰਬਲ ਹੁੰਦਾ ਜਾਏਗਾ, ਇਸ ਦਾ ਉਪਰਾਲਾ ਕਰੋ। ਜੇ ਅਸਾਂ ਵਕਤ ਸਿਰ ਸਾਦਾ ਤੇ ਸੱਤਜਾ ਦੇਣ ਵਾਲਾ ਭੋਜਨ ਸਰੀਰ ਨੂੰ ਦੇ ਦਿੱਤਾ ਤਦ ਉਹ ਭੁੱਖ ਇਕ ਸੱਚੇ ਸੱਜਨ ਦੀ ਤਰ੍ਹਾਂ ਹੋਈ ਕਿ ਜਿਸਨੇ ਸਾਨੂੰ ਇਕ ਖਤਰੇ ਤੋਂ ਵਕਤ ਸਿਰ ਬਚਾ ਦਿੱਤਾ। ਪਰ ਜਦ ਅਸਾਂ ਉਸ ਸੱਜਨ ਦੀ ਅਵਾਜ਼ ਨਾ ਮੰਨੀ ਤਦ ਸਰੀਰ ਦੁਖੀ ਹੋ ਗਿਆ ਅਰ ਅਸਾਂ ਭੁੱਖ ਨੂੰ ਇਕ ਦੁੱਖ ਕਹਿ ਦਿੱਤਾ। ਦੁੱਖ ਅੰਨ ਦਾ ਨਾ

 www.sikhbookclub.com

ਮਿਲਨਾ ਹੈ, ਭੁੱਖ ਇਕ ਲੋੜ ਦੀ ਅਵਾਜ਼ ਹੈ। ਜਦੋਂ ਕਹੀਦਾ ਹੈ ਕਿ ਭੁੱਖ ਇਕ ਦੁੱਖ ਹੈ ਤਾਂ ਉਸਦਾ ਅਰਥ ਹੁੰਦਾ ਹੈ ਕਿ ਜੇ ਭੁੱਖ ਵੇਲੇ ਅੰਨ ਨਾ ਮਿਲੇ ਤਾਂ ਦੁਖੀ ਹੋਈਦਾ ਹੈ। ਫਿਰ ਇਸ ਭੁੱਖ ਵਾਲੀ ਅਵਾਜ਼ ਦਾ ਮਤਲਬ ਇਹ ਸੀ ਕਿ ਸਿੱਧਾ ਸਾਦਾ, ਸੌਖਾ ਪਚਨ ਵਾਲਾ ਤੇ ਤਾਕਤ ਦੇਣ ਵਾਲਾ ਸਾਮਾਨ ਅੰਦਰ ਭੇਜੋ ਅਰ ਉਹ ਮੂੰਹ ਵਿੱਚ ਤਿਆਰ ਕਰਕੇ ਭੇਜੋ। ਕਿਉਂਕਿ ਮੂੰਹ ਵਿੱਚ ਬੈਠੇ 'ਰਸ' ਹੁਰੀਂ ਭੋਜਨ ਨੂੰ ਤਿਆਰ ਕੀਤੇ ਬਿਨਾਂ ਲੰਘਣ ਨਹੀਂ ਦੇਂਦੇ। ਅਸਾਂ ਉਸ ਰਸ ਨੂੰ ਪੇਟ ਦੀ ਸੇਵਾ ਕਰਨ ਵਾਲਾ ਸੱਜਣ ਨਾ ਸਮਝਕੇ ਇਕ ਰਾਕਸ਼ ਜਾਣਕੇ ਜੋ ਕੁਛ ਪਾਇਆ ਉਸੇ ਦੀ ਮੌਜ ਵਾਸਤੇ ਪਾਇਆ ਤੇ ਉਸਦੇ ਭੁਲੇਵੇਂ ਛੇਤੀ ਛੇਤੀ ਖਾਧਾ। ਇਨ੍ਹਾਂ ਦੁਹਾਂ ਭੁੱਲਾਂ ਦੇ ਕਾਰਨ ਸੁਖ ਈ ਹੀਲੇ ਕਰਦੇ ਹੋਏ ਬੀ ਅਸਾਂ ਪੇਟ ਪੀੜਾ ਆਦਿਕ ਹੋਰ ਦੁਖ ਖੜੇ ਕਰ ਲਏ, ਸੁਖੀ ਨਾ ਹੋਏ ਤੇ ਹੋਰ ਹੋਰ ਸੁਖਾਂ ਦੀ ਭਾਲ ਵਿੱਚ ਹੋਰ ਹੋਰ ਜਤਨ ਕਰਦੇ ਰਹੇ।

ਢੇਸਾ— ਠੀਕ ਹੈ।

ਸਾਈਂਦਾਸ— ਕੀਹ ਹੋਰ ਸਾਰੇ ਦੁੱਖ ਕੁਛ ਏਸੇ ਤਰ੍ਹਾਂ ਦੇ ਨਹੀਂ ਹਨ।

ਢੇਸਾ— ਆਪ ਹੀ ਪੜਤਾਲ ਕਰੋ।

ਸਾਈਂਦਾਸ— ਲਓ ਗੁੱਸੇ ਨੂੰ ਲਓ। ਜਦ ਕਿਸੇ ਨੇ ਸਾਨੂੰ ਦੁਖਾਇਆ ਤੇ ਅਸਾਂ ਬਦਲੇ ਲੈਣ ਵਿਚ ਸੁਖ ਜਾਣਕੇ ਆਪਣੇ ਅੰਦਰ ਗੁੱਸਾ ਖੜਾ ਕਰਕੇ ਉਸ ਨੂੰ ਦੁੱਖ ਦਿਤਾ, ਤਦ ਸਾਡੇ ਅੰਦਰ ਕੀਹ ਵਰਤਿਆ ਕਿ ਗੁੱਸੇ ਦੇ ਮਗਰੋਂ ਸਾਡਾ ਸਿਰ ਭਾਰਾ ਹੋ ਗਿਆ, ਹੱਥਾਂ ਪੈਰਾਂ ਵਿੱਚ ਕੇਰ ਆ ਗਈ ਤੇ ਮਨ ਉਦਾਸ ਹੋ ਗਿਆ। ਜਿਸ ਵੇਲੇ ਗੁੱਸਾ ਚੜ੍ਹ ਰਿਹਾ ਸੀ, ਉਸ ਵੇਲੇ ਲਹੂ ਸਿਰ ਵਿਚ ਚੜ੍ਹ ਰਿਹਾ ਸੀ, ਦਿਮਾਗ਼ ਦਾ ਕੰਮ ਅਤਿ ਤਿੱਖਾ ਹੋ ਰਿਹਾ ਸੀ ਤੇ ਅਕਲ ਦੇ ਉਦਾਲੇ ਹਨੇਰਾ ਛਾ ਰਿਹਾ ਸੀ। ਉਸ ਹਨੇਰੇ ਦੇ ਕਾਰਨ ਜੋ ਕੁਛ ਅਸੀਂ ਬੋਲਦੇ ਤੇ ਕਰਦੇ ਸਾਂ ਸੋ ਦੁਖਾਵਾਂ ਤੇ ਅਕਸਰ ਗ਼ਲਤ ਹੁੰਦਾ ਸੀ। ਉਸ ਵੇਲੇ ਦੇ ਕੀਤੇ ਤੇ ਕਹੇ ਦੇ ਅਨੇਕਾਂ ਕਲੇਸ਼ ਪਿੱਛੋਂ ਨਿਕਲੇ।

ਢੇਸਾ— ਪਰ ਭੁੱਲ ਨਾ ਫੜੀ ਗਈ ਕਿ ਕਿੱਥੇ ਵਸਦੀ ਸੀ?

ਸਾਈਂਦਾਸ— ਭੁੱਲ ਏਥੇ ਵਸਦੀ ਸੀ ਕਿ ਗੁੱਸਾ, ਜਿਸ ਨੂੰ ਅਸਾਂ ਖੜਾ ਕੀਤਾ ਹੈ, ਉਹ ਸਾਡੇ ਅੰਦਰ ਇਕ ਬਹਾਦੁਰੀ ਦੀ ਤਾਕਤ ਹੈ ਜੋ ਹੌਸਲੇ ਤੇ

ਧੀਰਜ ਦੇ ਰੂਪ ਵਿਚ ਅੰਦਰ ਵਸਦੀ ਹੈ। ਜਦ ਸਾਡੀ ਮਰਜ਼ੀ ਦੇ ਉਲਟ ਸਾਮਾਨ ਬੇਵਸੇ ਆ ਜੁੜਦੇ ਤੇ ਸਾਨੂੰ ਦੁਖੀ ਕਰਨ ਲਗਦੇ ਹਨ ਤਦੋਂ ਉਹ ਤਾਕਤ ਅੰਦਰੋਂ (ਹੌਸਲਾ ਤੇ ਧੀਰਜ) ਉਸ ਦੁੱਖ ਦਾ ਅਸਰ ਨਹੀਂ ਹੋਣ ਦੇਂਦੀ ਤੇ ਉਹ ਢਾਲ ਦਾ ਕੰਮ ਦੇਂਦੀ ਹੈ। ਯਾ ਇਉਂ ਵੀ ਬਾਜੇ ਵੇਲੇ ਹੁੰਦਾ ਹੈ ਕਿ ਮਿਥ ਲਓ ਇਕ ਸ਼ੇਰ ਨੇ ਸਾਡੇ ਤੇ ਹੱਲਾ ਬੋਲਿਆ ਹੈ ਤਾਂ ਗੁੱਸਾ ਸਾਡੀ ਜਾਨ ਬਚਾਉਣ ਲਈ ਵਾਧੂ ਬਲ ਸੁਰਜੀਤ ਕਰਕੇ ਉਸਨੂੰ ਜਿੱਤ ਲਊ ਤੇ ਜਾਨ ਬਚ ਜਾਊ। ਬਾਜ਼ੇ ਵੇਲੇ ਸਾਡੀ ਹਉਂ ਨੂੰ ਜਦ ਅਗੋਂ ਰੋਕ ਪਵੇ ਤਾਂ ਰੋਕ ਤੋੜਨ ਲਈ ਗੁੱਸਾ ਚੜ੍ਹਦਾ ਹੈ, ਸੋ ਗੁੱਸੇ ਚੜ੍ਹੇ ਵਿਚ ਅਸੀਂ ਗੁੱਸੇ ਨੂੰ ਨਿਰੀ ਤਲਵਾਰ ਬਣਾਕੇ ਅਗਲੇ ਨੂੰ ਫੱਟਦੇ ਹਾਂ। ਜੇ ਸਾਡੇ ਅੰਦਰ ਹੌਸਲਾ ਤੇ ਧੀਰਜ ਕਾਇਮ ਰਹਿੰਦਾ ਤਾਂ ਅਸੀਂ ਹੋਰ ਤਰ੍ਹਾਂ ਉਸ ਰੋਕ ਨੂੰ ਨਜਿਠਦੇ ਤੇ ਆਪਾ ਕ੍ਰੋਧ-ਅਗਨੀ ਵਿਚ ਪਾਕੇ ਅਗਲੇ ਨੂੰ ਸਾੜਨ ਦੀ ਨਾ ਕਰਦੇ।

ਢੇਸਾ— ਤਦ ਕੀਹ ਮਨੁੱਖ ਕਬੂਤਰ ਦੀ ਤਰ੍ਹਾਂ ਬਿੱਲੀਆਂ ਦਾ ਖਾਜਾ ਬਣੇ ਤੇ ਬੀਰ ਨਾ ਬਣੇ?

ਸਾਈਂਦਾਸ— ਖਾਜਾ ਕਿਉਂ ਬਣੇ? ਬੀਰਤਾ ਦਾ ਬੀ ਯੋਗ ਵਰਤਾਉ ਕਰੇ। ਵਿਦਵਾਨ ਆਖਦੇ ਹਨ ਕਿ ਬੀਰ ਰਸ "ਉਤਸ਼ਾਹ" ਤੋਂ ਪੈਦਾ ਹੁੰਦਾ ਹੈ, "ਕ੍ਰੋਧ" ਤੋਂ ਬੀਰਰਸ ਨਹੀਂ ਸਗੋਂ ਰੌਦ੍ਰ ਰਸ ਪੈਦਾ ਹੁੰਦਾ ਹੈ। ਸੋ ਮੇਰੀ ਜਾਚੇ ਕ੍ਰੋਧ ਦੇ ਹੱਥ ਜਦ ਮਨ ਦੇਈਦਾ ਹੈ ਅਰ ਸੁਖ ਸਮਝੀਦਾ ਹੈ ਤਦ ਮਨ ਤੇ ਮੱਤ ਦੇ ਟਿਕਾਣੇ ਨਾ ਰਹਿਣ ਕਰਕੇ ਫਲ ਦੁਖ ਨਿਕਲਦਾ ਹੈ। ਜਿਸਨੂੰ ਉਸ ਕਾਹਲੀ ਵਿੱਚ ਸੁਖ ਸਮਝੀਦਾ ਹੈ ਉਹ ਦੁਖ ਹੁੰਦਾ ਹੈ। ਏਥੇ ਸਾਡੀ ਸਮਝ, ਸਾਡੀ ਵਾਹ ਤੇ ਵਾਹ ਦਾ ਤ੍ਰੀਕਾ ਤ੍ਰੈਏ ਗ਼ਲਤ ਹੁੰਦੇ ਹਨ।

ਢੇਸਾ— ਪਰ ਅਸੀਂ ਕਰਦੇ ਕੀਹ?

ਸਾਈਂਦਾਸ— ਆਓ ਵੀਚਾਰ ਕਰੀਏ। ਜੇ ਅਸੀਂ ਅਪਣੇ ਧੀਰਜ ਤੇ ਹੌਂਸਲੇ ਨੂੰ ਅਪਣੇ ਰੂਪ ਵਿੱਚ ਰੱਖਦੇ, ਅੰਗੂਰਾਂ ਨੂੰ ਤ੍ਰਕਾਕੇ ਜਿਕੂੰ ਸ਼ਰਾਬ ਬਣਾਈਦੀ ਹੈ ਉੱਕਰ ਕ੍ਰੋਧ ਵਿੱਚ ਨਾ ਪਲਟਦੇ ਤਦ ਸਾਡੀ ਅਕਲ ਸਾਫ਼ ਰਹਿੰਦੀ। ਸਾਫ਼ ਅਕਲ ਨਾਲ ਵੀਚਾਰ ਕਰਦੇ ਕਿ ਜੋ ਸਲੂਕ ਸਾਡੇ ਨਾਲ ਹੋਇਆ ਹੈ ਕਿਤੇ ਉਸਦਾ ਕਾਰਨ ਸਾਡੇ ਵਿਚ ਤਾਂ ਨਹੀਂ ਹੈ? ਜੇ ਸਾਡੇ ਵਿਚ ਨਿਕਲਦਾ ਤਦ ਕ੍ਰੋਧ ਵਿਚ ਭੜਕ ਉੱਠਣ ਦੀ ਥਾਂ ਹੀ ਕੋਈ ਨਹੀਂ ਸੀ। ਜੇ ਕਾਰਣ ਅਸੀਂ ਨਾ ਹੁੰਦੇ


www.sikhbookclub.com

ਤਦ ਅਸੀਂ ਖਿਮਾਂ ਨੂੰ ਵਰਤਦੇ ਅਰ ਉਸਨੂੰ ਪ੍ਰੇਮ ਨਾਲ ਸਮਝਾਉਂਦੇ, ਕਿਉਂਕਿ ਉਹ ਬੀ ਸਾਡੇ ਵਾਂਗੂੰ ਸੁਖ ਦੇ ਭੁਲੇਖੇ ਵਿਚ ਗਲਤੀ ਕਰ ਰਿਹਾ ਸੀ। ਜੇ ਉਹ ਨਾ ਸਮਝਦਾ ਤਦ ਅਸੀਂ ਉਪੇਖਜਾ* ਧਾਰਦੇ, ਅਰਥਾਤ ਓਪਰੇ ਜਿਹੇ ਹੋ ਜਾਂਦੇ ਅਰ ਵਾਹਿਗੁਰੂ ਅੱਗੇ ਪ੍ਰਾਰਥਨਾ ਕਰਦੇ ਕਿ ਉਸਨੂੰ ਸੁਮੱਤ ਦੇਵੇ। ਫੇਰ ਜਦ ਉਸ ਨਾਲ ਨੇਕੀ ਕਰਨ ਦਾ ਮੌਕਾ ਮਿਲਦਾ ਤਾਂ ਨੇਕੀ ਕਰਦੇ। ਇਹ ਤ੍ਰੀਕਾ ਸਾਨੂੰ ਗੁੱਸੇ ਵਿਚ ਭੜਕਨੋ, ਅਪਣਾ ਨਾਸ਼ ਕਰਨੋਂ ਅਰ ਹੋਰ ਭੁੱਲਾਂ ਕਰਕੇ ਹੋਰ ਦੁਖ ਪਾਉਣੋਂ ਤੇ ਦੁਖ ਦੇਣੋਂ ਬਚਾ ਦੇਂਦਾ ਕਿ ਨਾ?

ਢੇਸਾ— ਪਰ ਜੇ ਉਹ ਸਾਡੇ ਤੇ ਵਾਰ ਕਰਦਾ ਤਦ?

ਸਾਈਂਦਾਸ— ਜੇ ਕੋਈ ਪੇਸ਼ ਨਾ ਜਾਂਦੀ ਤਦ ਅਸੀਂ ਉਤਸ਼ਾਹ ਵਿਚ ਆਕੇ ਆਪੇ ਨੂੰ ਰੱਖਣ ਲਈ ਅਪਣੀ ਰਖਿਆ ਕਰਦੇ। ਜੇ ਦਇਆ ਤੇ ਦਾਨ ਦੀ ਬੀਰਤਾ ਕਾਰਗਰ ਨਾ ਹੁੰਦੀ ਤੇ ਯੁੱਧ ਆ ਹੀ ਗਲੇ ਪੈਂਦਾ ਤਾਂ ਬੀਰਤਾ ਹੁੰਦੀ ਉਤਸ਼ਾਹ ਵਾਲੀ। ਜੁੱਧ ਵਿਚ ਕਈ ਵੇਰ ਗੁੱਸਾ ਸੰਚਾਰੀ ਹੋਕੇ ਆ ਜਾਂਦਾ ਹੈ, ਉਸ ਵੇਲੇ ਉਹ ਬੀਰਤਾ ਨੂੰ ਵਧਾ ਜਾਂਦਾ ਹੈ। ਇਸੇ ਤਰ੍ਹਾਂ ਪਾਪਾਂ ਤੋਂ ਨਿਜ ਨੂੰ ਰੋਕਣ ਵਾਸਤੇ ਕਦੇ ਅਪਣੇ ਤੇ ਕੀਤਾ ਗੁੱਸਾ ਆਪੇ ਨੂੰ ਪਾਪ ਕਰਨ ਤੋਂ ਰੋਕ ਜਾਂਦਾ ਹੈ।

ਢੇਸਾ— ਮਲੂੰਮ ਤਾਂ ਕੁਝ ਠੀਕ ਹੁੰਦਾ ਹੈ, ਪਰ ਵਡੇ ਦੁਖ 'ਗ੍ਰਿਹਿਸਤ ਜੰਜਾਲ' ਦਾ ਦਾਰੂ ਦੱਸੋ?

ਸਾਈਂਦਾਸ— ਜਦੋਂ ਚਿਤ ਵਿੱਚ ਇਸਤ੍ਰੀ ਦੀ ਖਿੱਚ ਪਈ ਸੀ ਉਹ ਤੁਹਾਨੂੰ ਕੇਵਲ ਇਹ ਦੱਸਣ ਵਾਸਤੇ ਸੀ ਕਿ ਤੁਹਾਡਾ ਬਾਲਪਨ ਬਿਤੀਤ ਹੋਣ ਲੱਗਾ ਹੈ ਅਰ ਮਨੁੱਖ ਬਣਨ ਲਗੇ ਹੋ। ਓਹ ਅਵਾਜ਼ ਮਨੁੱਖ ਨੂੰ ਪਸ਼ੂ ਬਨਾਉਣ ਵਾਸਤੇ ਨਹੀਂ ਸੀ। ਉਹ ਇਹ ਦੱਸਣ ਵਾਸਤੇ ਸੀ ਕਿ ਤੁਹਾਡੇ ਵਿਚ ਪਿਆਰ ਤੇ ਮਨੁੱਖੀ ਸੂਰਬੀਰਤਾ ਆਈ ਹੈ। ਹੁਣ ਦੁਨੀਆਂ ਸਾਰੀ ਦਾ ਰੰਗ ਤੁਹਾਡੀਆਂ ਅੱਖਾਂ ਵਿਚ ਪਲਟ ਜਾਏਗਾ। ਇਕ ਸੁੰਦਰਤਾ ਅੰਦਰ ਤੇ ਬਾਹਰ ਫਿਰ ਜਾਏਗੀ। ਕੋਈ ਕੋਮਲਤਾ, ਕੋਈ ਤਾਕਤ, ਕੋਈ ਪਿਆਰ ਤੁਹਾਡੇ ਵਿਚ ਵਧੇਗਾ, ਜਿਸ ਨਾਲ ਤੁਸਾਂ ਪਰਮ ਸੁਖੀ ਤੇ ਇਕ ਪ੍ਰਕਾਰ ਦੇ ਖੇੜੇ ਵਿਚ ਰਹਿਣਾ ਹੈ। ਹਾਂ, ਜੇਕਰ

* ਉਪੇਖਜਾ=ਓਪਰੇ ਹੋ ਜਾਣਾ, ਉਪ੍ਰਾਮਤਾ। ਓਪਰਾਪਨ।

ਤੁਸੀਂ ਉਸ ਵੇਲੇ ਵਿਚਾਰ ਕਰਦੇ ਕਿ ਮੈਂ ਮਨੁੱਖ ਦੀ ਤਰ੍ਹਾਂ ਅਕਲ ਨਾਲ ਰਹਿਣਾ ਹੈ ਤੇ ਅਪਣੇ ਜਨਮ ਦਾ ਪ੍ਰਯੋਜਨ ਭਾਲਨਾ ਹੈ ਤੇ ਆਪਾ ਵਾਰਨਾ ਹੈ ਤਦ ਤੁਸੀਂ ਉਸ ਉੱਚੇ ਚੜ੍ਹਾਉ ਵਿਚ ਵਿਆਹ ਨਾ ਕਰਦੇ ਤਾਂ ਤੁਸਾਡੀ ਖੁਸ਼ੀ ਸੀ, ਪਰ ਜੇ ਇਹ ਸੋਚ ਸੋਚਦੇ ਕਿ ਪਰਮ ਪਰਮਾਰਥ ਵਿਚ ਲੱਗਕੇ ਮੈਂ ਕਿਸੇ ਵੇਲੇ ਇਸ ਨਵੀਂ ਪੈਦਾ ਹੋਈ ਖਿੱਚ ਦੇ ਕਾਰਣ ਭੁੱਲ ਨਾ ਜਾਵਾਂ ਤੇ ਮ੍ਰਿਯਾਦਾ ਅਨੁਸਾਰ ਵਿਆਹ ਕਰ ਲੈਂਦੇ ਤਦ ਚੰਗੀ ਗਲ ਸੀ। ਵਿਆਹ ਕਰਕੇ ਤੁਸੀਂ ਦੋਵੇਂ ਰਲਕੇ ਉਹ ਕੁਝ ਕਰਦੇ ਕਿ ਜਿਸ ਕਰਕੇ ਸੁਖ ਨਿਕਲਦੇ। ਤੁਸੀਂ ਆਪਸ ਵਿਚ ਇਕ ਦੂਏ ਦੇ ਸਹਾਈ ਹੁੰਦੇ, ਪਰਸਪਰ ਪਿਆਰ ਤੁਹਾਨੂੰ ਦੁਹਾਂ ਨੂੰ ਚਾਉ ਤੇ ਖੁਸ਼ੀ ਵਿਚ ਰਖਦਾ।

ਢੇਸਾ— ਪਰ ਅਸਾਂ ਦੁਖ ਦਾ ਕੋਈ ਕੰਮ ਨਹੀਂ ਕੀਤਾ।

ਸਾਈਂਦਾਸ— ਫੇਰ ਦੁਖੀ ਬੀ ਹੋ?

ਢੇਸਾ— ਹਾਂ।

ਸਾਈਂਦਾਸ— ਤਦ ਫੇਰ, ਉਸੇ ਤਰ੍ਹਾਂ ਕਿਤੇ ਭੁੱਲ ਹੋਈ ਹੈ।

ਢੇਸਾ— ਉਸਦੀ ਬੀ ਟੋਲ ਕਰ ਦਿਓ।

ਸਾਈਂਦਾਸ— ਵਹੁਟੀ ਨੂੰ ਤੁਸੀਂ ਅਪਣੇ ਮਨ ਦਾ ਪਰਮ ਮਿੱਤ੍ਰ ਜਾਣਦੇ ਹੋ, ਸੁਰਤ ਦਾ ਆਸਰਾ ਜਾਣਦੇ ਹੋ, ਯਾ ਸ੍ਵਾਦੀਕ ਭੋਜਨ ਦੀ ਤਰ੍ਹਾਂ ਇਕ ਰਸਦਾਇਕ ਵਸਤੂ?

ਢੇਸਾ— ਦੋਵੇਂ ਗੱਲਾਂ।

ਸਾਈਂਦਾਸ— ਮਿੱਤ੍ਰ ਬੀ ਤੇ ਰਸਦਾਇਕ ਵਸਤੂ ਬੀ? ਹੱਛਾ, ਕੀਹ ਮਿੱਤ੍ਰ ਰਸਦਾਤੇ ਨਹੀਂ ਹੁੰਦੇ?

ਢੇਸਾ— ਹੁੰਦੇ ਹਨ।

ਸਾਈਂਦਾਸ— ਇਹ ਰਸ ਜੋ ਤੁਸੀਂ ਵਹੁਟੀ ਵਿੱਚ ਸਮਝਦੇ ਹੋ, ਮਿੱਤ੍ਰਤਾ ਦਾ ਰਸ ਹੈ?

ਢੇਸਾ— ਸਚੀ ਗੱਲ ਹੈ, ਕਿ ਇਹ ਹੋਰ ਤਰ੍ਹਾਂ ਦਾ ਹੈ।

ਸਾਈਂਦਾਸ— ਤਦ ਤੁਸੀਂ ਵਹੁਟੀ ਨੂੰ ਮਿੱਤ੍ਰ ਸਮਝਕੇ ਮਿੱਤ੍ਰਤਾ ਦਾ ਰਸ ਤੇ ਆਸਰਾ ਦੇਣੇ ਵਾਲੀ ਨਹੀਂ ਸਮਝਦੇ ਪਰ ਰਸ ਦੀ ਗੌਂ ਕਰਕੇ ਮਿੱਤ੍ਰ ਸਮਝਦੇ ਹੋ।

ਢੇਸਾ (ਝਿਜਕ ਕੇ)— ਹੈ ਤਾਂ ਕੁਛ ਏਸੇ ਤਰ੍ਹਾਂ।

ਸਾਈਂਦਾਸ— ਜੋ ਰਸ ਗੌਂ ਦੇ ਕਾਰਣ ਆਉਂਦਾ ਹੈ, ਉਹ ਗੌਂ ਦੇ ਕਿਸੇ ਤਰ੍ਹਾਂ ਘਟਿਆਂ ਹਟਿਆਂ ਦੂਰ ਬੀ ਹੋ ਸਕਦਾ ਹੈ।

ਢੇਸਾ— ਠੀਕ ਹੈ।

ਸਾਈਂਦਾਸ— ਜਦ ਰਸ ਦੂਰ ਹੋਇਆ ਤਦ ਜੋ ਮਿੱਤ੍ਰਤਾ ਉਸ ਰਸ ਦੇ ਕਾਰਣ ਸੀ ਉਹ ਨਹੀਂ ਰਹੇਗੀ।

ਢੇਸਾ— ਠੀਕ ਹੈ।

ਸਾਈਂਦਾਸ— ਤਦ ਤੁਸੀਂ ਵਹੁਟੀ ਨੂੰ ਮਿੱਤ੍ਰ ਨਹੀਂ ਜਾਣਦੇ, ਇਹ ਗਲ ਸਾਫ਼ ਹੋ ਗਈ।

ਢੇਸਾ— ਮਲੂਮ ਤਾਂ ਐਸਾ ਹੀ ਹੁੰਦਾ ਹੈ।

ਸਾਈਂਦਾਸ— ਤਦ ਕਿਆ ਤੁਸੀਂ ਉਹੋ ਭੁੱਲ ਏਥੇ ਨਹੀਂ ਕਰਦੇ ਹੋਵੋਗੇ ਜੋ ਖਾਣ ਵਿਚ ਕਰਦੇ ਸਾਓ?

ਢੇਸਾ— ਕਿਹੜੀ।

ਸਾਈਂਦਾਸ— ਭੋਜਨ ਨੂੰ ਸਰੀਰ ਦੀ ਪਾਲਣਾ ਵਾਸਤੇ ਸਰੀਰ ਦੇ ਵਿਤ ਤੇ ਪਚਾਉਣ ਦੇ ਬਲ ਅਨੁਸਾਰ ਸਾਦਾ ਤੇ ਸੁਥਰਾ ਦੇਣ ਦੀ ਥਾਂ ਕੇਵਲ ਜੀਭ ਦੇ ਰਸ ਨੂੰ ਸਾਹਮਣੇ ਰੱਖਕੇ ਦੁਸ਼ਪਚ ਤੇ ਨਿਕੰਮਾ ਬੀ ਦੇ ਦੇਂਦੇ ਸੀ।

ਢੇਸਾ— ਠੀਕ ਹੈ।

ਸਾਈਂਦਾਸ— ਇਸੇ ਤਰ੍ਹਾਂ ਰਸਦਾਇਕ ਸਮਝਕੇ, ਕੇਵਲ ਰਸ ਦੀ ਖਾਤਰ ਤੁਸੀਂ ਵਹੁਟੀ ਨਾਲ ਉਸ ਪਰਮ ਉੱਤਮ ਵਰਤਾਉ ਤੋਂ ਜ਼ਰੂਰ ਵਾਂਜੇ ਜਾਂਦੇ ਹੋਵੋਗੇ, ਜਿਸ ਤਰ੍ਹਾਂ ਦੇ ਵਰਤਾਉ ਤੋਂ ਤੁਸੀਂ ਭੋਜਨ ਨਾਲੋਂ ਵਾਂਜੇ ਜਾਂਦੇ ਸੀ।

ਢੇਸਾ— ਮੈਂ ਨਹੀਂ ਸਮਝਿਆ।

ਸਾਈਂਦਾਸ— ਤੁਸੀਂ ਜਿਸ ਖਿੱਚ ਦੇ ਕਾਰਣ ਵਿਆਹ ਕੀਤਾ ਉਹ ਦੁੱਖ ਰੂਪ ਨਹੀਂ ਸੀ, ਕੁਦਰਤ ਦਾ ਕੋਈ ਉਸ ਵਿੱਚ ਪ੍ਰਯੋਜਨ ਸੀ, ਤੁਹਾਡੇ ਅੰਦਰ ਉਹ ਖਿੱਚ ਕੋਈ ਸੁਖ ਦਾ ਕਾਰਣ ਸੀ ਪਰ ਤੁਸੀਂ ਉਸ ਨੂੰ ਨਾ ਸਮਝ ਕੇ ਕੇਵਲ ਰਸ ਦੇ ਕਾਰਣ (ਜੋ ਰਸ ਬੀ ਕਿਸੇ ਕਾਰਣ ਕਰਕੇ ਸੀ) ਅਯੋਗ ਵਰਤਾਉ ਵਿੱਚ ਰਚੋਗੇ।

ਢੇਸਾ— ਵਿਆਹ ਕਰਨਾ ਤਾਂ ਧਰਮ ਵਿਹਤ ਹੈ।

ਸਾਈਂਦਾਸ— ਠੀਕ ਹੈ। ਲੰਪਟ ਹੋਣਾ ਧਰਮ ਵਿਹਤ ਨਹੀਂ। ਪਰ ਏਥੇ ਅਸੀਂ ਅਜੇ ਧਰਮ ਅਧਰਮ ਦੀ ਵੀਚਾਰ ਨਹੀਂ ਕਰ ਰਹੇ। ਵੀਚਾਰ ਇਹ ਹੈ ਕਿ ਜਦ ਬੇ-ਵਿਚਾਰੇ ਨਿਰੇ ਸੁਆਦਾਂ ਮਗਰ ਭੱਜੋਗੇ ਤਾਂ ਤੁਸੀਂ ਸੁਖ ਦਾ ਸਾਧਨ ਕਰਦੇ ਹੋਏ ਬੀ ਦੁਖੀ ਹੋ ਜਾਓਗੇ। ਵਿਆਹ ਇਸ ਲਈ ਸੀ ਕਿ ਮਨੁੱਖ ਤੇ ਇਸਤ੍ਰੀ ਮਿਲਕੇ ਇਕ ਦੂਜੇ ਦਾ ਸਹਾਰਾ ਬਣ ਜਾਣ। ਇਸਤ੍ਰੀ ਪੁਰਖ ਦੀ ਤੇ ਪੁਰਖ ਇਸਤ੍ਰੀ ਦਾ ਪਰਮ ਮਿੱਤ੍ਰ ਹੋਵੇ। ਜਿਨ੍ਹਾਂ ਦਾ ਜੀਵਨ ਆਪੋ ਵਿਚ ਹਉਂ ਛੱਡਕੇ ਪਰਸਪਰ ਪਿਆਰ ਕਰਨ ਦਾ ਹੋਵੇ, ਜਿਸ ਨਾਲ ਦੁਇ ਕਿਸੇ ਖੁਸ਼ੀ ਤੇ ਸੁਖ ਵਿਚ ਰਹਿਣ ਤੇ ਦੋਵੇਂ ਇਕ ਪਰਮ ਪ੍ਰਯੋਜਨ-ਜਿਸਦਾ ਜ਼ਿਕਰ ਅੱਗੇ ਕਰਾਂਗੇ-ਸਿੱਧ ਕਰਨ। ਜੇਕਰ ਸਰੀਰ ਦੀ ਕੁਦਰਤ ਬਲ ਪਾਵੇ ਤਦ ਉਨ੍ਹਾਂ ਦਾ ਪਿਆਰ ਵਾਲਾ ਸੰਜੋਗ ਹੋਕੇ ਉੱਤਮ ਸੰਤਾਨ ਉਤਪਤ ਹੋਵੇ, ਜਿਸ ਸੰਤਾਨ ਦੇ ਪਾਲਨ, ਪੋਸਨ ਤੇ ਦੁਖ ਸੁਖ ਝੱਲਨ ਤੋਂ ਦੁਹਾਂ ਦਾ ਮਨ ਦਇਆਵਾਨ, ਸਹਾਰੇ ਵਾਲਾ ਤੇ ਖਿਮਾਂ ਵਾਲਾ ਹੋ ਜਾਵੇ। ਐਸੇ ਗ੍ਰਹਸਤੀ ਵਿਆਹ ਕਰਕੇ ਬੀ ਦੁਖੀ ਬਹੁਤ ਘੱਟ ਹੁੰਦੇ ਹਨ 'ਗ੍ਰਹਸਤ ਜਤੀ' ਪੁਰਖ ਅਕਸਰ ਅਰੋਗ ਰਹਿੰਦਾ ਹੈ, ਸਾਰੀ ਉਮਰ ਬੁਢੇਪੇ ਦੇ ਅੰਤ ਤਕ ਬਲੀ ਰਹਿੰਦਾ ਹੈ ਤੇ ਉਸਦੀ ਸੰਤਾਨ ਅਰੋਗ ਤੇ ਚੰਗੀ ਹੁੰਦੀ ਹੈ। ਹੁਣ ਤੁਸੀਂ ਦੱਸੋ ਕਿ ਜੇ ਵਿਆਹ ਕਰਕੇ ਤੁਸੀਂ ਨਿਰੇ ਸਰੀਰਕ ਰਸਾਂ ਵਿੱਚ ਹੀ ਲੱਗ ਜਾਓਗੇ ਅਰ ਫੇਰ ਰੋਗੀ ਹੋ ਜਾਓਗੇ* ਯਾ ਨਿਰਬਲ ਹੋਕੇ ਕੰਮ ਕਾਰ ਕਮਾਈ ਤੋਂ ਢਿੱਲੇ ਪੈ ਜਾਓਗੇ ਅਥਵਾ ਨਿਰਬਲ ਜਾਂ ਰੋਗੀ ਸੰਤਾਨ ਉਤਪਤ ਕਰਕੇ ਉਨ੍ਹਾਂ ਲਈ ਰੋਜ਼ ਹਕੀਮਾਂ ਤੇ ਵੈਦਾਂ ਦੇ ਘਰੀਂ ਤਲੀਆਂ ਘਸਾਓਗੇ ਤਦ ਦੋਸ਼ ਕੁਦਰਤੀ ਖਿੱਚ ਦਾ ਹੋਵੇਗਾ ਯਾ ਵਿਆਹ ਕਰਨ ਦਾ ਹੋਵੇਗਾ ਯਾ ਅਪਣੀ ਸਮਝ ਦਾ ਹੋਵੇਗਾ?

ਢੇਸਾ— ਸਾਫ ਹੈ ਕਿ ਅਪਣੀ ਸਮਝ ਦਾ।

ਸਾਈਂਦਾਸ— ਤਦ ਤੁਸੀਂ ਜੋ ਸਾਧਨ ਹੁਣ ਤੱਕ ਕੀਤੇ ਹਨ, ਉਨ੍ਹਾਂ ਦਾ ਦੋਸ਼ ਨਹੀਂ ਹੈ। ਨਾਂ ਨਿਰਾ ਉਨ੍ਹਾਂ ਦੇ ਵਰਤਾਉ ਦਾ, ਪਰ ਦੁਖ ਦੀ ਜੜ੍ਹ 'ਭੁੱਲ' ਹੈ, ਇਸ ਗੱਲ ਦੇ ਨਾ ਸਮਝਣ ਵਿੱਚ ਕਿ ਜਿਸ ਨੂੰ ਦੁੱਖ ਜਾਤਾ ਸੀ ਉਹ ਦੁਖ ਤੋਂ

* ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥
ਭੋਗਹੁ ਰੋਗ ਸੁ ਅੰਤਿ ਵਿਗੋਵੈ॥ {ਮਾ: ਸੋ: ਮ:੧}

 www.sikhbookclub.com

ਬਚਣ ਦੀ ਅਵਾਜ਼ ਯਾ ਕੋਈ ਸੁਖਦਾਈ ਮਿੱਤ੍ਰ ਸੀ ਯਾ ਉਸ ਸੁਖ ਦੇ ਕਾਇਮ ਰੱਖਣ ਵਿੱਚ ਕੋਈ ਕੁਦਰਤੀ ਸਹਾਇਤਾ ਸੀ, ਜਿਸ ਨੂੰ ਇਕ ਪ੍ਰਬਲ 'ਰਸ' ਸਮਝਕੇ ਉਸ ਵਿਚ ਖੱਚਤ ਹੋਕੇ ਤੁਸਾਂ ਸੁਖ ਨੂੰ ਦੁੱਖ ਬਣਾ ਲਿਆ ਸੀ।

ਢੇਸਾ— ਕਿਕੂੰ ?

ਸਾਈਂਦਾਸ— ਭੁੱਖ ਨੂੰ ਅਵਾਜ਼ ਨਾ ਜਾਤਾ, ਪਰ ਦੁੱਖ। ਮੂੰਹ ਦੇ ਰਸ ਨੂੰ ਹਾਜ਼ਮੇ ਦਾ ਸਹਾਇਕ ਨਾ ਜਾਤਾ ਪਰ ਨਿਰਾ ਚਸਕੇ ਦਾ ਕਾਰਣ। ਕਿਸੇ ਅਨਾਦਰ ਨੂੰ ਆਪਣੇ ਹੌਸਲੇ ਤੇ ਧੀਰਜ ਦੀ ਪਰਖ ਨਾ ਜਾਤਾ ਪਰ ਗੁੱਸੇ ਵਿੱਚ ਭੜਕ ਉੱਠਣ ਦਾ ਮੌਕਿਆ। ਆਪਣੀ ਅੰਦਰਲੀ ਖਿਮਾਂ ਨੂੰ ਆਪਣੇ ਲਈ ਤੇ ਅਨਾਦਰ ਕਰਨ ਵਾਲੇ ਲਈ ਮੱਲ੍ਹਮ ਨਾ ਜਾਤਾ, ਪਰ ਸ਼ੱਤਰੂ। ਜੇ ਲੋੜ ਬੀਰ ਰਸ ਦੇ ਵਰਤਾਉ ਦੀ ਸੀ ਤਾਂ ਕ੍ਰੋਧ ਵਿਚ ਚੜ੍ਹਕੇ ਰੌਦ੍ਰ ਰਸ ਵਿਚ ਜਾਂ ਦੁਖ ਦਿੱਤੇ ਜਾਂ ਪਾਏ, ਪਿੱਛੋਂ ਦੁੱਖ ਨਿਕਲੇ ਤਾਂ ਘਬਰਾਏ। ਜਾਂ ਬੀਰਤਾ ਵੇਲੇ ਭੈ ਖਾਕੇ ਨਿਰਬਲਤਾ ਵਿਚ ਚਲੇ ਗਏ। ਇਸੇ ਤਰ੍ਹਾ ਇਸਤ੍ਰੀ ਨੂੰ ਸੰਸਾਰ ਯਾਤਰਾ ਦੀ ਪਰਮ ਮਿੱਤ੍ਰ, ਸੁਰਤ ਦੀ ਡਾਢ ਤੇ ਮਦਦਗਾਰ ਨਾ ਜਾਣਿਆਂ ਪਰ ਨਿਰੀ ਸਰੀਰਕ ਰਸ ਦਾਤਾ ਯਾ ਨਿਰਾ ਔਲਾਦ ਉਤਪਤੀ ਦਾ ਵਸੀਲਾ। ਇਸਤ੍ਰੀ ਨਾਲ ਰਲ ਕੇ ਅੰਦਰਲੇ ਅਕਲ ਦੇ ਚਾਨਣ ਰੌਸ਼ਨ ਨਾ ਕੀਤੇ ਪਰ ਘਰ ਦੀਆਂ ਲੋੜਾਂ ਅਤੇ ਐਸ਼ ਦੇ ਸਾਮਾਨ ਵਧਾਏ। ਕਮਾਈ ਨਾਲੋਂ ਲੋੜਾਂ ਵਧਾਕੇ ਤੇ ਲੋੜਾਂ ਦੇ ਪੂਰਨ ਨਾ ਹੋਣ ਦੀ ਤਾਂਘ ਨੂੰ ਦੁੱਖ ਬਣਾਕੇ, ਭੋਗਾਂ ਦੇ ਹੱਥ ਵਿਕਕੇ ਭੋਗਦੇ ਹੋਏ ਆਪ ਭੋਗੇ ਗਏ* ਤੇ ਫੇਰ ਕਿਹਾ ਕਿ ਸੁੱਖਾਂ ਦੇ ਸਾਧਨ ਕਰਦਿਆਂ ਸੁਖ ਨਹੀਂ ਹੋਏ। ਕਿਉਂ ਭਾਈ ਸਾਹਿਬ ਏਸੇ ਤਰ੍ਹਾਂ ਹੈ ਕਿ ਹੋਰ ਤਰ੍ਹਾਂ ?

ਢੇਸਾ (ਹੇਠਾਂ ਤੱਕਕੇ)— ਏਸੇ ਤਰ੍ਹਾਂ ਹੈ।

ਸਾਈਂਦਾਸ— ਹੁਣ ਪਿੱਛੇ ਪਰਤਕੇ ਵੇਖੀਏ। ਮੈਂ ਕਿਹਾ ਸੀ ਕਿ ਤੁਸੀਂ 'ਹਓ', 'ਦੁਖੀ ਹਓ' ਅਰ ਸਾਧਨ ਕਰਦਿਆਂ ਬੀ ਸੁਖੀ ਨਹੀਂ ਹੋਏ, ਇਹੋ ਗਲ ਅਸਾਂ ਹੁਣ ਸਿੱਧ ਕਰ ਲਈ ਹੈ।

ਢੇਸਾ— ਬਹੁਤ ਸਾਫ਼ ਸਿੱਧ ਹੋਈ ਹੈ ਕਿ ਸਾਰੇ ਦੋਸ਼ ਮੇਰੀ ਸਮਝ ਦੇ ਉਲਟੇ ਚਲਣ ਦੇ ਹਨ।

---

* ਭਰਥਰੀ ਦਾ ਵਾਕ ਹੈ:- ਭੋਗਾਂ ਨੂੰ ਮੈਂ ਨਹੀਂ ਭੋਗਿਆ ਪਰ ਭੋਗਾਂ ਨੇ ਮੈਨੂੰ ਭੋਗ ਲਿਆ।

ਸਾਈਂਦਾਸ— ਹੁਣ ਅਸੀਂ ਕੀਹ ਪੜਤਾਲ ਕਰਨੀ ਹੈ?

ਢੇਸਾ— ਕਿ ਮੈਂ ਸੁਖੀ ਕਿਕੂੰ ਹੋਵਾਂ?

ਸਾਈਂਦਾਸ— ਕੁਛ ਏਸ ਗਲ ਦੀ ਬੀ ਇਸ ਵਿਸ਼ੇ ਵਿੱਚ ਲੋੜ ਮਾਲੂੰਮ ਹੁੰਦੀ ਹੈ ਕਿ ਪਰਮੇਸ਼ਰ ਨੇ ਸਾਨੂੰ ਕਿਸ ਤਰ੍ਹਾਂ ਰਚਿਆ ਤੇ ਕਿਉਂ ਰਚਿਆ?

ਢੇਸਾ— ਜੇ ਮੈਂ ਸੁਖੀ ਹੋ ਜਾਵਾਂ ਤਦ ਅਜੇ ਤਾਂ ਲੋੜ ਨਹੀਂ ਦਿਸਦੀ, ਪਰ ਮਨ ਦੀ 'ਜਾਣਨ' ਦੀ ਭੁੱਖ ਤਾਂ ਕਦੇ ਫੇਰ ਮੰਗ ਕਰ ਹੀ ਬੈਠੇਗੀ, ਤਦੋਂ ਦੇਖੀ ਜਾਊ।

ਸਾਈਂਦਾਸ— ਹੂੰ ...ਹੱਛਾ, ਤਾਪ ਲਹਿ ਜਾਏ, ਪ੍ਰਯੋਜਨ ਤਾਂ ਇਹ ਹੈ।

ਢੇਸਾ— ਹਾਂ ਠੀਕ ਹੈ।

ਸਾਈਂਦਾਸ— ਭਲਾ ਭਾਈ ਜੀ, ਪਿੱਛਾ ਇਸ ਜਨਮ ਦਾ ਜੋ ਤੁਹਾਡੇ ਸਿਰ ਬੀਤਿਆ ਹੈ ਭੁੱਲ ਜਾਓ ਤੇ ਫੇਰ ਸੁਖੀ ਹੋ ਜਾਓ, ਤਦ ਤੁਹਾਡੇ ਸੁਖੀ ਹੋਣ ਲਈ ਇਸ ਗਲ ਦੇ ਜਾਣਨ ਦੀ ਲੋੜ ਹੈ ਕਿ ਅੱਜ ਤੱਕ ਕੀਹ ਤੇ ਕਿਉਂ ਤੇ ਕਿਕੂੰ ਕਰਦੇ ਰਹੇ ਹੋ?

ਢੇਸਾ— ਨਹੀਂ ਜੀ।

ਸਾਈਂਦਾਸ— ਤਦ ਹੁਣ ਐਉਂ ਸੋਚ ਕਰੀਏ ਭਈ ਜੇਕਰ ਤੁਸੀਂ ਰੋਜ਼ ਅੰਨ ਐਸਾ ਖਾਓ ਜੋ ਹਲਕਾ, ਸੁਥਰਾ, ਸਰੀਰ ਪਾਲਣ ਵਾਲਾ ਤੇ ਸਾਦਾ ਹੋਵੇ ਤਦ ਤੁਹਾਨੂੰ ਕੋਈ ਕਠਨਾਈ ਨਹੀਂ ਹੈ?

ਢੇਸਾ— ਨਹੀਂ, ਜ਼ਰਾ ਸੁਆਦ ਨੂੰ ਜੀ ਲਲਚੇਗਾ।

ਸਾਈਂਦਾਸ— ਜੇ ਤੁਸੀਂ ਕੰਮ ਕਾਜ ਕਰੋ, ਆਲਸੀ ਨਾ ਬਣੋ, ਆਪਣੀ ਕਿਰਤ ਪੂਰਾ ਵਕਤ ਲਾਕੇ ਕਰੋ, ਜੇ ਕਿਰਤ ਬੈਠਵੀਂ ਹੋਵੇ ਤਦ ਕੁਛ ਫਿਰਨਾ ਯਾ ਕੋਈ ਹੋਰ ਕਸਰਤ ਕਰੋ ਅਰ ਚੰਗੀ ਭੁੱਖ ਲੱਗੀ ਤੇ ਰੋਟੀ ਖਾਓ, ਤਦ ਸਾਦੇ ਤੋਂ ਸਾਦਾ ਭੋਜਨ ਤੁਹਾਨੂੰ ਸ੍ਵਾਦੀਕ ਲੱਗੂ ਕਿ ਨਹੀਂ?

ਢੇਸਾ— ਹੈ ਤਾਂ ਠੀਕ।

ਸਾਈਂਦਾਸ— ਤਦ ਫੇਰ ਐਸਾ ਕਰਨ ਵਿਚ ਸੁਆਦ ਦਾ ਨੁਕਸਾਨ ਬੀ ਨਾ ਹੋਇਆ।

ਢੇਸਾ— ਮਲੂਮ ਤਾਂ ਨਹੀਂ ਹੁੰਦਾ।

ਸਾਈਂਦਾਸ— ਜੇ ਤੁਸੀਂ ਕਿਸੇ ਸਿਆਣੇ ਤੋਂ ਪੁੱਛੋ ਤਦ ਉਹ ਤੁਹਾਨੂੰ ਦੱਸੂ ਕਿ ਬਹੁਤੇ ਅਚਾਰ, ਚਟਨੀਆਂ, ਮੁਰੱਬੇ, ਮਿਠਾਈਆਂ ਅਰ ਹੋਰ ਅਮੀਰਾਂ ਦੇ ਚੋਜ ਰੋਗ ਪੈਦਾ ਕਰਦੇ ਹਨ। ਇਹ ਜਾਣਕੇ ਜੇ ਤੁਸੀਂ ਹਲਕੇ, ਸੁਥਰੇ ਤੇ ਸਾਦੇ ਭੋਜਨ ਖਾਓ ਤੇ ਸ੍ਵਾਦੀਕ ਬਣਾਕੇ ਖਾਓ, ਕੇਵਲ ਦੁਸ਼ਪਚ ਤੇ ਅਣਪਾਚੇ ਵਾਲੇ ਭੋਜਨ ਸੁਆਦਾਂ ਪਿਛੇ ਖਾਣੇ ਛੱਡ ਦਿਓ, ਬਹੁਤ ਖਾਣਾ ਤੇ ਛੇਤੀ ਛੇਤੀ ਖਾਣਾ ਬੀ ਛਡ ਦਿਓ ਤਦ ਤੁਸੀਂ ਸਰੀਰ ਦੀ ਅਰੋਗਤਾ ਕਰਕੇ ਸੁਖੀ ਰਹਿ ਸਕਦੇ ਹੋ ਕਿ ਨਹੀਂ?

ਢੇਸਾ— ਠੀਕ ਹੈ, ਰਹਿ ਸਕਦਾ ਹਾਂ।

ਸਾਈਂਦਾਸ— ਜੇ ਤੁਸੀਂ ਕੰਮ ਆਪਣਾ ਲੱਗ ਕੇ ਕਰੋ, ਤਦ ਬੀ ਸਰੀਰ ਸੁਖੀ ਰਹੇਗਾ। ਵਿਹਲਾ ਆਦਮੀ ਹਰ ਵੇਲੇ ਸਰੀਰ ਦੀਆਂ ਸੋਚਾਂ ਤੇ ਵਹਿਮਾਂ ਨਾਲ ਵਹਿਮੀ ਤੇ ਰੋਗੀ ਹੋਕੇ ਦੁਖੀ ਹੋ ਜਾਂਦਾ ਹੈ।

ਢੇਸਾ— ਠੀਕ ਹੈ।

ਸਾਈਂਦਾਸ— ਜੇ ਤੁਸੀਂ ਕਿਸੇ ਕ੍ਰੋਧ ਉਤਪਤੀ ਹੋਣ ਵੇਲੇ ਧੀਰਜ ਵਿਚ ਹੋਵੋ, ਖਿਮਾਂ ਕਰੋ, ਦਇਆ ਤੇ ਦਾਨ ਦੀ ਬੀਰਤਾ ਦਿਖਾਓ ਤਦ ਤੁਹਾਡਾ ਜੀ ਸੁਖੀ ਰਹੇਗਾ ਕਿ ਨਹੀਂ? ਜੇ ਗਲ ਗਲ ਤੇ ਬ੍ਰਿਥਾ ਕ੍ਰੋਧ ਦਾ ਸੁਭਾਉ ਪਾ ਲਓਗੇ ਤਦ ਕ੍ਰੋਧ ਵੇਲੇ ਆਪ ਹੀ ਅਗਨੀ ਜੇਹੀ ਵਿਚ ਸੜੋਗੇ ਕਿ ਨਹੀਂ?

ਢੇਸਾ— ਠੀਕ ਹੈ।

ਸਾਈਂਦਾਸ— ਤਦ ਇਕ ਹੋਰ ਸੁਖ 'ਧੀਰਜ' ਦਾ ਤੁਹਾਨੂੰ ਮਿਲ ਪਿਆ ਹੈ। ਧੀਰਜ ਤੋਂ ਮੇਰਾ ਮਤਲਬ ਬੀਰਤਾ ਹਾਨ ਕਰਨ ਤੋਂ ਨਹੀਂ ਪਰ ਇਸ ਤੋਂ ਹੈ ਕਿ ਕ੍ਰੋਧ ਚੰਡਾਲ ਦੇ ਵੱਸ ਵਿਚ ਪੈਣ ਤੇ ਅਨਰਥ ਕਰ ਬੈਠਣੇ ਮਾੜੇ ਹਨ। ਸ੍ਵੈ ਸਤਿਕਾਰ ਦਾ ਬੀਰ ਰਸ ਨਾਲ ਪੂਰਾ ਬਚਾਉ ਹੋ ਸਕਦਾ ਹੈ। ਸਾਰਾ ਮਤਲਬ ਇਹ ਹੈ ਕਿ ਸਾਡਾ ਵਸੀਕਾਰ ਪੰਜਾਂ ਉਤੇ ਹੋਣਾ ਚਾਹੀਦਾ ਹੈ, ਅਸੀਂ ਉਨ੍ਹਾਂ ਦੇ ਵਸੀਕਾਰ ਵਿਚ ਨਾ ਫਸ ਜਾਈਏ।

ਢੇਸਾ— ਠੀਕ ਹੈ।

ਸਾਈਂਦਾਸ— ਹੱਛਾ, ਤੁਸੀਂ ਵਿਆਹੇ ਹੋਏ ਹੋ। ਵਹੁਟੀ ਨੂੰ ਸੱਚਾ ਸੱਜਣ ਸਮਝੋ ਅਰ ਇਕ ਦੂਏ ਨੂੰ ਐਉਂ ਪਿਆਰ ਕਰੋ ਜਿਕੂੰ ਸਚੇ ਪ੍ਰੇਮੀ ਕਰਦੇ ਹਨ,

 www.sikhbookclub.com

ਤਦ ਦੱਸੋ ਤੁਹਾਡੇ ਲਈ ਉਹ ਤੇ ਉਹਦੇ ਲਈ ਤੁਸੀਂ ਲਗਾਤਾਰ ਸੁਖ ਦਾ ਸੋਮਾ ਬਣ ਜਾਓਗੇ ਕਿ ਨਹੀਂ?

ਢੇਸਾ— ਠੀਕ ਹੈ।

ਸਾਈਂਦਾਸ— ਇਸ ਤਰ੍ਹਾਂ ਰੋਗ ਤੁਹਾਥੋਂ ਦੂਰ ਰਹਿਣਗੇ ਤੇ ਲੋੜਾਂ ਤੁਹਾਡੀਆਂ ਘੱਟ ਹੋਣਗੀਆਂ। ਜਦ ਪਰਸਪਰ ਪ੍ਰੇਮ ਹੈ ਤਦ ਫਜ਼ੂਲ ਹਾਰ ਸ਼ਿੰਗਾਰ ਤੇ ਨਿਕੰਮੇ ਕੀਮਤੀ ਬਸ੍ਤਰਾਂ ਤੇ ਰੁਪੱਯਾ ਘੱਟ ਖਰਚ ਹੋਊ। ਮੇਰਾ ਇਹ ਮਤਲਬ ਨਹੀਂ ਕਿ ਤੁਸੀਂ ਸੁਥਰੇ ਤੇ ਚੰਗੇ ਕਪੜੇ ਨਾ ਪਹਿਨੋ ਪਰ ਇਹ ਕਿ ਇਨ੍ਹਾਂ ਚੀਜ਼ਾਂ ਪਰ ਘੱਟ ਖਰਚ ਹੋਣ ਕਰਕੇ ਤੁਸੀਂ ਹੱਕ ਹਲਾਲ ਦੀ ਕਮਾਈ ਤੇ ਸੰਤੋਖ ਕਰੋਗੇ ਅਰ ਕਦੇ ਚੋਰੀ ਕਿ ਧੱਕੇ ਨਾਲ ਪੈਸਾ ਲੈਣ ਦਾ ਜਤਨ ਨਾ ਕਰੋਗੇ ਅਰ ਉਨ੍ਹਾਂ ਸਾਰੇ ਦੁਖਾਂ ਤੋਂ, ਜੋ ਚੋਰੀ, ਠੱਗੀ, ਧੱਕਾ ਕਰਨ ਯਾ ਵਿਹਾਰਕ ਫ੍ਰੇਬ ਕਰਨ ਨਾਲ ਮਨ ਤੇ ਸਰੀਰ ਨੂੰ ਹੁੰਦੇ ਹਨ, ਬਚ ਜਾਓਗੇ। ਜੋ ਚਾਰ ਪੈਸੇ ਕਮਾਈ ਦੇ ਵਧਾਓਗੇ, ਓਹ ਅਜਾਈਂ ਜਾਣ ਨਾਲੋਂ ਨੇਕ ਥਾਈਂ ਖਰਚ ਹੋਣਗੇ। ਬਾਲਾਂ ਦੀ ਚੰਗੀ ਪਰਵਰਸ਼ ਉਤੇ ਉਹ ਕਮਾਈ ਖਰਚ ਹੋਕੇ ਉਲਾਦ ਸੁਖੀ, ਤੰਦਰੁਸਤ, ਨੇਕ ਤੇ ਵਿਦਜਾ ਵਾਲੀ ਹੋ ਜਾਏਗੀ, ਜਿਸ ਕਰਕੇ ਉਲਾਦ ਵਲੋਂ ਦੁੱਖ ਨਾ ਦੇਖੋਗੇ। ਕੁਛ ਹੋਰ ਬਚੇਗਾ ਤਦ ਦੁਖੀ ਲੋੜਵੰਦ ਸਾਕ, ਸੈਨ, ਸੱਜਣ ਤੇ ਹਮਸਾਏ ਦਾ ਦੁਖ ਵੰਡਾਓਗੇ। ਉਸਦਾ ਦਰਦ ਵੰਡਾਕੇ ਤੁਹਾਨੂੰ ਇਕ ਰਸ ਆਵੇਗਾ ਜੋ ਰਸ ਕਿ ਕਿਸੇ ਤਰ੍ਹਾਂ ਦੇ ਭੋਗ ਵਿਚ ਪ੍ਰਾਪਤ ਨਹੀਂ ਹੋ ਸਕਦਾ।

ਹੁਣ ਤੁਸੀਂ ਮੈਨੂੰ ਸੋਚ ਕੇ ਦੱਸੋ ਕਿ ਤੁਸੀਂ ਦੁਖੀ ਕਿਸ ਤਰ੍ਹਾਂ ਹੋ?

ਢੇਸਾ— ਇਹ ਹੈ ਤਾਂ ਠੀਕ, ਪਰ ਵਿਗੜੀਆਂ ਤਾਣੀਆਂ ਕਿੱਕੂੰ ਸੌਰਨ? ਇਹ ਤਾਂ ਤਾਂ ਸੀ ਕਿ ਬਚਪਨ ਤੋਂ ਤੁਹਾਡੇ ਸਤਿਸੰਗ ਵਿੱਚ ਪਲਦੇ ਤੇ ਤੁਹਾਡੀ ਮੱਤ ਤੇ ਤੁਰਦੇ। ਹੁਣ ਕੀ ਹੋਵੇ?

ਸਾਈਂਦਾਸ— ਉਹੋ ਕੁਛ ਜੋ ਹੁਣ ਕਿਹਾ ਜੇ, ਦਾਰੂ ਆਪੇ ਲਭ ਲਿਆ ਜੇ।

ਢੇਸਾ— ਮੈਂ ਤਾਂ ਕਿਸੇ ਲਾਇਕ ਨਹੀਂ ਪਰ ਮੈਨੂੰ ਮੇਰੇ ਤੇ ਨਾ ਛਡੋ, ਮੈਨੂੰ ਤੁਸੀਂ ਰਸਤਾ ਦਿਖਾਓ।

ਸਾਈਂਦਾਸ— ਭਾਈ ਜੇ ਬਚਪਨ ਤੋਂ ਕਿਸੇ ਦਾ ਸਤਿਸੰਗ ਤੁਹਾਨੂੰ ਆਉਣ ਵਾਲੇ ਦੁਖਾਂ ਤੋਂ ਬਚਾ ਸਕਦਾ ਸੀ ਤਦ ਉਸੇ ਤਰ੍ਹਾਂ ਦਾ ਸਤਿਸੰਗ ਹੁਣ ਬੀ ਆਉਣ ਵਾਲੇ ਦੁਖਾਂ ਤੋਂ ਬਚਾ ਸਕਦਾ ਹੈ।

ਢੇਸਾ— ਹੈਂ?

ਸਾਈਂਦਾਸ— ਸੋਚ ਲਓ, ਠੀਕ ਹੈ ਕਿ ਨਹੀਂ?

ਢੇਸਾ— ਇੱਕ ਫਰਕ ਹੈ, ਓਦੋਂ ਮੱਤ ਕੱਚੀ ਸੀ, ਜਿੱਧਰ ਲਾਓ ਲਗ ਸਕਦੀ ਸੀ, ਹੁਣ ਮੱਤ ਇਕ ਪਾਸੇ ਪੱਕ ਗਈ ਹੈ।

ਸਾਈਂਦਾਸ— ਠੀਕ! ਓਦੋਂ ਲੱਗਣਾ ਸੌਖਾ ਸੀ ਪਰ ਹੁਣ ਔਖਾ। ਲੱਗਣਾ ਤਦੋਂ ਬੀ ਅਸੰਭਵ ਨਾ ਸੀ ਤੇ ਲਗ ਪੈਣਾ ਅਜ ਭੀ ਅਨਹੋਣਾ ਨਹੀਂ ਹੈ!

ਢੇਸਾ— ਹਾਂ, ਅਸੰਭਵ ਵਰਗਾ ਹੀ ਹੈ।

ਸਾਈਂਦਾਸ— ਫੇਰ ਜੇ ਸੁਖੀ ਹੋਣ ਲਈ ਪੁੱਠੇ ਤ੍ਰੀਕਿਆਂ ਵਿੱਚ ਐਨਾਂ ਬਲ ਖਰਚ ਹੋਇਆ ਹੈ ਅਰ ਅੱਜ ਪਤਾ ਲੱਗਾ ਹੈ ਕਿ ਉਹ ਭੁੱਲ ਸੀ ਤਦ ਕਿਉਂ ਨਾ ਅੱਜ ਸੱਚੇ ਸੁਖੀ ਹੋਣ ਦੇ ਤਰੀਕੇ ਪਰ ਚੱਲਣ ਲਈ ਉਸ ਤੋਂ ਕੁਛ ਵਧੀਕ ਮਿਹਨਤ ਕਰ ਲਈ ਜਾਵੇ। ਸਗੋਂ ਹੁਣ ਇਕ ਸੁਖੈਨਤਾ ਬੀ ਹੋਵੇਗੀ, ਉਹ ਇਹ ਕਿ ਪਿਛਲੇ ਹੋ ਚੁਕੇ ਤਜਰਬੇ ਤੇ ਪਾਏ ਦੁਖਾਂ ਤੋਂ ਤਬੀਅਤ ਨੂੰ ਓਧਰੋਂ ਮੋੜਨ ਵਿਚ ਸਹਾਇਤਾ ਮਿਲੇਗੀ।

ਢੇਸਾ— ਤੁਹਾਡੀ ਹਰ ਗੱਲ ਤਸੱਲੀ ਕਰ ਦੇਂਦੀ ਹੈ, ਐਉਂ ਮਲੂਮ ਹੁੰਦਾ ਹੈ ਕਿ ਹੁਣੇ ਹੀ ਜੇ ਲੱਗ ਪਈਏ ਤਦ ਸੁਖੀ ਹੋ ਸਕਦੇ ਹਾਂ, ਪਰ ਸ਼ੁਰੂ ਕੀਕੂੰ ਕਰੀਏ?

ਸਾਈਂਦਾਸ— ਜਿਵੇਂ ਮੈਂ ਬੇਨਤੀ ਕੀਤੀ ਹੈ, ਜੇ ਸੱਚੀ ਹੈ ਤਦ ਇਸ ਪਰ ਤੁਰ ਪਓ। ਇਸ ਪਰ ਤੁਰਨ ਲਈ ਜੇ ਕੋਈ ਢਿੱਲ ਮੱਠ ਮਨ ਵਿਚ ਦਿੱਸੇ ਤਦ ਸ੍ਰੀ ਗੁਰੂ ਜੀ ਦੇ ਕਿਸੇ ਪਿਆਰੇ ਸਿੱਖ ਦਾ ਸਤਿਸੰਗ ਕਰਿਆ ਕਰੋ।

ਢੇਸਾ— ਮਾਫ ਕਰਨਾ, ਪਰ ਉਹ ਗੱਲ ਉੱਥੇ ਦੀ ਉੱਥੇ ਹੀ ਰਹੀ ਕਿ ਸਾਨੂੰ ਕਿਉਂ ਤੇ ਕਿਸ ਤਰ੍ਹਾਂ ਬਨਾਇਆ ਗਿਆ?

ਸਾਈਂਦਾਸ— ਠੀਕ ਹੈ, ਪਰ ਤੁਸੀਂ ਹਰ ਗੱਲੇ ਮੰਨਦੇ ਰਹੇ ਹੋ ਕਿ ਅਜੇ ਇਸ ਗਲ ਦੇ ਮੇਰੇ ਸੁਖੀ ਹੋਣ ਲਈ ਲੋੜ ਨਹੀਂ। ਮੈਂ ਪਹਿਲੇ ਹੀ ਦੱਸ ਦਿੱਤਾ ਸੀ ਕਿ ਮੈਂ ਮੋਟੀ ਤੇ ਵਰਤੋਂ ਦੀ ਅਕਲ ਵਾਲਾ ਹਾਂ, ਐਸੀ ਬਾਤ ਦਾ ਚਰਚਾ ਕਰਨੇ ਨੂੰ ਤਿਆਰ ਨਹੀਂ ਹਾਂ। ਦੇਖਣਾ ਕੇਵਲ ਇਹ ਸੀ ਕਿ ਤੁਸੀਂ, ਜੋ ਚਾਹੋ ਕਿਸੇ ਤਰ੍ਹਾਂ ਹੋ, ਸੁਖੀ ਹੋ? ਸੋ ਸੁਖੀ ਨਾ ਨਿਕਲੇ। ਹੁਣ ਦੂਸਰਾ ਕੰਮ ਇਹ ਸੀ

 www.sikhbookclub.com

ਕਿ ਜੇਹੇ ਕੇਹੇ ਹੋ ਅਰ ਜਿਵੇਂ ਕਿਵੇਂ ਹੋ ਸੁਖੀ ਹੋ ਸਕਦੇ ਹੋ ਕਿ ਨਹੀਂ? ਸੋ ਬੀ ਹੋ ਗਿਆ। ਹੁਣ ਜਦ ਸੁਖੀ ਹੋ ਜਾਓਗੇ, ਮਨ ਦੁੱਖਾਂ ਦੀ ਦਾਬ ਹੇਠੋਂ ਨਿਕਲਕੇ ਸੁਖ ਦੀ ਅਵਸਥਾ ਵਿੱਚ ਆਵੇਗਾ, ਤਦ ਇਸ ਨੂੰ ਇਹ ਭਾਲ ਨਹੀਂ ਰਹੇਗੀ ਕਿ ਮੈਂ ਕਿਉਂ ਦੁਖੀ ਸਾਂ ਪਰ ਇਹ ਕਿ ਮੈਂ ਹੁਣ ਸੁਖੀ ਹੀ ਰਹਾਂ। ਜਿਉਂ ਜਿਉਂ ਫਿਰ ਜੀਵ ਸੁਖੀ ਹੋਏਗਾ ਉਹ ਸੁਖੀ ਰਹਿਣ ਦੇ ਵਸੀਲਿਆਂ ਤੋਂ ਜਾਣੂੰ ਹੁੰਦਾ ਜਾਏਗਾ। ਜਦ ਪੂਰਨ ਸੁਖੀ ਹੋ ਜਾਏਗਾ ਤਦ ਯਥਾਰਥ ਵਿੱਚ ਜਾਏਗਾ।

ਫੇਸਾ— ਯਥਾਰਥ ਕੀਹ?

ਸਾਈਂਦਾਸ— ਜੇ ਤੁਸੀਂ ਦੁਖੀ ਹੋ ਤਾਂ ਕਹਿੰਦੇ ਹੋ ਮੇਰੀ ਅਵਸਥਾ ਦੁੱਖ ਦੀ ਹੈ। ਜੇ ਸੁਖੀ ਹੋ ਤਾਂ ਕਹਿੰਦੇ ਹੋ ਸੁੱਖ ਦੀ ਅਵਸਥਾ ਹੈ। ਸੋ ਦੁੱਖ ਦੀ ਅਵਸਥਾ (ਦਸ਼ਾ ਯਾ ਹਾਲਤ) ਵਿਚੋਂ ਨਿਕਲਕੇ ਸੁਖ ਦੀ ਅਵਸਥਾ ਵਿੱਚ ਆਉਣ ਦਾ ਪਤਾ ਆਪ ਨੂੰ ਲੱਗ ਗਿਆ। ਇਕੁਰ ਸਤਿਗੁਰ ਜੀ ਕਿਹਾ ਕਰਦੇ ਹਨ ਕਿ ਅਵਸਥਾ ਇਕ ਕਾਰਣਾ ਤੋਂ ਪੈਦਾ ਹੋਈ ਚੀਜ਼ ਹੈ। ਜਦ ਮਨ ਸੁਖੀ ਹੁੰਦਾ ਹੁੰਦਾ ਦੁਹਾਂ ਅਵਸਥਾਂ ਤੋਂ ਨਿਕਲ ਜਾਂਦਾ ਹੈ ਤਦ ਯਥਾਰਥ ਆਉਂਦਾ ਹੈ। ਅਰਥਾਤ ਜੋ ਕੁਛ ਕਿ ਹੈ ਸਹਿਜ ਸੁਭਾਵ ਯਾ ਅਸਲੀਅਤ ਵਿੱਚ ਉਹ ਯਥਾਰਥ ਹੈ। ਓਥੇ ਜਾਕੇ ਸੰਸੇ ਨਵਿਰਤ ਹੁੰਦੇ ਤੇ ਟੇਕ ਬੱਝਦੀ ਹੈ।

ਅਸੀਂ ਭਲਾ ਜੀਵਨ ਬਿਤੀਤ ਕਰਨ ਲਈ ਆਏ ਹਾਂ। ਲੋਕਾਂ ਨੂੰ ਸੁਖ ਪਹੁੰਚੇ, ਅਸੀਂ ਸੁਖੀ ਹੋਈਏ ਤੇ ਉਨ੍ਹਾਂ ਨੂੰ ਸਾਡੇ ਸੁਖ ਦੀ ਲਾਗ ਲੱਗੇ। ਕਿਕੂੰ ਚੰਗਾ ਜੀਵਨ ਜੀਵੀਏ? ਕਿਕੂੰ ਅੰਦਰੋਂ ਸੁਖੀ ਰਹੀਏ? ਤੇ ਅੰਤ ਓਥੇ ਅੱਪੜੀਏ ਕਿ ਜਿੱਥੇ ਜਾਕੇ 'ਅਸਲੀਅਤ' ਨਾਲ ਲਗ ਜਾਈਏ, ਜਿਸ ਨੂੰ 'ਸਚ' ਕਹੀਏ ਚਾਹੇ 'ਯਥਾਰਥ' ਕਹੀਏ ਓਥੇ ਜਹਿਜ* ਪਦ ਹੈ।

ਦੌਲਤ, ਮਕਾਨ, ਭੋਂ, ਨਾਮਵਰੀ, ਕੰਮ ਇਨ੍ਹਾਂ ਖਾਤਰ ਮਾਨੁਖ ਦੇਹ ਮਿਲੀ, ਅਸੀਂ ਨਹੀਂ ਸਮਝਦੇ ਹਾਂ। ਇਹ ਮੱਤ ਸਾਨੂੰ ਗੁਰੂ ਜੀ ਨੇ ਦਿੱਤੀ ਹੈ। ਇਨ੍ਹਾਂ ਤੋਂ ਅਸਾਂ ਨੱਸਣਾ ਵੀ ਨਹੀਂ। ਅਸੀਂ ਪਰ ਕੋਈ ਉੱਚ ਜੀਵਨ ਭਾਲਣਾ ਹੈ। ਇਹ ਗੁਰੂ ਦੀ ਹੋਣ ਕਰਕੇ ਸਾਡੀ ਮੱਤ ਇਸ ਵਿੱਚ ਕਿੰਤੂ ਨਹੀਂ ਕਰਦੀ, ਕਿਉਂ? ਮਨਮਤ ਦੇ ਹੱਥੋਂ ਚੰਗੀ ਤਰ੍ਹਾਂ ਸਤ ਸਤ ਕੇ ਅਸਾਂ ਗੁਰਮਤ ਵਿੱਚ ਟੁਰਕੇ ਪਰਤੱਖ

* ਚਉਥੇ ਪਦ ਮਹਿ ਸਹਿਜੁ ਹੈ ਗੁਰਮੁਖਿ ਪਲੈ ਪਾਇ॥

(ਸਿਰੀ ਰਾਗ ਮ: ੩)

 www.sikhbookclub.com

ਸੁਖ ਦੇਖਿਆ ਹੈ। ਸਾਨੂੰ ਸਮਝ ਪਈ ਹੈ ਕਿ 'ਸੱਚ', 'ਪਿਆਰ' ਤੇ 'ਪਵਿਤ੍ਰਤਾ' ਨਾਲ ਸੁਖੀ ਹੋ ਜਾਈਦਾ ਹੈ, ਸੋ ਏਸੇ ਯਤਨ ਵਿੱਚ ਅਸੀਂ ਰਹਿੰਦੇ ਹਾਂ। ਝਗੜੇ ਤੇ ਚਰਚਾ ਕਰਨ ਦਾ ਬਲ ਮੇਰੇ ਪਾਸ ਨਹੀਂ ਤੇ ਨਾ ਹੀ ਮੇਰੇ ਪਾਸ ਵਾਧੂ ਬਹਿਸਾਂ ਲਈ ਵਿਹਲ ਹੈ।

ਇਸ ਤਰ੍ਹਾਂ ਗੱਲਾਂ ਕਰਕੇ ਢੇਸਾ ਪੈਰੀ ਪੌਣਾ ਕਰਕੇ ਚਲਾ ਗਿਆ ਤੇ ਸਾਈਂਦਾਸ ਜੀ ਉਥੇ ਹੀ ਸੌਂ ਗਏ।

## (੯) ਭਾਈ ਸਾਈਂ ਦਾਸ ਜੀ ਦਾ ਸੁਪਨਾ।

ਘਰ ਵਿੱਚ ਉਡੀਕ ਹੋ ਰਹੀ ਸੀ। ਨਰੈਣ ਦਾਸ ਜੀ ਨੇ ਅਜੇ ਪ੍ਰਸ਼ਾਦ ਨਹੀਂ ਛੱਕਿਆ ਸੀ, ਤਾਂਘ ਸੀ ਕਿ ਸਾਈਂਦਾਸ ਜੀ ਹੁਣੇ ਆਉਂਦੇ ਹਨ ਤਦ ਕੱਠੇ ਛੱਕਦੇ ਹਾਂ। ਪਰ ਜਦ ਢੇਰ ਚਿਰ ਲੰਘ ਗਿਆ ਤਦ ਨਰੈਣ ਦਾਸ ਜੀ ਆਪ ਧਰਮਸਾਲਾ ਨੂੰ ਗਏ। ਓਥੇ ਜਾਕੇ ਕੀਹ ਵੇਖਦੇ ਹਨ ਕਿ ਸਾਈਂਦਾਸ ਜੀ ਬਿਰਾਜ ਰਹੇ ਹਨ। ਜਗਾਉਣਾ ਯੋਗ ਨਾ ਜਾਣਕੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਬੈਠ ਗਏ। ਇਸ ਤਰ੍ਹਾਂ ਕੁਛ ਘੜੀਆਂ ਗੁਜ਼ਰ ਜਾਣ ਤੇ ਜਦ ਘਰ ਕੋਈ ਨਾ ਪਹੁੰਚਾ ਤਦ ਵਿਆਕੁਲ ਹੋਕੇ ਪ੍ਰੇਮ ਦੇਈ ਤੇ ਰਾਮੋ ਧਰਮਸਾਲੇ ਆਪ ਆਈਆਂ। ਅੱਗੇ ਕੀਹ ਦੇਖਦੀਆਂ ਹਨ ਕਿ ਸਾਈਂਦਾਸ ਜੀ ਤਾਂ ਬਿਰਾਜ ਰਹੇ ਹਨ ਤੇ ਨਰੈਣ ਦਾਸ ਜੀ ਪਾਠ ਕਰ ਰਹੇ ਹਨ। ਇਹ ਬੀ ਮੱਥਾ ਟੇਕ ਕੇ ਬੈਠ ਗਈਆਂ ਅਰ ਸਮਝ ਗਈਆਂ ਕਿ ਸੁੱਤਿਆਂ ਨੂੰ ਜਗਾਉਣਾ ਚੰਗਾ ਨਾ ਸਮਝਕੇ ਆਪ ਪਾਠ ਕਰ ਰਹੇ ਹਨ। ਥੋੜੇ ਚਿਰ ਮਗਰੋਂ ਸਾਈਂਦਾਸ ਜੀ ਦੀ ਅੱਖ ਖੁਲ੍ਹੀ, ਤ੍ਰਬ੍ਹਕ ਕੇ ਉਠ ਬੈਠੇ, ਐਧਰ ਉਧਰ ਤੱਕ ਕੇ ਕਹਿੰਦੇ ਹਨ : "ਕੀ ਇਹ ਸੁਪਨਾ ਸੀ? ਪਰਮੇਸ਼ੁਰ ਕਰੇ ਸੁਪਨਾ ਹੋ ਜਾਏ, ਸ਼ੁਕਰ ਹੈ ਕਿ ਇਹ ਸੁਪਨਾ ਸੀ।" ਇਹ ਕਹਿਕੇ ਅੱਖਾਂ ਖੋਲ੍ਹਕੇ ਚੰਗੀ ਤਰ੍ਹਾਂ ਡਿੱਠਾ। ਸੁਪਨਾ ਨਿਸ਼ਚੇ ਹੋ ਗਿਆ ਪਰ ਸੁਪਨੇ ਦਾ ਅਸਰ ਦਿਲ ਪਰ ਕੁਛ ਐਸਾ ਪਿਆ ਹੈ ਕਿ ਅਜੇ ਦਿਲ ਉਸੇ ਹੀ ਆਸਰ ਹੇਠਾਂ ਹੈ। ਪ੍ਰੇਮ ਦੇਈ ਨੇ ਪੁੱਛਿਆ:- 'ਕਿਉਂ ਲਾਲ ਜੀ! ਸੁੱਖ ਤਾਂ ਹੈ?'

ਸਾਈਂਦਾਸ— ਸੁੱਖ ਹੈ। ਚਿਤ ਚੰਚਲ ਹੈ। ਭਜਨ ਨਹੀਂ ਕਰਦਾ ਤੇ ਲੋਕਾਂ ਨਾਲ ਚਰਚਾ ਵਿਚ ਲੱਗ ਜਾਂਦਾ ਹੈ? ਫੇਰ ਮਾੜਾ ਪ੍ਰਭਾਵ ਉਦਾਲੇ ਛਾ ਜਾਂਦਾ

ਨੂੰ ਜੋ ਨੀਂਦ ਵਿਚ ਬੀ ਦਬਾਊਂਦਾ ਹੈ, ਕੈਸੀ ਮੂਰਖਤਾ ਹੈ? ਜਿਸ ਸ਼ੈ ਨਾਲ ਪਿਆਰੇ ਦੀ ਯਾਦ ਵਿੱਚ ਫਰਕ ਪਵੇ ਉਹ ਕਰ ਹੀ ਲਈਦੀ ਹੈ, ਕਰਨੀ ਚਾਹੀਦੀ ਨਹੀਂ, ਇਹ ਬੀ ਭੁੱਲ ਹੈ। ਪਰ ਹੱਛਾ...ਖ਼ਬਰੇ ਰਜ਼ਾ ਕੀ ਹੈ? ਯਾ ਮਤੇ ਆਪਣੀ ਭੁੱਲ ਹੋਵੇ? ਆਪਣੀ ਭੁੱਲ ਮੰਨਣੀ ਚੰਗੀ ਹੈ, ਕਿਉਂਕਿ ਸਾਵਧਾਨਤਾ ਬਣੀ ਰਹਿੰਦੀ ਹੈ। ਮੇਰਾ ਬਦਨ ਟੁੱਟ ਜਿਹਾ ਗਿਆ ਹੈ ਤੇ ਨੀਂਦ ਨਾਲ ਬੀ ਹੌਲਾ ਨਹੀਂ ਹੋਇਆ। ...ਉਹੋ! ਤੁਸੀਂ ਸਾਰਿਆਂ ਅਜੇ ਪ੍ਰਸ਼ਾਦ ਨਹੀਂ ਪਾਇਆ ਤੇ ਮੇਰੇ ਪਿੱਛੇ ਏਥੇ ਉਡੀਕ ਕਰ ਰਹੇ ਹੋ? ਦੇਖੋ ਵਾਹਿਗੁਰੂ ਦਾ ਸਿਮਰਨ ਛੱਡਕੇ ਹੋਰ ਪਾਸੇ ਲਗਿਆਂ ਕਿੰਨੀ ਖੇਚਲ ਵਧਦੀ ਹੈ। ਹੱਛਾ, ਚਲੋ ਚਲੀਏ। ...ਪਿਤਾ ਜੀ! ਖਿਮਾ ਕਰਨੀ, ਬੜੀ ਖੇਚਲ ਹੋਈ।

ਏਸੇ ਤਰ੍ਹਾਂ ਆਪੋ ਵਿੱਚ ਗੱਲਾਂ ਕਰਦੇ ਘਰ ਪਹੁੰਚੇ। ਪ੍ਰਸ਼ਾਦ ਛਕਣ ਲੱਗੇ ਤਦ ਸਾਈਂਦਾਸ ਤੋਂ ਛਕਿਆ ਨਹੀਂ ਜਾਂਦਾ।

ਨਰੈਣ ਦਾਸ— ਲਾਲ ਜੀ! ਅੱਜ ਰੋਟੀਨਹੀਂ ਖਾਂਦੇ?

ਸਾਈਂਦਾਸ— ਪਿਤਾ ਜੀ! ਲੰਘਦੀ ਨਹੀਂ।

ਨਰੈਣ ਦਾਸ— ਕੁਛ ਕਾਰਣ?

ਸਾਈਂਦਾਸ— ਸੁਪਨੇ ਦੀ ਦ੍ਰੇੜ ਨੇ ਭੰਨ ਘੱਤਿਆ ਹੈ ਅਰ ਸੁਪਨੇ ਦਾ ਦਰਸ਼ਨ ਮੁੜ ਮੁੜ ਅੱਖਾਂ ਅੱਗੇ ਆਉਂਦਾ ਹੈ।

ਨਰੈਣਦਾਸ— ਐਸਾ ਸੁਪਨਾ ਕੀਹ ਸੀ?

ਸਾਈਂਦਾਸ— ਕੁਛ ਨਹੀਂ! ਮੇਰੇ ਹੀ ਕਰਮਾਂ ਯਾ ਸੰਕਲਪਾਂ ਵਿਕਲਪਾਂ ਦੇ ਬੁਤ ਬਣ ਬਣਕੇ ਅਖਾੜਾ ਮਚਾ ਰਹੇ ਹੋਣੇ ਹਨ।

ਨਰੈਣਦਾਸ— ਆਖਰ ਜੇ ਸੁਪਨਾਂ ਹੈ ਤਾਂ ਖਿਆਲ ਛੱਡੋ।

ਸਾਈਂਦਾਸ— ਬੜਾ ਛੱਡਦਾ ਹਾਂ ਪਰ ਫੇਰ ਫੇਰ ਯਾਦ ਆਉਂਦਾ ਹੈ।

ਨਰੈਣਦਾਸ— ਸੁਪਨਾ ਕੀ ਹੈ?

ਸਾਈਂਦਾਸ— ਕੀਹ ਦੱਸਾਂ? ਦੱਸਦਿਆਂ ਜੀ ਖੁੱਸਦਾ ਹੈ। (ਇਹ ਕਹਿੰਦੇ ਦੇ ਨੇਤਰ ਭਰ ਆਏ)। ਸਾਰੇ ਪ੍ਰਸ਼ਾਦ ਛਕ ਲਵੋ ਤਦ ਵਿਹਲੇ ਹੋਕੇ ਗੱਲਾਂ ਕਰਾਂਗੇ। ਸੁਪਨੇ ਅਕਸਰ ਮਨ ਦਾ ਵਿਕਾਰ ਹੁੰਦੇ ਹਨ ਜੋ ਮਨ ਸੁਪਨੇ ਵਿਚ ਖਬਰੇ ਬਾਹਰ ਨੂੰ ਸੱਟਦਾ ਹੈ। ਭਰਮ ਹੈ, ਹੋਰ ਕੀ ਹੈ?

ਨਰੈਣਦਾਸ— ਹੁੰਦਾ ਤਾਂ ਏਦਾਂ ਹੀ ਹੈ, ਪਰ ਸੁਪਨੇ ਵਿੱਚ ਜੇ ਚਿੱਤ ਇਕਾਗਰ ਹੋਵੇ ਤਦ ਕਈ ਵੇਰ ਸੁਪਨੇ ਕੁਛ ਅਰਥ ਵਾਲੇ ਬੀ ਹੁੰਦੇ ਹਨ।

ਸਾਈਂਦਾਸ— ਠੀਕ ਹੈ।

ਇੰਨੇ ਤੱਕ ਪ੍ਰਸ਼ਾਦ ਛਕਿਆ ਗਿਆ। ਕੁਛ ਉਗਲ ਨਿਗਲ ਕੇ ਸਾਈਂਦਾਸ ਨੇ ਬੀ ਚਾਰ ਗ੍ਰਾਹੀਆਂ ਪਾ ਲੀਤੀਆਂ। ਸਾਰਾ ਪਰਵਾਰ ਜਦ ਪ੍ਰਸ਼ਾਦ ਛਕ ਚੁੱਕਾ ਤਦ ਖਹਿੜੇ ਪੈਕੇ ਲੱਗੇ ਪੁੱਛਣ।

ਹੁਣ ਸਾਈਂਦਾਸ ਨੇ ਝਿਜਕ ਝਿਜਕ ਕੇ ਦੱਸਿਆ ਕਿ ਮੈਂ ਸੁਪਨੇ ਵਿਚ ਗੁਰੂ ਜੀ ਨੂੰ ਕਿਸੇ ਖੇਦ ਵਿਚ ਡਿੱਠਾ ਹੈ। ਆਪ ਤਾਂ ਦੁਖ, ਸੁਖ, ਹਰਖ, ਸ਼ੋਕ ਤੋਂ ਪਾਰ ਹਨ, ਪਰ ਸਾਥੋਂ ਜੇਰਾ ਨਹੀਂ ਹੁੰਦਾ। ਪਾਤਸ਼ਾਹ ਨੇ ਕਿਸੇ ਫ਼ਰੇਬ ਨਾਲ ਉਨ੍ਹਾਂ ਨੂੰ ਕਿਸੇ ਮਕਾਨ ਵਿੱਚ ਰੋਕ ਦਿੱਤਾ ਹੈ ਤੇ ਮੈਂ ਉਸਦੇ ਬੂਹੇ ਭੰਨਦਾ ਹਾਂ। ਉਸ ਵੇਲੇ ਕਈ ਅਹਿਦੀਏ ਆਕੇ ਮੈਨੂੰ ਕੁੱਟਦੇ ਹਨ ਪਰ ਮੈਂ ਕੁੱਟ ਦੀ ਪ੍ਰਵਾਹ ਨਹੀਂ ਕੀਤੀ ਤੇ ਬੂਹਾ ਭੰਨੀ ਗਿਆ ਹਾਂ। ਮੈਂ ਤਾਂ ਮਾਰ ਨਾਲ ਮੁੰਜ ਹੋ ਗਿਆ ਹਾਂ ਪਰ ਬੂਹਾ ਭੱਜ ਗਿਆ ਹੈ। ਸ੍ਰੀ ਗੁਰੂ ਜੀ ਬਾਹਰ ਆ ਗਏ ਹਨ ਤੇ ਉਨ੍ਹਾਂ ਦੇ ਨਾਲ ਅਨੇਕਾਂ ਹੋਰ ਬੰਦੀ ਜਨ ਨਿਕਲ ਆਏ ਹਨ। ਓਹ ਅਹਿਦੀਏ, ਜੋ ਮੈਨੂੰ ਮਾਰਦੇ ਸਨ, ਹੁਣ ਗੁਰੂ ਜੀ ਅੱਗੇ ਮੱਥੇ ਟੇਕਦੇ ਹਨ। ਸਾਰੇ ਛੁਟਕਾਰਾ ਪਾਉਣ ਵਾਲਿਆਂ ਦੀ ਦੁਹਾਈ ਤੇ ਖੁਸ਼ੀ ਦੇ ਨਾਅਰੇ ਅਕਾਸ਼ ਵਿੱਚ ਭਰ ਗਏ ਹਨ- "ਬੰਦੀ ਛੋੜ, ਬੰਦੀ ਛੋੜ"। ਮੈਂ ਖੁਸ਼ ਤਾਂ ਬੜਾ ਹੋਇਆ, ਪਰ ਮੇਰਾ ਬਦਨ ਮਾਰ ਨਾਲ ਟੁੱਟ ਗਿਆ ਤੇ ਅਜੇ ਤੱਕ ਹੱਡ ਪੀੜ ਜੇਹੇ ਕਰਦੇ ਹਨ। ਸੀ ਸੁਪਨਾ, ਪਰ ਇਹ ਕੌਤਕ ਕੀ ਹੈ? ਹੁਣ ਚਿੱਤ ਆਪਦੇ ਦੁਖ ਤੋਂ ਤਾਂ ਨਹੀਂ ਡਰਦਾ, ਪਰ ਇਹ ਸਹਿਮ ਖਾ ਰਿਹਾ ਹੈ ਕਿ ਕਿਤੇ ਸੱਚੀਂ ਮੁਚੀਂ ਸ੍ਰੀ ਗੁਰੂ ਜੀ ਨੂੰ ਕੋਈ ਖੇਦ ਨਾ ਹੋਵੇ। ਬੱਸ! ਇਹ ਵਹਿਮ ਹੈ, ਜੋ ਵਿਆਕੁਲ ਕਰ ਰਿਹਾ ਹੈ।

ਨਰੈਣਦਾਸ— ਲਾਲ ਜੀ! ਇਹ ਸੁਪਨਾ ਨਹੀਂ ਹੈ। ਇਹ ਕੁਛ ਭਾਣਾ ਵਰਤ ਰਿਹਾ ਹੈ, ਪਰ ਇਸ ਦਾ ਅੰਤ ਚੰਗਾ ਹੋਵੇਗਾ ਜ਼ਰੂਰ। ਗੁਰੂ ਜੀ ਲਈ ਤੌਖਲਾ ਨਾ ਕਰੋ।

ਨਰੈਣਦਾਸ ਦੇ ਬਚਨਾਂ ਨਾਲ ਸਭ ਨੂੰ ਧੀਰਜ ਤਾਂ ਆ ਗਿਆ, ਪਰ ਵੈਰਾਗ ਭਰੀ ਉਦਾਸੀ, ਜਿਸ ਵਿਚ ਪ੍ਰਾਰਥਨਾ ਭਰੀ ਹੋਈ ਸੀ, ਸਭ ਦੇ ਦਿਲਾਂ

ਤੇ ਹੋ ਗਈ। ਅਗਲੇ ਭਲਕ ਰਾਮੋ ਨੇ ਕਿਹਾ 'ਪਿਤਾ ਜੀ। ਚੈਨ ਦਾ ਜੀ ਥਾਵੇਂ ਨਹੀਂ ਆਉਂਦਾ। ਦੁੱਖ ਤਾਂ ਨਹੀਂ ਹੈ ਪਰ ਬੇਨਤੀ ਜਾਰੀ ਹੈ ਜੋ ਅਕਾਲ ਪੁਰਖ ਦਇਆ ਕਰੇ, ਪਰ ਜੀ ਦੀ ਖੁੱਸਣ ਨਹੀਂ ਮਿਟਦੀ। ਕੀਹ ਕਿਸੇ ਸੱਜਣ ਨੂੰ ਅੰਮ੍ਰਿਤਸਰ ਭੇਜਕੇ ਖਬਰ ਨਾ ਮੰਗਾਈ ਜਾਵੇ ਜੋ ਧੀਰਜ ਆ ਜਾਵੇ?'

ਨਰੈਣ ਦਾਸ ਨੇ ਆਪਣੀ ਪੁੱਤ੍ਰੀ ਨੂੰ ਸਤਿਬਚਨ ਕਹਿਕੇ ਉਸ ਵੇਲੇ ਇਕ ਪ੍ਰੇਮੀ ਨੂੰ ਅੰਮ੍ਰਿਤਸਰ ਤੋਰਿਆ। ਪਰ ਸਭਨਾਂ ਨੂੰ ਸਮਝਾਇਆ ਕਿ ਤੁਸੀਂ ਤੋਖਲੇ ਦੇ ਘਰ ਨਾ ਜਾਓ। ਤੁਸੀਂ ਭਜਨ ਵਾਲਾ ਮਨ ਰਖਦੇ ਹੋ ਗੁਰੂ ਜੀ ਨੂੰ ਉੱਚੀ ਖੁਸ਼ੀ ਦਾ ਮਾਲਕ ਤੇ ਸਮਰੱਥ ਹੀ ਵੇਖੋ। ਉਹ ਸਮਰੱਥ ਹਨ, ਸਮਰੱਥ ਕਰਕੇ ਤੱਕੋ। ਪੰਜਵੇਂ ਕੁ ਦਿਨ ਉਹ ਆਦਮੀ, ਜੋ ਖਬਰ ਸੁਰਤ ਲੈਣ ਗਿਆ ਸੀ, ਮੁੜਕੇ ਆ ਗਿਆ। ਕੀਹ ਖਬਰ ਲਿਆਇਆ ਕਿ ਭਾਈ ਬੁੱਢਾ ਆਦਿਕ ਮੁਖੀ ਮੁਖੀ ਸਿੱਖ ਦਿੱਲੀ ਟੁਰ ਗਏ ਹਨ। ਕਿਉਂਕਿ ਖਬਰ ਆਈ ਹੈ ਕਿ ਪਾਤਸ਼ਾਹ ਨੇ ਕਪਟ ਨਾਲ ਗੁਰੂ ਜੀ ਨੂੰ ਗਵਾਲੀਯਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ ਹੈ। ਮਾਤਾ ਗੰਗਾ ਜੀ ਨੇ ਵਿਆਕੁਲ ਹੋਕੇ ਸਾਰੇ ਸਿਆਣੇ ਕਰਨੀ ਵਾਲੇ ਪਿਆਰੇ ਤੋਰ ਦਿੱਤੇ ਹਨ। ਆਪ ਆਸਣ ਵਿਛਾ ਕੇ ਬੈਠ ਗਏ ਹਨ। ਅੱਠੀਂ ਪਹਿਰੀਂ ਚੌਲਾਂ ਦੀ ਪਿੱਛ ਪੀਂਦੇ ਹਨ ਤੇ ਅੱਠ ਪਹਿਰ ਧਿਆਨ ਜੋੜਕੇ ਬੈਠੇ ਰਹਿੰਦੇ ਹਨ। ਸਾਡੀ ਬੀਬੀ ਬੀ ਇਸੇ ਤਰ੍ਹਾਂ ਦੂਸਰੇ ਕਮਰੇ ਵਿਚ ਪ੍ਰਾਰਥਨਾਂ ਵਿਚ ਬੈਠੀ ਰਹਿੰਦੀ ਹੈ। ਹਰ ਸਿੱਖ ਦੇ ਮੂੰਹ ਤੇ ਇਹ ਵਾਕ ਹਨ ਕਿ ਹੁਣ ਮੁਗਲਾਂ ਦੇ ਰਾਜ ਦਾ ਤੇਜ ਉੱਨਾਂ ਚਿਰ ਤੱਕ ਨਹੀਂ ਉਤਰੇਗਾ ਜਿੰਨਾਂ ਕੁ ਖਿਆਲ ਸੀ। ਕਿਉਂਕਿ ਪਰਮੇਸ਼ੁਰ ਦੀਆਂ ਨਿਰ-ਅਪ੍ਰਾਧ ਜੋਤਾਂ ਨਾਲ ਕਟਕ ਦੇ ਜ਼ੁਲਮ ਸ਼ੁਰੂ ਹੋ ਗਏ ਹਨ।

ਪਾਤਸ਼ਾਹਾਂ ਦੇ ਦਿਲ ਵਿਚ ਤਅੱਸਬ ਨਹੀਂ ਚਾਹੀਦਾ, ਨਾ ਸੁਣੀ ਸੁਣਾਈ ਉਤੇ ਇਤਬਾਰ ਤੇ ਗੁੱਸੇ ਵਿਚ ਆਕੇ ਅਤਯਾਚਾਰ ਕਰਨਾ ਚਾਹੀਦਾ ਹੈ। ਜੋ ਪੂਰੀ ਤਰ੍ਹਾਂ ਨਿਆਂ ਨਹੀਂ ਕਰਦਾ ਉਹ ਪਾਤਸ਼ਾਹ ਜ਼ਾਲਮ ਹੈ। ਜੋ ਜ਼ੁਲਮ ਕਰਦਾ ਹੈ, ਪਰਜਾ ਉਸਤੋਂ ਦੁਖੀ ਹੋ ਜਾਂਦੀ ਹੈ। ਜਦ ਪਰਜਾ ਦੁੱਖ ਉਠਾਂਦੀ ਹੈ ਤਦ ਰਾਜ ਕਦੇ ਛੇਤੀ ਕਦੇ ਚਿਰਕਾ ਨਸ਼ਟ ਹੋ ਜਾਂਦਾ ਹੈ।

ਇਹ ਸਮਾਚਾਰ ਸੁਣਕੇ ਸਾਰੇ ਸਹਿਮ ਗਏ। ਸਾਰਿਆਂ ਦੇ ਮਨ ਪਰਮੇਸ਼ੁਰ ਦੇ ਭਾਣੇ ਦੇ ਉਦਾਲੇ ਭੰਬੀਰੀਆਂ ਵਾਂਙੂ ਭੌਂਦੇ ਹਨ ਪਰ ਪੈਰ ਟਿਕਦੇ ਨਹੀਂ। ਪ੍ਰੇਮ

ਦੀ ਡੋਰ ਤੁਣੱਕੇ ਮਾਰਦੀ ਹੈ। ਕਦੇ ਸ਼ੁਕਰ ਕਰਦੇ ਹਨ ਕਿ ਵਾਹਿਗੁਰੂ ਨੇ ਜੋ ਕੁਝ ਕੀਤਾ ਹੈ, ਭਲਾ ਹੈ, ਸ਼ੁਕਰ ਕਰੋ! ਕਦੇ ਪਿਛਲੇ ਸਤਿਗੁਰਾਂ ਦੀਆਂ ਹੋਣੀਆਂ ਯਾਦ ਆਕੇ ਜੀ ਡੋਲਦਾ ਹੈ ਕਿ ਕਿਤੇ ਉਹੋ ਰੰਗ ਫੇਰ ਨਾਂ ਜੰਮੇ। ਅੱਗੇ ਤਾਂ ਲਾਹੌਰ ਸੀ, ਐਤਕੀਂ ਦੂਰ ਲੈ ਗਏ ਹਨ ਜੋ ਸਿੱਖ ਕਿਤੇ ਗੁੱਸਾ ਖਾਕੇ ਦੁੱਖ ਨਾ ਦੇਣ।

ਇਸ ਤਰ੍ਹਾਂ ਦੇ ਹਾਲ ਵਿਚ ਕੁਛ ਸਮਾਂ ਬੀਤਿਆ, ਪਿੰਡ ਵਿਚ ਸਾਰੇ ਇਹ ਖਬਰ ਧੁੰਮ ਗਈ। ਲੱਗੇ ਪਿਆਰੇ ਲਗਾਤਾਰ ਆਉਣ। ਲੌਢੇ ਪਹਿਰ ਦੇ ਸਤਿਸੰਗ ਦੇ ਮਗਰੋਂ ਦੀਵਾਨ ਵਿਚ ਏਹੋ ਚਰਚਾ ਛਿੜੀ ਕਿ ਕੀ ਕੀਤਾ ਜਾਵੇ? ਭਾਈ ਸਾਈਂ ਦਾਸ ਦੀ ਇਹ ਮਰਜ਼ੀ ਸੀ ਕਿ ਮੈਂ ਗਵਾਲੀਯਰ ਜਾਵਾਂ ਅਰ ਜੋ ਸੁਪਨੇ ਵਿਚ ਡਿੱਠਾ ਸੀ ਉਹੋ ਕਰਾਂ; ਜਾਂ ਤਾਂ ਪਿਆਰੇ ਨੂੰ ਛੁਡਾ ਲਿਆਵਾਂ ਜਾਂ ਜੋ ਬਣੇ ਸੋ ਝੱਲੀ ਜਾਵੇ। ਇਸ ਪਰ ਇਹ ਵੀਚਾਰ ਹੋਈ ਕਿ ਕੱਲਿਆਂ ਜਾਣਾਂ ਠੀਕ ਨਹੀਂ ਹੈ। ਭਾਈ ਨਰੈਣਦਾਸ ਜੀ ਬੀ ਨਾਲ ਜਾਣ ਅਰ ਦਸ ਸਿੱਖ ਹੋਰ ਜਾਣ। ਸੋ ਕੁਛ ਪ੍ਰੇਮੀ ਤਾਂ ਏਧਰ ਤਿਆਰ ਹੋਏ ਤੇ ਦਸਾਂ ਨੇ ਇਹ ਜ਼ਿੰਮਾਂ ਲਿਆ ਕਿ ਅਸੀਂ ਬੀਬੀ ਰਾਮੋ ਤੇ ਮਾਈ ਪ੍ਰੇਮ ਦਈ ਨੂੰ ਦਮੋਦਰੀ ਤੇ ਸ੍ਰੀ ਮਾਤਾ ਗੰਗਾ ਜੀ ਪਾਸ ਛੱਡ ਆਵਾਂਗੇ ਕਿਉਂ ਜੋ ਏਸ ਸੰਕਟ ਵਿਚ ਉਨ੍ਹਾਂ ਦੇ ਪਾਸ ਹੋਣਾ ਬਹੁਤ ਲੋੜੀਂਦਾ ਹੈ। ਭਾਵੇਂ ਗੁਰੂ ਕੇ ਘਰ ਕੋਈ ਕਮੀਂ ਨਹੀਂ ਹੈ ਪਰ ਪ੍ਰੀਤਮਾਂ ਦੇ ਦੁਖ ਵੇਲੇ ਪਿਆਰਿਆਂ ਤੋਂ ਕਦ ਸੁਖ ਨਾਲ ਘਰ ਬੈਠਾ ਜਾਂਦਾ ਹੈ? ਇਹ ਸਲਾਹ ਪੱਕੀ ਹੋਕੇ ਅਗਲੇ ਦਿਨ ਪਿੰਡ ਦੀ ਚਹਿਲ ਪਹਿਲ ਤੁਰ ਗਈ। ਸਤਿਸੰਗ ਦੇ ਮੁਕਟ ਮਣੀ ਤਾਂ ਗਵਾਲੀਅਰ ਨੂੰ ਤੁਰ ਗਏ ਤੇ ਮੋਤੀ (ਬੀਬੀ ਰਾਮੋ) ਬੀਬੀ ਦਮੋਦਰੀ ਪਾਸੇ। ਪਿਛੇ ਜੋ ਪ੍ਰੇਮੀ ਰਹੇ ਸਭ ਨੇ ਕੰਮ ਕਾਜ ਘਟਾਕੇ ਦੋ ਦੋ ਤ੍ਰੈ ਤ੍ਰੈ ਪਹਿਰ ਧਰਮਸਾਲ ਵਿਚ ਰਹਿਣਾ। ਅਰਦਾਸੇ ਕੀਰਤਨ ਕਰਨੇ ਤੇ ਪਾਠ ਕਰਨੇ। ਇਕ ਭੋਗ ਪਵੇ ਦੂਸਰਾ ਅੱਗੋਂ ਧਰ ਦਿੱਤਾ ਜਾਵੇ।

{ਸਵਾਲ ਪੈਦਾ ਹੁੰਦਾ ਹੈ ਕਿ ਭਾਈ ਸਾਈਂ ਦਾਸ ਜੀ ਚੌਂਕ ਕਿਉਂ ਗਏ ਤੇ ਉਦਾਸ ਕਿਉਂ ਹੋ ਗਏ ਸੈ?

ਉੱਤਰ-ਅਸਲ ਕਾਰਣ ਤਾਂ ਗੁਰੂ ਜਾਣੇ, ਪਰ ਜਾਪਦਾ ਇਹ ਹੈ ਕਿ ਜਦੋਂ ਅੰਦਰੋਂ ਬਾਹਰੋਂ ਸਰਲ ਤੇ ਸੱਚੇ ਆਦਮੀ ਕਿਸੇ ਨੂੰ ਸੁਮੱਤ ਦੇਂਦੇ ਹਨ ਤਾਂ ਉਹ ਨਿਰੀ ਮੱਤ ਨਹੀਂ ਹੁੰਦੀ, ਉਨ੍ਹਾਂ ਦੀ ਆਤਮ ਸਤਤਾ ਨਾਲ ਵਾਣ ਉਂਚੀ

ਹੈ। ਉਨ੍ਹਾਂ ਨੂੰ ਸੁਭਾਵ ਹੁੰਦਾ ਹੈ ਏਕਾਗ੍ਰ ਰਹਿਣ ਦਾ ਤੇ ਇਸ ਤਰ੍ਹਾਂ ਦੇ ਲੰਮੇ ਵੀਚਾਰਾਂ ਵਾਲੇ ਉਪਦੇਸ਼ ਕਰਨ ਵਿਚ ਖਿਡਾਉ ਹੁੰਦਾ ਹੈ। ਸੁਰਤ ਏਕਾਗ੍ਰਤਾ ਵਿਚ ਸੁਖੀ, ਬਲਵਾਨ ਤੇ ਨਿਰਮਲ ਰਹਿੰਦੀ ਹੈ। ਖਿਡਾਉ ਵਿਚ ਕੁਛ ਬਲ ਘਟਦਾ ਤੇ ਧੂੜ ਜੇਹੀ ਭਾਸਦੀ ਹੈ, ਪਰ ਅਭਿਆਸੀ ਮਨ ਆਪਣੀ ਸਿਮਰਣ ਸ਼ਕਤੀ ਨਾਲ ਫੇਰ ਆਪਣੇ ਅੰਦਰਲੇ ਟਿਕਾਉ ਵਿਚ ਚਲੇ ਜਾਂਦੇ ਹਨ। ਇਸ ਕਰਕੇ ਹੁਕਮ ਹੈ ਅੰਦਰਲੀ ਓਟ ਸੰਭਾਲਣ ਵਾਲਿਆਂ ਅਰਥਾਤ ਏਕਾਗਰ ਚਿੱਤਾਂ ਨੂੰ-

"ਜੇ ਕੋਊ ਅਪੁਨੀ ਓਟ ਸਮਾਰੈ॥
ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ॥"
{ਧਨਾ: ਮ: ੫}

## (੯) ਮਾਤਾ ਰੰਗਾ ਜੀ ਦਾ ਉਪਦੇਸ਼।

ਜਦੋਂ ਰਾਮੋ ਤੇ ਪ੍ਰੇਮ ਦੇਈ ਮਾਤਾ ਰੰਗਾ ਜੀ ਤੇ ਦਮੋਦਰੀ ਪਾਸ ਪਹੁੰਚੀਆਂ ਤਦ ਮੂੰਹੋਂ ਕੀ ਕਹਿੰਦੀਆਂ? ਮਥਾ ਟੇਕ ਤੇ ਹਥ ਜੋੜਕੇ ਬੈਠ ਗਈਆਂ ਤੇ ਨੇਤ੍ਰਾਂ ਵਿਚ ਜਲ ਆ ਗਏ, ਬੱਸ! ਇਨਾਂ ਸੀ ਦੁਖ ਵੰਡਣ ਦਾ ਵਖਿਆਨ ਜੋ ਪ੍ਰੇਮ ਵਿੰਨ੍ਹੀਆਂ ਦੇ ਸਕੀਆਂ। ਮਾਤਾ ਰੰਗਾ ਜੀ ਵਾਸਤੇ ਇਹ ਕਾਫ਼ੀ ਸੀ ਸਮਝਣ ਲਈ ਕਿ ਗੁਰੂ ਕੰਵਲ ਤੋਂ ਨਿਛਾਵਰ ਹੋਣ ਵਾਲੇ ਹੋਰ ਭੌਰੇ ਆਏ ਹਨ। ਪਤਿਬ੍ਰਤ ਧਰਮ ਧੀਰਜ ਤੇ ਆਤਮ ਜੀਵਨ ਦੀ ਨਿਪੁਨ ਮਾਤਾ ਜੀ ਲਈ ਇਹ ਸਮਾਂ ਅਚਰਜ ਸੀ। ਅਪਨੇ ਪ੍ਰਾਣਾਂ ਤੋਂ ਪਿਆਰੇ ਪਤੀ ਜੀ ਦਾ ਅਜਰ ਸਾਕਾ ਜਰ ਚੁਕੀ ਹੈ। ਹੁਣ ਇਕਲੌਤੇ ਪੁੱਤ੍ਰ ਦੇ ਸਿਰ ਤੇ ਕਸ਼ਟਣੀ ਆਈ ਹੈ। ਰਾਮੋ ਦਾ ਅਤਿ ਵੈਰਾਗ ਵੇਖਕੇ ਮਾਤਾ ਨੇ ਕਿਹਾ, "ਬੀਬੀ ਜੀ! ਓਦਰੋ ਨਹੀਂ, ਪਰ ਅਡੋਲ ਚਿੱਤ ਹੋਕੇ ਵਾਹਿਗੁਰੂ ਦਾ ਸਿਮਰਨ ਕਰੋ, ਸਾਡੇ ਸਤਿਗੁਰਾਂ ਦਾ ਵਾਲ ਵਿੰਗਾ ਨਹੀਂ ਹੈ। ਮੈਂ ਸਾਰੇ ਸੰਸਾਰਕ ਪ੍ਰਬੰਧ ਭੀ ਕਰ ਦਿੱਤੇ ਹਨ ਪਰ ਮੇਰਾ ਭਰੋਸਾ ਵਾਹਿਗੁਰੂ ਤੇ ਹੈ ਕਿ ਸਾਡੇ ਸਤਿਗੁਰਾਂ ਦਾ ਵਾਲ ਵਿੰਗਾ ਨਹੀਂ ਹੋਵੇਗਾ। ਜੇ ਮੈਂ ਮੋਟੀ ਮੱਤ ਕਹਾਂ ਤਾਂ ਮੇਰੇ ਜਿਹਾ ਦੁਖੀ ਸੰਸਾਰ ਵਿਚ ਐਸ ਵੇਲੇ ਕੋਈ ਨਹੀਂ ਹੈ, ਜਿਸਦਾ ਜਗਤ


www.sikhbookclub.com

ਗੁਰੂ ਪਤੀ ਐਸੇ ਭਾਣੇ ਝੱਲਕੇ ਇਸ ਅਵਸਥਾ ਵਿਚ ਪਰਲੋਕ ਸਿਧਾਰੇ ਤੇ ਜਿਸਦਾ ਜਗਤ ਗੁਰੂ ਪੁੱਤ੍ਰ ਉਸੇ ਹਾਲ ਵਿਚ ਪਹੁੰਚ ਪਵੇ ਜਿਸ ਵਿਚ ਪਤੀ ਜੀ ਪਹੁੰਚੇ ਸੀ। ਪਰ ਪਿਆਰੀਓ! ਮੇਰੀ ਟੇਕ ਸ੍ਰੀ ਗੁਰੂ ਨਾਨਕ ਦੇਵ ਜੀ ਪਰ ਹੈ, ਮੈਂ ਲਾਲ ਜੀ ਨੂੰ ਪੁੱਤ੍ਰ ਕਰਕੇ ਨਹੀਂ ਸਮਝਦੀ। ਗੁਰੂ ਹਰਿਗੋਬਿੰਦ ਜੀ ਉਸੀ ਗੱਦੀ ਦੇ ਮਾਲਿਕ 'ਗੁਰੂ' ਹਨ, ਸੋ ਉਹ ਸਾਖਿਆਤ ਗੁਰੂ ਹਨ। ਪੁੱਤ੍ਰ ਬੀ ਹਨ, ਪਰ ਸਾਡੀ ਸਾਕਾਦਾਰੀ ਦਾ ਮਾਣ ਚੰਗਾ ਨਹੀਂ ਹੈ, ਸਾਡੇ ਵਿਚ ਗੁਰਿਆਈ ਦਾ ਸਿਦਕ ਚਾਹੀਏ। ਪੰਚਮ ਗੁਰੂ ਜੀ ਲਾਹੌਰ ਜਾਣ ਲੱਗੇ ਆਗਜਾ ਕਰ ਗਏ ਸੀ ਕਿ ਇਹ ਸਰੀਰ ਮੁੜੇਗਾ ਨਹੀਂ, ਪਰ ਛੇਵੇਂ ਸਤਿਗੁਰੂ ਜੀ ਕਹਿ ਗਏ ਹਨ ਕਿ ਕੋਈ ਹੋਣਹਾਰ ਸੁਣਕੇ ਡੋਲਣਾ ਨਹੀਂ, ਅਸੀਂ ਰਾਜ਼ੀ ਵਾਪਸ ਆਵਾਂਗੇ। ਸੋ ਸਤਿਗੁਰਾਂ ਦੇ ਵਾਕ ਅਟੱਲ ਹਨ, ਉਨ੍ਹਾਂ ਦਾ ਵਾਲ ਵਿੰਗਾ ਨਹੀਂ ਹੈ। ਭਾਈ ਬੁੱਢਾ ਜੀ ਓਧਰ ਗਏ ਹਨ, ਉਹ ਕੋਈ ਯੋਗ ਉਪਾਉ ਕਰਨਗੇ ਤੇ ਅਪਣੇ ਜਤਨ ਵਿਚ ਕਦੇ ਨਹੀਂ ਹਾਰਨਗੇ। ਸ੍ਰੀ ਗੁਰੂ ਜੀ ਸਮਰੱਥ ਹਨ, ਕੇਵਲ ਪਰਜਾ ਦਾ ਭਾਰ ਟਾਲਨ ਦੇ ਉਪਰਾਲੇ ਕਰ ਰਹੇ ਹਨ। ਸੰਸਾਰ ਦੇ ਸੁਖ ਵਾਸਤੇ ਹੀ ਪਿਆਰੇ ਗੁਰੂ ਨਾਨਕ ਜੀ ਰੂਪ ਵਟਾ ਵਟਾ ਕੇ ਆ ਰਹੇ ਹਨ। ਸੋ ਹੇ ਪਿਆਰੀ ਸੱਜਣੀਓਂ! ਡੋਲਨ ਦਾ ਸਮਾਂ ਨਹੀਂ ਪਰ ਅਡੋਲ ਹੋਕੇ ਗੁਰੂ ਜੀ ਦੇ ਧਿਆਨ ਵਿਚ ਜੁੜੇ ਰਹਿਣ ਦਾ ਹੈ। ਦੇਖੋ ਘੋਰ ਘਟਾਂ ਦੇ ਪੜਦੇ ਪਾੜਕੇ ਸੂਰਜ ਕਿੱਕੂੰ ਫੇਰ ਚਮਕਾਂ ਮਾਰਦਾ ਚੜ੍ਹਦਾ ਹੈ। ਮਾਂ ਦੀ ਮਮਤਾ ਮੇਰੇ ਕਲੇਜੇ ਵਿਚ ਭੀ ਖਿੱਚ ਮਾਰਦੀ ਹੈ ਪਰ ਗੁਰੂ ਪਦ ਵਿਚ ਦਾ ਸਿਦਕ ਮੈਨੂੰ ਫੇਰ ਅਡੋਲਤਾ ਤੇ ਭਰੋਸੇ ਵੱਲ ਲੈ ਜਾਂਦਾ ਹੈ। ਹੇ ਗੁਰੂ ਦੇ ਪਿਆਰੇ ਸਿੱਖੋ! ਆਓ ਉਸ ਸਰਬ ਸਮਰੱਥ, ਕੌਤਕ ਹਾਰ ਤੇ ਸ੍ਰਿਸ਼ਟੀ ਦਾ ਭਾਰ ਉਤਾਰਨ ਵਾਲੇ ਸਤਿਗੁਰੂ ਦਾ ਧਿਆਨ ਕਰਕੇ ਸ੍ਰੀ ਕਰਤਾਰ ਨਿਰੰਕਾਰ ਦੇ ਚਰਨਾਂ ਵਿਚ ਅਰਦਾਸ ਕਰੀਏ। ਸਭਨਾਂ ਨੇ ਫੇਰ ਬੜੇ ਪ੍ਰੇਮ ਵਿਚ ਅਰਦਾਸ ਕੀਤੀ।

ਗਲ ਕੀਹ ਜੋ ਕੋਈ ਪਿਆਰਾ ਸਿੱਖ ਸੰਗੀ ਆਇਆ ਮਾਤਾ ਦੇ ਇਸ ਤਰ੍ਹਾਂ ਦੇ ਉਪਦੇਸ਼ਾਂ ਨੇ ਸਭ ਨੂੰ ਪਰਮੇਸ਼ੁਰ ਦੇ ਸਿਮਰਨ ਅਰ ਧਿਆਨ ਵਿਚ ਜੋੜ ਦਿੱਤਾ।

# (੧੦) ਕਿਲ੍ਹਾ ਗਵਾਲੀਅਰ ਦਾ ਹਾਲ।

**ਕੁਛ ਸਮਾਂ** ਏਸ ਤਰ੍ਹਾਂ ਬੀਤ ਗਿਆ। ਭਾਈ ਸਾਈਂਦਾਸ ਤੇ ਨਰੈਣ ਦਾਸ ਜੀ, ਜੋ ਤਿੱਖੇ ਘੋੜੇ ਲੈਕੇ ਵਾਹੋ ਦਾਹੀ ਮੰਜ਼ਲਾਂ ਕੱਟਦੇ ਗਵਾਲੀਅਰ ਪਹੁੰਚੇ ਸੇ, ਹੁਣ ਮੁੜ ਆਏ ਸੇ। ਇਨ੍ਹਾਂ ਦੇ ਆਇਆਂ ਸਭ ਨੂੰ ਠੰਢ ਪੈ ਗਈ। ਪਰਵਾਰ ਵਿਚ ਤਾਂ ਸਾਰਾ ਹਾਲ ਆਉਂਦੇ ਸਾਰ ਦੱਸਿਆ, ਪਰ ਸੰਗਤ ਨੂੰ ਜੋ ਬਹੁਤ ਜੁੜ ਰਹੀ ਸੀ ਅਰ ਪਪੀਹੇ ਵਤ ਗੁਰੂ ਸੋਇ ਦੀ ਸ੍ਵਾਂਤਿ ਬੂੰਦ ਨੂੰ ਤਰਸ ਰਹੀ ਸੀ, ਦੀਵਾਨ ਵਿਚ ਰਹਿਰਾਸ ਦੇ ਭੋਗ ਪਏ ਸਾਰਾ ਹਾਲ ਇਉਂ ਸੁਣਾਇਆ:-

"ਸਾਧ ਸੰਗਤ ਜੀ! ਗੁਰੂ ਜੀ ਦੇ ਕੌਤਕ ਅਚਰਜ ਹਨ। ਅਸੀਂ ਅਲਪੱਗ ਜੀਵ ਉਨ੍ਹਾਂ ਦੇ ਖੇਲਾਂ ਨੂੰ ਨਹੀਂ ਸਮਝਦੇ। ਅਸੀਂ ਤਾਂ ਉਨ੍ਹਾਂ ਦਾ ਕਿਲ੍ਹੇ ਵਿਚ ਬੰਦ ਹੋਣਾ ਸੁਣਕੇ ਅਤਿ ਡਰ ਗਏ ਸੇ ਪਰ ਗੁਰੂ ਜੀ, ਜੋ ਆਏ ਹੀ ਲੋਕਾਂ ਦੇ ਉਧਾਰ ਵਾਸਤੇ ਹਨ, ਹਰ ਕੌਤਕ ਵਿਚ ਜਗਤ ਦਾ ਉਧਾਰ ਕਰਦੇ ਹਨ। ਕਿਸੇ ਨੂੰ ਸੰਕਲਪ ਮਾਤ੍ਰ ਨਾਲ ਤਾਰਦੇ ਹਨ, ਕਿਸੇ ਨੂੰ ਦ੍ਰਿਸ਼ਟੀ ਮਾਤ੍ਰ ਨਾਲ, ਕਿਸੇ ਨੂੰ ਰਸਨਾ ਨਾਲ ਨਿਹਾਲ ਕਰਦੇ ਹਨ, ਕਿਸੇ ਨੂੰ ਉਪਕਾਰ ਕਰਕੇ, ਕਿਸੇ ਲਈ ਖੜਗ ਧਾਰਦੇ ਹਨ ਤੇ ਕਿਸੇ ਲਈ ਆਪ ਬੰਦੀ ਵਿਚ ਪੈ ਜਾਂਦੇ ਹਨ। ਪਾਤਸ਼ਾਹ ਤਾਂ ਆਪਣੇ ਰਾਜ ਦੇ ਫ਼ਿਕਰ ਵਿਚ ਸੱਚ ਤੋਂ ਮੂੰਹ ਮੋੜਕੇ ਚਾਲਾਂ ਨਾਲ ਨਾਤਾ ਜੋੜਦੇ ਹਨ.ਪਰ ਸਾਈਂ ਲੋਕ ਆਪਣਾ ਕਾਰਜ ਸੱਚ ਤੇ ਪ੍ਰੇਮ ਨਾਲ ਕਰਦੇ ਹੀ ਤੁਰੇ ਜਾਂਦੇ ਹਨ। ਗੁਆਲੀਅਰ ਦਾ ਕਿਲ੍ਹਾ ਇਕ ਤਰ੍ਹਾਂ ਦਾ ਰਾਜਸੀ ਬੰਦੀ ਘਰ ਬਣ ਗਿਆ ਹੈ। ਉਥੇ ਰਾਜੇ, ਮਹਾਰਾਜੇ, ਅਮੀਰ, ਜਗੀਰਦਾਰ ਜੋ ਪਾਤਸ਼ਾਹੀ ਕਹਿਰ ਹੇਠ ਆਉਂਦੇ ਹਨ, ਬੰਦ ਕੀਤੇ ਜਾਂਦੇ ਹਨ ਅਰ ਅਕਸਰ ਲੋਕ ਬੇਗੁਨਾਹ ਉਥੇ ਕੈਦ ਹਨ। ਫੇਰ ਕਿਹਾ ਤਾਂ ਇਹ ਜਾਂਦਾ ਹੈ ਕਿ ਉਨ੍ਹਾਂ ਲਈ ਸਾਰੇ ਆਰਾਮ ਦੇ ਸਾਮਾਨ ਓਥੇ ਹਨ ਅਰ ਓਹ ਕੈਦ ਨਹੀਂ ਹਨ ਕੇਵਲ ਨਜ਼ਰ ਬੰਦ ਹਨ, ਪਰ ਅਸਲ ਗੱਲ ਇਹ ਹੈ ਕਿ ਉਹ ਧੋਖੇ ਨਾਲ ਮਾਰੇ ਪਏ ਹਨ, ਉਨ੍ਹਾਂ ਦੀ ਦਸ਼ਾ ਕੈਦੀਆਂ ਨਾਲੋਂ ਬੁਰੀ ਹੈ। ਓਥੇ ਅਪ੍ਰਾਧੀ ਲੋਕ ਨਹੀਂ ਹਨ, ਪਰ ਕੇਵਲ ਓਹ ਜਿਨ੍ਹਾਂ ਪਰ ਪਾਤਸ਼ਾਹ ਨੂੰ ਕੋਈ ਝੂਠਾ ਸੱਚਾ ਸ਼ੱਕ ਪੈ ਗਿਆ ਹੋਵੇ। ਓਹ ਸ਼ੱਕ ਦੂਰ ਕਰਨ ਦੇ ਸਮੇਂ ਤਕ ਕੈਦ ਕੀਤੇ ਜਾਂਦੇ ਹਨ, ਪਰ ਫੇਰ ਕੋਈ ਨਹੀਂ ਪੁੱਛਦਾ ਕਿ ਕੀਹ ਹੋਇਆ ਤੇ ਕੀਹ ਬਣੇਗਾ। ਵਿਚਾਰੇ ਓਥੇ ਹੀ ਸੜ ਸੜ ਮਰਦੇ ਹਨ।

 www.sikhbookclub.com

ਕਿਸੇ ਵਜ਼ੀਰ ਅਮੀਰ ਨੇ ਕਿਸੇ ਤੋਂ ਬਦਲਾ ਲੈਣਾ ਹੋਵੇ, ਝਟ ਪਾਤਸ਼ਾਹ ਨੂੰ ਕਿਸੇ ਫਰੇਬ ਵਿਚ ਲਿਆਕੇ ਵੈਰੀ ਨੂੰ ਗੁਵਾਲੀਅਰ ਭਿਜਵਾ ਦਿੱਤਾ, ਬੱਸ ਫੇਰ ਕਿਨ੍ਹੇ ਸੁਧ ਲੈਣੀ ਹੈ? ਉਥੋਂ ਦੇ ਦੁਖ ਕਹੇ ਨਹੀਂ ਜਾਂਦੇ। ਬੜੇ ਬੜੇ ਅਮੀਰਾਂ ਦੇ ਪੁੱਤ੍ਰ, ਮਾਵਾਂ ਦੇ ਇਕਲੌਤੇ ਲਾਲ, ਭੈਣਾਂ ਦੇ ਨਿਰਦੋਸ਼ ਵੀਰ ਤੇ ਇਸਤ੍ਰੀਆਂ ਦੇ ਪ੍ਰਾਣ ਪਿਆਰੇ ਪਤੀ ਵਰਿਹਾਂ ਤੋਂ ਵਿਛੁੜੇ ਪਏ ਵਿਲਪ ਰਹੇ ਹਨ। ਕਪੜੇ ਉਨ੍ਹਾਂ ਦੇ ਮੈਲੇ, ਅੰਨ ਮੋਟਾ ਤੇ ਕਿਲ੍ਹੇ ਤੋਂ ਬਾਹਰ ਨਿਕਲਣਾ ਬੰਦ ਹੈ। ਐਸੇ ਮਹਾਂ ਸੰਕਟ ਵਿਚ ਫਸੇ ਨਿਰਦੋਸ਼ੀਆਂ ਦੀ ਕਲਿਆਣ ਨਮਿੱਤ ਸਾਡੇ ਗੁਰੂ ਗੁਸਾਈਂ ਆਪ ਬੰਦੀ ਵਿਚ ਪਏ ਹਨ। ਜਿਕੂੰ ਸਚਖੰਡ ਵਿਚੋਂ ਸਾਡਾ ਉਧਾਰ ਕਰਨ ਵਾਸਤੇ ਮਨੁੱਖ ਬਣਕੇ ਮਾਤਲੋਕ ਵਿਚ ਆਏ, ਏਸੇ ਤਰ੍ਹਾਂ ਮਾਤਲੋਕ ਵਿਚ ਦੀ ਖੁੱਲ੍ਹ ਦੇ ਮੰਡਲ ਵਿਚੋਂ ਨਿਕਲਕੇ ਗੁਵਾਲੀਅਰ ਦੇ ਬੰਦੀ ਘਰ ਵਿਚ ਬੰਦੀ ਹੋਕੇ ਪਹੁੰਚੇ ਹਨ। ਸਭ ਤੋਂ ਪਹਿਲੇ ਤਾਂ ਕਿਲੇ ਦੇ ਕਿਲ੍ਹੇਦਾਰ ਹਰਿਦਾਸ ਨੂੰ ਸੁਮੱਤ ਬਖਸ਼ੀ ਨੇ ਤੇ ਉਸਦੇ ਆਤਮਾ ਵਿਚ ਇਨਸਾਫ਼ ਤੇ ਦਇਆ ਦਾ ਭਾਵ ਭਰਿਆ ਨੇ। ਹੁਣ ਉਸਦੇ ਮਨ ਪਰਮੇਸ਼ੁਰ ਦਾ ਭੈ ਪਿਆ ਹੈ ਅਰ ਉਹ ਸਮਝਦਾ ਹੈ ਕਿ ਜੋ ਦੁੱਖ ਇਨ੍ਹਾਂ ਬੰਦੀਆਂ ਨੂੰ ਹੈ ਜੇ ਮੈਂ ਬੰਦੀ ਵਿਚ ਹੋਵਾਂ ਤਦ ਇਸ ਦੁੱਖ ਨੂੰ ਕੀਹ ਸਮਝਾਂ? ਇਸ ਤਰ੍ਹਾਂ ਦੇ ਉਪਦੇਸ਼ਾਂ ਤੇ ਗੁਰੂ ਜੀ ਦੀ ਮੇਹਰ ਨਾਲ ਉਸਨੂੰ ਸਮਝ ਆ ਗਈ ਹੈ, ਉਹ ਸਿਮਰਨ ਵਲ ਲਗ ਪਿਆ ਹੈ ਤੇ ਦਇਆ ਬੀ ਉਸ ਵਿਚ ਆ ਗਈ ਹੈ। ਹੁਣ ਉਥੋਂ ਦੇ ਕੈਦੀ ਦੁਖੀ ਦਲਿੱਦ੍ਰੀ ਨਹੀਂ ਹਨ, ਪਰ ਸੁਥਰੇ ਰਹਿਣ ਵਾਲੇ ਅਮੀਰਾਂ ਦੇ ਪੁੱਤ੍ਰ ਹਨ ਤੇ ਕਿਸੇ ਬਾਤ ਦੀ ਤੰਗੀ ਨਹੀਂ ਹੈ। ਪਰ ਉਨ੍ਹਾਂ ਦੇ ਮਨ ਕਠੋਰ ਤੇ ਸੰਸਾਰਕ ਸਨ ਤੇ ਉਤੋਂ ਪੈ ਗਈ ਸਰੀਰ ਦੀ ਕੈਦ, ਸੋ ਸਤਿਗੁਰ ਦੋਹਾਂ ਦਾ ਦਾਰੂ ਕਰ ਰਹੇ ਹਨ। ਰੋਜ਼ ਦੀਵਾਨ ਲਗਦਾ ਹੈ, ਮਹਾਰਾਜ ਜੀ ਅੰਮ੍ਰਿਤ ਵਰਖਾ ਕਰਦੇ ਹਨ, ਕੀਰਤਨ ਹੁੰਦਾ ਹੈ, ਜਿਸਦੇ ਕਿ ਅਸਰ ਨਾਲ ਸਾਰੇ ਲੋਕਾਂ ਦੇ ਮਨ ਸਾਫ਼ ਹੋ ਰਹੇ ਹਨ। ਗੁਰੂ ਜੀ ਕਹਿੰਦੇ ਹੀ ਨਹੀਂ, ਸਗੋਂ ਕਰਕੇ ਦਿਖਾਉਂਦੇ ਹਨ। ਕਿਲ੍ਹੇ ਵਿਚ ਜਾਕੇ ਸਤਿਗੁਰਾਂ ਨੇ ਤ੍ਰੈ ਦਿਨ ਅੰਨ ਨਹੀਂ ਖਾਧਾ, ਕਿਹਾ ਕਿ ਇਹ ਜ਼ੁਲਮ ਨਾਲ ਕੱਠੀ ਕੀਤੀ ਹੋਈ ਰਾਜ-ਐਸ਼ ਹੈ। ਜਿਸ ਤਰ੍ਹਾਂ ਪਹਿਲੇ ਸਤਿਗੁਰਾਂ ਨੇ ਮਲਕ ਭਾਗੋ ਦੀ ਰਾਜ ਐਸ਼ ਅੰਗੀਕਾਰ ਨਹੀਂ ਸੀ ਕੀਤੀ ਪਰ ਭਾਈ ਲਾਲੋ ਦਾ ਕੋਧਰਾ ਖਾਧਾ ਸੀ, ਤਿਵੇਂ ਸਤਿਗੁਰਾਂ ਨੇ ਇਥੇ

ਰਾਜਸੀ ਐਨ, ਜਿਨ੍ਹਾਂ ਵਿਚ ਗਰੀਬਾਂ ਦੇ ਲਹੂ ਦਾ ਰੰਗ ਭਰਿਆ ਪਿਆ ਹੈ, ਨਹੀਂ ਖਾਧਾ। ਅੰਤ ਜਦ ਭਾਈ ਜੇਠੇ ਪਿਰਾਣੇ ਨੇ ਅਤਿ ਬੇਨਤੀ ਕੀਤੀ ਤਦ ਸਤਿਗੁਰਾਂ ਨੇ ਕਿਹਾ ਕਿ ਤੁਸੀਂ ਜਾਕੇ ਦਸਾਂ ਨਵ੍ਹਾਂ ਦੀ ਮਿਹਨਤ ਕਰਕੇ ਮਜ਼ਦੂਰੀ ਦੇ ਪੈਸੇ ਕਮਾਓ, ਉਸਦਾ ਐਨ ਬਣਾਓ, ਆਪ ਬੀ ਛਕੋ ਤੇ ਅਸੀਂ ਬੀ ਛਕਾਂਗੇ। ਸੋ ਦੋਵੇਂ ਪ੍ਰੇਮੀ ਸ਼ਹਿਰ ਜਾਕੇ ਕਿਰਤ ਕਰਦੇ ਹਨ ਅਰ ਕਿਰਤ ਦਾ ਸੁੱਚਾ ਭੋਜਨ-ਦੁੱਧ ਦੀਆਂ ਧਾਰਾਂ ਵਾਲਾ ਭੋਜਨ-ਲਿਆਕੇ ਛੇਵੇਂ ਗੁਰੂ ਨਾਨਕ ਨੂੰ ਛਕਾਉਂਦੇ ਹਨ। ਇਸ ਕਰਨੀ ਨੂੰ ਵੇਖਕੇ ਸਭ ਲੋਕ ਅਸਚਰਜ ਹਨ। ਉਨ੍ਹਾਂ ਦੀ ਰਹਿਣੀ ਬਹਿਣੀ ਤੇ ਆਤਮ ਸਤਜਾ ਨੂੰ ਵੇਖਕੇ ਸਾਰੇ ਨਿਸ਼ਚੇ ਵਿਚ ਆ ਗਏ ਹਨ ਕਿ ਗੁਰੂ ਜੀ ਐਸੇ ਸੰਕਟ ਵਿਚ ਬੀ ਆਪਣੇ ਅਸੂਲਾਂ ਤੋਂ ਨਹੀਂ ਡਿਗਦੇ। ਮਹਾਰਾਜ ਜੀ ਨੇ ਉਨ੍ਹਾਂ ਸਰਦਾਰਾਂ ਅਮੀਰਾਂ ਨੂੰ ਦੱਸ ਦਿੱਤਾ ਹੈ ਕਿ ਜੋ ਮਾਇਆ ਤੁਹਾਡੇ ਪਾਸ ਹੈ ਏਹ ਪਰਜਾ ਦੀ ਹੈ, ਤੁਹਾਡੀ ਨਹੀਂ ਹੈ। ਤੁਸੀਂ ਏਸ ਨੂੰ ਆਪਣੀ ਸਮਝਦੇ ਹੋ, ਪਰ ਇਹ ਪਰਾਈ ਹੈ। ਜਿਤਨੇ ਕਲੇਸ਼ ਤੁਹਾਨੂੰ ਹਨ, ਇਸ ਪਰਾਈ ਨੂੰ ਆਪਣੀ ਕਰਨ ਦੇ ਹਨ। ਜੇ ਤੁਸੀਂ ਪਰਜਾ ਦੇ ਸੇਵਕ ਬਣੋ ਅਰ ਪਰਜਾ ਦਾ ਧਨ ਪਰਜਾ ਤੋਂ ਨਾ ਖੋਹਵੋ ਤੇ ਜੋ ਹਾਲੇ ਦਾ ਉਨ੍ਹਾਂ ਤੋਂ ਲਵੋ ਉਨ੍ਹਾਂ ਦੇ ਸੁਖਾਂ ਵਿਚ ਖਰਚ ਕਰੋ ਤਦ ਤੁਹਾਡੀ ਆਤਮਾ ਸੁਖੀ ਹੋਵੇ ਅਰ ਪਰਜਾ ਬੀ ਸੁਖੀ ਵਸੇ। ਜਿਸ ਸਲੂਕ ਤੋਂ ਤੁਸੀਂ ਏਥੇ ਹੋ ਤੇ ਦੁਖੀ ਹੋ, ਸਮਝ ਲਓ ਕਿ ਤੁਹਾਡੇ ਐਸੇ ਸਲੂਕਾਂ ਤੋਂ ਤੁਹਾਡੀ ਪਰਜਾ ਤੁਹਾਡੇ ਵਾਂਙੂ ਦੁਖੀ ਹੁੰਦੀ ਹੋਵੇਗੀ। ਜੇ ਤੁਹਾਨੂੰ ਦੇਸ਼ ਦੇ ਸ਼ਹਿਨਸ਼ਾਹ ਤੇ ਰੋਸ ਹੈ ਤਦ ਸਮਝ ਲਵੋ ਕਿ ਤੁਹਾਡੇ ਬੁਰੇ ਸਲੂਕ ਤੋਂ ਤੁਹਾਡੀ ਪਰਜਾ ਨੂੰ ਤੁਹਾਡੇ ਤੇ ਰੋਸ ਹੁੰਦਾ ਹੋਊ। ਫੇਰ ਜਦ ਇਹ ਗਲ ਹੈ ਤਦ ਤੁਸੀਂ ਕਿਉਂ ਨਾ ਦੂਸਰਿਆਂ ਨਾਲ ਨੇਕ ਸਲੂਕ ਕਰੋ? ਜਦ ਤੁਹਾਡਾ ਜੀ ਸੁਖ ਲੈਣਾ ਲੋਚਦਾ ਹੈ, ਤਦ ਸਭ ਦਾ ਸੁਖ ਨੂੰ ਲੋਚਦਾ ਹੈ। ਤੁਸੀਂ ਆਪ ਤਾਂ ਸੁਖ ਲੈਣ ਦੀ ਇੱਛਾ ਰਖਦੇ ਹੋ ਤੇ ਦੇਂਦੇ ਦੁਖ ਹੋ, ਕੀਹ ਤੁਸੀ ਵਿਹੁ ਨਹੀਂ ਬੀਜਦੇ ਤੇ ਅੰਮ੍ਰਿਤ ਚੱਖਣ ਦੀ ਆਸ ਕਰਨ ਵਿਚ ਭੁੱਲ ਨਹੀਂ ਕਰਦੇ?

ਇਸ ਪ੍ਰਕਾਰ ਦੇ ਉਪਦੇਸ਼ ਹੁੰਦੇ ਰਹਿੰਦੇ ਹਨ ਜਿਨ੍ਹਾਂ ਦਾ ਅਸਰ ਇਹ ਪਿਆ ਹੈ ਕਿ ਸਭ ਕੈਦੀਆਂ ਦੀ ਮੂਰਖਤਾ ਦੇ ਛੌੜ ਕੱਟੇ ਗਏ ਹਨ। ਸਭ ਤਰਸਦੇ ਹਨ ਕਿ ਇਕ ਵੇਰੀ ਛੁਟਕਾਰਾ ਮਿਲੇ ਤਦ ਆਪਣੇ ਆਪਣੇ


www.sikhbookclub.com

ਇਲਾਕਿਆਂ ਵਿਚ ਦਿਲੋਂ ਸੰਨਿਆਸੀ ਹੋਕੇ ਰਾਜ ਕਰੀਏ ਅਰ ਪਰਜਾ ਨੂੰ ਏਹ ਸੁਖ ਦੇਈਏ ਕਿ ਦੁੱਖ ਦਾ ਨਾਉਂ ਨਾ ਰਹੇ।

ਸੋ ਪਿਆਰਿਓ! ਐਡੇ ਕਰੜੇ ਕਿਲ੍ਹੇ ਦੇ ਦਰੋਗ਼ੇ ਹਰਿਦਾਸ ਦਾ ਜੀਵਨ ਸੁਧਾਰ ਦੇਣਾ, ਹਜ਼ਾਰਾਂ ਨਿਰਅਪਰਾਧ ਲੋਕਾਂ ਦਾ ਭਲਾ ਕਰਨਾ ਹੈ। ਫੇਰ ਕੈਦੀਆਂ ਨੂੰ ਸੱਚੀ ਜ਼ਿੰਦਗੀ ਵਿੱਚ ਜਨਮ ਦੇਣਾ ਕਿਤਨੇ ਜੀਵਾਂ ਦਾ ਭਲਾ ਹੈ, ਜਿਨ੍ਹਾਂ ਨੂੰ ਉਨ੍ਹਾਂ ਨਾਲ ਵਾਹ ਪੈਣਾ ਹੈ। ਫੇਰ ਦੇਖੋ ਸਤਿਗੁਰੂ ਜੀ ਕਿਸ ਆਸ਼ਯ ਵਿਚ ਬੈਠੇ ਹਨ ਕਿ ਜਦ ਤਕ ਪਾਤਸ਼ਾਹ ਸਾਰੇ ਕੈਦੀਆਂ ਨੂੰ ਨਾ ਛੱਡੇ ਅਸੀਂ ਏਥੋਂ ਨਹੀਂ ਨਿਕਲਣਾ। ਅਸੀਂ ਸੁਆਰਥੀ ਨਹੀਂ ਹਾਂ, ਜੋ ਆਪਣੇ ਛੁਟਕਾਰੇ ਦੇ ਪਿਆਰੇ ਹਾਂ। ਅਸੀਂ ਤਾਂ ਦੁਖ ਨਹੀਂ ਦੇਖ ਸਕਦੇ। ਇਥੇ ਅਸੀਂ ਆਏ ਹਾਂ, ਅਸੀਂ ਚਾਹੁੰਦੇ ਹਾਂ ਕਿ ਇਥੋਂ ਦਾ ਦੁਖ ਦੂਰ ਹੋਵੇ ਨਾ ਕਿ ਅਸੀਂ ਨਿਰੇ ਏਸ ਦੁੱਖ ਤੋਂ ਛੁਟ ਜਾਈਏ ਤੇ ਹੋਰ ਫਸੇ ਰਹਿਣ। ਇਹ ਗਲ ਸਾਰੇ ਰਾਜਸੀ ਕੈਦੀਆਂ ਨੂੰ ਪਤਾ ਹੈ ਤੇ ਗੁਰੂ ਜੀ ਨੂੰ ਓਹ 'ਬੰਦੀ ਛੋੜ' ਕਹਿਣ ਲਗ ਪਏ ਹਨ*।

ਭਾਈ ਬੁੱਢਾ ਜੀ ਨੂੰ ਗੁਰੂ ਜੀ ਨੇ ਆਪਣੀ ਸੈਨਾ ਤੇ ਘੋੜਿਆਂ ਸਮੇਤ ਦਿੱਲੀ ਛੱਡਿਆ ਹੈ ਕਿ ਜਦੋਂ ਤਕ ਨਾ ਸੱਦਾਂਗੇ ਤਦੋਂ ਤਕ ਉਥੇ ਹੀ ਠਹਿਰੋ। ਦਾਸਾਂ ਨੂੰ ਆਗਯਾ ਹੋਈ ਸੀ ਕਿ ਛੇਤੀ ਅੰਮ੍ਰਿਤਸਰ ਜਾਵੋ, ਮਾਤਾ ਜੀ, ਸਭ ਸਿੱਖ ਸੰਗਤ, ਪਰਿਵਾਰ ਨੂੰ ਧੀਰਜ ਦਿਓ ਕਿ ਅਸੀਂ ਸਹੀ ਸਲਾਮਤ ਆਵਾਂਗੇ, ਫ਼ਿਕਰ ਨਾ ਕਰੋ। ਸੋ ਹੇ ਪਿਆਰੇ ਮਿੱਤ੍ਰੋ ਤੇ ਵਡੇਰੇ ਸਜਣੋਂ! ਸਤਿਗੁਰਾਂ ਦੇ ਕੌਤਕਾਂ ਪੁਰ ਘਬਰਾਉਣ ਦੀ ਥਾਂ ਨਹੀਂ। ਉਨ੍ਹਾਂ ਦਾ ਹਰ ਖੇਲ ਐਸਾ ਪ੍ਰਯੋਜਨ ਵਾਲਾ ਹੁੰਦਾ ਹੈ ਕਿ ਅਸੀਂ ਸਮਝ ਨਹੀਂ ਸਕਦੇ ਅਰ ਆਪਣੀ ਅਲਪੱਗਤਾ ਦੇ ਕਾਰਨ ਛੇਤੀ ਹੀ ਘਾਬਰ ਜਾਂਦੇ ਹਾਂ ਤੇ ਡੋਲਦੇ ਹਾਂ। ਸ੍ਰੀ ਗੁਰੂ ਜੀ ਉਨ੍ਹਾਂ ਦੀਨ ਦੁਖੀਆਂ ਦੀ, ਜਿਨ੍ਹਾਂ ਦੀ ਸਾਰ ਲੈਣ ਵਾਲਾ ਕੋਈ ਨਹੀਂ ਸੀ, ਕਲਿਆਣ ਕਰਕੇ ਛੇਤੀ ਆਕੇ ਸਾਨੂੰ ਦਰਸ਼ਨ ਦੇਣਗੇ।"

---

* ਅੰਤ ਐਸਾ ਹੀ ਹੋਇਆ ਸੀ ਕਿ ਸ੍ਰੀ ਗੁਰੂ ਜੀ ਦੇ ਯਤਨ ਨਾਲ ਸਾਰੇ ਕੈਦੀ ਛੁੱਟ ਗਏ ਸੀ। ਛੇਵੇਂ ਗੁਰਾਂ ਦਾ ਨਾਮ 'ਬੰਦੀ ਛੋੜ' ਤਦ ਤੋਂ ਪਿਆ ਹੈ। ਗਵਾਲੀਅਰ ਦੇ ਕਿਲੇ ਵਿਚ ਅੱਜ ਤੱਕ ਇਕ ਥੜਾ ਜੇਹਾ ਦੱਸੀਦਾ ਹੈ, ਜਿਸ ਨੂੰ 'ਬੰਦੀ ਛੋੜ' ਦੀ ਜਗਾ ਦੱਸਦੇ ਹਨ।


www.sikhbookclub.com

# (੧੧) ਭਾਈ ਜੀ ਦੀ ਸਿੰਧੀ ਨਾਲ ਵਾਰਤਾ, ਪਰਉਪਕਾਰ ਤੋਂ ਅਗੇ ਕੁਛ ਹੋਰ ਭੀ ਹੈ, ਨਾਮ ਸਭ ਤੋਂ ਉੱਚਾ ਹੈ।

**ਨਿੱਕੀ** ਨਿੱਕੀ ਫੁਹਾਰ ਪੈਕੇ ਹਟੀ ਹੈ। ਬੱਦਲਾਂ ਦੀ ਇਕ ਬੱਝਵੀਂ ਪੰਗਤਿ ਟੁੱਟਕੇ ਅਕਾਸ਼ ਦਾ ਨੀਲ ਅਨੇਕ ਥਾਈਂ ਧੋਤਾ ਹੋਯਾ ਸਾਫ਼ ਨਿਖਰ ਆਯਾ ਤੇ ਇਸ ਦੀ ਚਮਕ ਦੀ ਛਬੀ ਵੱਚ ਡਲ੍ਹ ਡਲ੍ਹ ਕਰਦਾ ਨਿਕਲਿਆ ਚੰਦ੍ਰਮਾਂ ਸਾਰੇ ਚਾਂਦਨੀ ਪਸਾਰ ਰਿਹਾ ਹੈ। ਸਾਈਂਦਾਸ ਜੀ ਹਰਿਮੰਦਰ ਜੀ ਦੀ ਪਰਕਰਮਾਂ ਵਿਚ ਪ੍ਰਾਰਥਨਾ ਵਿਚ ਜੁੜੇ ਬੈਠੇ ਸੇ ਕਿ ਇਕ ਸਿੰਧੀ ਸਿੱਖ ਟੋਲਦਾ ਟੋਲਦਾ ਕੋਲ ਆ ਬੈਠਾ। ਜਦ ਆਪ ਦੇ ਨੇਤਰ ਖੁੱਲ੍ਹੇ ਤਦ ਆਖਣ ਲਗਾ: 'ਗੁਰੂ ਗੁਸਾਈਂ ਦੇ ਪਰਮ ਪ੍ਰੀਤਮ ਜੀ! ਦਾਸ ਦੀ ਇਕ ਬੇਨਤੀ ਹੈ'।

ਸਾਈਂਦਾਸ-ਆਗਜਾ ਕਰੋ, ਸੱਜਣ ਜੀ!

ਸਿੰਧੀ-ਜਦੋਂ ਮੈਂ ਪੰਜਵੇਂ ਸਤਿਗੁਰਾਂ ਪਾਸ ਹਾਜ਼ਰ ਹੋਇਆ ਸੀ, ਤਦ ਉਨ੍ਹਾਂ ਨੇ ਆਗਜਾ ਕੀਤੀ ਸੀ ਕਿ ਤੇਰਾ ਬਿਵਹਾਰ ਕਿਸ ਤਰ੍ਹਾਂ ਦਾ ਹੈ? ਦਾਸ ਨੇ ਦੱਸਿਆ ਸੀ ਕਿ ਜੀ! ਖਾਣ, ਪੀਣ, ਪਹਿਨਣ, ਅਨੰਦ, ਹੁਲਾਸ ਮੌਜਾਂ ਮਾਣਨਜੋਗਾ ਪਦਾਰਥ ਬਹੁਤ ਹੈ ਅਰ ਇਨ੍ਹਾਂ ਵਿਚ ਹੀ ਕਾਲ ਬਿਤੀਤ ਹੁੰਦਾ ਹੈ। ਮੈਂ ਆਪਦੇ ਦਰਸ਼ਨਾਂ ਨੂੰ ਸ਼ਰਧਾ ਧਾਰਕੇ ਤਾਂ ਨਹੀਂ ਸਾਂ ਆਇਆ, ਕੁਛ ਦੇਖਾ ਦੇਖੀ, ਕੁਝ ਸੈਰ ਤੇ ਕੁਝ ਦੇਸ਼ ਦਾ ਤਮਾਸ਼ਾ ਸਮਝਕੇ ਆਇਆ ਸਾਂ, ਪਰ ਆਪ ਦੇ ਦਰਸ਼ਨ ਕਰਕੇ ਮੈਨੂੰ ਮੌਤ ਦਾ ਭੈ ਪੈ ਗਿਆ ਹੈ ਕਿ ਏਹ ਮੇਰੇ ਸੁਖ ਤੇ ਹੁਲਾਸ ਮੁੱਕ ਜਾਣੇ ਹਨ, ਮੌਤ ਨੇ ਏਥੇ ਸਦਾ ਲਈ ਨਹੀਂ ਠਹਿਰਨ ਦੇਣਾ, ਕੋਈ ਮੈਨੂੰ ਬੀ ਉਪਰਾਲਾ ਦੱਸੋ। ਤਦੋਂ ਸ੍ਰੀ ਗੁਰੂ ਜੀ ਨੇ ਕ੍ਰਿਪਾ ਕਰਕੇ ਮੈਨੂੰ ਆਗਜਾ ਕੀਤੀ ਕਿ ਪੁਰਖਾ! ਇਹ ਤੇਰੇ ਤੇ ਅਕਾਲ ਪੁਰਖ ਦੀ ਕ੍ਰਿਪਾ ਹੋਈ ਹੈ ਜੋ ਤੈਨੂੰ ਆਪਣੇ ਨਾ ਰਹਿਣ ਦੀ ਸੋਝੀ ਹੋ ਆਈ ਹੈ, ਪਰ ਹੁਣ ਜੇ ਤੂੰ ਇਹ ਚਾਹੁੰਦਾ ਹੈਂ ਕਿ ਤੇਰੀਆਂ ਮੌਜਾਂ ਸਦਾ ਰਹਿਣ ਤਦ ਇੱਕ ਭੇਦ ਸਮਝ। ਜੋ ਭੋਗ ਤੂੰ ਭਾਲਦਾ ਤੇ ਭੋਗਦਾ ਹੈਂ ਓਹ ਮਨ ਦੇ ਪ੍ਰਸੰਨ ਕਰਨ ਲਈ ਹੁੰਦੇ ਹਨ। ਪਰ ਜੇ ਤੂੰ ਇਹ ਸਮਝ ਲਵੇਂ ਕਿ ਮਨ ਦੀ ਪ੍ਰਸੰਨਤਾ ਮੇਰਾ ਪ੍ਰਯੋਜਨ ਹੈ ਤੇ ਭੋਗ ਭੋਗਣੇ ਮੇਰਾ ਪ੍ਰਯੋਜਨ ਨਹੀਂ ਤਦ ਤੂੰ ਇਸ ਡਰ ਤੋਂ ਵੀ ਛੁੱਟ ਸਕਦਾ ਹੈਂ ਕਿ ਮੇਰੇ ਭੋਗ ਮੌਤ ਨੇ [illegible]


www.sikhbookclub.com

ਦੇਂਦੇ ਹਨ। ਇਹ ਤਾਂ ਸੋਚ ਹੈ ਕਿ ਮੌਤ ਦੇ ਆਇਆਂ ਭੋਗ ਮਿਟ ਜਾਵਗੇ ਪਰ ਮਨ ਦੀ ਖੁਸ਼ੀ ਯਾ ਰੰਜ ਇਹ ਮੌਤ ਬੀ ਨਹੀਂ ਮੇਟ ਸਕਦੀ। ਸੋ ਜੇ ਤੂੰ ਦ੍ਰਿੜ੍ਹ ਕਰ ਸਮਝੇਂ ਕਿ ਮਨ ਦੀ ਪ੍ਰਸੰਨਤਾ ਦੀ ਲੋੜ ਹੈ, ਭੋਗਾਂ ਦੀ ਇਕ ਤਾਂ ਭੋਗ ਮਾਤ੍ਰ ਲਈ ਕੋਈ ਲੋੜ ਨਹੀਂ ਹੈ, ਦੂਜੇ ਇਹ ਮੁੱਕ ਜਾਣੇ ਹਨ ਤੇ ਤੀਜੇ ਭੋਗਾਂ ਦੇ ਮਗਰੋਂ ਮਨ ਨੂੰ ਖੁਸ਼ੀ ਬੀ ਨਹੀਂ ਰਹਿੰਦੀ ਤਦ ਇੱਕ ਜੁਗਤ ਨਾਲ ਮਨ ਦੀ ਪ੍ਰਸੰਨਤਾ ਤੇਰੇ ਅੰਦਰ, ਬਿਨਾਂ ਇਨ੍ਹਾਂ ਨਕਾਰੇ ਕਰ ਦੇਣ ਵਾਲੇ ਭੋਗਾਂ ਦੇ, ਠਹਿਰ ਸਕਦੀ ਹੈ।

ਮੈਂ ਭੈ ਤੇ ਸ਼ਰਧਾ ਨਾਲ ਨਿਮਾਣਾ ਹੋਕੇ ਚਰਨੀਂ ਢੈ ਪਿਆ ਤੇ ਆਖਿਆ: ਹੇ ਕਰੁਣਾ ਨਿਧੇ! ਜੇ ਐਸੀ ਦਇਆ ਕਰੋ ਤਦ ਹੋਰ ਕੀ ਚਾਹੀਏ? ਆਪ ਫੇਰ ਆਗਜਾ ਕਰਨ ਲਗੇ ਕਿ ਹੇ ਸੁਖ ਦੇ ਢੂੰਢਾਊ! ਸੁਖ ਲੈਣ ਵਿਚ ਹੀ ਨਹੀਂ ਹੈ, ਸੁਖ ਦੇਣ ਵਿਚ ਬੀ ਹੈ ਤੇ ਵਧੇਰੇ ਹੈ। ਤੂੰ ਆਪਣੀ ਮਾਇਆ ਤੋਂ ਸੁਖ ਲਿਆ ਨਾ ਕਰ ਸੁਖ ਦਿਆ ਕਰ। ਮੈਂ ਸਮਝ ਨਾ ਸਕਿਆ, ਬੇਨਤੀ ਕੀਤੀ: ਹੇ ਗੁਰੋ! ਮੇਰੀ ਸਮਝ ਵਿਚ ਨਹੀਂ ਆਇਆ। ਆਪ ਨੇ ਆਗਜਾ ਕੀਤੀ, ਤੂੰ ਪਰਉਪਕਾਰ ਕੀਤਾ ਕਰ। ਆਪ ਸਾਦਾ ਸੁਥਰਾ ਭੋਜਨ, ਸਾਦਾ ਸੁਥਰਾ ਲੀੜਾ ਵਰਤਿਆ ਕਰ ਤੇ ਜੋ ਧਨ ਤੇਰਾ ਨਿਰੇ ਭੋਗਾਂ ਵਿਚ ਲਗਦਾ ਹੈ, ਸੋ ਧਨ ਤੂੰ ਲੂਲੇ, ਲੰਗੜੇ, ਅੰਨ੍ਹੇ, ਮਹਿੱਟਰ, ਵਿਧਵਾ, ਗ਼ਰੀਬ, ਮੁਥਾਜ, ਕਬੀਲਦਾਰ, ਵਡਪਰਵਾਰੇ, ਅਣਖ ਵਾਲੇ ਪਰ ਲੋੜਵੰਦ ਅਰ ਹੋਰ ਐਸੇ ਦੁਖੀਆਂ ਦੀ ਮਦਦ ਪਰ ਲਾਇਆ ਕਰ। ਇਹ ਧਨ ਜੋ ਤੇਰੇ ਪਾਸ ਹੈ ਤੇਰਾ ਨਹੀਂ ਹੈ ਤੇ ਨਾ ਇਹ ਬਰਬਾਦ ਕਰਨ ਵਾਸਤੇ ਤੇਰੇ ਪਾਸ ਹੈ। ਇਹ ਜੋ ਤੈਨੂੰ ਅਪਣੇ ਪਾਸ ਦੀਂਹਦਾ ਹੈ, ਇਹ ਅਮਾਨਤ ਹੈ ਜੋ ਗ਼ਰੀਬ ਲੋਕਾਂ ਦੀ ਸਹਾਇਤਾ ਲਈ ਸਮਝਕੇ ਦਿੱਤੀ ਗਈ ਹੈ। ਇਹ ਉਨ੍ਹਾਂ ਦੇ ਦੁੱਖ ਦੂਰ ਕਰਨ ਲਈ ਦਾਰੂ ਹੈ। ਜੇ ਤੂੰ ਏਹ ਨਿਮਾਣੇ ਤੇ ਰੋਗੀ ਕਰਨ ਵਾਲੇ ਭੋਗ ਤਿਆਗਕੇ ਲੋਕਾਂ ਨੂੰ ਸੁਖੀ ਕਰੇਂਗਾ ਤਦ ਫਲ ਇਹ ਨਿਕਲੇਗਾ ਕਿ ਤੇਰਾ ਮਨ ਨਿਰਮਲ ਹੋਵੇਗਾ, ਉਸ ਵਿੱਚ ਪ੍ਰਸੰਨਤਾ ਰਿਹਾ ਕਰੇਗੀ ਅਰ ਉਹ ਪ੍ਰਸੰਨਤਾ ਰੰਜ ਵਿੱਚ ਨਹੀਂ ਪਲਟੇਗੀ ਤੇ ਮੌਤ ਉਸਨੂੰ ਸਮਾਪਤ ਨਹੀਂ ਕਰ ਸਕੇਗੀ।

ਮਹਾਰਾਜ ਜੀ ਦੇ ਏਸ ਹੁਕਮ ਦੀ ਪਾਲਣਾ ਇਸ ਨਿਕਾਰੇ ਕੋਲੋਂ ਮਹਾਰਾਜ ਜੀ ਨੇ ਆਪ ਕਰਵਾਈ ਅਰ ਮੈਂ ਬੜਾ ਸੁਖੀ ਮਨ ਹੋ ਗਿਆ। ਮੈਂ ਕਦੇ ਸ਼ਰਾਬ ਪੀਕੇ ਐਡਾ ਅਨੰਦ ਨਹੀਂ ਹੋਇਆ ਸਾਂ ਕਿ ਜਿੱਡਾ ਇਕ ਦਿਨ ਇਕ ਗਰੀਬ

ਰਾਹਕ ਨੂੰ ਤਪ ਚੜ੍ਹਿਆ ਵੇਖਕੇ ਮੈਂ ਉਸਦੀ ਥਾਂ ਉਸਦੇ ਖੇਤ ਵਿੱਚ ਬੀਜ ਕੇਰਨ, ਸੁਹਾਗਾ ਫੇਰਨ ਤੇ ਕੁਛ ਮਾਇਆ ਦੇਣ ਵਿਚ ਡਿੱਠਾ ਸੀ। ਕੁਵੇਲੇ ਦਾ ਤਾਪ ਉਸਦੇ ਪਰਵਾਰ ਲਈ ਸਾਰੇ ਵਰ੍ਹੇ ਦਾ ਕਾਲ ਤਿਆਰ ਕਰ ਰਿਹਾ ਸੀ। ਇਸੇ ਤਰ੍ਹਾਂ ਜਿਉਂ ਜਿਉਂ ਮੈਂ ਉਪਕਾਰ ਕੀਤੇ ਮੈਂ ਖੁਸ਼ ਹੁੰਦਾ ਗਿਆ। ਇਨ੍ਹਾਂ ਦਾ ਇਕ ਮੱਧਮ ਸੁਆਦ ਬੀ ਆਉਂਦਾ ਹੈ। ਇਸ ਸੁਆਦ ਦੇ ਅਸਲੇ ਤੋਂ ਮੈਨੂੰ ਇਹ ਭਰੋਸਾ ਬੀ ਹੋਇਆ ਹੈ ਕਿ ਮੌਤ ਇਸ ਸੁਆਦ ਨੂੰ ਸਚਮੁਚ ਭੰਨ ਨਹੀਂ ਸਕੇਗੀ। ਇਹ ਗੁਰੂ ਜੀ ਦੀ ਕਿਰਪਾ ਹੈ। ਮੈਂ ਆਪਣੇ ਪਿੰਡ ਧਰਮਸਾਲ ਵੀ ਬਣਾਈ ਹੈ ਕਿ ਜਿਥੇ ਸਤਿਸੰਗ ਹੁੰਦਾ ਹੈ ਤੇ ਪਰਮੇਸ਼ੁਰ ਦਾ ਕੀਰਤਨ ਤੇ ਕਥਾ ਹੁੰਦਾ ਹੈ। ਓਥੇ ਆਏ ਗਏ ਮੁਸਾਫ਼ਰ ਨੂੰ ਟਿਕਾਣਾ ਬੀ ਮਿਲਦਾ ਹੈ। ਪਿੰਡ ਵਿੱਚ ਕੋਈ ਲਾਵਾਰਸ ਰੋਗੀ ਹੋ ਜਾਏ ਤਾਂ ਇਕ ਥਾਵੇਂ ਲਿਆਕੇ ਦਾਰੂ ਕਰੀਦਾ ਹੈ ਤੇ ਮੁੰਡੇ ਕੁੜੀਆਂ ਨੂੰ ਗੁਰਮੁਖੀ ਅੱਖਰ ਪੜ੍ਹਾਈਦੇ ਹਨ। ਇਸ ਪ੍ਰਕਾਰ 'ਗੁਰੂ ਆਗਜਾ' ਨੇ ਮੈਨੂੰ ਪ੍ਰਸੰਨ ਕਰ ਦਿੱਤਾ ਹੈ। ਅਜ ਤੀਕ ਮੈਂ ਖੁਸ਼ ਸਾਂ ਪਰ ਹੁਣ ਕੁਛ ਦਿਲਗੀਰ ਹੋਇਆ ਹਾਂ ਜੋ ਆਪ ਦੀ ਕਥਾ ਨੇ ਕੀਤਾ ਹੈ। ਅੱਜ ਸੇਵਰੇ ਆਪ ਨੇ ਜੋ ਏਸ ਤੁਕ ਦੀ ਵਯਾਖਯਾ ਕੀਤੀ ਸੀ 'ਨਾਮ ਤੁਲਿ ਕਛੁ ਅਵਰੁ ਨ ਹੋਇ' (ਸੁਖਮਨੀ) ਉਸ ਨੇ ਮੈਨੂੰ ਹੈਰਾਨ ਕਰ ਦਿੱਤਾ ਹੈ। ਸਤਿਗੁਰਾਂ ਦਾ ਉਪਦੇਸ਼ ਸੀ ਕਿ ਦੇਣਾ ਸੁਖ ਦਾ ਰੂਪ ਹੈ, ਸੋ ਮੈਂ ਸੱਚਾ ਪਾਇਆ ਹੈ। ਉਨ੍ਹਾਂ ਦੀ ਆਗਜਾ ਸੀ ਦਿਲ ਨਹੀਂ ਦੁਖਾਉਣਾ, ਬੁਰਾ ਨਹੀਂ ਕਰਨਾ[1], ਸਗੋਂ ਹੋ ਸਕੇ ਤਾਂ ਭਲਾ ਕਰਨਾ, ਦਿਲ ਨੂੰ ਠੰਢ ਪਾਉਣੀ ਤੇ ਸੁਖ ਦੇਣਾ, ਸੋ ਬੀ ਠੀਕ ਹੈ[2]। ਮੈਂ ਸੁਖੀ ਹਾਂ ਤੇ ਇਸ ਖਿਆਲ ਵਿੱਚ ਹਾਂ ਕਿ ਇਹ ਕਰਮ ਸਭ ਤੋਂ ਉੱਤਮ ਕਰਮ ਹਨ, ਇਨ੍ਹਾਂ ਤੋਂ ਪਰੇ ਹੋਰ ਕੁਛ ਨਹੀਂ ਹੈ।

ਆਪ ਦੀ ਕਥਾ ਨੇ ਅੱਜ ਦੱਸਿਆ ਹੈ ਕਿ ਇਸ ਤੋਂ ਉਪਰ ਕੁਛ ਹੋਰ ਬੀ ਹੈ। ਉਸ ਵੇਲੇ ਦਾ ਦਿਲਗੀਰ ਹਾਂ ਕਿ ਹੋਰ ਇਸ ਤੋਂ ਉੱਚਾ ਕੀ ਹੈ? ਜਿਸ ਦਾ ਮੈਨੂੰ ਪਤਾ ਨਹੀਂ ਹੈ। ਮੌਤ ਦਾ ਵੇਲਾ ਪਤਾ ਨਹੀਂ ਕਦ ਆਉਂਦਾ ਹੈ ਤੇ ਮੈਂ ਉਸਦੇ ਆਉਣ ਤੋਂ ਪਹਿਲਾਂ ਉੱਚੇ ਕਰਮ ਤੋਂ ਵਾਂਜਿਆ ਰਿਹਾ ਤਦ ਠੀਕ ਨਾ ਹੋਊ? ਆਪ ਕ੍ਰਿਪਾ ਕਰੋ ਤੇ ਮੈਨੂੰ ਰਾਹੇ ਪਾਓ।

---

੧. ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥
(ਗਉੜੀ ਵਾ: ਮ: ੫-੧੭)

੨. ਪਰਉਪਕਾਰੁ ਪੁੰਨ ਬਹੁ ਕੀਆ ਭਉ ਦੁਤਰੁ ਤਾਰਿ ਪਰਾਵੈ॥
(ਗਉੜੀ ਪੂ: ਮ: ੪)

 www.sikhbookclub.com

ਸਾਈਂਦਾਸ-ਗੁਰੂ ਸੁਆਰੇ ਜੀ! ਹਕੀਮ ਪਾਸ ਅਨੇਕ ਪ੍ਰਕਾਰ ਦੇ ਰੋਗੀ ਜਾਂਦੇ ਹਨ। ਹਰ ਰੋਗ ਦਾ ਦਾਰੂ ਹਕੀਮ ਪਾਸ ਹੁੰਦਾ ਹੈ। ਰੋਗ ਪਛਾਣ ਕੇ ਯੋਗ ਦਾਰੂ ਹਕੀਮ ਹਰੇਕ ਰੋਗੀ ਨੂੰ ਦੇਂਦਾ ਹੈ। ਇਸੀ ਤਰ੍ਹਾਂ ਅਸੀਂ ਆਤਮ ਰੋਗੀ ਹਾਂ, ਗੁਰੂ ਦਾਨਾ ਹਕੀਮ ਹੈ, ਸਾਡੇ ਰੋਗ ਪਛਾਣਕੇ ਸਾਨੂੰ ਯੋਗ ਦਾਰੂ ਦੇਂਦਾ ਹੈ, ਤਿਵੇਂ ਤੁਹਾਡਾ ਰੋਗ ਪਛਾਣਕੇ ਗੁਰੂ ਵੈਦ ਨੇ ਤੁਹਾਨੂੰ ਏਹ ਦਾਰੂ ਦਿੱਤਾ ਹੈ, ਤੁਸੀਂ ਇਸੇ ਨੂੰ ਸੇਵੋ, ਤੁਹਾਡੀ ਇਸੇ ਕਰਕੇ ਕਲਜਾਨ ਹੋਵੇਗੀ।

ਸਿੰਧੀ-ਇਹ ਤਾਂ ਠੀਕ ਹੈ, ਪਰ ਤੁਸਾਂ ਅੱਜ ਸਾਰੀ ਸੰਗਤ ਨੂੰ ਹੋਰ ਦਾਰੂ ਦੱਸਿਆ ਹੈ, ਤੁਸੀਂ ਭੀ ਵੈਦ ਦੀ ਵਿਦੰਗੀ ਦੇ ਜਾਣੂਆਂ ਵਿੱਚੋਂ ਹੋ। ਇਹ ਦਾਰੂ ਜੋ ਤੁਸਾਂ ਕਿਹਾ ਸੀ, ਇਹਦਾ ਪ੍ਰਕਾਰ ਮੈਨੂੰ ਖੋਹਲਕੇ ਦੱਸੋ?

ਭਾਈ ਜੀ-ਪਿਆਰੇ ਜੀ! ਮੈਂ ਕਥਾ ਕਰਨੋਂ ਇਸੇ ਕਰਕੇ ਸੰਕੋਚ ਕਰਦਾ ਹਾਂ, ਪਰ ਕੀਹ ਕਰਾਂ, ਸੰਗਤ ਦਾ ਹੁਕਮ ਮੋੜਨਾ ਕਠਨ ਹੁੰਦਾ ਹੈ।

ਸਿੰਧੀ-ਕਿਸ ਕਰਕੇ?

ਭਾਈ ਜੀ-ਕਥਾ ਕਰਨ ਵਾਲਾ ਸਮੁੱਚੇ ਵਾਕ ਆਖਦਾ ਹੈ, ਜੋ ਸਾਰਿਆਂ ਲਈ ਸਾਧਾਰਨ ਯਾ ਆਮ ਉਪਦੇਸ਼ ਹੁੰਦਾ ਹੈ ਯਾ ਕਿਸੇ ਇਕ ਖਾਸ ਸ੍ਰੋਤੇ ਦੀ ਗਉਂ ਦਾ ਹੁੰਦਾ ਹੈ। ਉਹ ਵੈਦ ਦੀ ਤਰ੍ਹਾਂ ਰੋਗ ਪਛਾਣਕੇ ਵੱਖ ਵੱਖ ਹਰੇਕ ਰੋਗੀ ਦੇ ਰੋਗ ਦਾ ਦਾਰੂ ਨਹੀਂ ਹੁੰਦਾ!

ਸਿੰਧੀ-ਪਰ ਹੁੰਦਾ ਤਾਂ ਦਾਰੂ ਹੀ ਹੈ ਨਾ?

ਭਾਈ-ਦਾਰੂ ਤਾਂ ਹੁੰਦਾ ਹੈ ਪਰ ਅੱਖਾਂ ਦੀ ਪੀੜ ਵਾਲੇ ਨੂੰ ਫੋੜੇ ਦੀ ਮਲ੍ਹਮ ਦਾ ਕੀ ਗੁਣ? ਜੇ ਤਾਂ ਕਿਸੇ ਨੇ ਕੇਵਲ ਸਮਝ ਸੁਧਾਰਨੀ ਹੋਵੇ ਅਰ ਸਦਾਚਾਰ ਸਿੱਖਣਾ ਹੋਵੇ ਤਦ ਤਾਂ ਭਲਿਆਈ ਦੇ ਸਾਧਾਰਨ ਉਪਦੇਸ਼ ਲਾਭਦਾਇਕ ਹੁੰਦੇ ਹਨ, ਪਰ ਜੇ ਕਿਸੇ ਸਾਧਨ ਕਰਕੇ ਆਤਮ ਵਿਦਜਾ ਵਿਚ ਕਲਜਾਣ ਦੇ ਦਰਜੇ ਤੇ ਅੱਪੜਨਾ ਹੋਵੇ ਤਦ ਉਸਦੀ ਸਮਝ, ਕਰਨੀ ਤੇ ਮਨ ਦੀ ਮੈਲ ਦੀ ਦਸ਼ਾ ਵਿਚਾਰ ਕੇ ਦਾਰੂ ਦੇਣਾ ਠੀਕ ਹੁੰਦਾ ਹੈ।

ਸਿੰਧੀ-ਠੀਕ ਹੈ, ਹੁਣ ਤੁਸੀਂ ਮੈਨੂੰ ਪਛਾਣ ਕਰਕੇ ਮੇਰੇ ਲਈ ਦੱਸੋ ਕਿ ਉਪਕਾਰ ਤੋਂ ਵੱਡਾ ਕੀ ਕਰਮ ਹੈ?

ਭਾਈ ਜੀ-ਮੈਂ ਕੁਛ ਕਹਿ ਨਹੀਂ ਸਕਦਾ। ਜੋ ਕੁਛ ਤੁਸੀਂ ਭਾਲਦੇ ਹੋ ਉਹ ਤਾਂ ਆਪ ਗੁਰੂ ਜੀ ਹੀ ਦੱਸਣਗੇ। ਹਾਂ, ਸਤਿਗੁਰਾਂ ਤੋਂ ਸੁਣਿਆਂ ਕੁਛ ਬੇਨਤੀ

ਕਰ ਦੇਂਦਾ ਹਾਂ, ਜਿਸ ਕਰਕੇ ਅੱਜ ਦੀ ਦਿਲਗੀਰੀ, ਜੋ ਤੁਹਾਨੂੰ ਹੋਈ ਹੈ, ਦੂਰ ਹੋ ਜਾਏਗੀ।

ਸਿੰਧੀ-ਜੀ ਸਤਿ ਬਚਨ ਜੀ! ਹੁਕਮ ਕਰੋ, ਆਪ ਵੱਡੇ ਹੋ।

ਭਾਈ ਜੀ-ਸਾਡੇ ਮਨ ਦੀਆਂ ਮੈਲਾਂ, ਸਾਡੇ ਪਾਪਾਂ ਦੇ ਫਲ, ਸਾਡੀਆਂ ਖੋਟੀਆਂ ਵਾਸ਼ਨਾਂ, ਮੰਦ ਕਰਮ, ਮੰਦ ਬੋਲ, ਮੰਦਿਆਂ ਦੀ ਪ੍ਰੀਤਿ ਜੋ ਕੁਛ ਬੀ ਹੈ ਸਭ ਇਕ ਸ਼ੈ ਦਾ ਫਲ ਹਨ, ਜਿਸਨੂੰ ਵਿਛੋੜਾ ਆਖਦੇ ਹਨ। ਅਸੀਂ ਆਪਣੇ ਸਿਰਜਣਹਾਰ ਤੋਂ ਵਿਛੁੜ ਗਏ ਹਾਂ। ਜਿਕੂੰ ਨਦੀ ਤੋਂ ਵਿਛੁੜਿਆ ਜਲ ਟੋਇਆਂ ਵਿੱਚ ਪਿਆ ਤ੍ਰੁੱਕਦਾ ਹੈ, ਉੱਕਰ ਅਸੀਂ ਵਿਛੁੜਕੇ ਦੁਖੀ ਹੁੰਦੇ ਹਾਂ। ਜਿਕੂੰ ਅੱਗ ਤੋਂ ਵਿਛੁੜਿਆ ਅੰਗਾਰ ਕਾਲਾ ਹੋਕੇ ਕੋਲਾ ਹੋ ਜਾਂਦਾ ਹੈ, ਉੱਕਰ ਅਸੀਂ ਕਾਲੇ ਹੋ ਰਹੇ ਹਾਂ। ਹੁਣ ਸਾਧਨ ਇਹ ਹੈ ਕਿ ਟੋਏ ਦੇ ਜਲ ਦਾ ਨਦੀ ਦੇ ਜਲ ਨਾਲੋਂ ਵਿਛੋੜਾ ਦੂਰ ਕਰ ਦਿਓ, ਮੈਲ ਨਾ ਰਹੂ। ਕਾਲੋਂ ਭਰੇ ਕੋਲੇ ਨੂੰ ਅੱਗ ਦਾ ਮਿਲਾਪ ਕਰਾ ਦਿਓ, ਕਾਲਕ ਕਿਤੇ ਜਾਊ। ਇਹ ਵਿਛੋੜਾ ਦੂਰ ਹੋਣਾ ਬੜਾ ਔਖਾ ਹੈ, ਕਿਉਂਕਿ ਮੁੱਦਤਾਂ ਉਲਟੇ ਤੁਰ ਤੁਰਕੇ ਅਸੀਂ ਆਪਣੇ ਤੇ ਆਪਣੇ ਕਾਰਣ (ਸਿਰਜਣਹਾਰ) ਅਕਾਲ ਪੁਰਖ ਦੇ ਵਿਚਕਾਰ ਭਾਰੀ ਵਿੱਥ ਪਾਈ ਤੇ ਵਧਾਈ ਹੈ। ਅਸੀਂ ਓਹ ਓਹ ਕੰਮ ਕਰਦੇ ਹਾਂ ਜਿਨ੍ਹਾਂ ਕਰਕੇ ਅਸੀਂ ਉਸ ਤੋਂ ਅੱਡਰੇ ਤੇ ਆਪਣੇ ਆਪ ਵਿਚ ਇਕ ਪੂਰੀ ਵੱਖਰੀ ਸ਼ੈ ਬਣਕੇ ਵਿਚਰੀਏ। ਅਸੀਂ ਆਪਣੇ ਜੀਵਨਾਂ ਨੂੰ ਐਸਾ ਬਣਾ ਲਿਆ ਹੈ ਕਿ ਜਿਸ ਵਿੱਚ ਅਸੀਂ ਸਮਝਦੇ ਹਾਂ ਕਿ ਆਪਣੇ ਕਾਰਨ ਦੀ ਸਾਨੂੰ ਕੋਈ ਲੋੜ ਹੀ ਨਹੀਂ ਹੈ, ਐਵੇਂ ਹੀ ਕੰਮ ਰਾਸ ਹਨ। ਪਰ ਜਿਸ ਨੂੰ 'ਅੰਤ ਮਰ ਜਾਣ ਦੀ' ਸੋਚ ਫੁਰੇ, ਭੋਗਾਂ ਤੋਂ ਉਪਜੇ ਰੋਗਾਂ ਦਾ ਕਲੇਸ਼ ਚੁਭੇ, ਉਹ ਚੁਕੰਨਾ ਹੋਕੇ ਦੇਖਦਾ ਹੈ ਕਿ ਹੈਂ! ਇਹ ਮੇਰੇ ਮਨ ਦੇ ਸੁਰਗ ਦੇ ਝੂਟੇ ਤਾਂ ਮੈਨੂੰ ਛਲ ਗਏ, ਸਰੀਰ ਨਾਸ਼ ਹੋ ਗਿਆ ਤੇ ਮੌਤ ਆ ਰਹੀ ਹੈ, ਹੁਣ ਕੀ ਬਣੇ। ਉਹ ਜੇ ਭਾਲ ਕਰਦਾ ਸਿਆਣੇ ਵੈਦ ਕੋਲ ਅੱਪੜੇ ਤਦ ਦਾਰੂ ਹੁੰਦਾ ਹੈ। ਦਾਰੂ ਕੀ ਹੁੰਦਾ ਹੈ? ਦਾਰੂ ਐਸਾ ਹੁੰਦਾ ਹੈ ਕਿ ਜਿਸ ਨਾਲ ਕਾਰਨ ਨਾਲ ਮੇਲ ਹੋ ਜਾਵੇ। ਤੁਸੀਂ ਹੁਣ ਆਪਣੀ ਗੱਲ ਲਓ। ਤੁਹਾਨੂੰ ਗੁਰੂ ਜੀ ਨੇ ਨਿਸ਼ਕਾਮ ਸੇਵਾ ਰੂਪ ਦਾਰੂ ਦੱਸਿਆ ਹੈ, ਇਸ ਸੇਵਾ ਦਾ ਕੀਹ ਅਸਰ ਹੁੰਦਾ ਹੈ? ਠੀਕ ਉਸ ਸੁਭਾਵ ਤੋਂ ਪੁੱਠਾ ਕਿ ਜੋ ਅਸਾਂ ਆਪ ਬਣਾ ਲਿਆ ਸੀ। ਅਸਾਂ ਸੁਭਾਵ ਸੁਆਰਥ ਦਾ ਬਣਾਇਆ ਹੈ। ਅਸਾਂ ਆਪਣੇ ਨਫ਼ੇ ਦੀ ਵਾਦੀ


www.sikhbookclub.com

ਪਕਾਈ ਹੈ। ਗਲ ਕੀ ਅਸਾਂ ਆਪਣਾ ਤੌਰ ਇਹ ਬਣਾਇਆ ਹੋਇਆ ਹੈ ਕਿ ਜਿਥੋਂ ਹੋਵੇ ਤੇ ਜਿਸ ਕਿਸੇ ਤਰ੍ਹਾਂ ਹੋਵੇ ਸਾਨੂੰ ਲਾਭ ਹੋਵੇ। ਇਸ ਸੁਭਾਵ ਵਿੱਚ ਆਪਣਾ ਆਪ ਸਭ ਤੋਂ ਵੱਖਰਾ ਤੇ ਲੈਣ ਦੀ ਇੱਛਾ ਵਿੱਚ ਗ਼ਲਤਾਨ ਹੁੰਦਾ ਆਪਣੇ ਆਪ ਨੂੰ ਇਸੇ ਇੱਛਾ ਦੇ ਘੇਰੇ ਵਿੱਚ ਘੇਰੀ ਜਾਂਦਾ ਹੈ।

ਇਸ ਆਪਣੇ ਲਾਭ ਦੀ ਸੋਚ ਵਿਚ ਅਸਾਂ ਨੇ ਆਪਣੇ ਸਰੀਰ ਦੀ ਪਾਲਣਾ, ਤੇ ਰਖਜਾ, ਆਪਣੇ ਪਰਵਾਰ ਦੀ ਪਾਲਣਾ, ਰਖਜਾ ਤੇ ਸਿਖਜਾ ਆਦਿ ਦੀਆਂ ਲੋੜਾਂ ਨੂੰ ਹੀ ਮੁੱਖ ਨਹੀਂ ਰੱਖਿਆ, ਸਗੋਂ ਅਸਾਂ ਇਸ ਤੋਂ ਬਹੁਤ ਵੱਧ ਕੰਮ ਕੀਤਾ ਹੈ। ਇਥੋਂ ਤਾਈਂ ਕਿ ਦੂਸਰੇ ਨਾਲ ਦਗ਼ੇ ਕੀਤੇ ਹਨ ਤੇ ਦੂਸਰਿਆਂ ਦੀ ਤਬਾਹੀ ਕਰਕੇ ਆਪਣਾ ਫ਼ਾਇਦਾ ਕਰਨ ਵਿਚ ਬੀ ਸੰਕੋਚ ਨਹੀਂ ਕੀਤਾ। ਮੇਰਾ ਮਤਲਬ ਹੈ ਕਿ ਆਮ ਇਨਸਾਨ ਇਹ ਕੁਛ ਕਰ ਰਹੇ ਹਨ। ਪਰ ਤੁਸੀਂ ਸੋਚਕੇ ਦੇਖੋ ਕਿ ਐਸਾ ਕਰਨ ਨਾਲ ਸਾਡੇ ਅੰਦਰ ਕੀਹ ਵਰਤਦਾ ਹੈ। ਜਦੋਂ ਅੰਦਰ ਆਪਾ ਲੋਚੀਦਾ ਹੈ ਤੇ ਦੂਇਆਂ ਨਾਲ ਛਲ ਧੱਕੇ ਕਰੀਦੇ ਹਨ ਤਾਂ ਦੂਇਆਂ ਤੋਂ ਆਪ ਨੂੰ ਨਖੇੜ ਲਈਦਾ ਹੈ। ਭਾਵੇਂ ਜਗਤ ਵਿਚ ਪਏ ਵੱਸੀਏ, ਪਰ ਮਨੋਂ ਤਾਂ ਵੱਖਰੇ ਹੁੰਦੇ ਜਾਈਦਾ ਹੈ। ਦੂਜੇ ਪਾਸੇ ਤੱਕੋ ਕਿ ਅਕਾਲ ਪੁਰਖ ਦਾ ਗੁਣ ਯਾ ਸੁਭਾਵ ਹੈ ਦੇਣਾ, ਅਸਾਂ ਸੁਭਾਵ ਬਣਾਇਆ ਲੈਣਾ ਤੇ ਲੈਣਾ ਬੀ ਦੁੱਖ ਤੱਕ ਦੇਕੇ, ਬੁਰਾਈ ਕਰਕੇ। ਸੋ ਸਾਡਾ ਮਨ ਵਾਹਿਗੁਰੂ ਦੇ ਸੁਭਾਵ ਤੋਂ ਉਲਟਵਾਂ ਹੋ ਗਿਆ। ਇਹ ਉਸ ਨਾਲ ਵਿੱਥ ਪੈ ਗਈ। ਇਹ ਮੈਂ ਪਹਿਲੋਂ ਦੱਸਿਆ ਹੈ ਕਿ ਐਸਾ ਆਦਮੀ ਸ੍ਰਿਸ਼ਟੀ ਤੋਂ ਬੀ ਵਿਛੁੜਦਾ ਹੈ। ਹੁਣ ਦਾਰੂ ਇਹ ਹੈ ਕਿ ਇਸ ਸੁਭਾਵ ਦੇ ਉਲਟ ਤੁਰੋ। **"ਲਉ ਲਈ ਤ੍ਰਿਸ਼ਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ"** {ਸਲੋਕ ਸਹਸ: ਮ: ੫-੬੬} ਦੇ ਸੁਭਾਵ ਦੇ ਉਲਟ ਦਾਨ ਦੇਣਾ ਸ਼ੁਰੂ ਕਰੇ ਤਾਂ ਅੰਦਰ ਦੇਣ ਦਾ ਸੁਭਾਵ ਵਧੇਗਾ, ਜਿਸ ਨਾਲ ਮਨ ਵਿਸ਼ਾਲ ਹੋ ਜਾਏਗਾ ਤੇ ਦੂਜੈਗੀ ਘਟ ਜਾਏਗੀ। ਫੇਰ ਦੇਣ ਦੇ ਸੁਭਾਉ ਪਿਆਂ ਅੰਦਰ ਉਹ ਸੁਭਾਉ ਆਇਆ ਜੋ ਪਰਮੇਸ਼ੁਰ ਦਾ ਹੈ, ਇਸ ਤਰ੍ਹਾਂ ਸਾਈਂ ਨਾਲ ਵਿੱਥ ਘਟੇਗੀ।

ਦੇਣ ਦਾ ਸੁਭਾਉ ਕਦੇ ਕਦੇ ਕਿਸੇ ਹਉਂ ਨਾਲ ਬੀ ਪੈਂਦਾ ਹੈ ਕਿ ਜਿਸ ਨਾਲ ਮੈਂ ਦਾਨ ਦਾ ਵਰਤਾਉ ਕਰਦਾ ਹਾਂ ਉਹ ਮੈਨੂੰ ਚੰਗਾ ਸਮਝੇ ਤੇ ਲੋਕਾਂ ਵਿਚ ਮੈਂ 'ਦਾਤਾ' ਮਸ਼ਹੂਰ ਹੋਵਾਂ। ਕਦੇ ਇਸ ਤੋਂ ਬੀ ਉੱਤਮ ਭਾਵ ਹੁੰਦਾ ਹੈ ਕਿ ਦਾਨ

ਨਾਲ ਮੈਨੂੰ ਮਰਕੇ ਸੁਖ ਮਿਲੇਗਾ। ਇਸ ਤਰ੍ਹਾਂ ਵੀਚਾਰ ਨਾਲ ਦਾਨ ਕਰਦਿਆਂ ਕਿਸੇ ਦਿਨ ਨਿਸ਼ਕਾਮ ਦਾਨ ਦਾ ਵੱਲ ਭੀ ਆ ਜਾਂਦਾ ਹੈ। ਜਦੋਂ ਇਹ ਜੀਵ ਦਾਨ ਕਿ ਨੇਕੀ ਕਾਮਨਾ ਛੱਡ ਛੱਡਕੇ ਕਰਨ ਲਗ ਪੈਂਦਾ ਹੈ ਤਦੋਂ ਸੇਵਾ ਵਿਚੋਂ ਇਕ ਸੁਆਦ ਤੇ ਸੁਖ ਨਿਕਲ ਪੈਂਦਾ ਹੈ ਜੋ ਲੋਕਾਂ ਦੀ ਵਾਹ ਵਾਹ ਤੇ ਸੁਰਗਾਂ ਦੀ ਵਾਸ਼ਨਾ ਤੋਂ ਬੀ ਬੇਲੋੜਿਆਂ ਕਰ ਦੇਂਦਾ ਹੈ। ਉਹ ਸੁਆਦ ਕਾਹਦਾ ਹੁੰਦਾ ਹੈ? ਉਹ ਆਪਣੇ ਕਾਰਨ ਦੀ ਠੰਢੀ ਹਵਾ ਹੁੰਦੀ ਹੈ। ਅਰਥਾਤ ਜਦ ਮਨ ਵਿਚੋਂ ਹਉਂ ਪਤਲੀ ਪੈਂਦੀ ਹੈ ਤਾਂ ਕੂੜ ਦੀ ਪਾਲ ਘਟਦੀ ਹੈ ਤਦ ਆਪਣੇ ਕਾਰਨ ਅਕਾਲ ਪੁਰਖ ਵਿਚੋਂ ਅਸਲੀ ਸੁਖ ਦੇ ਮੱਧਮ ਰੁਮਕੇ ਆਉਣ ਲੱਗ ਪੈਂਦੇ ਹਨ।

ਸਿੰਧੀ-ਪਰ ਜੀ! ਇਹ ਲੈਣ ਦਾ, ਯਾ ਸ੍ਵਾਰਥ-ਖ਼ੁਦਗਰਜ਼ੀ ਦਾ ਸੁਭਾਵ ਸਾਨੂੰ ਕਿੱਥੋਂ ਪਿਆ?

ਭਾਈ ਜੀ-ਸਿਆਣਿਆਂ ਨੇ ਸੰਸਾਰ ਦੇ ਗੋਰਖ ਧੰਦੇ ਨੂੰ ਸਮਝਣ ਲਈ ਦੋ ਨਾਉਂ ਰੱਖੇ ਹਨ, ਇਕ ਤਾਂ 'ਸਦਾ ਇਕ-ਰਸ ਰਹਿਣ ਵਾਲੇ' ਦਾ ਨਾਉਂ ਅਕਾਲ ਪੁਰਖ ਰੱਖਿਆ ਹੈ। ਦੂਜੇ 'ਹਰ ਪਲ ਬਦਲਣ ਵਾਲੇ' ਨਜ਼ਰ ਆਉਂਦੇ 'ਪ੍ਰਗਟ ਤਮਾਸ਼ੇ' ਦਾ ਨਾਉਂ 'ਮਾਇਆ' ਰੱਖਿਆ ਹੈ। ਇਸ 'ਮਾਇਆ' ਵਿਚ ਲੈਣ ਦਾ ਸੁਭਾਵ ਹੈ ਪਰ ਉਸ ਸਦਾ ਇਕ ਰਸ ਰਹਿਣ ਵਾਲੇ ਅਕਾਲ ਪੁਰਖ ਵਿਚ ਦੇਣ ਦਾ ਸੁਭਾਵ ਹੈ। ਪਰਮੇਸ਼ੁਰ ਸਦਾ ਦਾਤਾ ਹੈ, ਕਦੇ ਭੀ ਯਾਚਕ ਨਹੀਂ ਹੈ, ਪਰ ਇਹ ਮਾਇਆ ਦਾਤੀ ਨਹੀਂ, ਲੈਣਹਾਰ ਹੈ। ਹੁਣ ਇਹ ਜੋ ਸਰੀਰ ਹੈ ਸਾਡਾ, ਇਹ ਮਾਇਆ ਦਾ ਹੈ, ਇਸ ਵਿਚ ਜੋ ਜੀਵ ਹੈ ਸੋ ਉਸ ਪਰਮੇਸ਼ੁਰ ਦੀ ਅੰਸ਼ ਹੈ। ਅੰਸ਼ ਵਿਚ ਆਪਣੇ ਜਨਕ ਦੇ ਗੁਣ ਰਹਿੰਦੇ ਹਨ। ਸੋ ਸਾਡੇ ਜੀਵ ਆਤਮਾ ਵਿਚ ਤਾਂ ਦੇਣ ਦਾ ਸੁਭਾਵ ਹੈ ਪਰ ਮਾਇਆ ਦੇ ਕੁਸੰਗ ਦੇ ਕਾਰਨ ਤੇ ਇਸਦੇ ਸੰਗ ਤੋਂ ਉਪਜੀਆਂ ਲੋੜਾਂ ਦੇ ਕਾਰਨ ਸਾਡੇ ਮਨ ਨੂੰ ਲੈਣਾ ਚੰਗਾ ਭਾਸਦਾ ਹੈ। ਇਹ ਸੱਚ ਹੈ ਕਿ ਸਰੀਰ ਨੂੰ ਆਪਣੀ ਪਾਲਣਾ ਤੇ ਰਖਜਾ ਲਈ ਲੋੜਾਂ ਹੈਨ ਤੇ ਓਹ ਆਪਾ ਲੋਚੇ ਤੇ ਯਤਨ ਕੀਤੇ ਬਿਨਾਂ ਪੂਰਨ ਨਹੀਂ ਹੁੰਦੀਆਂ ਪਰ ਇਨ੍ਹਾਂ ਦੀ ਕੋਈ ਹੱਦ ਹੈ। ਉਸ ਹੱਦ ਤੋਂ ਅੱਗੇ ਲੰਘਕੇ ਜੋ ਆਪਾ ਲੋਚਣ ਦਾ ਜਤਨ ਹੈ, ਸੋ ਅਜੋਗ ਸੁਆਰਥ ਹੈ। ਜਿਉਂ ਜਿਉਂ ਜੀਵ ਇਸ ਸੁਭਾਵ ਵਿਚ ਵਧਦਾ ਹੈ ਤਿਉਂ ਤਿਉਂ ਇਸਦਾ ਸੁਭਾਵ ਮਾਇਕ ਹੁੰਦਾ ਜਾਂਦਾ ਹੈ ਤੇ ਆਪਣੇ ਪਿਤਾ ਦੇ ਸੁਭਾਵ ਤੋਂ ਪਰੇ ਹੁੰਦਾ ਜਾਂਦਾ ਹੈ। ਲੈਂਦਿਆਂ ਲੈਂਦਿਆਂ ਇਸਨੂੰ ਪਹਿਲਾਂ ਅਪਣੇ

ਅੰਦਰ ਅਤ੍ਰਿਪਤੀ ਦਾ ਦੁਖ ਲਗ ਜਾਂਦਾ ਹੈ, '**ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥**'{ਸੁਖਮਨੀ} ਫੇਰ ਏਹ ਲੋਕਾਂ ਨੂੰ ਸੁਖਦਾਈ ਨਹੀਂ ਰਹਿੰਦਾ। ਦੂਇਆਂ ਦੀ ਹਾਨੀ ਹੋਵੇ ਤਾਂ ਪਈ ਹੋਵੇ, ਇਹ ਅਪਣਾ ਸੁਆਰਥ ਸਾਧਦਾ ਹੈ। ਫਿਰ ਏਹ ਦੁਖ ਦੇਕੇ ਬੀ ਸੁਆਰਥ ਸਾਧਦਾ ਹੈ। ਇਸ ਤਰ੍ਹਾਂ ਕਰਦਾ ਕਰਦਾ ਇਹ ਮਨੋਂ ਚਿਤੋਂ ਸ੍ਰਿਸ਼ਟੀ ਤੋਂ ਵੱਖ ਹੋ ਜਾਂਦਾ ਹੈ। ਹੁਣ ਸੋਚੋ ਕਿ ਜੇ ਸਤਿਸੰਗ ਕਰਕੇ ਇਸ ਨੂੰ ਸੇਵਾ ਦਾ ਉਪਦੇਸ਼ ਮਿਲੇ ਤਦ ਇਸਦਾ ਅਸਲੀ ਸੁਭਾਵ ਦੇਣ ਦਾ ਜਾਗੇਗਾ ਅਰ ਜਾਗਦਾ ਜਾਗਦਾ ਅਸਲੀਅਤ ਤੇ ਆ ਜਾਏਗਾ। ਜਦ ਅਸਲੀ ਸੁਭਾਵ ਆਇਆ ਤਦ ਇਹ ਦੁਖ ਦਾਤੇ ਦੀ ਥਾਂ ਸੁਖ ਦਾਤਾ ਹੋ ਜਾਏਗਾ। ਉਪਕਾਰ ਯਾ ਸੇਵਾ ਨਾਲ ਐਉਂ ਸੁਭਾਵ ਬਦਲਦਾ ਹੈ। ਸੋ ਹੁਣ ਤੁਸਾਂ ਸਮਝ ਲਿਆ ਹੋਊ ਕਿ 'ਲਾਭ ਹੀ ਲੈਣ ਦਾ ਸੁਭਾਵ' ਸਾਨੂੰ ਕਿਸ ਤਰ੍ਹਾਂ ਪੈਂਦਾ ਹੈ ਅਰ ਕੀਕੂੰ ਇਹ ਵਧਦਾ ਵਧਦਾ ਸ੍ਵੈ-ਪਾਲਨਾ ਤੇ ਸ੍ਵੈ-ਰਖਯਾ ਦੀ ਹੱਦ ਟੱਪਕੇ ਦੁਖਦਾਈ ਬਣ ਜਾਂਦਾ ਹੈ। ਦੂਜੀ ਗੱਲ ਇਹ ਬੀ ਤੁਸਾਂ ਸਮਝ ਲਈ ਹੋਊ ਕਿ ਲਾਭ ਦੇਣ ਦਾ ਸੁਭਾਵ ਸਾਡਾ ਅਸਲੀ ਸੁਭਾਵ ਹੈ। ਜਿਤਨਾ ਕੋਈ ਪਰਮੇਸ਼ੁਰ ਦੇ ਨੇੜੇ ਹੈ ਉਤਨਾਂ ਹੀ ਦਾਤਾ ਹੈ, ਜਿਤਨਾ ਦੂਰ ਹੈ ਉਤਨਾ ਹੀ ਲਾਹੇ ਦਾ ਬੇਲੀ ਤੇ ਸ੍ਵਾਰਥੀ, ਅਰਥਾਤ ਮੰਗਤਾ ਹੈ।

ਸਿੰਧੀ-ਇਹ ਜੋ ਤੁਸੀਂ ਆਖਿਆ ਸੀ ਕਿ ਲੈਣੇ ਦੇ ਸੁਭਾਵ ਵਾਲਾ ਆਪ ਨੂੰ ਅੱਡਰਾ ਬਣਾਉਂਦਾ ਹੈ, ਵੱਖ ਹੋਈ ਜਾਂਦਾ ਹੈ ਤੇ ਵਿਛੁੜਦਾ ਜਾਂਦਾ ਹੈ, ਇਹ ਅੱਡ ਹੋਣ ਦਾ ਕੀਹ ਦੁਖ ਹੈ? ਇਹ ਤਾਂ ਮੈਂ ਸਮਝਿਆ ਕਿ ਆਨੰਦ ਸਰੂਪ ਆਪਣੇ ਕਾਰਨ ਦੇ ਦਾਤਾ ਸੁਭਾਵ ਤੋਂ ਵੱਖ ਹੋਣ ਵਿਚ ਮਨ ਵਿਚ ਦਿਲਗੀਰੀ ਆ ਵੱਸਦੀ ਹੈ, ਪਰ ਜੇ ਕਿਸੇ ਨੂੰ ਦਿਲਗੀਰੀ ਦਾ ਹੀ ਸੁਭਾਉ ਪੈ ਜਾਵੇ ਅਰ ਪਰਮੇਸ਼ੁਰ ਦੇ ਵਿਛੋੜੇ ਤੋਂ ਘਬਰਾਵੇ ਹੀ ਨਾ ਤਦ ਉਸਦਾ ਅੱਡ ਹੋਣਾ ਕੀਹ ਹੋਇਆ ਤੇ ਅੱਡ ਹੋਣ ਵਿਚ ਨਿਰਾ ਅਡਰੇਪਨ ਦਾ ਕੀਹ ਦੁਖ ਹੋਇਆ?

ਭਾਈ ਜੀ-ਅਡਰਾਪਨ ਦੋ ਪ੍ਰਕਾਰ ਦਾ ਹੈ। ਇਕ ਸਾਈਂ ਨਾਲੋਂ, ਇਕ ਸ੍ਰਿਸ਼ਟੀ ਨਾਲੋਂ। ਸਾਈਂ ਤੋਂ ਦੂਰ ਦੂਰ ਹੋਇਆਂ ਮਨ ਦਾ ਸੁਭਾਵ ਲੈਣ ਦਾ ਵਧਦਾ ਹੈ, ਅਤ੍ਰਿਪਤੀ ਵਧਦੀ ਹੈ, ਭੋਗਾਂ ਵਲ ਰੁਚੀ ਵਧਦੀ ਹੈ ਤੇ ਮਨ ਵਿਚ ਟਿਕਾਉ ਤੇ ਸੁਖ ਨਹੀਂ ਰਹਿੰਦਾ। ਸਰੀਰ ਨੂੰ ਭੋਗਾਂ ਦਾ ਫਲ ਰੋਗ ਹੁੰਦਾ ਹੈ ਤੇ ਦੁਖ ਦੇਣ ਦਾ ਫਲ ਬਦਨਾਮੀ ਤੇ ਰਾਜ ਦੰਡ ਸਰੀਰ ਨੂੰ ਮਿਲਦੇ ਹਨ। ਦੂਸਰਾ ਅੱਡਰਾਪਨ ਜਗਤ ਨਾਲ ਹੁੰਦਾ ਹੈ।

ਸਿੰਧੀ-ਜਗਤ ਵਿਚ ਤਾਂ ਵਸੀਦਾ ਹੈ, ਇਸ ਤੋਂ ਅੱਡਰਾਪਨ ਕੀ ਹੋਇਆ?

ਭਾਈ ਜੀ-ਲਓ ਐਉਂ ਕਰੋ, ਤੁਸੀਂ ਸਮਝੋ ਕਿ ਤੁਹਾਡੇ ਘਰ ਦੇ, ਬਾਹਰ ਦੇ ਤੇ ਸੰਸਾਰ ਦੇ ਸਭ ਮਨੁੱਖ ਜੀਵ ਜੰਤੂ ਇਸ ਧਰਤੀ ਤੋਂ ਚਲੇ ਗਏ ਹਨ ਅਰ ਤੁਸੀਂ ਇਕੱਲੇ ਇਸ ਧਰਤੀ ਉਤੇ ਰਹਿ ਗਏ ਹੋ। ਹੁਣ ਜ਼ਰਾ ਸੋਚ ਕੇ ਦੱਸੋ ਤੁਸੀਂ ਦੁਖੀ ਹੋਵੋਗੇ ਕਿ ਨਹੀਂ? ਜੇ ਹੋਵੋਗੇ ਤਾਂ ਉਹ ਦੁੱਖ ਕੀ ਹੋਵੇਗਾ ਅਰ ਕੇਡਾ ਕੁ ਹੋਵੇਗਾ?

ਸਿੰਧੀ (ਅੱਖਾਂ ਮੀਟਕੇ ਕੁਛ ਚਿਰ ਸੋਚਕੇ ਫਿਰ ਘਬਰਾਕੇ ਤੇ ਅੱਖਾਂ ਖੋਹਲਕੇ)-ਊਈ, ਇਹ ਤਾਂ ਬੜਾ ਭਾਰੀ ਦੁੱਖ ਹੈ।

ਭਾਈ ਜੀ-ਜ਼ਰਾ ਹੋਰ ਸੋਚੋ! ਇਕੱਲੇ ਹੀ ਇਕੱਲੇ, ਨਾ ਸਾਕ ਨ ਸੈਨ, ਨਾ ਓਪਰਾ ਨਾ ਪਰਾਇਆ ਮਨੁੱਖ, ਇਕੱਲਾ ਹੀ ਇਕੱਲਾ ਮਨੁੱਖ ਡਾਵਾਂ ਡੋਲ ਹੋਊ ਕਿ ਨਾ? ਕੀਹ ਉਸਦੇ ਘਬਰਾ, ਉਸਦੀ ਵਹਿਸ਼ਤ ਦੀ ਕੋਈ ਹੱਦ ਹੋਵੇਗੀ? ਇਹ ਬੀ ਸੋਚ ਲਓ ਕਿ ਜੋ ਕੈਦੀ ਬੰਦੀਖਾਨੇ ਵਿਚ ਇਕ ਕੋਠੜੀ ਵਿਚ ਤਨਹਾ ਅਰਥਾਤ ਇਕੱਲੇ ਰਖੇ ਜਾਂਦੇ ਹਨ, ਦੂਇਆਂ ਨਾਲੋਂ ਕਮਜ਼ੋਰ ਤੇ ਨਿਤਾਣੇ ਬਹੁਤ ਛੇਤੀ ਹੋ ਜਾਂਦੇ ਹਨ।

ਸਿੰਧੀ-ਇਕੱਲ ਦਾ ਖਿਆਲ ਹੀ ਕਲੇਜਾ ਕੱਢਦਾ ਹੈ।

ਭਾਈ ਜੀ-ਫੇਰ ਹੁਣ ਸਮਝ ਲਵੋ ਕਿ ਜਿਨ੍ਹਾਂ ਮਨੁੱਖਾਂ ਨਾਲ ਆਪਣੇ ਲਾਭ ਖ਼ਾਤਰ ਛਲ ਤੇ ਧੱਕਾ ਕਰੀਦਾ ਹੈ, ਉਹ ਸਾਡੇ ਹੀ ਜੀਵਨ ਦਾ ਇਕ ਤਰ੍ਹਾਂ ਆਸਰਾ ਹਨ। ਅਸੀਂ ਕੇਡੇ ਕ੍ਰਿਤਘਨ ਹਾਂ ਕਿ ਆਪਣੇ ਨਫ਼ੇ ਨੂੰ ਬੀ (ਜਿਸ ਪਿੱਛੇ ਬਉਰੇ ਹੋਏ ਫਿਰਦੇ ਹਾਂ) ਨਹੀਂ ਪਛਾਣਦੇ। ਅਸੀਂ ਉਨ੍ਹਾਂ ਨਾਲ ਛਲ ਤੇ ਧੱਕਾ ਕਰਦੇ ਹਾਂ ਕਿ ਜਿਨ੍ਹਾਂ ਦੇ ਕੇਵਲ ਹੋਣ ਮਾਤ੍ਰ ਨਾਲ ਅਸੀਂ ਪ੍ਰਸੰਨ ਜੀਉਂਦੇ ਤੇ ਬੇਪਰਵਾਹ ਜੇਹੇ ਫਿਰ ਰਹੇ ਹਾਂ ਕੀਹ ਇਹ ਸਾਰਾ ਪਰਵਾਰ ਨਹੀਂ, ਜਿਸਦਾ ਅਸੀਂ ਇਕ ਅੰਗ ਹਾਂ? ਫੇਰ ਕਦੇ ਅੰਗ ਬੀ ਅੰਗ ਨਾਲ ਲੜਦਾ ਹੈ? ਤਿਵੇਂ ਅਸੀਂ ਕੀਕੂੰ ਆਪਣੇ ਅੰਗਾਂ ਨਾਲ ਛਲ ਧੱਕਾ ਕਰਦੇ ਚੰਗੇ ਹਾਂ? ਮਨ ਦੀ ਖੁਸ਼ੀ ਦੇ ਉੱਚ ਭਾਵ ਜੇ ਅਜੇ ਸਾਡੇ ਤੇ ਅਸਰ ਨਾ ਕਰਦੇ ਹੋਣ ਤਾਂ ਕੇਵਲ ਇਹ ਖਿਆਲ ਹੀ-ਕਿ ਮੇਰੇ ਜੀਵਨ ਦਾ ਆਧਾਰ ਸਾਰੇ ਲੋਕ ਹਨ-ਦੱਸ ਸਕਦਾ ਹੈ ਕਿ ਨਹੀਂ ਕਿ ਅੱਡ ਹੋਣਾ ਤੇ ਵਿਛੁੜ ਜਾਣਾ ਕੀਹ ਸਰੂਪ ਰੱਖਦਾ ਹੈ?

ਸਿੰਧੀ-ਸਰੂਪ ਤਾਂ ਸਮਝਿਆ, ਪਰਵਾਰ ਬੀ ਜਾਣਿਆ, ਆਪਣਾ ਹਿੱਸਾ ਬੀ ਸਮਝਿਆ, ਪਰ ਸੰਸਾਰ ਕੋਈ ਸਾਰਾ ਮਰ ਥੋੜ੍ਹਾ ਚੱਲਿਆ ਹੈ?

ਭਾਈ ਜੀ-ਠੀਕ ਹੈ! ਜਾਪਦਾ ਤਾਂ ਹੈ, ਸੰਸਾਰ ਤਾਂ ਸਾਰਾ ਇਕੋ ਵਾਰ ਨਹੀਂ ਮਰ ਚੱਲਿਆ, ਪਰ ਅਸਾਂ ਤਾਂ ਮਰ ਜਾਣਾ ਹੈ ਕਿ ਨਹੀਂ?

ਸਿੰਧੀ-ਹਾਂ, ਇਹ ਠੀਕ ਹੈ।

ਭਾਈ-ਜੇ ਭਲਾ ਸਾਨੂੰ ਮਰ ਗਿਆਂ ਨੂੰ ਇਹ ਸਾਰਾ ਭਾਈਚਾਰਾ ਨਾ ਦਿੱਸੇ ਤੇ ਹੋਰ ਭਾਈਚਾਰਾ ਨਾ ਮਿਲੇ ਤਦ ਸਾਡਾ ਓਹੋ ਹਾਲ ਹੋਵੇ ਕਿ ਨਾ ਜੋ ਸੰਸਾਰ ਦੇ ਮਰ ਗਿਆਂ ਦਾ ਹੋ ਸਕਦਾ ਹੈ?

ਸਿੰਧੀ-ਠੀਕ ਹੈ।

ਭਾਈ-ਲਓ ਹੋਰ ਸੋਚੀਏ! ਜਦ ਅਸਾਂ ਸੁਭਾਵ ਅੱਡਰੇ ਹੋਣ ਦਾ ਪਕਾ ਲਿਆ ਤੇ ਸ੍ਰਿਸ਼ਟੀ ਨੂੰ ਅਸਾਂ ਇਕ ਵੈਰੀ ਦੀ ਸ਼ੈ ਸਮਝਕੇ ਛਲਿਆ ਤੇ ਲੁਟਿਆ, ਸਾਨੂੰ ਇੰਨੀ ਸੋਚ (ਸ੍ਵਾਰਥ ਵਾਲੀ) ਬੀ ਨਾ ਰਹੀ ਕਿ ਸਾਡਾ ਜੀਵਨ ਇਨ੍ਹਾਂ ਦੇ ਆਸਰੇ ਹੈ, ਤਦ ਦੱਸੋ ਅਸਾਂ ਮਨ ਕਰਕੇ ਅਪਣੇ ਆਪ ਨੂੰ ਪਰਵਾਰ ਤੋਂ ਅੱਡ ਕਰ ਲਿਆ ਕਿ ਨਾ? ਅੱਖਾਂ ਨਾਲ ਤਾਂ ਪਰਵਾਰ ਵੇਖਦੇ ਹਾਂ ਪਰ ਸੁਰਤ ਵਿੱਚ ਓਪਰਾ ਵੇਖਦੇ ਹਾਂ। ਅੱਖਾਂ ਮੀਟਕੇ ਸੁਰਤ ਵਿਚ ਸਾਨੂੰ ਆਪਾ ਹੀ ਆਪਾ ਤੇ ਆਪੇ ਦਾ ਲਾਹਾ ਹੀ ਲਾਹਾ ਦਿੱਸਦਾ ਹੈ। ਪਰਵਾਰ ਹੁਣ ਦਿੱਸਦਾ ਹੀ ਨਹੀਂ, ਜੇ ਦਿੱਸੇ ਤਦ ਦੁਜੈਗੀ ਭਾਵ ਨਾਲ ਦਿੱਸ ਪੈਂਦਾ ਹੈ। ਦੱਸੋ ਮਨ ਵਿਚ ਸਾਡੇ ਅੱਡ ਤੇ ਇਕੱਲੇ ਹੋਣ ਵਿਚ ਕੀਹ ਕਸਰ ਰਹਿ ਗਈ? ਭਲਾ ਦੇਹ ਹੁੰਦਿਆਂ ਦੇਖਦੇ ਤੇ ਫਿਰਦੇ ਤਾਂ ਰਹੇ, ਮਨ ਪਰਚਦਾ ਰਿਹਾ ਪਰ ਮਰ ਕੇ ਕੀਹ ਹੋਵੇਗਾ? ਦੇਹ ਨਹੀਂ ਹੋਵੇਗੀ, ਮਨ ਹੋਵੇਗਾ ਤੇ ਕਾਲੇ ਕਰਮਾਂ ਦਾ ਹਨੇਰਾ ਹੋਵੇਗਾ ਅਰ ਸਾਡੀ ਸੁਆਰਥ ਵਿਚ ਪੱਕੀ ਤੇ ਸੰਸਾਰ ਤੋਂ ਅੱਡ ਹੋਈ ਹੋਈ ਸੁਰਤ ਹੋਵੇਗੀ। ਉਸ ਸੁਰਤ ਵਿੱਚ ਤ੍ਰਿਪਤ ਨਾ ਹੋਣ ਵਾਲੀ ਅੱਗ-ਲੈਣ ਹੀ ਲੈਣ ਦੀ ਤ੍ਰਿਸ਼ਨਾ-ਹੋਵੇਗੀ। ਪਰ ਸਰੀਰ ਤੇ ਸਰੀਰ ਦੇ ਅੰਗ ਨਾ ਹੋਣ ਕਰਕੇ ਤਦੋਂ ਲੈਣ ਵਾਲੀਆਂ ਚੀਜ਼ਾਂ ਨੂੰ ਕਿੱਕੂੰ ਲਵਾਂਗੇ? ਉਸ ਵੇਲੇ ਦਾ ਕਲੇਸ਼ ਵਿਚਾਰੋ ਕੀਹ ਹੋਵੇਗਾ? ਕਰਮਾਂ ਦਾ ਹਨੇਰਾ, ਸੁਰਤ ਵਿਚ ਘਬਰਾ, ਵਹਿਸ਼ਤ, ਅਤ੍ਰਿਪਤ ਤ੍ਰਿਸ਼ਨਾ ਤੇ ਭੋਗਣ ਦੀ ਅੱਗ ਪਰ ਭੋਗਾਂ ਦਾ ਨਾ ਲੱਭਣਾ। ਸ੍ਰਿਸ਼ਟੀ ਤੋਂ ਸੁਰਤ ਦਾ ਅੱਡ

ਹੋਣਾ ਅਰ ਕਿਸੇ ਹੀ ਵਿੱਚ ਅਪਣੱਤ ਤੇ ਅਪਣੱਤ ਦਾ ਆਸਰਾ ਨਾ ਹੋਣਾ, ਸੁਰਤ ਨੂੰ ਇਕੱਲ ਵਿਚ ਪਾ ਦੇਵੇਗਾ। ਪ੍ਰਤੱਖ ਦੇਖ ਲਓ ਕਿ ਦਿਨ ਦੀ ਸੁਰਤ ਦੀ ਦਸ਼ਾ ਰਾਤ ਨੂੰ ਵਾਪਰਦੀ ਹੈ ਅਰ ਜੇ ਬੁਰੀ ਹੋਵੇ ਤਦ ਦਿਨ ਨਾਲੋਂ ਰਾਤ ਵੇਲੇ ਬਹੁਤ ਘਬਰਾਉਂਦੀ ਹੈ। ਰਾਤ ਨੂੰ ਜੁਆਰੀਆ ਜੂਏ ਦੇ ਸੁਪਨੇ ਦੇਖਦਾ ਹੈ, ਪਰ ਸੁਖੀਆ ਸੁਪਨੇ ਵਿਚ ਖੁਸ਼ੀ ਚਿਹਰੇ ਵੇਖਦਾ ਹੈ। ਤਿਵੇਂ ਜੀਵਨ ਦੇ ਦਿਨ ਦੀ ਪੱਕੀ ਹੋਈ ਸੁਰਤ ਦੇ ਨਾਲ ਮੌਤ ਦੀ ਰਾਤ ਵਿੱਚ ਓਹੋ ਕੁਛ ਹੋਊ ਜੋ ਜੀਵਨ ਦੇ ਦਿਨ ਵਿਚ ਸੀ। ਪਿਆਰੇ ਜੀ! ਇਹ ਇਕੱਲ, ਇਹ ਅੱਡਰਾਪਨ ਨਰਕ ਹੈ। ਜਗਤ ਤੋਂ ਵਾਂਜਿਆ, ਵਾਹਿਗੁਰੂ ਤੋਂ ਤੁੱਟਾ, ਸ਼ੁਭ ਗੁਣਾਂ ਤੋਂ ਹੀਣਾ, ਰੂਹਾਨੀ ਬਸਤ੍ਰਾਂ ਤੋਂ ਵਿਹੂਣਾ **'ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ'॥** {ਆਸਾ: ਵਾਰ: ਮ-੧} ਇਹ ਕੋਈ ਬੁਝਾਰਤ ਨਹੀਂ ਏਹ ਰੋਜ਼ ਦੇ ਵਰਤ ਰਹੇ ਵਰਤਾਰੇ ਸਾਨੂੰ ਮੌਤ ਤੋਂ ਪਾਰਲੀ ਘਾਟੀ ਦੀ ਵੰਨਗੀ ਦਿਖਾ ਰਹੇ ਹਨ। ਆਪ ਨੂੰ ਅੱਡਰੇ ਕਰਨ ਦੇ ਦੁਖ-ਮੈਂ ਕੀ ਕਹਾਂ ਤੁਸੀਂ ਆਪ ਸਮਝਦੇ ਹੋ-ਏਥੇ ਉਥੇ ਕੀ ਹੋ ਸਕਦੇ ਹਨ? ਨਾਲੇ ਤੁਸਾਂ ਤਾਂ ਆਪੇ ਨੂੰ ਪਿਆਰ ਕਰਾਕੇ ਤੇ ਫੇਰ ਪਿਆਰ ਕਰਕੇ ਵੇਖ ਲਿਆ ਹੈ ਕਿ ਅੱਡ ਹੋਣ ਤੇ ਮਿਲਣ ਵਿੱਚ ਕਿੰਨਾ ਕੁ ਫ਼ਰਕ ਹੈ?

ਸਿੰਧੀ-ਸੱਤ ਹੈ! ਆਪ ਨੇ ਬਹੁਤ ਠੀਕ ਸਮਝਾਇਆ ਹੈ, ਉਪਕਾਰ ਜੋ ਗੁਰੂ ਜੀ ਨੇ ਇਸ ਦਾਸ ਨੂੰ ਬਖਸ਼ਿਆ ਸੀ, ਉਸਦਾ ਜੋ ਸੁਆਦ ਆਇਆ ਸੀ, ਸੋ ਜੀ ਵਿੱਚ ਪ੍ਰਤੱਖ ਸੁਖ ਭਾਸ ਰਿਹਾ ਹੈ। ਆਪ ਦੇ ਕਹਿਣੇ ਮੂਜਬ ਮੈਂ ਇਹ ਸਮਝਿਆ ਹੈ ਕਿ ਜਗਤ ਪਰਵਾਰ ਵਿੱਚ ਪਰਵਾਰੀ ਬਣੀਏ, ਪਰ ਤੁਸੀਂ ਨਾਲ ਇਹ ਬੀ ਕਿਹਾ ਸੀ ਕਿ ਕਾਰਨ ਨੂੰ ਮਿਲੇ ਬਿਨਾਂ ਸੁਖ ਨਹੀਂ ਤੇ ਕਾਰਨ ਪਰਮੇਸ਼ੁਰ ਹੈ। ਉਪਕਾਰ ਨਾਲ ਤਾਂ ਮੇਰਾ ਸ੍ਰਿਸ਼ਟੀ ਨਾਲ ਵਿਛੋੜਾ ਹਟਿਆ, ਸ੍ਰਿਸ਼ਟੀ ਦੇ ਰਚਣਹਾਰ ਸ੍ਰਿਸ਼ਟੇ ਨਾਲ ਤਾਂ ਮੇਲ ਨਾ ਹੋਇਆ ਕਿਉਂ ਜੋ ਸ੍ਰਿਸ਼ਟੀ ਕਾਰਨ ਤਾਂ ਨਹੀਂ ਹੈ, ਉਹ ਤਾਂ ਕਾਰਜ ਜਾਂ ਕ੍ਰਿਤ ਹੈ ਕਰਤਾਰ ਦੀ। ਸ੍ਰਿਸ਼ਟੇ ਨਾਲ ਮੇਲ ਕਿਸ ਤਰ੍ਹਾਂ ਹੋਵੇ?

ਭਾਈ ਜੀ-ਪਿਆਰੇ ਮਿੱਤਰ ਜੀ! ਏਹ ਜੋ ਸ੍ਰਿਸ਼ਟੇ ਵਾਹਿਗੁਰੂ ਨੂੰ ਮਿਲਣ ਦੀ ਚਾਹ ਹੈ, ਏਥੋਂ ਲੈਕੇ ਮਿਲਾਪ ਤਾਈਂ ਦੀ ਬਿਵਸਥਾ ਵਿਚਾਰ, ਸਾਧਨ, ਅਨੁਭਵ ਸਾਰੇ ਨੂੰ ਨਾਮ ਆਖਦੇ ਹਨ, ਜਿਸ ਪੁਰ ਗੁਰੂ ਜੀ ਫੁਰਮਾਉਂਦੇ ਹਨ **'ਨਾਮ ਤੁਲਿ ਕਛੁ ਅਵਰੁ ਨ ਹੋਇ॥'** {ਸੁਖਮਨੀ} ਸੋ ਇਸਦੀ ਕ੍ਰਿਪਾ ਸਤਿਗੁਰੂ

ਜੀ ਆਪ ਕਰਨਗੇ, ਮੈਂ ਤਾਂ ਨੀਚ ਢਾਡੀ ਦੀ ਤਰ੍ਹਾਂ ਉਨ੍ਹਾਂ ਦੇ ਗੁਣ ਗਾਉਂਦਾ ਹਾਂ। ਵੇਖੋ ਮਿੱਤਰ ਜੀ! ਪੂਰੇ ਵੈਦ ਨੇ ਜੋ ਪਹਿਲਾ ਦਾਰੂ ਆਪ ਨੂੰ ਦਿੱਤਾ ਸੀ ਉਸਨੇ ਤੁਹਾਡੇ ਦਿਲ ਦੀ ਕੇਡੀ ਮੈਲ ਕੱਟ ਦਿੱਤੀ ਹੈ। ਕਿੱਥੇ ਤੁਸੀਂ ਸ੍ਰਿਸ਼ਟੇ ਤੇ ਸ੍ਰਿਸ਼ਟੀ ਦੋਹਾਂ ਤੋਂ ਅੱਡ ਹੋ ਰਹੇ ਸਾਓ ਤੇ ਕਿੱਥੇ ਤੁਹਾਨੂੰ ਪਰਵਾਰ ਨਾਲ ਹਮਦਰਦੀ ਦਾ ਸੁਖ ਪ੍ਰਤੀਤ ਹੋ ਆਇਆ ਤੇ ਹੁਣ ਸ੍ਰਿਸ਼ਟੇ ਦੇ ਮਿਲਾਪ ਦੀ ਚਾਹ ਉਪਜ ਪਈ ਹੈ। ਇਹ ਜੋ ਸਾਈਂ ਨਾਲ ਮੇਲ ਦੀ ਚਾਹ ਹੈ, ਇਹ ਬੜੀ ਭਾਰੀ ਦਾਤ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ- **'ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾ ਕੈ ਬਲਿ ਬਲਿ ਜਾਸਾ॥'** {ਸੁਖਮਨੀ} ਗੁਰੂ ਨਾਨਕ ਦੇਵ ਜੀ ਉਸ ਤੋਂ ਕੁਰਬਾਨ ਹੁੰਦੇ ਹਨ ਕਿ ਜਿਸ ਨੂੰ ਪਰਮੇਸ਼ੁਰ ਦੇ ਦਰਸ਼ਨ ਦੀ ਚਾਹ ਉਪਜਦੀ ਹੈ। ਸੋਚੋ ਕਿ ਇਹ ਦਾਤ ਆਪ ਨੂੰ ਤਾਂ ਪ੍ਰਾਪਤ ਹੋਈ ਜੇ ਆਪ ਨੇ ਪਹਿਲੋਂ ਸੇਵਾ ਦੀ ਘਾਲ ਘਾਲੀ। ਸੇਵਾ ਦਾ-ਜੋ ਨਿਸ਼ਕਾਮ ਹੋਵੇ-ਫਲ ਇਹ ਹੈ ਕਿ ਮਨ ਦੀ ਮੈਲ ਉਤਰਦੀ ਹੈ। ਮੈਲ ਉਤਰਿਆਂ ਸਿਰਜਣਹਾਰ ਦੇ ਮਿਲਣੇ ਦੀ ਇੱਛਾ ਉਪਜਣ ਦਾ ਅਵਸਰ ਬਣ ਜਾਂਦਾ ਹੈ। ਸੋ ਵੇਖੋ ਹੁਣ ਤੁਹਾਡੇ ਵਿੱਚ ਸਾਈਂ ਮਿਲਾਪ ਦੀ ਚਾਹ ਬੀ ਪੈਦਾ ਹੋ ਆਈ ਹੈ। ਜੇ ਪਰਵਾਰ ਦੀ ਬੋਲੀ ਵਿੱਚ ਗੱਲ ਕਰੀਏ ਤਾਂ ਜਿਵੇਂ ਬੱਚੇ ਨੂੰ ਪਿਆਰ ਕਰੀਏ ਤਾਂ ਮਾਂ ਰਾਜ਼ੀ ਹੁੰਦੀ ਹੈ, ਤਿਵੇਂ ਸ੍ਰਿਸ਼ਟੀ ਦੀ ਨਿਸ਼ਕਾਮ ਸੇਵਾ ਕਰਨ ਨਾਲ ਕਰਤਾਰ ਦੀ ਖੁਸ਼ੀ ਦੀ ਇਹ ਨਿਸ਼ਾਨੀ ਹੈ ਜੋ ਤੁਸਾਨੂੰ ਉਸਦੇ ਮਿਲਣ ਦੀ ਚਾਹ ਹੋ ਆਈ ਹੈ। ਜੇ ਸਤਿਸੰਗੀਆਂ ਦੀ ਬੋਲੀ ਵਿਚ ਗੱਲ ਕਰੋ ਤਦ **'ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ॥'** {ਗਉ: ਮ: ੫, ਪੰਨਾ ੨੫੫} ਇਹ ਸੇਵਾ ਜੋ ਤੁਸਾਂ ਕੀਤੀ ਹੈ ਗੁਰੂ ਦੀ ਸੇਵਾ ਹੈ, ਕਿਉਂਕਿ ਉਸਦੇ ਹੁਕਮ ਦੀ ਪਾਲਨਾ ਵਿਚ ਤੁਸਾਂ ਕੀਤੀ ਹੈ। ਹੁਣ ਪੂਰੇ ਵੈਦ ਜੀ ਅਗਲੀ ਬੂਟੀ ਦੇਕੇ ਤੁਹਾਨੂੰ ਹੋਰ ਅੱਗੇ ਕਰਨਗੇ।

ਤੁਸੀਂ ਜਾਣਦੇ ਹੋ ਤ੍ਰੇਹ ਬਿਨਾਂ ਪਾਣੀ ਕੌਣ ਪੀਂਦਾ ਹੈ? **"ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੇਈ ਖਾਹਿ॥"** {ਰਾਮ: ਵਾਰ, ਪੰਨਾ ੯੬੨} ਅੰਮ੍ਰਿਤ ਦੀ ਪਿਆਸ ਵਾਲੇ ਹੀ ਅੰਮ੍ਰਿਤ ਖਾ ਸਕਦੇ ਹਨ। ਪਰ ਸਾਨੂੰ ਜੋ ਵਿਹੁ ਦੀ ਪਿਆਸ ਲੱਗੀ ਹੋਈ ਹੈ ਉਹ ਸਾਨੂੰ ਵਿਹੁ ਦੇ ਚਸ਼ਮਿਆਂ ਤੇ ਲਈ ਫਿਰਦੀ ਹੈ ਅਰ ਜੇ ਅਸੀਂ ਅੰਮ੍ਰਿਤ ਦੀ ਥਾਂ ਵਿਹੁ ਨਾਲ ਪਿਆਸ ਬੁਝਾਉਂਦੇ ਹਾਂ ਤਾਂ ਉਹ ਸਦਾ ਦੁੱਖ

 www.sikhbookclub.com

ਦੇਂਦੀ ਹੈ ਤੇ ਪਿਆਸ ਬੀ ਨਹੀਂ ਬੁਝਦੀ। ਪੂਰੇ ਵੈਦ ਨੇ ਤੁਹਾਡੀ ਵਿਹੁਲੀ ਪਿਆਸ ਤੇ ਵਿਹੁਲੇ ਪਾਣੀ ਦੇ ਪੀਣ ਦੀ ਬਾਣ ਮਿਟਾ ਕੇ ਤੁਹਾਡੇ ਵਿਚ ਅੰਮ੍ਰਿਤ ਦੀ ਪਿਆਸ ਪੈਦਾ ਕੀਤੀ ਹੈ। **'ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾ ਕੈ ਬਲਿ ਬਲਿ ਜਾਸਾ॥'** {ਸੁਖਮਨੀ} ਇਸ ਪਿਆਸ ਨੂੰ ਗੁਰੂ ਜੀ ਨਾਮਾਂਮ੍ਰਿਤ ਬਖਸ਼ਕੇ ਸਦਾ ਮੇਲ ਦੀ ਤ੍ਰਿਪਤੀ ਬਖਸ਼ਣਗੇ।

ਸਿੰਧੀ-ਮੇਰੇ ਉਪਕਾਰੀ ਮਿੱਤਰ ਜੀ! ਹੁਣ ਫੇਰ ਉਪਕਾਰ ਦੀ ਲੋੜ ਤਾਂ ਨਾ ਰਹੇਗੀ?

ਭਾਈ-ਹੁਣ ਲੋੜ ਤਾਂ ਕੀਹ ਰਹਿਣੀ ਹੋਈ, ਹੁਣ ਤਾਂ ਉਪਕਾਰ ਤੁਹਾਡਾ ਸੁਤੇ ਸੁਭਾਵ ਹੋ ਗਿਆ ਹੈ। ਖਿੱਚ ਤੇ ਜ਼ੋਰ ਨਾਲ ਕਰਨ ਦਾ ਵਕਤ ਗਿਆ। ਜਦੋਂ ਤੁਸੀਂ ਨਾਮ ਵਿਚ ਜੀਵਨ ਪਾ ਲਓਗੇ ਤਦੋਂ ਆਪੇ ਹੀ ਤੁਹਾਥੋਂ ਭਲਾ ਪਿਆ ਹੋਵੇਗਾ, ਬੁਰੇ ਵਲ ਤੁਹਾਡੇ ਹੱਥਾਂ ਨੇ ਪਸਰਨਾ ਹੀ ਨਹੀਂ ਹੈ*। ਪਰ ਇਹ ਗੱਲ ਸੱਚ ਹੈ ਕਿ ਇਹ ਉਪਕਾਰ ਹੀ ਸਭੋ ਕੁਛ ਨਹੀਂ, ਇਹ ਸ੍ਰਿਸ਼ਟੀ ਦਾ ਪਿਆਰ ਹੈ ਤੇ ਇਹ ਹਮਦਰਦੀ ਦਾ ਮਾਦਾ ਮਨੁੱਖ ਮਾਤ੍ਰ ਵਿਚ ਹੋਣਾ ਮਨੁੱਖਪੁਣਾ, ਇਨਸਾਨੀਅਤ ਹੈ। ਇਸ ਤੋਂ ਅੱਗੇ ਸ੍ਰਿਸ਼ਟੇ ਦਾ ਪਿਆਰ ਹੈ। ਸ੍ਰਿਸ਼ਟੇ ਦੇ ਪਿਆਰ ਵਿਚ ਨਿਮਗਨ ਹੋਏ ਬਿਨਾਂ ਪੂਰਨ ਆਨੰਦ ਨਹੀਂ ਹੈ। ਪਰ ਇਸ ਨਿਮਗਨਤਾ ਵਿੱਚ ਤੁਸੀਂ 'ਨੇਕੀ ਨਾ ਕਰੋ ਤੇ ਬਦੀ ਕਰੋ' ਇਹ ਹੋਣ ਨਹੀਂ ਲੱਗਾ। ਨੇਕੀ ਕਰਨ ਵਾਲਾ ਨੇਕੀ ਇਕ ਕੰਮ ਦੀ ਤਰ੍ਹਾਂ ਕਰ (ਫਰਜ਼) ਜਾਣਕੇ ਕਰਦਾ ਹੈ ਪਰ ਜਦ ਨਾਮ ਪ੍ਰਾਪਤ ਹੁੰਦਾ ਹੈ ਤੇ ਆਪਾ ਆਪਣੇ ਅਸਲੇ ਨਾਲ ਜਾ ਛੁੰਹਦਾ ਹੈ ਤੇ ਹੱਦੋਂ ਪਾਰ ਚਲਾ ਜਾਂਦਾ ਹੈ ਤਦੋਂ ਫੇਰ ਨੇਕੀ ਇਸਤੋਂ ਆਪੇ ਆ ਮੁਹਾਰੀ ਪਈ ਹੁੰਦੀ ਹੈ। ਵਾਹਿਗੁਰੂ ਨੂੰ ਪ੍ਰਾਪਤ ਪੁਰਖ ਸੁਭਾਵਕ ਹੀ ਨੇਕੀ ਵਾਲਾ ਹੁੰਦਾ ਹੈ, ਜਿਸ ਤਰ੍ਹਾਂ ਗੁਲਾਬ ਤੋਂ ਖੁਸ਼ਬੂ ਦਾ ਦਾਨ ਸੁਤੇ ਸੁਭਾਵ ਆਪੇ ਪਿਆ ਹੁੰਦਾ ਹੈ।

ਨਾਮ ਜੀਵਨ ਹੈ, ਆਤਮ ਜੀਵਨ ਹੈ, ਨਾਮ ਮੁਕਤੀ ਹੈ, ਨਾਮ ਧਿਆਨ ਹੈ, ਨਾਮ ਅਨੁਭਵ ਹੈ ਤੇ ਵਾਹਿਗੁਰੂ ਨਾਲ ਮੇਲ ਹੈ। ਨਾਮ ਅਸਲੇ ਵਿਚ ਲੈ ਜਾਂਦਾ ਹੈ, ਨਾਮ ਫਿਰ ਕਿਸੇ ਹਿਲਾਉ ਦੇ ਚੱਕਰ ਵਿਚ ਨਹੀਂ ਆਉਣ ਦੇਂਦਾ, ਇਸ ਕਰਕੇ ਨਾਮ ਸਭ ਤੋਂ ਉੱਚਾ ਹੈ ਅਰ ਹੋਰ ਸਾਰੇ ਕਰਮ ਉਸ ਤੋਂ ਹੇਠਾਂ ਹਨ। ਯਾ

* ਬ੍ਰਹਮਗਿਆਨੀ ਕੈ ਹੋਇ ਸੁ ਭਲਾ॥ {ਸੁਖਮਨੀ-੮}


www.sikhbookclub.com

ਹੋਰ ਕਰਮ ਇਕ ਤਰ੍ਹਾਂ ਦੀ ਤਿਆਰੀ ਹੁੰਦੇ ਹਨ ਜੋ ਨਾਮ ਲਈ ਥਾਂ ਬਣਾਉਂਦੇ ਹਨ। ਸ਼ੁਭ ਕਰਮ 'ਫਲਾਂ ਦੀ ਵਾਸ਼ਨਾ ਨਾਲ ਕੀਤੇ ਹੋਏ' ਇਕ ਕਰਮ ਹਨ ਜੋ ਮਾੜੇ ਕਰਮਾਂ ਤੇ ਚੰਗੇ ਹਨ। ਨਿਸ਼ਕਾਮ ਕਰਮ ਨਿਰਮਲਤਾ ਲਿਆਉਂਦੇ ਹਨ, ਨਿਰਮਲ ਮਨ ਨਾਮ ਨੂੰ ਚੰਗਾ ਅੰਗੀਕਾਰ ਕਰਦਾ ਹੈ ਤੇ ਨਾਮ ਅੰਦਰ ਵਸਿਆਂ ਨਾਮੀ ਨਾਲ ਨਿਰੰਤਰ ਮੇਲ ਹੋ ਜਾਂਦਾ ਹੈ।

## (੧੨) ਵਾਰਤਾ ਜਾਰੀ-ਸੇਵਾ ਗੁਰੂ ਦੇ ਨਮਿੱਤ ਤੇ ਗੁਰੂ ਦੀ ਹੁੱਬ ਵਿਚ ਕਰਨੀ ਚਾਹੀਏ।

**ਦੂਜੇ** ਦਿਨ ਭਾਈ ਸਾਈਂਦਾਸ ਜੀ ਰਾਤ ਸਮੇਂ ਉਥੇ ਹੀ ਬੈਠੇ ਸੇ ਕਿ ਓਹੋ ਸਿੰਧੀ ਪ੍ਰੇਮੀ ਜੀ ਫੇਰ ਆ ਗਏ। ਫੇਰ ਉਸੇ ਤਰ੍ਹਾਂ ਸਤਿਸੰਗ ਦੇ ਬਚਨ ਬਿਲਾਸ ਸ਼ੁਰੂ ਹੋ ਗਏ।

ਸਿੰਧੀ-ਭਾਈ ਸਾਹਿਬ ਜੀ! ਸੇਵਾ ਜਿਸਦਾ ਆਪ ਨੇ ਕੱਲ ਬਹੁਤ ਹੀ ਪਿਆਰਾ ਕਥਨ ਕੀਤਾ ਸੀ, ਕੀ ਦਾਨ ਅਰ ਉਪਕਾਰ ਬੀ ਉਸੇ ਦੇ ਵਿਚ ਹੀ ਆਉਂਦੇ ਹਨ?

ਭਾਈ-ਠੀਕ ਹੈ! ਦਾਨ ਪਰਉਪਕਾਰ ਆਦਿਕ ਬੀ ਗੁਰੂ ਘਰ ਵਿਚ ਵਰਤੀਂਦੇ ਹਨ, ਪਰ ਸੇਵਾ ਦੇ ਦੋ ਅਖਰ ਹੀ ਵਧੇਰੇ ਵਰਤੇ ਜਾਂਦੇ ਹਨ। ਕਿਉਂਕਿ ਸੇਵਾ ਵਿਚ ਦਾਨ ਤੇ ਹਰ ਤਰ੍ਹਾਂ ਦੇ ਉਪਕਾਰ ਆ ਜਾਂਦੇ ਹਨ ਅਰ ਸੇਵਾ ਦਾ ਭਾਵ ਅਜੇ ਹੋਰ ਰਹਿੰਦਾ ਹੈ। ਦੂਸਰੇ ਦੇ ਭਲੇ ਲਈ ਕੀਤੇ ਹੋਏ ਸਾਰੇ ਕੰਮ ਸੇਵਾ ਵਿੱਚ ਆ ਜਾਂਦੇ ਹਨ। ਇਸ ਤਰ੍ਹਾਂ ਦੇ ਅਰਥਾਂ ਦੇ ਵਾਧੇ ਨਾਲ ਇਕ ਹੋਰ ਵਾਧਾ ਇਹ ਹੈ ਕਿ ਦਾਤਾ ਹੋਣ ਤੇ ਉਪਕਾਰੀ ਹੋਣ ਵਿਚ ਇਕ ਤਰ੍ਹਾਂ ਦਾ ਆਪਣੇ ਆਪ ਨੂੰ ਉੱਚਾ ਸਮਝਣ ਦਾ ਭਾਵ ਅੰਦਰ ਘਟਿਆ ਰਹਿੰਦਾ ਹੈ ਜਿਸ ਨਾਲ ਕਿ ਹਉਮੈ ਦਾ ਇਕ ਬੇਮਲੂਮਾ ਰੰਗ ਮਨ ਤੇ ਚੜ੍ਹਿਆ ਰਹਿੰਦਾ ਹੈ। ਇਸ ਦੇ ਉਲਟ ਸੇਵਾ ਵਿੱਚ ਨਿੰਮ੍ਰਤਾ ਤੇ ਭਗਤੀ ਭਾਵ ਮਨ ਵਿਚ ਵੱਸਦਾ ਹੈ, ਜਿਸ ਨਾਲ ਹਉਮੈਂ ਦੂਰ ਰਹਿੰਦੀ ਹੈ। ਤੁਸੀਂ ਵੇਖ ਲਵੋ ਕਿ ਕਦੇ ਕੋਈ ਇਹ ਨਹੀਂ ਕਹਿੰਦਾ ਜੋ ਮੈਂ ਦਾਨੀ ਹਾਂ ਜਾਂ ਪਰੋਪਕਾਰੀ ਹਾਂ, ਪਰ ਆਪ ਨੂੰ ਸੇਵਕ ਕਹਿੰਦਿਆਂ ਕਿਸੇ ਦਾ ਮਨ ਅਟਕਦਾ ਝਿਜਕਦਾ ਨਹੀਂ।

 www.sikhbookclub.com

ਫਿਰ ਇਸ ਪਦ ਦੇ ਵਰਤਾਉ ਵਿਚ ਗੁਰੂ ਘਰ ਵਿਚ ਇਕ ਹੋਰ ਲਾਭਵੰਦੀ ਮਟਕ ਹੈ, ਉਹ ਇਸ ਗੁਰਵਾਕ ਵਿਚ ਦਰਸਾਈ ਗਈ ਹੈ:

"ਸੇਵਕ ਕਉ ਸੇਵਾ ਬਨਿ ਆਈ॥
ਹੁਕਮੁ ਬੂਝਿ ਪਰਮ ਪਦੁ ਪਾਈ॥" (ਸੁਖਮਨੀ)

ਅਰਥਾਤ ਸੇਵਕ ਨੇ ਸੇਵਾ ਕਰਨੀ ਹੈ ਪਰ ਇਹ ਸਮਝਕੇ ਕਰਨੀ ਹੈ ਕਿ ਇਹ ਸੇਵਾ ਵਾਹਿਗੁਰੂ ਦਾ ਯਾ ਗੁਰੂ ਦਾ ਹੁਕਮ ਹੈ। ਜਿਸ ਨੂੰ ਹੁਕਮ ਹੋਇਆ ਹੈ ਜਦ ਉਹ ਸੇਵਾ ਕਰਦਾ ਹੈ ਤਾਂ ਹੁਕਮ ਬਜਾ ਲਿਆਉਂਦਾ ਹੈ। ਇਸ ਨਾਲ ਮਨ ਹੁਕਮ ਵਿਚ ਰਹਿੰਦਾ ਹੈ ਤੇ ਸੇਵਾ ਕਰਕੇ ਜੋ ਕਿਸੇ ਵੇਲੇ ਮਾਨ ਯਾ ਹੰਕਾਰ ਉਪਜ ਸਕਦਾ ਹੈ, ਉਹ ਨਹੀਂ ਉਪਜਦਾ, ਕਿਉਂਕਿ ਸੇਵਾ ਕੋਈ ਉਹ ਹਉਂ ਨਾਲ ਨਹੀਂ ਨਾ ਕਰ ਰਿਹਾ, ਉਹ ਤਾਂ ਹੁਕਮ ਕਮਾ ਰਿਹਾ ਹੈ। ਇਸ ਤਰ੍ਹਾਂ ਹੁਕਮ ਨਾਲ ਕੀਤੀ ਸੇਵਾ ਨਿਸ਼ਕਾਮਤਾ ਵਿਚ ਛੇਤੀ ਛੇਤੀ ਲੈ ਜਾਂਦੀ ਹੈ ਤੇ ਹਉਂ ਨੂੰ ਕਟਦੀ ਹੈ, ਹਉਂ ਕਟਿਆਂ ਪਰਮ ਪਦ ਛੇਤੀ ਲੱਭਦਾ ਹੈ। ਸੋ ਮਿੱਤ੍ਰ ਜੀ! ਦਾਨ ਤੇ ਉਪਕਾਰ ਨਾਲੋਂ ਸੇਵਾ ਦਾ ਖਿਆਲ ਵਧੀਕ ਵੱਡਾ ਤੇ ਵਧੀਕ ਸਲਾਮਤੀ ਵਾਲਾ ਹੈ। ਸਿੱਖੀ ਮੰਡਲ ਵਿਚ ਪਹਿਲਾ ਅੰਗ ਸੇਵਾ ਹੈ, ਸੇਵਾ ਦਾ ਪਹਿਲਾ ਅੰਗ 'ਨਿੰਮ੍ਰਤਾ' ਹੈ ਤੇ ਸੇਵਾ ਦਾ ਦੂਸਰਾ ਅੰਗ 'ਭਾਉ' ਹੈ। ਭਾਉ ਦਾ ਅਰਥ ਪ੍ਰੇਮ ਹੈ। ਸੇਵਾ ਦੇ ਸੰਬੰਧ ਵਿੱਚ ਪ੍ਰੇਮ ਤੋਂ ਮੁਰਾਦ ਸੇਵਾ ਨਾਲ ਪ੍ਰੇਮ ਯਾ ਜਿਸਦੀ ਸੇਵਾ ਕਰਨੀ ਹੈ ਉਸ ਨਾਲ ਪ੍ਰੇਮ ਤੋਂ ਨਹੀਂ ਹੈ, ਪਰ 'ਸੇਵਾ ਵਿੱਚ ਪ੍ਰੇਮ' ਤੋਂ ਅਰਥ ਹੈ, ਅਰਥਾਤ ਜਿਸਦੀ ਖ਼ਾਤਰ ਸੇਵਾ ਕਰਨੀ ਹੈ ਤੇ ਜਿਸਦੇ ਹੁਕਮ ਨਾਲ ਸੇਵਾ ਵਿਚ ਲੱਗੇ ਹਾਂ। ਸੋ ਸੇਵਾ ਵਿਚ 'ਗੁਰੂ ਪ੍ਰੇਮ' ਸੇਵਾ ਦਾ ਦੂਸਰਾ ਅੰਗ ਹੈ।

ਸਿੰਘੀ-ਮੈਂ ਇਸ ਦੂਸਰੇ ਅੰਗ ਨੂੰ ਨਹੀਂ ਸਮਝਿਆ, ਕ੍ਰਿਪਾ ਕਰਕੇ ਜ਼ਰਾ ਖੋਲ੍ਹ ਕੇ ਸਮਝਾ ਦਿਓ।

**ਭਾਈ ਜੀ-ਗੁਰੂ ਦੇ ਪ੍ਰੇਮ ਤੋਂ ਇਹ ਮਤਲਬ ਹੈ ਕਿ ਜਦ ਸੇਵਾ ਕਰੋ, ਗੁਰੂ ਦੇ ਪਿਆਰ ਵਿਚ ਖਯਾਲ ਰੱਖਕੇ ਕਰੋ। ਤੁਸੀਂ ਜੋ ਸੇਵਾ ਕਰਦੇ ਹੋ ਮਨਮਤੀਏ ਹੋਕੇ ਨਹੀਂ ਕਰਦੇ, ਪਰ ਇਸ ਲਈ ਕਰਦੇ ਹੋ ਕਿ ਗੁਰੂ ਜੀ ਨੇ ਹੁਕਮ ਦਿੱਤਾ ਹੈ, ਸੋ ਉਹ ਸੇਵਾ ਗੁਰੂ ਨਮਿੱਤ ਸੇਵਾ ਹੈ। ਜਿਸ ਵੇਲੇ ਸੇਵਾ ਕਰਦੇ ਹੋ ਆਤਮਾ ਵਿੱਚ ਗੁਰੂ ਯਾਦ ਹੋਵੇ ਤੇ ਇਹ ਭਾਵਨਾ ਹੋਵੇ ਕਿ ਮੇਰੇ ਪਿਆਰੇ ਦੀ ਪ੍ਰਸੰਨਤਾ ਏਸ ਵਿੱਚ ਹੈ, ਇਹ ਕੰਮ ਮੇਰੇ ਪਿਆਰੇ ਗੁਰੂ ਨੇ ਮੈਨੂੰ ਸੌਂਪਿਆ ਹੈ, ਇਸ ਕੰਮ ਵਿੱਚ ਮੇਰਾ**

ਪਿਆਰਾ ਪ੍ਰਸੰਨ ਹੁੰਦਾ ਹੈ, ਇਸ ਤਰ੍ਹਾਂ ਜੋ ਸੇਵਾ ਤੁਸੀਂ ਕਰੋਗੇ ਉਹ ਕਿਸੇ ਦੁਖੀ ਦੀਨ ਦਰਦਵੰਦ ਦੀ ਸੇਵਾ ਨਹੀਂ ਰਹੇਗੀ, ਸਗੋਂ ਉਹ ਗੁਰੂ ਕੀ ਸੇਵਾ ਹੋ ਜਾਵੇਗੀ।

ਹੋਰ ਇਕ ਵੀਚਾਰ ਕਰੋ, ਹੁੱਬ ਤੋਂ ਬਿਨਾਂ ਕੋਈ ਦਾਨ ਪਰਵਾਨ ਨਹੀਂ ਹੈ ਅਰਥਾਤ ਆਪਣਾ ਪੂਰਾ ਫਲ ਨਹੀਂ ਦੇਂਦਾ। ਹੁਣ ਜੇ ਤੁਸੀਂ ਜਿਸ ਦੀ ਸੇਵਾ ਕਰਦੇ ਹੋ ਉਸਦੀ ਹੁੱਬ ਧਾਰੋਗੇ ਤਾਂ ਉਸ ਵਿਚ ਫਸ ਜਾਓਗੇ ਤੇ ਕਈ ਵੇਰ ਫਵੋਗੇ। ਜੇ ਗੁਰੂ ਦੀ ਹੁੱਬ ਵਿਚ ਕਰੋਗੇ ਤਾਂ ਮਨ ਗੁਰੂ ਵਿਚ ਲੱਗਾ ਰਹੇਗਾ, ਜਿਸਦੀ ਸੇਵਾ ਕਰਦੇ ਹੋ ਉਸ ਨਾਲ ਮਨ ਰਾਗ ਵਿਚ ਨਹੀਂ ਫਸੇਗਾ। ਕਿਉਂਕਿ ਮਨ ਇਸ ਪਜਾਰ ਤੇ ਸੋਚ ਵਿਚ ਰਹੇਗਾ ਕਿ ਇਹ ਜੋ ਮੈਂ ਦਾਨ ਕਰਦਾ ਹਾਂ, ਇਹ ਮੇਰਾ ਦਾਨ ਨਹੀਂ, ਪਰ ਮੇਰੇ ਪਿਆਰੇ ਦਾ ਹੁਕਮ ਹੈ। ਉਸਦੇ ਚਰਨਾਂ ਨਾਲ ਮੈਨੂੰ ਪਿਆਰ ਹੈ, ਉਸਦੇ ਪਿਆਰ ਦੇ ਕਾਰਨ ਉਸਦਾ ਹੁਕਮ ਮੇਰੀ ਖੁਸ਼ੀ ਦਾ ਉਤਪਤ ਕਰਨ ਵਾਲਾ ਹੈ। ਤਾਂ ਤੇ ਮੈਂ ਦਾਨ ਨਹੀਂ ਕਰਦਾ, ਮੈਂ ਤਾਂ ਆਪਣੇ ਪਿਆਰੇ ਗੁਰੂ ਦੀ ਸੇਵਾ ਕਰਦਾ ਹਾਂ।

ਇਸ ਭਾਵਨਾਂ ਵਿੱਚ ਬੜੇ ਲਾਭ ਹਨ ਅਰ ਆਤਮ ਰਸਤੇ ਦੇ ਤੁਰਾਊ-ਜਗਾਜਾਸੂ ਲਈ ਬੜੀਆਂ ਜੋਖੋਂ ਤੋਂ ਬਚਣੇ ਦਾ ਉਪਰਾਲਾ ਹੈ। ਪਹਿਲੇ ਤਾਂ ਇਹ ਗੱਲ ਹੈ ਕਿ ਸਾਡਾ ਪ੍ਰਯੋਜਨ, ਜਦ ਅਸੀਂ ਆਤਮ ਪੰਧ ਤੇ ਪੈਰ ਧਰਦੇ ਹਾਂ ਤਦ, ਅਕਾਲ ਪੁਰਖ ਦੀ ਪ੍ਰਾਪਤੀ ਹੈ ਅਰ ਅਕਾਲ ਪੁਰਖ ਦੀ ਪ੍ਰਾਪਤੀ ਅਕਾਲ ਪੁਰਖ ਦੀ ਰਜ਼ਾ ਵਿਚ ਹੈ ਤੇ ਉਸਦੀ ਰਜ਼ਾ ਦੀ ਸਾਨੂੰ ਸਮਝ ਨਹੀਂ, ਉਸ ਸਮਝ ਲਈ ਗੁਰੂ ਜੀ ਦੀ ਰਸਨਾ ਵਾਹਿਗੁਰੂ ਦੀ ਰਜ਼ਾ ਦਾ ਸਾਡੀ ਸਮਝ ਗੋਚਰਾ ਪ੍ਰਕਾਸ਼ ਕਰਦੀ ਹੈ, ਮਾਨੋ ਵਾਹਿਗੁਰੂ ਰਜ਼ਾ ਦੀ ਪ੍ਰਗਟਤਾਈ ਗੁਰੂ ਹੈ। "ਗੁਰੂ-ਆਗਜਾ" ਸਾਡਾ ਮੁੱਖ ਕਰਮ ਹੋਇਆ ਤੇ ਗੁਰੂ-ਪ੍ਰੀਤ ਸਾਡੀ ਸਭ ਤੋਂ ਉੱਚੀ ਭਾਵਨਾ ਹੋਈ। ਹੁਣ ਮਿਥ ਲਓ ਕਿ ਗੁਰੂ ਕਹਿੰਦਾ ਹੈ ਖੂਹ ਤੋਂ ਜਲ ਲਿਆਓ, ਜੇ ਅਸੀਂ ਜਲ ਤੇ ਖੂਹ ਵਿਚ ਹੀ ਫਸਕੇ ਬਹਿ ਗਏ ਤਦ ਗੁਰੂ ਆਗਜਾ ਪੂਰਨ ਹੋਈ ਕਿ ਭੰਗ?

ਸਿੰਧੀ-ਭੰਗ। ਸਫਲਤਾ ਤਾਂ ਹੈ ਜੇ ਜਲ ਲੈ ਆਈਏ।

ਭਾਈ ਜੀ-ਭਲਾ ਜੇ ਅਸੀਂ ਜਲ ਬੀ ਲੈ ਆਈਏ, ਪਰ ਜਲ ਲਿਆਉਂਦੇ ਹੋਏ ਸਾਨੂੰ ਗੁਰੂ ਹੀ ਗੁਰੂ ਪਿਆ ਦਿੱਸੇ ਤੇ ਅੰਗ ਅੰਗ ਵਿੱਚ ਚਾਉ ਹੋਵੇ ਕਿ ਸਾਡੇ ਪਿਆਰੇ ਦੀ ਇਹ ਆਗਜਾ ਹੈ ਤਦ ਏਹ ਕੇਡੇ ਨਫ਼ੇ ਦੀ ਬਾਤ ਹੋ ਜਾਵੇ।

ਸਿੰਧੀ-ਇਸ ਵਿੱਚ ਅਤਿ ਦਰਜੇ ਦੀ ਪ੍ਰਸੰਨਤਾ ਵਧ ਜਾਵੇ ਅਰ ਹਉਮੈਂ ਘਟਕੇ ਮਨ ਗੁਰੂ ਰਜ਼ਾ ਦੇ ਨੇੜੇ ਹੋ ਜਾਵੇ।

ਭਾਈ ਜੀ-ਠੀਕ ਹੈ। ਸੋ ਜਦ ਸੇਵਾ ਕਰੀਏ ਸੇਵਾ ਤੇ ਸੇਵਜ (ਜਿਸਦੀ ਸੇਵਾ ਕਰਦੇ ਹਾਂ) ਵਿੱਚ ਸੁਰਤ ਨੂੰ ਨਾ ਵਸਾਈਏ, ਸਗੋਂ ਜਿਸਦੀ ਖ਼ਾਤਰ ਯਾ ਜਿਸਦੇ ਹੁਕਮ ਵਿਚ ਸੇਵਾ ਕਰਦੇ ਹਾਂ ਉਸ ਵਿਚ। ਜੇ ਸੇਵਾ ਕਰਦੇ ਹੋਏ ਸੁਰਤ ਗੁਰੂ ਦੇ ਚਰਨਾਂ ਵਿੱਚ ਰੱਖੀਏ ਤਦ ਅਸੀਂ ਹੰਕਾਰ ਤੋਂ ਬਚਾਂਗੇ, ਰਜ਼ਾ ਦੇ ਨੇੜੇ ਹੋਵਾਂਗੇ ਤੇ ਮਨ ਗੁਰੂ ਦੇ ਮਨ ਨਾਲ ਲੱਗੇਗਾ। ਸੇਵਾ ਕਰਨ ਵਾਲੇ ਅਕਸਰ ਗੁਰੂ ਨੂੰ ਭੁੱਲ ਜਾਂਦੇ ਹਨ ਅਰ ਨਿਰੇ ਸੇਵਾ ਦੇ ਪਿਆਰੇ ਹੋ ਜਾਂਦੇ ਹਨ। ਤਦੋਂ ਪਹਿਲੀ ਕਾਈ ਇਹ ਪੈਂਦੀ ਹੈ ਕਿ 'ਸੇਵਾ ਮੈਂ ਕਰਦਾ ਹਾਂ'। ਦੂਜੀ ਕਾਈ ਇਹ ਪੈਂਦੀ ਹੈ ਕਿ ਲੋਕੀਂ 'ਵਾਹ ਵਾਹ' ਆਖਣ ਤੇ ਨਿੰਦਾ ਨਾ ਕਰਨ ਸਗੋਂ ਉਸਤਤਿ ਕਰਨ। ਅਰਥਾਤ ਜਿਥੇ ਸੁਰਤ ਵਿਚ ਗੁਰੂ ਨੇ ਵੱਸਣਾ ਸੀ, ਉਥੇ ਲੋਕੀਂ ਆ ਵੱਸੇ। ਸੇਵਾ ਦਾ ਪ੍ਰਯੋਜਨ ਹਉਮੈ ਤੋੜਨਾ ਸੀ ਸੋ ਸਗੋਂ ਵਧ ਗਈ। ਸੇਵਾ ਦਾ ਪ੍ਰਯੋਜਨ ਉਸਤਤਿ ਨਿੰਦਾ ਸਮ ਕਰਕੇ ਸਹਾਰਨ ਦੀ ਜਾਚ ਸਿੱਖਣੀ ਸੀ ਸੋ (ਉਸਤਤਿ ਦੇ) ਪਿਆਰੇ ਹੋਕੇ ਸੇਵਾ ਧਰਮ ਦਾ ਕੰਮ ਨਾ ਰਿਹਾ ਪਰ ਦੁਨੀਆਦਾਰੀ ਵਾਂਙੂ ਇਕ ਵਿਹਾਰ ਯਾ ਹਉਂ ਨੂੰ ਪਾਲਣੇ ਦਾ ਇਕ ਕੰਮ ਹੋ ਗਿਆ। ਦੁਨੀਆਂਦਾਰੀ ਦੇ ਵਿਹਾਰ ਮਨ ਨੂੰ ਏਕਾਗ੍ਰਤਾ ਤੇ ਸੁਖ ਬਹੁਤ ਘੱਟ ਦੇਂਦੇ ਹਨ। ਸੇਵਾ ਮਨ ਦੇ ਸੁਖ ਲਈ ਕਰੀਦੀ ਹੈ। ਇਸ ਨਾਲ ਮਨ ਨਿਰਮਲ ਹੁੰਦਾ ਹੈ। ਹੁਣ ਜਦ ਸੰਕਲਪ ਵਿਚ ਲੋਕਾਂ ਦੀ ਉਸਤਤਿ ਨਿੰਦਾ ਵੜੀ ਤਦ ਕਲਪਨਾ ਪੈ ਗਈ। ਕਿਉਂਕਿ ਲੋਕੀਂ ਭੀਤੋ ਭੀਤ, ਹਰੇਕ ਦੀ ਵਿਚਾਰ ਅੱਡ ਅੱਡ, ਜਣੇ ਖਣੇ ਦੀ ਖੁਸ਼ੀ ਪਿੱਛੇ ਜਣੇ ਖਣੇ ਦੇ ਸੁਭਾਉ ਨੂੰ ਸੋਚਣਾ ਤੇ ਜਣੇ ਖਣੇ ਦੀ ਪ੍ਰਸੰਨਤਾ ਦੇ ਫਿਕਰ ਕਰਨੇ। ਜਣੇ ਖਣੇ ਦੀ ਪ੍ਰਸੰਨਤਾ ਅੱਡ ਅੱਡ ਅਰ ਕਦੇ ਇਕ ਦੂਜੇ ਦੇ ਠੀਕ ਉਲਟ, ਐਸੀ ਦਸ਼ਾ ਵਿੱਚ ਮਨ ਦਾ ਚਿੰਤਾ ਤੇ ਘੁੰਮਣਾ ਵਿੱਚੋਂ ਬਾਹਰ ਹੀ ਨਾ ਨਿਕਲ ਸਕਣਾ, ਦੁਖ ਹਨ ਕਿ ਨਹੀਂ? ਜੇ ਸੁਰਤ ਵਿੱਚ ਗੁਰੂ ਹੁੰਦਾ ਤਦ ਕੱਖ ਖੇਚਲ ਨਾ ਪੈਂਦੀ, ਨ ਉਸਤਤਿ ਦੀ ਪਰਵਾਹ ਨਾ ਨਿੰਦਾ ਦਾ ਰੋਸ, ਕੇਵਲ ਗੁਰੂ ਦੀ ਪ੍ਰਸੰਨਤਾ ਦਾ ਖਿਆਲ ਤੇ ਧਿਆਨ ਵਿੱਚ ਗੁਰੂ-ਮੂਰਤ ਦਾ ਆਸਰਾ, ਜਿਨ੍ਹਾਂ ਦਾ ਫਲ ਪ੍ਰਸੰਨਤਾ ਹੁੰਦਾ, ਮਨ ਠੰਢਾ ਰਹਿੰਦਾ ਤੇ ਕੁਛ ਜੁੜਿਆ ਰਹਿੰਦਾ।


www.sikhbookclub.com

ਹੁਣ ਦੂਜੇ ਪਾਸੇ ਵਿਚਾਰ ਕਰੀਏ। ਜਦੋਂ ਗੁਰੂ ਜੀ ਦੀ ਹੁੱਬ ਦਿਲ ਵਿਚ ਨਾ ਹੋਵੇ ਤਦੋਂ ਸੇਵਾ ਕਰਦਿਆਂ ਕਈ ਵੇਰ 'ਸੇਵਜ' ਨਾਲ ਪਿਆਰ ਪੈ ਜਾਂਦਾ ਹੈ, ਅਰਥਾਤ ਜਿਸਦੀ ਸੇਵਾ ਕਰਦੇ ਹਾਂ ਉਸ ਨਾਲ ਮੋਹ ਪੈ ਜਾਂਦਾ ਹੈ। ਇਸ ਦੇ ਕਈ ਵੇਰ ਵੱਡੇ ਭਿਆਨਕ ਨਤੀਜੇ ਨਿਕਲਦੇ ਹਨ। ਮੰਨ ਲਵੋ ਕਿ ਤੁਸੀਂ ਇਕ ਵਿਧਵਾ ਦੀਨ ਰੋਗੀ ਇਸਤ੍ਰੀ ਦੀ ਸੇਵਾ ਕਰਦੇ ਹੋ, ਤੁਹਾਡੀ ਸੇਵਾ ਨਾਲ ਉਹ ਰਾਜ਼ੀ ਹੋ ਜਾਂਦੀ ਹੈ। ਤੁਹਾਡੇ ਜੀ ਵਿੱਚ ਇਹ ਹੁੱਬ ਤਾਂ ਹੈ ਹੀ ਨਹੀਂ, ਕਿ ਮੈਂ ਗੁਰੂ ਦੀ ਆਗਜਾ ਵਿੱਚ ਗੁਰੂ ਦੀ ਸੇਵਾ ਕਰ ਰਿਹਾ ਹਾਂ, ਇਹ ਇਸਤ੍ਰੀ ਮੇਰਾ ਪ੍ਰਯੋਜਨ ਨਹੀਂ, ਇਸ ਨੂੰ ਸੁਖ ਦੇਣਾ ਗੁਰੂ-ਹੁਕਮ ਵਿੱਚ ਮੇਰਾ ਧਰਮ ਹੈ। ਤੁਸੀਂ ਤਾਂ ਗੁਰੂ ਨੂੰ ਭੁੱਲ ਚੁੱਕੇ ਹੋ ਤੇ ਕੇਵਲ ਸੇਵਾ ਕਰ ਰਹੇ ਹੋ। ਸੇਵਾ ਕਰਦਿਆਂ ਜਿਉਂ ਜਿਉਂ ਉਸ ਰੋਗੀ ਨੂੰ ਆਰਾਮ ਹੁੰਦਾ ਹੈ, ਉਸਦੇ ਜੀ ਵਿੱਚ ਸ਼ੁਕਰ ਪੈਦਾ ਹੁੰਦਾ ਹੈ, ਉਹ ਸ਼ੁਕਰ ਵਿਚ ਆਕੇ ਤੁਹਾਡਾ ਜੱਸ ਕਰਦੀ ਹੈ ਤੇ ਗੁਣ ਗਾਉਂਦੀ ਹੈ। ਆਪਣੀ ਮਹਿਮਾ ਸੁਣਕੇ ਤੁਹਾਨੂੰ ਰਾਗ* ਪੈਦਾ ਹੁੰਦਾ ਹੈ ਤੇ ਤੁਹਾਨੂੰ ਉਹ ਪਿਆਰੀ ਲਗਦੀ ਹੈ। ਪਿਆਰ ਜਦ ਪੈਦਾ ਹੋਵੇ ਵਧਦਾ ਹੈ, ਵਧਿਆ ਹੋਇਆ (ਜਿਥੇ ਕੋਈ ਰੋਕ ਨਹੀਂ) ਕਦੇ ਕਦੇ ਪਾਪ ਵਿੱਚ ਪਲਟਾ ਖਾ ਜਾਂਦਾ ਹੈ। ਤੁਸੀਂ ਦੱਸੋ ਐਸੀ ਦਸ਼ਾ ਵਿੱਚ ਸੇਵਾ ਕਿੱਥੋਂ ਚੁੱਕ ਕੇ ਸੇਵਕ ਨੂੰ ਕਿੱਥੇ ਲੈ ਗਈ? ਮੇਰੇ ਦੇਖਣ ਵਿੱਚ ਕਈ ਸਰੀਰ ਆਏ ਹਨ ਜਿਨ੍ਹਾਂ ਨੇ ਸੇਵਾ ਨੂੰ ਗੁਰੂ ਦੀ ਹੁੱਬ ਨਾਲ ਨਹੀਂ ਕੀਤਾ ਓਹ ਤੇ ਅੰਤ ਸੇਵਜ ਵਿਚ ਹੀ ਫਸ ਗਏ।

ਦੂਸਰਾ ਆਤਮ ਨੁਕਸਾਨ ਇਹ ਹੁੰਦਾ ਹੈ ਕਿ ਜਦ ਸੇਵਾ ਕਰਦੇ ਹੋ ਕਿਸੇ ਦੁਖੀ, ਲੋੜਵੰਦ ਦੀ ਕਰਦੇ ਹੋ। ਜੋ ਦੁਖੀ ਨਹੀਂ, ਜੋ ਲੋੜਵੰਦ ਨਹੀਂ ਉਸ ਦੀ ਸੇਵਾ ਦੀ ਕੀਹ ਲੋੜ ਹੈ? ਅੱਛਾ, ਦੁਖੀ ਤੇ ਲੋੜਵੰਦ ਕੋਈ ਕਿਉਂ ਹੈ? ਆਪਣੇ ਖੋਟੇ ਕਰਮਾਂ ਦੇ ਫਲ ਕਰਕੇ। ਖੋਟੇ ਕਰਮਾਂ ਦੇ ਦੋ ਫਲ ਹੁੰਦੇ ਹਨ, ਦੁੱਖ ਤੇ ਖੋਟੀ ਵਾਸ਼ਨਾ। ਹੁਣ ਜਦ ਤੁਸੀਂ ਦੁਖੀ ਦੀ ਸੇਵਾ ਕਰਦੇ ਹੋ ਤਦ ਤੁਸੀਂ ਦੁਖ ਦੇ ਨੇੜੇ ਜਾਂਦੇ ਹੋ ਅਰ ਖੋਟੀਆਂ ਵਾਸ਼ਨਾ ਦੇ ਮੰਡਲ ਵਿੱਚ ਅੱਪੜਦੇ ਹੋ। ਉੱਥੇ ਜਾਕੇ (ਜੇ ਗੁਰੂ ਤੁਹਾਡੇ ਅੰਦਰ ਨਹੀਂ) ਤਦ ਤੁਹਾਨੂੰ ਇਕ ਤਰਸ ਆਉਂਦਾ ਹੈ। ਤਰਸ ਆਉਂਦੇ ਹੀ ਤੁਹਾਡੇ ਦਿਲ ਵਿਚ ਨਰਮੀ ਆਉਂਦੀ ਹੈ ਤੇ ਉਹ ਪੰਘਰਦਾ ਹੈ।

* ਮੋਹ।

ਨਰਮ ਹੋਏ ਤੇ ਨਕਸ਼ ਵਹਿ ਜਾਂਦਾ ਹੈ ਉਸਦੇ ਉਸ ਦੁਖੀ ਹਾਲ ਦਾ, ਅਰਥਾਤ ਉਸ ਪੁਰਸ਼ ਦੀ ਖੋਟੀ ਵਾਸ਼ਨਾਂ ਦਾ ਪ੍ਰਭਾਵ ਤੁਹਾਡੇ ਉਸ ਸ਼ੀਸ਼ੇ ਤੇ ਪੈਕੇ ਤੁਹਾਨੂੰ ਭਾਰਾ ਕਰ ਦੇਂਦਾ ਹੈ। ਉਸ ਦੇ ਖੋਟੇ ਕਰਮਾਂ ਦਾ ਦਬਾਉ ਤੁਹਾਨੂੰ ਦਬਾਉਂਦਾ ਹੈ। ਸੇਵਾ ਕਰਨ ਗਏ ਤੁਸੀਂ ਪੰਡ ਚੁਕ ਲਿਆਏ, ਅਗੋਂ ਕਬੀਰ ਜੀ ਕੀਹ ਆਖਦੇ ਹਨ-

"ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ॥
ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ॥੮੯॥"

ਜੇ ਤੁਸੀਂ 'ਦੁਖੀ ਕੋਈ ਕਿਉਂ ਹੈ' ਇਸਦੇ ਪਿਛਲੇ ਕਾਰਣਾਂ ਨੂੰ ਨਾ ਵਿਚਾਰੋ, ਤਦ ਬੀ ਤੁਸੀਂ ਦੁਖੀ ਦੇ ਪਾਸ ਜਾਕੇ ਉਸਦੇ ਦੁਖ ਦਾ ਨਕਸ਼ ਆਪਣੇ ਦਿਲ ਤੇ ਲੈਕੇ ਉਦਾਸ ਹੋ ਜਾਓਗੇ, ਦਿਲ ਭਾਰਾ ਭਾਰਾ ਤੇ ਦੁਖੀ ਦੁਖੀ ਹੋ ਜਾਏਗਾ, ਪਰ ਜੇ ਤੁਸੀਂ ਗੁਰੂ ਪ੍ਰੇਮ ਵਿਚ ਰਹੋਗੇ ਤਾਂ ਤੁਹਾਡੇ ਮਨ ਤੇ ਉਦਾਸੀ, ਦਬਾਉ ਤੇ ਦੁੱਖ ਦਾ ਅਕਸ ਨਾ ਪਏਗਾ ਯਾ ਘੱਟ ਪਏਗਾ।

ਸੱਜਨ ਜੀ! ਏਹ ਬਾਤਾਂ ਬੇਪਰਵਾਹੀ ਵਿਚ ਤਾਂ ਗਥਰੇ ਨਹੀਂ ਆਉਂਦੀਆਂ ਪਰ ਤੁਸਾਂ ਨਾਮ ਦੀ ਇੱਛਾ ਪ੍ਰਗਟ ਕੀਤੀ ਸੀ, ਇਸ ਕਰਕੇ ਮੈਂ ਬੇਨਤੀ ਕਰ ਰਿਹਾਂ ਕਿ 'ਆਤਮ-ਸ੍ਰਿਸ਼ਟੀ' ਦੇ ਰਸਤੇ ਪੈਰ ਰੱਖਣਾ ਹੋਰ ਗੱਲ ਹੈ ਤੇ ਕੇਵਲ ਨੇਕ ਜੀਵਨ ਸੰਸਾਰ ਵਿਚ ਬਿਤੀਤ ਕਰਨਾ ਹੋਰ ਬਾਤ ਹੈ। ਆਤਮ ਸ੍ਰਿਸ਼ਟੀ ਦੇ ਰਾਹੀ ਨੂੰ ਆਤਮ ਸੂਝ ਪੈਣੀ ਚਾਹੀਦੀ ਹੈ। ਸੇਵਾ ਦਾਰੂ ਹੈ, ਪਰ ਆਤਮ ਰਾਹੀ ਜੇ ਦਾਰੂ ਨੂੰ ਠੀਕ ਤਰ੍ਹਾਂ ਨਾ ਖਾਵੇ, ਤਦ ਦਾਰੂ ਹੀ ਵਿਹੁ ਹੋ ਢੁਕਦਾ ਹੈ। ਸੱਜਣ ਜੀ! ਜਦ ਕਿਸੇ ਨਾਲ ਹਿਤ ਕਰੋ, ਤਦ ਇਹ ਆਤਮ ਨਿਯਮ ਹੈ ਕਿ ਦੋਵੇਂ ਦਿਲ ਆਪੋ ਵਿਚ ਰਗੜ ਖਾਂਦੇ ਹਨ ਅਰ ਇਕ ਦੂਜੇ ਦਾ ਪ੍ਰਭਾਵ ਇਕ ਦੂਜੇ ਤੇ ਪੈਂਦਾ ਹੈ, ਸੋ ਜਦ ਤੁਸੀਂ ਸੇਵਜ (ਜਿਸਦੀ ਸੇਵਾ ਕਰਦੇ ਹੋ) ਨੂੰ ਪਿਆਰ ਕਰਦੇ ਹੋ, ਤੁਸੀਂ ਉਸਦੇ ਦੁੱਖ ਦਾ ਦਾਰੂ ਕਰਦੇ ਹੋਏ ਆਪ ਉਸ ਵਾਂਙੂ ਮੈਲੇ ਮਨ ਵਾਲੇ ਹੁੰਦੇ ਜਾਂਦੇ ਹੋ, ਕਿਉਂਕਿ ਦੁਖੀ ਦਾ ਮਨ ਮੈਲਾ ਉਦਾਸੀ ਤੇ ਘਬਰਾ ਵਾਲਾ ਹੋਇਆ ਹੁੰਦਾ ਹੈ। ਏਸ ਕਰਕੇ ਜ਼ਰੂਰੀ ਹੈ ਕਿ ਹਿਰਦੇ ਮੰਡਲ ਵਿਚ ਗੁਰੂ ਨੂੰ ਵਸਾਓ, ਗੁਰੂ ਦੇ ਪਿਆਰ ਵਿਚ ਭਰੇ ਜਾਕੇ ਦੁਖੀਆਂ ਦੇ ਦੁੱਖ ਦੂਰ ਕਰੋ, ਸਦਾ ਇਹ ਸਮਝੋ ਕਿ ਮੈਂ ਅਪਣੇ ਗੁਰੂ ਦੀ ਸੇਵਾ ਕਰ ਰਿਹਾ ਹਾਂ। ਜਦ ਤੁਹਾਡਾ ਖਿਆਲ ਗੁਰੂ ਦੀ ਸੇਵਾ ਵਿਚ

ਜੰਮਿਆ ਹੋਇਆ ਹੋਵੇਗਾ ਤਦ ਤੁਹਾਡੇ ਜੀ ਵਿਚ ਸੇਵਜ ਦੀ ਖਿੱਚ ਨਹੀਂ ਪਵੇਗੀ, ਨਾ ਉਸਦਾ ਮਾੜਾ ਅਸਰ ਪਵੇਗਾ। ਸੇਵਾ ਹੋ ਜਾਏਗੀ, ਦੁਖੀਆ ਸੁਖੀਆ ਹੋ ਜਾਏਗਾ ਤੇ ਤੁਹਾਡੇ ਆਤਮਾ ਦਾ ਗਿਰਾਉ ਨਹੀਂ ਹੋਵੇਗਾ। ਇਹ ਬਾਤ ਮੈਂ ਆਪ ਨੂੰ ਖ਼ਿਆਲ ਨਹੀਂ ਸੁਣਾ ਰਿਹਾ, ਇਹ ਗੁਰੂ ਸੱਚੇ ਪਾਤਸ਼ਾਹ ਦੀ ਆਗਜਾ ਸਾਰੇ ਪਿਆਰੇ ਸਿੱਖਾਂ ਨੂੰ ਮਿਲਦੀ ਹੈ ਕਿ ਸੇਵਾ ਕਰੋ, ਪਰ ਗੁਰੂ ਨਮਿੱਤ, ਗੁਰੂ ਦੀ ਹੁੱਬ ਵਿਚ, ਅਰ ਗੁਰੂ ਦੀ ਸੇਵਾ ਜਾਣਕੇ। ਇਉਂ ਹੀ ਸੇਵਾ ਜਦ ਕਰ ਲਓ ਤਾਂ ਕਰਕੇ ਵੀ ਗੁਰੂ ਅਰਪਣ ਹੀ ਕਰੋ। ਅਨੇਕਾਂ ਵੇਰ ਸਤਿਗੁਰਾਂ ਨੇ ਸਿੱਖਾਂ ਨੂੰ ਕਿਹਾ ਹੈ ਕਿ ਅਮਕੇ ਵੇਲੇ ਤੁਸਾਂ ਸਾਨੂੰ ਬਹੁਤ ਸੁਖ ਦਿੱਤਾ, ਹਾਲਾਂਕਿ ਉਹ ਸੇਵਾ ਕਿਸੇ ਹੋਰ ਦੀ ਸੀ, ਪਰ ਗੁਰੂ ਦੇ ਧਿਆਨ ਵਿਚ ਗੁਰੂ ਨੂੰ ਅੱਗੇ ਰੱਖਕੇ ਕੀਤੀ ਗਈ ਸੀ, ਇਸ ਕਰਕੇ ਉਸ ਸੇਵ੍ਵਾ ਦਾ ਅਸਰ ਸਤਿਗੁਰੂ ਤੱਕ ਪੁੱਜਾ।

ਸਿੰਧੀ-ਸੱਚ ਹੈ! ਮੈਨੂੰ ਹੁਣ ਚੇਤੇ ਆਉਂਦੇ ਹਨ। ਮੈਂ ਕਈ ਵੇਰੀ ਸੇਵਾ ਕਰਦਾ ਛਿੱਥਾ ਤੇ ਦੁਖੀ ਹੋ ਗਿਆ ਸਾਂ, ਹੰਕਾਰ ਆਇਆ ਤੇ ਘਬਰਾਇਆ ਸਾਂ। ਇਕ ਵੇਰ ਇਕ ਮਹਿੱਟਰ ਬੱਚੇ ਦੀ, ਜੋ ਤਪ ਨਾਲ ਦੁਖੀ ਸੀ, ਮੈਂ ਸੇਵਾ ਕੀਤੀ। ਮੈਂ ਆਪ ਅਤਿ ਦੁਖੀ ਹੋ ਗਿਆ, ਪਰ ਮੈਨੂੰ ਇਹ ਭੇਦ ਮਲੂਮ ਨਹੀਂ ਸੀ। ਮੈਂ ਸੇਵਾ ਕਰਦਿਆਂ ਕਈ ਵੇਰੀ ਆਪ ਰੋਗੀ ਭੀ ਹੋ ਗਿਆ ਸੀ। ਕਿਸੇ ਵੇਲੇ ਮੈਂ ਜਿਸ ਦਾ ਭਲਾ ਕੀਤਾ ਉਸ ਤੋਂ ਉਲਟਾ ਫਲ ਮਿਲਣ ਤੇ ਦੁਖੀ ਬੀ ਹੋਇਆ ਤੇ ਲੜ ਬੀ ਪਿਆ ਸਾਂ।

ਭਾਈ-ਜੇਕਰ ਤੁਸੀਂ ਗੁਰੂ ਦੇ ਪਿਆਰ ਵਿਚ ਭਰੇ ਹੋਏ ਸੇਵਾ ਕਰਦੇ, ਤਦ ਤੁਸੀਂ ਦੁਖੀ ਨਾ ਹੁੰਦੇ।

ਹੁਣ ਆਪ ਨੇ ਸਮਝ ਲਿਆ ਹੋਊ ਕਿ ਗੁਰੂ ਦੇ ਪਿਆਰ ਵਿਚ ਸੇਵਾ ਕਰਨੀ ਕੈਸੀ ਅੱਛੀ ਸ਼ੈ ਹੈ। ਇਸ ਨਾਲ ਅਨੇਕਾਂ ਘਾਟੇ ਤੇ ਹਾਨੀਆਂ ਰੁਕ ਜਾਂਦੀਆਂ ਹਨ ਅਰ ਮਨ ਨਿਰਮਲ ਤੇ ਮੋਹ (ਰਾਗ) ਤੋਂ ਸੂੱਛ ਰਹਿਕੇ ਹਉਂ ਅਤੀਤਤਾ ਵਲ ਵਧਦਾ ਜਾਂਦਾ ਹੈ। ਸਰੀਰ ਨਾਲ ਸੇਵਾ ਕਰੋ, ਚਾਹੇ ਧਨ ਨਾਲ ਸੇਵਾ ਕਰੋ ਪਰ ਸੇਵਾ ਵਿਚ ਅਕਲ ਵਰਤੋ, ਅਰਥਾਤ ਮਨ ਵਿਚ ਸੁਰਤ ਗੁਰੂ ਦੀ ਵੱਸੇ, ਉਸਦੇ ਪਿਆਰ ਦਾ ਜੀ ਵਿਚ ਉਤਸ਼ਾਹ ਹੋਵੇ ਤੇ ਜੋ ਕੁਝ ਹੋਵੇ ਉਸੇ ਦਾ ਹੁਕਮ ਜਾਣਕੇ ਅਰ ਉਸਦੀ ਪ੍ਰਸੰਨਤਾ ਦੀ ਖ਼ਾਤਰ ਹੋਵੇ। ਫਿਰ ਜਦ ਸੇਵਾ ਕਰ ਲਓ, ਉਸਨੂੰ ਗੁਰੂ ਅਰਪਣ ਕਰੋ ਤਦ ਤੁਸੀਂ ਦੇਖੋਗੇ ਕਿ ਜੋ ਸ਼ੈ ਤੁਸੀਂ ਕੱਲ ਗੁਤ ਪੁਛਦੇ ਸਾਓ ਉਹ ਕਿਤਨੀ ਛੇਤੀ ਸ੍ਰੀ ਗੁਰੂ ਜੀ ਤੋਂ ਪ੍ਰਾਪਤ ਹੁੰਦੀ ਹੈ।


www.sikhbookclub.com

{ਪ੍ਰਸ਼ਨ ਹੁੰਦਾ ਹੈ ਕਿ ਕੀਹ ਕੋਈ ਮੋਟਾ ਠੱਲਾ, ਛੇਤੀ ਸਮਝੇ ਆਉਣ ਵਾਲਾ, ਦ੍ਰਿਸ਼ਟਾਂਤ ਹੈ ਅਰਥਾਤ ਕੋਈ ਐਸਾ ਨਮੂਨਾ ਬੀ ਹੈ ਕਿ ਸੇਵਾ ਤਾਂ ਕੋਈ ਕਰੇ ਕਿਸੇ ਦੀ ਤੇ ਮਨ ਵਿਚ ਧਜਾਨ ਕਿਸੇ ਹੋਰਸ ਦਾ ਹੋਵੇ?

ਉਤਰ-ਦੇਖੋ ਡਾਕ ਦਾ ਚਿੱਠੀ ਰਸਾਣ ਸੇਵਾ ਤਾਂ ਸਾਡੀ ਕਰਦਾ ਹੈ, ਚਿੱਠੀਆਂ ਸਾਨੂੰ ਪੁਚਾ ਜਾਂਦਾ ਹੈ ਰੋਜ਼ ਵੇਲੇ ਸਿਰ ਤੇ ਕਦੇ ਨਹੀਂ ਘੁਸਾਈ ਮਾਰਦਾ ਪਰ ਓਹ ਆਪ ਨੂੰ ਸਾਡਾ ਨੌਕਰ ਨਹੀਂ ਜਾਣਦਾ। ਉਹਦਾ ਧਿਆਨ ਆਪਣੇ ਅਫਸਰ (ਪੋਸਟ ਮਾਸਟਰ) ਵਲ ਹੁੰਦਾ ਹੈ। ਉਹ ਉਸਦੇ ਹੁਕਮ ਨੂੰ ਬਜਾ ਲਿਆਉਂਦਾ ਹੈ ਜੋ ਉਹ ਸਾਨੂੰ ਖ਼ਤ ਦੇ ਜਾਂਦਾ ਹੈ। ਫਿਰ ਦੇਖੋ ਕਿ ਤਨਖਾਹ ਬੀ ਉਹ ਆਪਣੇ ਮਾਲਕ ਪਾਸੋਂ ਪਾਉਂਦਾ ਹੈ।}

# (੧੩) ਵਾਰਤਾ ਜਾਰੀ-ਸੇਵਾ, ਗੁਰਬਾਣੀ, ਸ਼ੁਕਰ ਤੇ ਬੇਨਤੀ ਆਦਿ।

## ੧. ਸੇਵਾ

**ਅਗਲੇ ਦਿਨ ਫਿਰ ਸਿੰਧੀ ਭਾਈ ਜੀ ਆ ਗਏ ਤੇ ਵਾਰਤਾਲਾਪ ਸ਼ੁਰੂ ਹੋ ਗਈ।**

ਸਿੰਧੀ-ਮੈਂ ਆਪ ਦੀ ਕ੍ਰਿਪਾਲਤਾ ਨਾਲ ਬਹੁਤ ਪ੍ਰਸੰਨ ਹੋ ਰਿਹਾ ਹਾਂ। ਧੰਨ ਤੁਸੀਂ ਹੋ ਅਰ ਧੰਨਜਤਾ ਯੋਗ ਤੁਸੀਂ ਹੋ। ਕ੍ਰਿਪਾ ਕਰਕੇ ਮੇਰੇ ਮਨ ਦਾ ਇਕ ਸਹਿੰਸਾ ਹੋਰ ਦੂਰ ਕਰੋ? ਤੁਸਾਂ ਆਖਿਆ ਹੈ ਕਿ ਜਿਸ ਕਿਸੇ ਦੀ ਸੇਵਾ ਕਰੋ ਯਾ ਦਾਨ ਤੇ ਉਪਕਾਰ ਕਰੋ ਹੁਕਮ ਸਮਝਕੇ* ਤੇ ਉਸ ਵੇਲੇ ਗੁਰੂ ਦੀ ਹੁੱਬ ਵਿਚ ਕਰੋ ਕਿ ਅਸੀਂ ਆਪਣੇ ਪਿਆਰੇ ਦੀ ਖੁਸ਼ੀ ਵਾਸਤੇ ਕਰ ਰਹੇ ਹਾਂ। ਇਸ ਨਾਲ ਤੁਸਾਂ ਦੱਸਿਆ ਹੈ ਕਿ ਮਨ ਵਾਹਿਗੁਰੂ ਯਾ ਗੁਰੂ ਨਾਲ ਲੱਗਾ ਰਹੇਗਾ ਤੇ ਜਗਜਾਸੂ ਜੋ ਉੱਚੇ ਹੋਣ ਦਾ ਜਤਨ ਕਰ ਰਿਹਾ ਹੈ ਉਸ ਦਾ ਮਨ ਸੇਵਾ ਨਾਲ ਸਫ਼ਾ ਹੋਕੇ ਉੱਚਾ ਹੋਵੇਗਾ। ਮਨ ਸਫ਼ਾ ਹੋਣ ਦਾ ਮਤਲਬ ਹੈ ਕਿ ਉਸਨੂੰ ਸੰਸਾਰਕ ਪਦਾਰਥਾਂ ਤੇ ਭੋਗਾਂ ਦੀ ਅਰੁਚੀ ਹੋਵੇਗੀ ਤੇ ਗੁਰੂ ਵੰਨੇ ਪਿਆਰ ਵਧੇਗਾ। ਜੇ ਐਸਾ ਉੱਚਾ ਸੰਬੰਧ ਮਨ ਦਾ ਨਾ ਕਰ ਲਿਆ ਤਾਂ ਜਗਜਾਸੂ, ਜੋ ਮੋਹ ਮਾਇਆ ਤੋਂ ਉਠਣ ਲਈ ਸੇਵਾ ਵਿਚ ਲੱਗਾ ਹੈ, ਉਹ ਜਿਨ੍ਹਾਂ ਦੀ ਸੇਵਾ

* ਸੇਵਕ ਕਉ ਸੇਵਾ ਬਨਿ ਆਈ॥
ਹੁਕਮੁ ਬੂਝਿ ਪਰਮ ਪਦੁ ਪਾਈ॥ {ਸੁਖ: ਮ: ੫-੨੨}


www.sikhbookclub.com

ਕਰਦਾ ਹੈ ਉਨ੍ਹਾਂ ਦੇ ਮੋਹ ਵਿਚ ਫਸ ਜਾਏਗਾ ਤੇ ਸੇਵਾ ਨਿਸ਼ਕਾਮ ਨਾ ਰਹੇਗੀ ਸਗੋਂ ਕਈ ਤਰ੍ਹਾਂ ਦੇ ਗਿਰਾਵਾਂ ਦਾ ਡਰ ਪੈ ਜਾਏਗਾ। ਸੇਵਾ ਨਿਸ਼ਕਾਮ ਤਾਂ ਹੀ ਜਗਜਾਸੂ ਦੀ ਬਣੇਗੀ ਜੇ ਓਹ ਧਜਾਨ ਵਿਚ ਵਾਹਿਗੁਰੂ ਯਾ ਗੁਰੂ ਨੂੰ ਵਸਾਏਗਾ। ਹੁਣ ਮੈਂ ਆਪ ਤੋਂ ਇਹ ਗੱਲ ਪੁੱਛਣੀ ਹੈ ਕਿ ਜਦੋਂ ਅਸੀਂ ਇੱਕ ਬੇਲੋੜ ਅਰੋਗ ਗੁਰੂ ਕੇ ਪਿਆਰੇ ਨੂੰ ਇਸ ਵਾਸਤੇ ਪ੍ਰਸ਼ਾਦ ਛਕਾਉਂਦੇ ਹਾਂ ਕਿ ਇਹ ਅਕਾਲ ਪੁਰਖ ਦਾ ਪਿਆਰਾ ਹੈ, ਇਸ ਦਾ ਜੀਵਨ ਪਵਿੱਤ੍ਰ ਤੇ ਉਪਕਾਰੀ ਹੈ, ਕੀ ਉਸਦੀ ਸੇਵਾ ਭੀ ਏਡੀ ਖ਼ਤਰਨਾਕ ਹੈ?

ਭਾਈ-ਇਹ ਸੇਵਾ ਤਾਂ ਅਸਲ ਸੇਵਾ ਹੈ[1] ਤੇ ਮਹਾਨ ਉੱਚੀ ਸੇਵਾ ਹੈ। ਸੇਵਾ ਖ਼ਤਰਨਾਕ ਤਾਂ ਕਿਤੇ ਬੀ ਨਹੀਂ ਪਰ ਅਯੋਗ ਅਰ ਮੂਰਖ ਵਰਤਾਉ ਹਰ ਗੱਲ ਦਾ ਸਦਾ ਖ਼ਤਰਨਾਕ ਹੈ। ਮੇਰਾ ਪ੍ਰਯੋਜਨ ਤੁਹਾਨੂੰ ਇਹ ਦੱਸਣ ਦਾ ਸੀ ਕਿ ਆਤਮ ਸੇਵਾ ਆਤਮ-ਪੰਥ ਦੇ ਰਾਹੀਆਂ (ਜਗਜਾਸੂਆਂ) ਵਾਸਤੇ ਕੀ ਅਰਥ ਰਖਦੀ ਹੈ ਤੇ ਕਿੱਕੂੰ ਕਰੀਦੀ ਹੈ? ਹੁਣ ਜੋ ਗੱਲ ਤੁਸੀਂ ਪੁੱਛੀ ਹੈ ਉਸ ਵਿਚ ਗੁਰ (ਅਸੂਲ) ਤਾਂ ਓਹੋ ਹੈ, ਪਰ ਵਰਤੋਂ ਰਤਾ ਵੱਖਰੀ ਹੈ। ਅਰਥਾਤ ਜਦ ਅਸੀਂ ਕਿਸੇ ਨਾਮ ਰਸੀਏ ਗੁਰਮੁਖ ਪਿਆਰੇ ਦੀ ਸੇਵਾ ਕਰਦੇ ਹਾਂ-(ਇਹ ਪ੍ਰਪੱਕ ਨਿਸ਼ਚੇ ਹੋਵੇ ਕਿ ਇਹ ਪੁਰਖ ਨਿਸ਼ਕਾਮ ਤੇ ਨਾਮ ਰਸੀਆ ਹੈ[2]) ਤਦ ਬੀ ਅਸੀਂ ਸੇਵਾ ਏਸੇ ਪ੍ਰੇਮ ਵਿਚ ਕਰਦੇ ਹਾਂ ਕਿ ਗੁਰੂ ਜੀ ਦੀ ਦੱਸੀ ਹੋਈ ਸੇਵਾ ਹੈ[3]। ਪਰ ਓਥੇ ਅਸੀਂ ਖੋਟਿਆਂ ਦੀ ਖੋਟੀ ਵਾਸ਼ਨਾ ਦੇ ਅਸਰ ਤੋਂ ਬਚਦੇ ਸਾਂ, ਏਥੇ ਅਸੀਂ ਭਲਿਆਂ ਦੀ ਸ਼ੁੱਧ ਵਾਸ਼ਨਾਂ ਦੇ ਅਸਰ ਤੋਂ ਕ੍ਰਿਤਾਰਥ ਹੋਣ ਦੇ ਚਾਹਵਾਨ ਹੋਵਾਂਗੇ[4]। ਸੇਵਾ ਕਰਦਿਆਂ ਸਾਡੇ ਮਨ ਵਿਚ ਇਹ ਹੁਲਾਸ ਚਾਹੀਦਾ ਹੈ ਕਿ ਇਹ ਸਾਡੇ ਪਿਆਰੇ ਨੂੰ ਪਿਆਰ ਕਰਨ ਵਾਲੇ ਮਹਾਂ ਪੁਰਖ ਹਨ। ਇਨ੍ਹਾਂ ਦੀ ਕ੍ਰਿਪਾਲਤਾ ਸਾਡੇ ਵਿਚ ਪਿਆਰੇ ਦਾ ਪਿਆਰ ਹੋਰ ਵਧਾਏਗੀ। ਜੋ ਪ੍ਰਸ਼ਾਦ ਏਹ

੧. ਮੈ ਬਧੀ ਸਚੁ ਧਰਮਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥ ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥੧੦॥ (ਸਿਰੀ ਰਾ: ਮ: ੫ ਘਰ-੩-੨)

੨. ਗੁਰਮੁਖਿ ਸਖੀ ਸਹੇਲੀ ਮੇਰੀ ਮੋਕਉ ਦੇਵਹੁ ਦਾਨੁ ਹਰਿ ਪ੍ਰਾਨ ਜੀਵਾਇਆ॥ ਹਮ ਹੋਵਹ ਲਾਲੇ ਗੋਲੇ ਗੁਰ ਸਿਖਾ ਕੇ ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ॥ (ਗੂਜਰੀ ਮ: ੪-੫)

੩. ਗੁਰ ਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥ (ਗਉ: ਵਾ: ਮ: ੪-੩੩)

੪. ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥੧੬੪॥ (ਸਲੋਕ ਕਬੀਰ ਜੀ)


www.sikhbookclub.com

ਛਕਦੇ ਹਨ ਅਸੀਂ ਗੁਰੂ ਨਮਿੱਤ ਦੇਂਦੇ ਹਾਂ ਅਰਥਾਤ ਗੁਰੂ ਨੂੰ ਛਕਾਉਂਦੇ ਹਾਂ, ਏਹ ਗੁਰੂ ਦੇ ਪਿਆਰੇ ਜੋ ਛਕਦੇ ਹਨ, ਗੁਰੂ ਵਲੋਂ ਛਕਦੇ ਹਨ। ਏਹ ਗੁਰ ਪ੍ਰੇਮ ਵਿਚ ਰਤੇ ਹਨ ਇਸ ਕਰਕੇ ਪ੍ਰੇਮ ਦੁਆਰਾ ਇਹ ਗੁਰੂ ਨੂੰ ਅਪੜਦੀ ਹੈ। ਤਾਂ ਤੇ ਮੈਂ ਇਹ ਗੁਰੂ ਦੀ ਸੇਵਾ ਕਰ ਰਿਹਾ ਹਾਂ[੧]। ਜਦ ਤੁਸੀਂ ਨਾਮ ਰਸੀਏ ਦੀ ਸੇਵਾ ਗੁਰੂ ਨੂੰ ਅੰਦਰ ਬਹਾਲਕੇ ਗੁਰੂ ਦੇ ਪ੍ਰੇਮ ਵਿੱਚ ਕਰੋਗੇ ਤਦ ਤੁਹਾਡੀ ਸੇਵਾ ਗੁਰੂ ਹੀ ਪਰਵਾਨ ਕਰੇਗਾ ਤੇ ਤੁਹਾਡਾ ਨਾਤਾ "ਹਉਂ ਰਹਤ" ਪਾਸੇ ਵੱਲ ਪੱਕਾ ਹੋਵੇਗਾ[੨]। ਜੇ ਤੁਸਾਂ ਵਿਚ ਉਸ ਨਾਮ ਰਸੀਏ ਨਾਲ ਪਿਆਰ ਫੁਰੇਗਾ ਤਾਂ ਉਸਦੇ ਮਨ ਦੀ ਪਵਿੱਤ੍ਰਤਾ ਦੀ ਛੁਹ ਤੁਸਾਂ ਨੂੰ ਲਗਕੇ ਉਚਿਆਂ ਕਰੇਗੀ। ਉਨ੍ਹਾਂ ਦਾ ਪ੍ਰੇਮ ਆਪਣੇ ਰਬ ਨਾਲ ਹੈ ਪਰ ਜੇ ਓਹ ਤੁਸਾਂ ਪਰ ਮੇਹਰਾਂ ਦੇ ਘਰ ਵਿਚ ਆ ਜਾਣਗੇ ਤਾਂ ਉਨ੍ਹਾਂ ਦੀ ਅਸੀਸ ਅਰਦਾਸ ਨਾਲ ਤੁਹਾਨੂੰ ਬੀ ਵਾਹਿਗੁਰੂ ਪ੍ਰੇਮ ਦਾ ਲਾਹਾ ਹੋਵੇਗਾ। ਪਰ ਦੋਹੀਂ ਪਾਸੀਂ ਇਕ ਗਲ ਜ਼ਰੂਰੀ ਰਹੇਗੀ, ਉਨ੍ਹਾਂ ਨੇ ਆਪਣੇ ਵਾਹਿਗੁਰੂ ਪ੍ਰੇਮ ਤੋਂ ਹੇਠਾਂ ਨਹੀਂ ਉਤਰਨਾ[੩], ਤੁਸਾਂ ਉਨ੍ਹਾਂ ਦੀ ਸੇਵਾ ਵਿਚ ਵਾਹਿਗੁਰੂ ਦੀ ਪ੍ਰਾਪਤੀ ਦੇ ਪ੍ਰਯੋਜਨ ਨੂੰ ਅਖੋਂ ਉਹਲੇ ਨਹੀਂ ਕਰਨਾ[੪]। ਪਰ ਐਸੇ ਮਹਾਂਪੁਰਖ ਵਿਰਲੇ ਹਨ[੫]। ਮਨੁੱਖ ਦਾ ਸੁਭਾਉ ਹੈ ਕਿ ਆਪਣੀ ਜ਼ਿੰਮੇਵਾਰੀ ਦੀ ਪੰਡ ਲਾਹ ਕੇ ਦੂਸਰੇ ਦੇ ਸਿਰ ਸਿੱਟਣ ਨੂੰ ਕਾਹਲਾ ਹੁੰਦਾ ਹੈ, ਇਸ ਕਰਕੇ ਬਿਨਾਂ ਨਿਰਨਾ ਕੀਤੇ ਦੇ ਲੋਕੀ ਅਸੰਤਾਂ ਨੂੰ ਜਾਂ ਮਾਮੂਲੀ ਭਲਿਆਂ ਨੂੰ ਸੰਤ ਸਮਝ ਲੈਂਦੇ ਹਨ, ਜਿਸਦਾ ਫਲ ਅਕਸਰ ਵੇਰ ਨਿਰਾਸਤਾ ਨਿਕਲਦਾ ਹੈ। ਵੇਖੋ ਜੇ ਤੁਸੀਂ ਕਿਸੇ ਨੂੰ ਸੰਤ (ਜਾਂ ਉਸ ਤੋਂ ਬੀ ਵਡੇਰਾ) ਗੁਰਮੁਖ ਸਮਝ ਬੈਠੇ ਤੇ ਉਸਨੂੰ ਪਰਮੇਸ਼ੁਰ ਭੁੱਲਿਆ ਹੋਇਆ ਹੈ ਤੇ ਤੁਹਾਨੂੰ ਬੀ ਪਰਮੇਸ਼ੁਰ ਭੁੱਲਿਆ ਹੋਇਆ ਹੈ, ਤਦ ਤੁਸੀਂ ਦੋਵੇਂ ਇਕ ਸਾਕਾਦਾਰੀ ਜਾਂ ਭਾਈਚਾਰੇ ਦੇ ਮੇਲੀ ਹੋ ਗਏ। ਸਤਿਸੰਗ

---

੧. ਮਾਤਾ ਪ੍ਰੀਤਿ ਕਰੇ ਪੁਤੁ ਖਾਇ॥.....
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥ (ਗਉ: ਮ:੪, ਪੰ: ੧੬੪)

੨. ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ॥ ਜਿਨ ਮਿਲਿਆ ਦੁਖ ਜਾਹਿ ਹਮਾਰੇ॥
(ਗਉ:ਮ:੪, ਪੰਨਾ ੧੬੪)

੩. ਹਰਿ ਰਸੁ ਪਾਵੈ ਬਿਰਲਾ ਕੋਇ॥ ਜਿਨ ਚਾਖਿਆ ਸੇ ਜਨ ਤ੍ਰਿਪਤਾਨੇ॥ ਪੂਰਨ ਪਰਖ ਨਹੀ ਡੋਲਾਨੇ॥
ਸੁਭਰ ਭਰੇ ਪ੍ਰੇਮ ਰਸ ਰੰਗਿ॥ ਉਪਜੈ ਚਾਉ ਸਾਧ ਕੈ ਸੰਗਿ॥ ਪਰੇ ਸਰਨਿ ਆਨ ਸਭ ਤਿਆਗਿ॥
ਅੰਤਰਿ ਪ੍ਰਗਾਸ ਅਨਦਿਨੁ ਲਿਵਲਾਗਿ॥ (ਸੁਖਮਨੀ ੨੦-੨)

੪. ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ॥ (ਮਾਝ ਮ: ੫-੧੭)

੫. ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥ (ਸ: ਵਾ: ਤੇ ਵ: ਮ: ੧-੧੨)


www.sikhbookclub.com

ਕਿੱਥੇ ਰਿਹਾ? ਜੇ ਪਰਮਾਰਥ ਦੇ ਆਕਾਸ਼ ਦਾ ਤਾਰਾ ਜਿਸ ਨੂੰ ਵੇਖਕੇ ਪੰਧ ਕੱਟਣਾ ਸੀ, ਅਰਥਾਤ ਅਕਾਲ ਪੁਰਖ, ਤੁਹਾਡੇ ਦੋਹਾਂ ਦੇ ਹਿਰਦੇ ਨੇਤਰਾਂ ਤੋਂ ਉਹਲੇ ਹੈ ਤਦ ਤੁਸੀਂ ਦੋਵੇਂ ਕਿਸੇ ਹੋਰ ਰਾਹੇ ਪੈ ਜਾਓਗੇ ਕਿ ਨਹੀਂ? ਫੇਰ ਦੱਸੋ ਸਲਾਮਤੀ ਕਿੱਥੇ? ਅਸਲੀ ਸੰਤਾਂ ਤੇ ਗੁਰਮੁਖਾਂ ਨੂੰ ਹੁਕਮ ਹੈ ਕਿ ਜੀਵਾਂ ਨੂੰ ਨਾਮ ਜਪਾਓ ਤੇ ਮੇਰੇ ਪ੍ਰੇਮ ਵਿੱਚ ਲਾਓ[੧]। ਜਗਜਾਸੂਆਂ ਨੂੰ ਹੁਕਮ ਹੈ ਕਿ ਮੇਰਾ ਰਾਹ ਦੱਸਣ ਵਾਲੇ ਗੁਰਮੁਖਾਂ ਦੀ ਸੇਵਾ ਕਰੋ ਜੋ ਉਨ੍ਹਾਂ ਦੀ ਮਿਹਰ ਪਿਆਰ ਤੇ ਅਰਦਾਸ ਨਾਲ ਤੁਹਾਡਾ ਦਿਲ ਮੇਰੇ ਪਿਆਰ ਵਿਚ ਆਵੇ ਤੇ ਤੁਸੀਂ ਮੁਕਤਿ ਪਦਾਰਥ ਪਾਓ[੨]। ਹੁਣ ਜੇ ਉਹ ਸੰਤ ਨਹੀਂ, ਤੁਸੀਂ ਦਰਸ ਦੀ ਪਿਆਸ ਵਾਲੇ ਨਹੀਂ, ਅਰਥਾਤ- ਹੁਕਮ ਵਿਚੋਂ ਜੇ 'ਮੇਰੇ ਪ੍ਰੇਮ ਵਿਚ ਲਾਓ' ਤੇ 'ਮੇਰੇ ਪ੍ਰੇਮ ਦੀ ਪ੍ਰਾਪਤੀ ਖਾਤਰ ਸੇਵਾ ਕਰੋ'-ਦੋਵੇਂ ਖਿਆਲ ਕਢ ਦਿੱਤੇ ਜਾਣ ਤਦ ਕੇਵਲ ਇੱਕ ਵਰਤਣ, ਭਾਈ ਚਾਰਾ, ਦੋਸਤੀ ਯਾ ਸਾਕਾਦਾਰੀ ਰਹਿ ਗਈ ਜੋ ਆਤਮ ਰਸਤੇ ਦੀ ਮੰਜ਼ਲ ਨਹੀਂ ਹੈ ਤੇ ਫੇਰ ਉਹੋ ਗਲ ਹੋ ਜਾਏਗੀ:-

**"ਗੁਰੂ ਪਾਸਹੁ ਫਿਰਿ ਚੇਲਾ ਖਾਇ॥**
**ਤਾਮਿ ਪਰੀਤਿ ਵਸੈ ਘਰਿ ਆਇ॥"** {ਆਸਾ ਮ: ੧-੪}

ਅਰਥਾਤ, ਰੋਟੀਆਂ ਦੀ ਸਾਕਾਦਾਰੀ, ਵਾਹਿਗੁਰੂ ਪ੍ਰੀਤ ਦੀ ਥਾਂ ਲੋਭ ਦੀ ਪ੍ਰੀਤ ਤੇ ਸੰਸਾਰਕ ਭਾਈਚਾਰਾ ਮਾਤ੍ਰ ਰਹਿ ਜਾਊ। ਸਤਿਗੁਰ ਨੇ ਫੁਰਮਾਯਾ ਹੈ ਕਿ ਅਸੀਂ ਤੈਂ ਸਾਹਿਬ ਦੀ ਗਲ ਦੱਸਣ ਵਾਲੇ ਦੀ ਸੇਵਾ ਕਰਦੇ ਹਾਂ, ਇਸ ਲਈ ਕਿ ਸ਼ਹੁ ਪਰਮੇਸ਼ੁਰ ਵਿਡਾਣਾ (ਓਪਰਾ) ਹੋ ਰਿਹਾ ਹੈ। ਸੋ ਸਮਝ ਲਓ ਕਿ ਏਥੇ ਸ਼ਹੁ ਦੇ ਮਿਲਾਪ ਦੀ ਖਾਤਰ ਗੁਰਮੁਖ ਦੀ ਸੇਵਾ ਦੱਸੀ ਹੈ[੩], ਜੋ ਉਸਦੇ ਸਤਿਸੰਗ ਤੇ ਪਜਾਰ ਨਾਲ ਸਾਨੂੰਸ਼ਹੁ ਪ੍ਰਾਪਤੀ ਵਿਚ ਸਹਾਇਤਾ ਮਿਲੇ।

---

੧. ਆਪਿ ਜਪਹੁ ਅਵਰਾ ਨਾਮੁ ਜਪਾਵਹੁ॥ (ਸੁਖਮਨੀ)
ਪੁਨਾ:- ਜਨ ਆਵਨ ਕਾ ਇਹੈ ਸੁਆਉ॥
ਜਨ ਕੈ ਸੰਗਿ ਚਿਤਿ ਆਵੈ ਨਾਉ॥ (ਸੁਖਮਨੀ)

੨. ਅਕਾਲ ਪੁਰਖ ਜੀ ਕਹਿੰਦੇ ਹਨ:-
ਦਾਸ ਅਨਿੰਨ ਮੇਰੋ ਨਿਜ ਰੂਪ॥ ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ॥ (ਸਾਰੰਗ ਨਾਮ: ੨)
(ਇਸ ਵਿਚ ਗੁਰਮੁਖ ਦੇ ਲੱਛਣ ਤੇ ਉਸਦੇ ਸਤਿਸੰਗ ਦਾ ਫਲ ਦੱਸਿਆ ਹੈ),

੩. ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ॥੧॥੩॥ (ਵਡ: ਮ: ੧)

 www.sikhbookclub.com

ਸੋ ਹੁਣ ਪਿਛਲੀ ਸਾਰੀ ਗੱਲ ਮੁੜ ਵਿਚਾਰ ਲਓ ਕਿ ਜੋ ਦਾਨ ਵਾਹਿਗੁਰੂ ਗੁਰੂ ਦੀ ਪ੍ਰੀਤ ਤੋਂ ਬਿਨਾਂ ਉਨ੍ਹਾਂ ਦੇ ਨਮਿੱਤ ਤੋਂ ਖਾਲੀ, ਐਵੇਂ ਅਧਿਕਾਰ ਪਛਾਣੇ ਬਿਨਾਂ[1] ਦਿੱਤਾ ਜਾਂਦਾ ਹੈ ਉਹ ਦਰਗਾਹੇ ਪਰਵਾਨ ਨਹੀਂ, ਉਹ ਪਰਸਪਰ ਦੇ ਸੰਬੰਧ ਪੈਦਾ ਕਰਦਾ ਯਾ ਵਧਾਉਂਦਾ ਹੈ ਤੇ ਬਾਜੇ ਵੇਲੇ ਅਨ ਅਧਿਕਾਰੀਆਂ ਨੂੰ ਦਿੱਤਿਆਂ ਉਹ ਐਉਂ ਹੁੰਦਾ ਹੈ ਕਿ ਮਾਨੋਂ ਭੂਤਨੇ ਉਸਨੂੰ ਖਾਂਦੇ ਹਨ। ਇਸ ਖਿਆਲ ਦਾ ਜੋ ਅੰਤ੍ਰੀਵ ਭਾਵ ਹੈ ਉਹ ਆਪ ਨੂੰ ਨਾਮ ਰਸ ਵਿੱਚ ਰੱਤਿਆਂ ਯਥਾਰਥ ਸਮਝ ਆ ਜਾਵੇਗਾ। ਹੁਣ ਕੇਵਲ ਏਹੋ ਸਮਝ ਲਵੋ ਕਿ ਗੁਰੂ ਪਰਮੇਸ਼ੁਰ ਦੇ ਪ੍ਰੇਮ ਵਿੱਚ ਦਾਨ ਕਰੋ। ਜੋ ਦਿਓ ਇਉਂ ਦਿਓ ਕਿ ਤੁਸੀਂ ਪਿਆਰੇ ਦੇ ਪ੍ਰੇਮ ਵਿੱਚ ਭਰੇ ਆਪਣੇ ਪਿਆਰੇ ਦੇ ਚਰਨਾਂ ਵਿੱਚ ਅਰਪਨ ਕਰ ਰਹੇ ਹੋ। ਇਹ ਨਿਸ਼ਕਾਮ ਕਰਮ ਹੈ ਤੇ ਵਾਹਿਗੁਰੂ ਮੇਲ ਦਾ ਸਹਾਈ ਹੈ। ਤਿਵੇਂ ਗੁਰਮੁਖ ਦੀ ਸੇਵਾ ਸਤਿਕਾਰ ਬਹੁਤ ਅਧਿਕ ਵਾਹਿਗੁਰੂ ਪਿਆਰ ਦੀ ਸਹਾਇਕ ਹੈ।[2]

ਪ੍ਰੇਮ ਮੂਲ ਹੈ, ਪ੍ਰੇਮ ਫਲ ਹੈ, ਪ੍ਰੇਮ ਆਦਿ ਮੱਧ ਅੰਤ ਹੈ। ਹੁੱਬ ਤੋਂ ਖਾਲੀ, ਪ੍ਰੇਮ ਤੋਂ ਸੁੰਞੇ ਦਾਨ, ਉਪਕਾਰ, ਸੇਵਾ, ਪਜਾਰ ਤੁਹਾਡੇ ਲਈ ਹੀਰੇ ਦੀ ਥਾਂ ਜਉਂ ਵਿਹਾਜਣੇ ਹਨ। ਪਰ ਪ੍ਰੇਮ ਸਭ ਤੋਂ ਉੱਚਾ ਆਪਣੇ ਪਿਆਰੇ ਸਿਰਜਨਹਾਰ ਵਾਹਿਗੁਰੂ ਤੇ ਦਸਾਂ ਸਤਿਗੁਰਾਂ ਦਾ ਹੈ। ਸੋ ਜੋ ਕੁਛ ਕਰੋ, ਇਨ੍ਹਾਂ ਦੇ ਪ੍ਰੇਮ ਵਿਚ ਉਤਸਾਹਿਤ ਹੋਕੇ ਕਰੋ। ਇਹ ਨਾ ਕਰੋ ਕਿ:-

**'ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥'**

{ਵਾਰ ਸੂਹੀ ਮ: ੨-੭}

ਇਸ ਸਾਰੇ ਖਿਆਲ ਨੂੰ ਮੈਂ ਇਕ ਹੋਰ ਸੌਖੇ ਤਰੀਕੇ ਨਾਲ ਬੇਨਤੀ ਕਰਦਾ ਹਾਂ। ਵਾਹਿਗੁਰੂ ਪਿਤਾ ਹੈ, ਸ੍ਰਿਸ਼ਟੀ ਉਸਦੀ ਔਲਾਦ ਹੈ, ਇਸ ਕਰਕੇ ਸਭ ਪ੍ਰਾਣੀ ਸਾਡੇ ਭਿਰਾਉ ਹਨ। ਹੁਣ ਸੋਚੋ ਕਿ ਮਨੁੱਖ ਮਾਤ੍ਰ ਨੂੰ ਅਸੀਂ ਕਦ ਭਿਰਾਉ ਜਾਣਿਆਂ? ਜਦ ਅਸਾਂ ਪਹਿਲੇ ਪ੍ਰਮੇਸ਼ਰ ਪਿਤਾ ਨੂੰ ਜਾਣਿਆਂ ਤੇ ਸਮਝਿਆ ਕਿ

---

੧. ਖੇਤੁ ਪਛਾਣੈ ਬੀਜੈ ਦਾਨੁ॥ (ਸਲੋਕ ਵਾ: ਤੇ ਵ.ਮ:੧-੧੭)

੨. ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ॥
ਜਿਨ ਤੂੰ ਜਾਤਾ ਜੋ ਤੁਧੁ ਮਨਿ ਭਾਨੇ॥
ਤਿਨ ਕੈ ਸੰਗਿ ਸਦਾ ਸੁਖੁ ਪਾਇਆ ਹਰਿ ਰਸ ਨਾਨਕ ਤ੍ਰਿਪਤਿ ਅਘਾਨਾ ਜੀਉ॥੪॥੧੩॥
(ਮਾਝ ਮ: ੫)


www.sikhbookclub.com

ਏਹ ਉਸ ਪਿਤਾ ਦੇ ਸਿਰਜੇ ਹੋਏ ਹਨ, ਜਿਸਦੀ ਅੰਸ਼ ਅਸੀਂ ਆਪ ਹਾਂ। ਜੇਕਰ ਪਿਤਾ ਨੂੰ ਹੀ ਪਿਤਾ ਨਾ ਸਮਝੀਏ, ਤਦ ਸ੍ਰਿਸ਼ਟੀ ਵਿੱਚ ਭ੍ਰਾਤਾਪਨ ਸਮਝਣਾ ਕਾਹਦਾ? ਜਦ ਪਿਉ ਨਹੀਂ ਜਾਤਾ ਤਦ ਪਿਉ ਦੀ ਔਲਾਦ ਨੂੰ ਭਰਾ ਹੀ ਕਿਸ ਤਰ੍ਹਾਂ ਜਾਣਿਆ ਜਾ ਸਕੇ? ਜੇ ਤੁਸੀਂ ਪਿਤਾ ਨੂੰ ਪਿਆਰ ਕਰੋ, ਉਸਨੂੰ ਹਿਰਦੇ ਵਿਚ ਵਸਾਓ ਤੇ ਉਸਦੇ ਪਿਆਰ ਦੀ ਖਾਤਰ ਮਨੁੱਖ ਮਾਤ੍ਰ ਨੂੰ ਵੀਰ ਜਾਣਕੇ ਸੇਵਾ ਕਰੋ ਤਦ ਭਰਾਵਾਂ ਦੀ ਸਾਰੀ ਸੇਵਾ ਪਿਤਾ ਨੂੰ ਪਰਵਾਨ ਹੋਊ ਕਿ ਨਾ? ਤੇ ਜੇ ਪਿਤਾ ਵਿਮੁਖ ਹੋਕੇ, ਪਿਤਾ ਨੂੰ ਭੁਲਾਕੇ ਤੁਸੀਂ ਪ੍ਰਾਣੀ ਮਾਤ੍ਰ ਦੀ ਸੇਵਾ ਕਰੋ ਤਦ ਇਕ ਤਾਂ ਉਹ ਪਿਤਾ ਨੂੰ ਪ੍ਰਸੰਨ ਨਾਂ ਕਰੇਗੀ, ਦੂਸਰੇ ਤੁਹਾਡੇ ਨੇਤ੍ਰ ਉਸ ਤੋਂ ਮੁੰਦੇ ਰਹਿਣ ਕਰਕੇ ਉਸ ਦਾ ਦਰਸ਼ਨ (ਆਪੇ ਹੀ ਨਾ ਹੋਣਾ ਹੋਇਆ, ਸੋ) ਨਾ ਹੋਊ, ਤੀਸਰੇ ਜਿੰਨਾਂ ਜ਼ੋਰ ਚਾਹੇ ਕੋਈ ਲਾਵੇ ਉਸ ਤੋਂ ਉਹ ਸੇਵਾ ਨਹੀਂ ਹੋ ਸਕੇਗੀ ਜੋ ਪਿਤਾ ਨੂੰ ਜਾਣਿਆਂ ਭਰਾਵਾਂ ਦੀ ਹੋ ਸਕਦੀ ਹੈ। ਪ੍ਰਤੱਖ ਵੇਖ ਲਵੋ ਜਿਸ ਤਰ੍ਹਾਂ ਸੇਵਾ ਇਕ ਆਗਜਾਕਾਰੀ ਸਪੁੱਤ੍ਰ ਆਪਣੇ ਭਰਾ ਦੀ ਕਰ ਸਕਦਾ ਹੈ ਉਸ ਤਰ੍ਹਾਂ ਦੀ ਸੇਵਾ ਇਕ ਓਪਰੇ ਦੀ ਨਹੀਂ ਕਰ ਸਕਦਾ। ਉਸਦੀ ਸੇਵਾ ਵਿਚ ਫ਼ਰਕ ਪਾਉਣ ਵਾਲਾ "ਓਪਰਾਪਨ" ਹੈ ਜੋ ਵਿੱਚ ਸਾਫ਼ ਵਿੱਥ ਪਾ ਰਿਹਾ ਹੈ। ਉਸ ਵਿੱਥ ਨੂੰ 'ਅਪਣੱਤ' ਕੱਢ ਸਕਦੀ ਹੈ ਜੋ ਸੱਕੇ ਭਿਰਾਉ ਵਿੱਚ ਤਾਂ ਪਿਤਾ ਦੇ ਕਾਰਣ ਪੈ ਰਹੀ ਹੈ, ਪਰ ਓਪਰੇ ਵਿੱਚ ਨਹੀਂ ਪੈ ਰਹੀ। ਤਿਵੇਂ ਹੀ ਇਹ ਪਰਮੇਸ਼ੁਰ ਦੇ ਚਰਨਾਂ ਵਿੱਚ ਸੁਰਤ ਰੱਖਣ ਵਾਲਾ ਉਸਦਾ ਪ੍ਰੇਮੀ ਹੀ ਕੇਵਲ ਸਹੋਦਰਤਾ ਦੀ ਸੇਵਾ ਕਰ ਸਕਦਾ ਹੈ ਅਰ ਸਹੋਦਰਤਾ ਦੀ ਸੇਵਾ ਉਸੇ ਦੀ ਪਰਵਾਨ ਹੈ ਜੋ ਵਾਹਿਗੁਰੂ ਪਿਤਾ ਦੇ ਪ੍ਰੇਮ ਵਿੱਚ ਸੇਵਾ ਕਰਦਾ ਹੈ।

ਸਿੰਧੀ- ਤੁਸਾਂ ਕਿਹਾ ਸੀ ਕਿ ਜਿਸਦੀ ਸੇਵਾ ਕਰੋ ਉਸ ਤੋਂ ਓਪਰੇ ਰਹੋ, ਹੁਣ ਦੱਸਿਆ ਨੇ ਕਿ ਅਪਣੱਤ ਪਾਓ, ਦੁਇ ਗਲਾਂ ਇਕ ਦਮ ਵਿਚ ਕਿਵੇਂ ਠੀਕ ਹੋਣਗੀਆਂ?

ਸਾਈਂਦਾਸ- ਮੈਂ ਠੀਕ ਕਿਹਾ ਹੈ। ਜਦ ਤੁਸੀਂ ਕਿਸੇ ਦੀ ਸੇਵਾ ਇਹ ਸਮਝ ਕੇ ਕਰਦੇ ਹੋ ਕਿ ਸੇਵਾ ਵਾਹਿਗੁਰੂ ਗੁਰੂ ਦਾ ਹੁਕਮ ਹੈ ਤਾਂ ਤੁਹਾਡਾ ਮਨ ਉਸਦੇ ਮਨ ਨਾਲ, ਕਿ ਜਿਸਦੀ ਤੁਸੀਂ ਸੇਵਾ ਕਰਦੇ ਹੋ, ਜੱਫੀ ਨਹੀਂ ਪਾਏਗਾ, ਪਰ ਵਾਹਿਗੁਰੂ ਜੀ ਨਾਲ ਲੱਗਾ ਰਹੇਗਾ। ਜੇ ਤੁਸੀਂ ਕਿਸੇ ਨੂੰ ਭਰਾ ਸਮਝਕੇ ਉਸਦੀ


www.sikhbookclub.com

ਸੇਵਾ ਕਰਦੇ ਹੋ ਤੇ ਭਿਰਾ ਇਸ ਕਰਕੇ ਸਮਝਦੇ ਹੋ ਕਿ ਅਕਾਲ ਪੁਰਖ ਪਿਤਾ ਹੈ ਤੇ ਸ੍ਰਿਸ਼ਟੀ ਉਸਦੇ ਬੱਚੇ ਹਨ ਤੇ ਸੇਵਾ ਇਹ ਸਮਝਕੇ ਕਰਦੇ ਹੋ ਕਿ ਮੈਂ ਆਪਣੇ ਪਿਤਾ ਦੀ ਪ੍ਰਸੰਨਤਾ ਲਈ ਉਸਦੇ ਬੱਚਿਆਂ ਨੂੰ ਸੁਖ ਦੇ ਰਿਹਾ ਹਾਂ ਤਾਂ ਬੀ ਤੁਹਾਡਾ ਮਨ ਵਾਹਿਗੁਰੂ ਨਾਲ ਲੱਗਾ ਰਹੇਗਾ। ਇਸ ਸੇਵਾ ਵਿਚ ਬੀ ਮੁੱਖ ਤੁਹਾਨੂੰ ਵਾਹਿਗੁਰੂ ਰਿਹਾ ਤੇ ਭਿਰਾ ਤੁਹਾਨੂੰ ਵਾਹਿਗੁਰੂ ਜੀ ਨਾਲੋਂ ਗੌਨ ਜੇਹੇ ਰਹੇ। ਸੋ ਦੇਖ ਲਓ ਜਿਸ ਨੂੰ ਤੁਸਾਂ ਦੋ ਉਲਟ ਭਾਵ ਸਮਝਿਆ ਸੀ ਉਨ੍ਹਾਂ ਦਾ ਫਲ ਇੱਕੋ ਹੈ ਕਿ ਤੁਹਾਡਾ ਮਨ ਵਾਹਿਗੁਰੂ ਜੀ ਨਾਲ ਲਗਾ ਰਿਹਾ। ਵਾਹਿਗੁਰੂ ਜੀ ਨਾਲ ਲੱਗਾ ਮਨ ਵਾਹਿਗੁਰੂ ਜੀ ਦਾ ਰੰਗ ਪਕੜਦਾ ਜਾਏਗਾ। ਅੰਤ ਜਦ ਤੁਸੀਂ ਵਾਹਿਗੁਰੂ ਜੀ ਨਾਲ ਜਾ ਮਿਲੋਗੇ ਤਾਂ ਤੁਹਾਨੂੰ ਸਾਰੇ ਵਾਹਿਗੁਰੂ ਦਾ ਪ੍ਰਭਾਵ ਪਏਗਾ, ਫੇਰ ਤੁਸੀਂ ਦਇਆ ਧਰਮ ਤੇ ਮਿਹਰ ਦਾ ਬੱਦਲ ਹੋਕੇ ਵੱਸੋਗੇ। ਓਦੋਂ ਜੋ ਕੁਛ ਹੋਵੋਗੇ ਸੋ ਓਦੋਂ ਜਾਣਨਾ, ਇਸ ਵੇਲੇ ਜਗਜਾਸਾ ਅਵਸਥਾ ਦੀ ਸੇਵਾ ਦੇ ਪ੍ਰਕਾਰ ਮੈਂ ਦੱਸ ਰਿਹਾ ਹਾਂ। ਜਗਜਾਸੂ ਦੀ ਸੇਵਾ ਵਿਚ ਮੁੱਖ ਯਤਨ ਇਹ ਹੁੰਦਾ ਹੈ ਕਿ ਕਿਵੇਂ ਇਹ 'ਨਿਸ਼ਕਾਮ' ਹੋਵੇ। ਪਰੰਤੂ ਪੂਰਨ ਪੁਰਖ ਦੀਆਂ ਕਾਮਨਾ ਪੂਰਨ ਸੰਪੂਰਨ ਤੇ ਸਮਾਪਤ ਹੋ ਚੁਕੀਆਂ ਹੁੰਦੀਆਂ ਹਨ[੧], ਉਸ ਤੋਂ ਮਿਹਰ ਦਾ ਮੀਂਹ ਸੁਤੇ ਸੁਭਾਵ ਵੱਸਦਾ ਹੈ[੨]।'

ਸੋ ਹੁਣ ਸੰਖੇਪ ਕਰਕੇ ਮੈਂ ਦੁਹਰਾ ਦੇਂਦਾ ਹਾਂ। ਮੁੱਖ ਸੇਵਾ ਅਕਾਲ ਪੁਰਖ ਦੀ ਹੈ[੩] ਅਤੇ ਉਸਦੇ ਮਿਲਾਉਨ ਵਾਲੇ **"ਘੋਲਿ ਘੁਮਾਈ ਤਿਸੁ ਮਿਤ੍ ਵਿਚੋਲੇ ਜੈ ਮਿਲਿ ਕੰਤੁ ਪਛਾਣਾ"**{ਰਾਮ: ਵਾਰ-੧੫} ਦਸਾਂ ਗੁਰੂ ਸਾਹਿਬਾਂ ਦੀ

---

੧. ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ। (ਸੂਹੀ ਮ: ੩, ਘਰ-੧੦-੮)

੨. ਬ੍ਰਹਮਗਿਆਨੀ ਪਰਉਪਕਾਰ ਉਮਾਹਾ॥...

੨. ਬ੍ਰਹਮ ਗਿਆਨੀ ਕੈ ਹੋਇ ਸੁ ਭਲਾ। (ਸੁਖਮਨੀ)

੩. ਨਿਧਿ ਨਿਧਾਨ ਨਾਨਕ ਹਰਿ ਸੇਵਾ
ਅਵਰ ਸਿਆਨਪ ਸਗਲ ਅਕਾਥ॥ (ਬਿਲਾ: ਮ: ੫, ਪੰਨਾ ੮੨੮)

ਪੁਨਾ:- ਗੋਬਿਦ ਕੀ ਐਸੀ ਕਾਰ ਕਮਾਇ॥
ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ ਗੁਰਮੁਖਿ ਨਾਮਿ ਰਹਹੁ ਲਿਵਲਾਇ॥
(ਸਾਰਗ ਮਹਲਾ ੪ ਘਰ ੧-੪)

ਪੁਨਾ:- ਸੋ ਸੇਵਕ ਹਰਿ ਆਖੀਐ ਜੋ ਹਰਿ ਰਾਖੈ ਉਰਿਧਾਰਿ॥
ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥ (ਸਿਰੀ: ਮ: ੩-੬)

 www.sikhbookclub.com

ਸੇਵਾ ਹੈ[੧]। ਉਹ ਮਿੱਤ੍ਰ ਵਿਚੋਲਾ ਗੁਰਮੁਖ ਸਤਿਸੰਗ ਸੇਵਾ ਦੱਸਦਾ ਹੈ[੨]। ਅਸੀਂ ਅਕਾਲ ਪੁਰਖ ਤੇ ਗੁਰੂ ਦੇ ਹੁਕਮਾਂ ਵਿੱਚ ਇਕ ਚਾਉ ਨਾਲ ਸਾਧ ਸੰਗਤ ਦੀ ਸੇਵਾ ਕਰਦੇ ਹਾਂ। ਗੁਰੂ ਕਹਿੰਦਾ ਹੈ **"ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ"** {ਕਾਨ: ਵਾਰ-੪} ਅਸੀਂ ਇਹ ਸੇਵਾ ਕਰਦੇ ਹੋਏ ਪਿਆਰੇ ਦੀ ਸੇਵਾ ਕਰਦੇ ਹਾਂ ਅਰ ਕੇਵਲ ਪਿਆਰੇ ਵੰਨੇ ਵੇਖਦੇ ਹਾਂ। ਜੋ ਦਾਨ ਅਸੀਂ ਦੇਂਦੇ ਹਾਂ ਸਾਈਂ ਦੇ ਅੱਗੇ ਨਿਮਾਣੀ ਭੇਟਾ ਧਰਦੇ ਹਾਂ, ਜੋ ਕਰਦੇ ਹਾਂ ਉਸਦੇ ਚਰਨਾਂ ਵਿੱਚ ਅਰਪਦੇ ਹਾਂ। ਹਾਂ ਹੱਥ ਸੇਵਾ ਕਰਦੇ ਹਨ, ਦਿਲ ਗੁਰੂ ਪਰਮੇਸ਼ੁਰ ਦੇ ਪ੍ਰੇਮ ਵਿੱਚ ਮਗਨ ਰਹਿੰਦਾ ਹੈ। ਗੁਰਬਾਣੀ ਵਿੱਚ ਜੋ ਥਾਂ ਥਾਂ ਸੇਵਾ ਪਦ ਆਉਂਦਾ ਹੈ, ਸੋ 'ਹਰਿ ਸੇਵਾ[੩]' 'ਗੁਰਸੇਵਾ[੧]' ਤੇ 'ਗੁਰਮੁਖ ਸੇਵਾ'[੨] ਹੈ। ਆਮ ਲੋਕਾਂ ਨਾਲ ਨੇਕੀ, ਦੁਖੀ ਦੀਨਾ ਲੋੜਵੰਦਾਂ ਦੀ ਸੇਵਾ ਉਪਕਾਰ ਦੀ ਆਗਜਾ ਬੀ ਆਉਂਦੀ ਹੈ, ਤੇ ਨਾਲ ਆਗਜਾ ਹੁੰਦੀ ਹੈ ਕਿ ਇਹ ਨਿਸ਼ਕਾਮ ਹੋਕੇ ਕਰੋ[੪]। ਨਿਸ਼ਕਾਮ ਕਰਨ ਦਾ ਤ੍ਰੀਕਾ ਇਹ ਹੈ ਕਿ ਵਾਹਿਗੁਰੂ ਦਾ ਹੁਕਮ ਸਮਝਕੇ ਉਸ ਨੂੰ ਸਮਰਪਨ ਕਰੋ ਸਭ ਕੁਛ, ਆਪ ਹੰਕਾਰ ਧਾਰਕੇ ਨਾ ਕਰੋ ਸਗੋਂ ਪੁੰਨ ਕਰੋ ਤੇ ਨੀਵੇਂ ਸਦਵਾਓ।[੫]

ਸਿੰਧੀ- ਧੰਨ ਗੁਰੂ ਜੀ! ਧੰਨ ਸਿੱਖੀ ਹੈ! ਮੈਂ ਜੋ ਸੇਵਾ ਕੀਤੀ ਹੈ, ਉਹ ਇਸ ਤਰ੍ਹਾਂ ਦੀ ਪੱਕੀ ਸਮਝ ਨਾਲ ਨਹੀਂ ਕੀਤੀ ਪਰ ਏਨੀ ਗੱਲ ਕੁਦਰਤੀ ਰਹੀ ਹੈ ਕਿ ਮੈਨੂੰ ਇਹ ਚੇਤਾ ਰਹਿੰਦਾ ਸੀ ਕਿ ਇਹ ਕੰਮ ਗੁਰੂ ਜੀ ਨੇ ਦੱਸਿਆ ਹੋਇਆ ਹੈ ਅਰ ਜਦ ਮੈਨੂੰ ਸੁਆਦ ਆਉਂਦਾ ਸੀ ਤਦ ਮੈਂ ਕਹਿੰਦਾ ਸਾਂ ਧੰਨ ਗੁਰੂ ਜੀ ਹਨ ਜਿਨ੍ਹਾਂ ਮੈਂ ਗ਼ਾਫ਼ਲ ਨੂੰ ਬੀ ਕਿਸੇ ਖ਼ੁਸ਼ੀ ਦੇ ਰਸਤੇ ਪਾਇਆ ਹੈ! ਤਦੋਂ ਮੈਨੂੰ ਗੁਰੂ ਜੀ ਬੜੇ ਪਿਆਰੇ ਲਗਦੇ ਸੀ।

---

੧. ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ॥ (ਸਿਰੀ ਮ: ੩-ਘਰ-੧-੧)

੨. ਗੁਰਸਿਖੀ ਦਾ ਸਿਖਣਾ ਗੁਰਮੁਖ ਸਾਧ ਸੰਗਤ ਦੀ ਸੇਵਾ॥ (ਵਾ: ਭਾ: ਗੁ:)

੩. ਦੇਖੋ ਇਸ ਤੋਂ ਪਹਿਲੇ ਸਫੇ ਤੇ ਨਿਸ਼ਾਨ-੩

੪. ਅਪਨਾ ਬਿਗਾਰਿ ਬਿਰਾਂਨਾ ਸਾਂਢੈ॥ (ਗੋਂਡ ਰਵਿ: -੨)

ਪੁਨਾ:- ਹਰਿ ਗੁਨ ਗਾਵਤ ਪਰਉਪਕਾਰ ਨਿਤ
ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ॥ (ਬਿਲਾ: ਮ: ੫ ਪੰਨਾ ੮੨੪)

ਤਥਾ:- ਮਿਥਿਆ ਤਨ ਨਹੀ ਪਰ ਉਪਕਾਰਾ॥ (ਸੁਖ: ਮ: ੫)

੫. ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥ (ਵਾਰ ਆਸਾ ਮ: ੧)


www.sikhbookclub.com

ਮੈਂ ਕੇਡਾ ਮੂਰਖ ਹਾਂ ਕਿ ਅਜੇ ਸੇਵਾ ਦੀ ਇਕ ਭਾਰੀ ਮੰਜ਼ਲ ਬਾਕੀ ਸੀ ਤੇ ਮੈਂ ਕਿਤੇ ਅੱਗੇ ਲਈ ਉੱਛਲ ਰਿਹਾ ਸਾਂ। ਆਪ ਨੇ ਬਹੁਤ ਭਲਾ ਕੀਤਾ ਜੋ ਮੇਰੇ ਕਹੇ ਕਾਹਲ ਨਹੀਂ ਕੀਤੀ ਅਰ ਮੇਰੇ ਅਧਿਕਾਰ ਮੂਜਬ ਮੈਨੂੰ ਅਗਲਾ ਡੰਡਾ ਦੱਸਿਆ, ਜਿਸਨੂੰ ਆਪਦੀ ਕ੍ਰਿਪਾ ਨਾਲ ਮੈਂ ਸਮਝ ਤੇ ਫੜ ਲੀਤਾ ਹੈ ਅਰ ਆਪ ਦੀ ਸਹਾਇਤਾ ਨਾਲ ਇਹ ਕਾਰਜ ਹੋ ਬੀ ਜਾਊ। ਕਿਉਂਕਿ ਗੁਰੂ ਜੀ ਤੇ ਗੁਰੂ ਜੀ ਦੇ ਪਰਮੇਸ਼ੁਰ ਜੀ ਮੈਨੂੰ ਹੁਣ ਪਿਆਰੇ ਲਗਦੇ ਹਨ ਅਰ ਹੋਰਨਾਂ ਦੀ ਸੇਵਾ ਨਾਲੋਂ ਉਨ੍ਹਾਂ ਦੀ ਸੇਵਾ ਵਧੀਕ ਪਿਆਰੀ ਲਗਦੀ ਹੈ। ਜੇ ਦਇਆ ਹੋ ਗਈ ਤਦ ਸਾਰੀ ਸੇਵਾ ਹੁਣ ਪਿਆਰੇ ਖੜ੍ਹਗਧਾਰੀ ਜੀ ਦੀ ਹੁੱਬ ਵਿੱਚ ਹੀ ਹੋਇਆ ਕਰੇਗੀ, ਪਰ ਤੁਸੀਂ ਅਸੀਸ ਦਿਓ ਜੋ ਮੈਨੂੰ ਏਹ ਦਾਤ ਨਸੀਬ ਹੋਵੇ।

ਭਾਈ ਜੀ- ਪਿਆਰੇ ਸੱਜਨ! ਮੈਂ ਨੀਚਾਂ ਤੋਂ ਅਤਿ ਨੀਚ ਹਾਂ, ਗੁਰੂ ਧੰਨ ਹੈ! ਗੁਰੂ ਸਮਰੱਥ ਹੈ! ਮੈਨੂੰ ਬਖਸ਼ਣਾ। ਮੈਂ ਕੁਛ ਨਹੀਂ ਕਿਹਾ- ਗੁਰੂ ਦੀ ਕ੍ਰਿਪਾ ਤੇ ਤੁਹਾਡੇ ਪ੍ਰੇਮ ਵਿੱਚ ਕੋਈ ਇਸ ਭਾਂਡੇ ਵਿਚ ਬੋਲ ਗਿਆ ਹੋਊ। ਭਾਂਡੇ ਦਾ ਕੁਛ ਨਹੀਂ। ਹਾਂ ਭਰੋਸਾ ਤੇ ਗੁਰਪ੍ਰੇਮ ਦਾ ਉਤਸਾਹ ਜੋ ਤੁਸਾਂ ਵਿਚ ਹੈ ਉਹ ਮੈਨੂੰ ਗਦ ਗਦ ਕਰ ਰਿਹਾ ਹੈ। ਸ਼ੁਕਰ ਹੈ ਅਕਾਲ ਪੁਰਖ ਦਾ!

ਸਿੰਧੀ- ਧੰਨ ਹੋ ਆਪ।...ਭਲਾ ਸੇਵਾ ਤੋਂ ਅਗੇ ਜੇ ਕੁਛ ਹੋਰ ਪੂਰਨੇ ਪਾ ਦਿਓ ਤਾਂ ਬੜੀ ਕਿਰਪਾ ਹੋਵੇ।

## ੨. ਬਾਣੀ*

ਭਾਈ ਜੀ- ਤੁਹਾਡੇ ਧੰਨ ਭਾਗ ਹਨ ਜੋ ਤੁਸਾਂ ਧਰਮਸਾਲ ਬਣਵਾਈ ਕਿ ਜਿੱਥੇ ਗੁਰਬਾਣੀ ਦਾ ਕੀਰਤਨ ਹੁੰਦਾ ਹੈ ਪਰ ਕਿਰਪਾ ਕਰਕੇ ਇਹ ਬੀ ਦੱਸੋ ਕਿ ਤੁਹਾਨੂੰ ਬਾਣੀ ਦਾ 'ਅਭਿਆਸ' 'ਪ੍ਰੇਮ' ਤੇ 'ਵਿਚਾਰ' ਬੀ ਹੈ? ਜਿਸ ਪਿਆਰੇ ਦੇ ਵਾਸ ਲਈ ਮੰਦਰ ਬਣਾਇਆ, ਉਸ ਪਿਆਰੇ ਦੇ ਦਰਸ਼ਨ ਮੇਲੇ ਤੁਸਾਂ ਆਪ ਨਹੀਂ ਕੀਤੇ ਜਾਪਦੇ। ਕੀ ਇਹ ਗਲ ਠੀਕ ਹੈ?

ਸਿੰਧੀ- ਠੀਕ ਹੈ, ਮੈਨੂੰ ਬਾਣੀ ਦਾ ਅਭਿਆਸ, ਪਿਆਰ ਤੇ ਵੀਚਾਰ ਪ੍ਰਾਪਤ ਨਹੀਂ, ਪਰ ਮੈਨੂੰ ਬਾਣੀ ਮਾੜੀ ਬੀ ਨਹੀਂ ਲਗਦੀ। ਮੈਂ ਕੀਰਤਨ ਸੁਣਦਾ ਬੀ ਹਾਂ ਤੇ ਬਾਣੀ ਚੰਗੀ ਬੀ ਲਗਦੀ ਹੈ ਪਰ ਸੇਵਾ ਵਿੱਚ ਵਧੇਰੇ ਸੁਆਦ ਆਉਂਦਾ ਸੀ,

* ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥ (ਸੋਰਠਿ ਮ: ੫, ਪੰਨਾ ੬੨੮)


www.sikhbookclub.com

ਇਸ ਕਰਕੇ ਉਸ ਸੁਆਦ ਵਿੱਚੋਂ ਹੋਰ ਪਾਸੇ ਜੀ ਨਹੀਂ ਸੀ ਜਾਂਦਾ। ਹੋਰ ਕੋਈ ਕਾਰਨ ਬਾਣੀ ਨਾ ਪੜ੍ਹਨ ਦਾ ਨਹੀਂ ਹੈ।

ਭਾਈ- ਠੀਕ ਹੈ। ਇਹ ਇਸ ਅਵਸਥਾ ਵਿਚ ਕਈ ਵੇਰ ਹੁੰਦਾ ਹੈ। ਪਰ ਮਿੱਤ੍ਰ ਜੀ! ਤੁਹਾਨੂੰ ਜੋ ਸੇਵਾ ਦਾ ਉੱਚਾ ਮਰਤਬਾ ਮਲੂਮ ਹੋਇਆ ਹੈ ਇਸ ਦੇ ਨਾਲ ਬਾਣੀ ਦੇ ਪਿਆਰ ਅਰ ਵੀਚਾਰ ਦੀ ਬਹੁਤ ਲੋੜ ਹੈ। ਉਹ ਤਾਂ ਪਹਿਲਾ ਡੰਡਾ ਸੀ। ਕਿਉਂਕਿ ਜੋ ਉੱਚ ਭਾਵ ਦਾਸ ਨੇ ਸੰਖੇਪ ਮਾਤ੍ਰ ਸੁਣਾਏ ਹਨ ਸੋ ਗੁਰੂ ਕੀ ਬਾਣੀ ਹੀ ਦੱਸਦੀ ਹੈ। ਬਾਣੀ ਹੀ ਦੱਸਦੀ ਹੈ ਕਿ ਅਪਣੇ ਅਮਲ ਨੇਕ ਕਰੋ। ਬਾਣੀ ਹੀ ਦੱਸਦੀ ਹੈ ਕਿ ਸੇਵਾ ਕਰੋ ਨਿਸ਼ਕਾਮ ਹੋਕੇ, ਇਨ੍ਹਾਂ ਅਮਲਾਂ ਨਾਲ ਮਨ ਸ਼ੁੱਧ ਹੁੰਦਾ ਹੈ। ਫੇਰ ਬਾਣੀ ਦੇ ਹੀ ਪਾਠ ਨਾਲ ਮਨ ਟਿਕਦਾ ਹੈ ਅਤੇ ਬਾਣੀ ਨਾਲ ਹੀ ਹੋਰ ਵਧੇਰੇ ਸਫ਼ਾਈ ਤੇ ਆਉਂਦਾ ਹੈ। ਫੇਰ ਬਾਣੀ ਹੀ ਦਸਦੀ ਹੈ ਕਿ ਛਿਨ ਛਿਨ ਕਰਕੇ ਕਾਲ ਵਿਹਾ ਰਿਹਾ ਹੈ[੧]। ਛਿਨ ਛਿਨ ਕਰਕੇ ਉਮਰ ਘਟ ਰਹੀ ਹੈ[੨]। ਛਿਨ ਛਿਨ ਵਿਚ ਅਸੀਂ ਭੁੱਲਾਂ ਕਰ ਰਹੇ ਹਾਂ[੩]। ਖਿਨ ਖਿਨ ਵਿਚ ਸਾਡੇ ਅੰਦਰਲੇ ਪੰਜ ਸਾਡੇ ਤੇ ਵਾਹਿਗੁਰੂ ਵਿਚ ਵਿੱਥ ਵਧਾ ਰਹੇ ਹਨ[੪]। ਇਸ ਕਰਕੇ ਛਿਨ ਛਿਨ ਵਿਚ ਜਾਰੀ ਰਹਿਣ ਵਾਲਾ ਕੋਈ ਉਪਰਾਲਾ ਚਾਹੀਦਾ ਹੈ[੫]। ਹਾਂ, ਖਿਨ ਖਿਨ ਦੀ ਭੁੱਲ ਵਾਸਤੇ ਕੋਈ ਖਿਨ ਖਿਨ ਦੇ ਚੇਤੇ ਦਾ ਉਪਰਾਲਾ ਚਾਹੀਦਾ ਹੈ ਜੋ ਖਿਨ ਖਿਨ ਕਰਕੇ ਜਾਣ ਵਾਲਾ ਕਾਲ ਸੰਭਾਲਿਆ ਜਾਵੇ[੬]। ਉਹ ਉਪਰਾਲਾ ਬਾਣੀ ਵਿਚ ਦੱਸਿਆ ਹੈ। ਬਾਣੀ ਇਕਾਗਰ ਚਿੱਤ ਹੋਕੇ ਪੜ੍ਹੋ, ਮਨ ਇਕੱਠਾ ਹੋਕੇ ਕੁਸੰਗ ਦੇ ਅਸਰ ਅੱਗੇ ਢਹਿਣੋਂ ਬਲਵਾਨ ਹੋ ਜਾਏਗਾ[੭]। ਬਾਣੀ ਨਾਲ ਪਿਆਰ ਕਰੋ ਰਿਦੇ ਵਿੱਚ ਗੁਰੂ ਪਰਮੇਸ਼ੁਰ ਪਰ ਸ਼ਰਧਾ

---

੧. ਛਿਨੁ ਛਿਨੁ ਕਰਿ ਗਇਓ ਕਾਲੁ॥ (ਜੈਜਾ: ਮ:੯-੧)

੨. ਛਿਨੁ ਛਿਨੁ ਅਉਧ ਬਿਹਾਤੁ ਹੈ॥ (ਤਿਲੰ: ਮ:੯-੧)

੩. ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥ (ਗਉ: ਬਾ: ਅ: ਮ: ੫-੫੨)

੪. ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥ (ਜੈਤ: ਰਵਿ: -੧)

੫. ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ॥੪॥੮॥੪੧॥ (ਸਿਰੀ: ਮ:੩)

੬. ਖਿਨੁ ਪਲੁ ਨਾਮੁ ਰਿਦੈ ਵਸੈ ਭਾਈ ਨਾਨਕ ਮਿਲਣੁ ਸੁਭਾਇ॥ (ਸੋਰ: ਮ: ੧ ਅਸ਼ਟ-੪)

੭. ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ॥ (ਸੂਹੀ ਮ: ੪ ਅਸ਼ਟ-੧੧)

ਤੇ ਪ੍ਰਾਪਤੀ ਦਾ ਉਤਸਾਹ ਪੈਦਾ ਹੋਵੇਗਾ। ਬਾਣੀ ਦਾ ਵੀਚਾਰ ਕਰੋ ਤਦ ਭੁਲੇਖੇ ਤੇ ਡਰ ਦੂਰ ਹੋਣਗੇ। ਅਰਥਾਤ ਸਾਡੇ ਅੰਦਰ ਦੋ ਘਰ ਦੇ ਵੈਰੀ ਹਨ, ਇਕ ਭੈ ਤੇ ਦੂਜਾ ਭਰਮ[੧]। ਪਜਾਰ ਲਾਕੇ ਪੜ੍ਹੀ ਬਾਣੀ ਦਾ ਅਭਿਆਸ ਭੈ ਨੂੰ ਕੱਟਦਾ ਹੈ ਤੇ ਬਾਣੀ ਦਾ ਵੀਚਾਰ ਭਰਮ ਨੂੰ ਕੱਟਦਾ ਹੈ। ਭੈ ਤੇ ਭਰਮ ਨੂੰ ਫਲ ਲਗਦੇ ਹਨ ਦੁੱਖ ਤੇ ਰੋਗ, ਉਹ ਬੀ ਭੈ ਤੇ ਭਰਮ ਦੇ ਬਿਨਸਿਆਂ ਆਪੇ ਬਿਨਸਦੇ ਹਨ[੨]।

ਇਸੇ ਤਰ੍ਹਾਂ ਮਨੁੱਖ ਦੇ ਤ੍ਰੈ ਮਿੱਤ੍ਰ ਅੰਦਰੇ ਹਨ, ਇਕ ਨਿਰਮਲ ਬੁੱਧਿ, ਇਕ ਉਤਸਾਹ ਤੇ ਇਕ ਸੰਜਮ। ਬਾਣੀ ਤ੍ਰੈਹਾਂ ਨੂੰ ਨਿਰੋਲ ਤੇ ਬਲਵਾਨ ਕਰ ਦੇਂਦੀ ਹੈ। ਸੱਚੀ ਨਿਰਮਲ ਬੁੱਧੀ ਸੱਚ ਨੂੰ ਅਨੁਭਵ ਕਰ ਸ਼ਕਦੀ ਹੈ। ਸੱਚਾ ਉਤਸਾਹ ਝੂਠ ਦੇ ਤਿਆਗ ਤੇ ਸੱਚ ਦੇ ਗ੍ਰਹਿਣ ਲਈ ਹਿੰਮਤ ਦੇਂਦਾ ਤੇ ਸਾਧਨ ਕਰਾਉਂਦਾ ਹੈ। ਸੱਚਾ ਸੰਜਮ ਮਨ ਦੀਆਂ ਅੱਡ ਅੱਡ ਤਾਕਤਾਂ ਨੂੰ ਥਹੁ ਟਿਕਾਣੇ ਰਖਦਾ ਹੈ ਤੇ ਹੱਦੋਂ ਨਹੀਂ ਟੱਪਣ ਦੇਂਦਾ, ਜਿਸ ਕਰਕੇ ਮਨ ਵਿਚੋਂ ਹਨੇਰਾ ਉੱਠਕੇ ਬੁੱਧੀ ਨਿਰਮਲ ਹੁੰਦੀ ਹੈ ਤੇ ਸੱਚੀ ਭਲਿਆਈ ਦੀ ਜਾਚ ਆ ਜਾਂਦੀ ਹੈ। ਇਨ੍ਹਾਂ ਤਿੰਨਾਂ ਮਿੱਤ੍ਰਾਂ ਦੀ ਸੂਝ ਬਾਣੀ ਬਖਸ਼ਦੀ ਹੈ।

ਬਾਣੀ ਪਹਿਲੇ ਨਿਰਮਲ ਭਉ[੩] ਪਾਉਂਦੀ ਹੈ। ਇਸ ਭਉ ਨਾਲ ਸੰਜਮ ਕਾਇਮ ਹੁੰਦਾ ਹੈ। ਜਦ ਸੰਜਮ ਕਾਇਮ ਹੋ ਜਾਂਦਾ ਹੈ ਤਦ ਵੈਰਾਗ ਵਾਲਾ ਚਾਉ ਅੰਦਰੋਂ ਉਗਮ ਕੇ ਦ੍ਰਿੜ੍ਹ ਹੋ ਜਾਂਦਾ ਹੈ। ਇਸੇ ਨੂੰ ਸੱਚਾ ਉਤਸਾਹ ਕਹਿੰਦੇ ਹਨ, ਏਹੋ ਸਾਰੀ ਬਦੀ ਤੋਂ ਰੋਕਦਾ ਹੈ ਅਰ ਨੇਕੀ ਤੇ ਨੇਕੀ ਦੇ ਸੋਮੇਂ ਵਾਹਿਗੁਰੂ ਵੱਲ ਲੈ ਜਾਂਦਾ ਹੈ। ਇਸੇ ਦੀ ਪਕਿਆਈ ਹੋ ਗਿਆਂ ਫੇਰ ਬਾਣੀ ਬੁੱਧਿ ਨੂੰ ਨਿਰਮਲ ਕਰ ਦੇਂਦੀ ਹੈ। ਜਦ ਬੁੱਧਿ ਨਿਰਮਲ ਹੋ ਜਾਂਦੀ ਹੈ ਤਦ ਵਾਹਿਗੁਰੂ ਨਾਮ ਦੀ ਧੁਨਿ ਉਪਜਦੀ ਹੈ। ਇਹ ਧੁਨਿ ਸਹਜ ਪਦ ਵਿੱਚ ਲੈ ਜਾਂਦੀ ਹੈ, ਜਿੱਥੇ

---

੧. ਭੁਲੇਖੇ ਤੇ ਸੰਸੇ ਆਦਿਕ।

੨. ਦੂਖ ਰੋਗ ਬਿਨਸੇ ਭੈ ਭਰਮ॥ (ਸੁਖਮਨੀ)

੩. ਇਕ ਮੈਲਾ ਭੈ ਹੁੰਦਾ ਹੈ, ਜੋ ਦੁਖਦਾਇਕ ਤੇ ਵੈਰੀ ਹੈ। ਇਕ ਨਿਰਮਲ ਭਉ ਹੈ, ਜੋ ਵਾਹਿਗੁਰੂ ਦੀ ਵਡਿੱਤ ਦੇ ਵੀਚਾਰ ਤੋਂ ਪੈਂਦਾ ਹੈ। 'ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ॥
(ਸੂਹੀ ਮ: ੪-੨)

 www.sikhbookclub.com

ਪਿਆਰੇ ਵਾਹਿਗੁਰੂ ਨਾਲ ਅਟੁੱਟ ਮੇਲ ਹੋ ਜਾਂਦਾ ਹੈ। ਇਹ ਸਾਰਾ ਉਪਦੇਸ਼ ਸ੍ਰੀ ਗੁਰੂ ਜੀ ਨੇ ਸੂਹੀ ਮਹਲੇ ੪ (ਲਾਵਾਂ) ਵਿੱਚ ਦਿੱਤਾ ਹੈ*।

ਇਸ ਕਰਕੇ ਪਿਆਰੇ ਵੀਰ ਜੀ! ਜੋ ਸੇਵਾ ਆਪ ਨੇ ਹੁੱਬ ਨਾਲ ਚੁੱਕਣੀ ਹੈ, ਉਹ ਕੀਹ ਦੱਸਦੀ ਹੈ? ਇਹ ਕਿ ਤੁਹਾਡੇ ਅੰਦਰ ਪਿਆਰ ਆਵੇ। ਗੁਰੂ ਪਰਮੇਸ਼ੁਰ ਦੇ ਪਿਆਰ ਨਾਲ ਜੋ ਸੇਵਾ ਤੁਸਾਂ ਕੀਤੀ ਹੈ, ਉਸਨੇ ਵੇਖੋ ਮਨ ਸ਼ੁੱਧ ਕੀਤਾ ਹੈ। ਸ਼ੁੱਧ ਮਨ ਹੁਣ ਵਧੀਕ ਸ਼ੁੱਧ ਗੱਲਾਂ ਲੋਚਦਾ ਹੈ। ਉਨ੍ਹਾਂ ਲਈ ਵਧੀਕ ਸ਼ੁੱਧਤਾ ਦੀ ਲੋੜ ਹੈ। ਇਹ ਸ਼ੁੱਧਤਾ ਬਾਣੀ ਦੇ ਪਾਠ ਵਿਚਾਰ ਤੋਂ ਬਿਨਾਂ ਆਉਣੀ ਕਠਨ ਹੈ। ਇਸ ਲਈ ਚਾਹੀਦਾ ਹੈ ਕਿ ਆਪ ਬਾਣੀ ਦੇ ਪਾਠੀ, ਰਸੀਏ ਤੇ ਸਮਝ ਵਾਲੇ ਹੋ ਜਾਓ ਤਾਂ ਜੋ ਮਨ ਦੀ ਸ਼ੁੱਧਤਾ ਐਸੀ ਹੋ ਜਾਏ ਕਿ ਹਨੇਰਾ ਨਾ ਰਹੇ। ਹਨੇਰਾ ਹਟਦੇ ਹੀ ਸੰਜਮ ਦੀ ਪੌਣ ਸਾਰੀਆਂ ਤਾਕਤਾਂ ਨੂੰ ਥਹੁ ਸਿਰ ਕਰ ਦੇਊ। ਉਤਸ਼ਾਹ ਤਕੜਾ ਹੋਕੇ ਅੱਗੇ ਨੂੰ ਲੈ ਤੁਰੂ ਅਰ ਨਿਰਮਲ ਬੁੱਧਿ ਝੋਲੀ ਅੱਡਕੇ ਸਤਿਗੁਰਾਂ ਤੋਂ ਨਾਮ ਪ੍ਰਾਪਤ ਕਰੂ, ਉਹ ਨਾਮ ਫੇਰ ਸਹਿਜ ਅਵਸਥਾ ਵਿੱਚ ਲੈ ਜਾਊ, ਹਾਂ ਜੀ ਨਾਮ ਨਾਮੀ ਵਿੱਚ ਲੈ ਜਾਊ। ਜਿਸ ਪ੍ਰਯੋਜਨ ਲਈ ਮਨੁੱਖਾ ਜਨਮ ਸੀ ਸੋ ਸਿੱਧ ਹੋ ਜਾਊ।

ਸਿੰਧੀ- ਮੈਨੂੰ ਮੇਰੇ ਹੀ ਭਲੇ ਲਈ ਬੇਪਰਵਾਹੀ ਤੋਂ ਅਸਚਰਜ ਵਿਚ ਲੈ ਜਾਕੇ, ਓਥੋਂ ਸਚ ਦੇ ਮੰਡਲ ਵੱਲ ਰਸਤਾ ਦੱਸਣ ਵਾਲੇ ਮਿੱਤ੍ਰ ਪਿਆਰੇ ਜੀ! ਮੈਂ ਕਿਸ ਮੂੰਹ ਨਾਲ ਸ਼ੁਕਰ ਕਰਾਂ? ਮੈਂ ਸੱਚੀ ਮੁਚੀ ਮੂਰਖ ਸਾਂ, ਪਰ ਆਪ ਨੇ ਅਕਲ ਦਾਨ ਕੀਤੀ ਹੈ।....ਬਾਣੀ ਕਿਹੜੀ ਪੜ੍ਹਾਂ ਤੇ ਕਿੱਕੂੰ ਪੜ੍ਹਾਂ?

ਭਾਈ ਜੀ- ਸੱਜਣ ਜੀ! ਨਿੱਤਨੇਮ ਦੀ ਬਾਣੀ ਰੋਜ਼ ਪੜ੍ਹੋ ਅਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ (ਜਾਂ ਘੱਟ ਵੱਧ ਜਿੰਨੇ ਕਰ ਸਕੋ) ਪੱਤਰੇ ਰੋਜ਼ ਪਾਠ ਕਰੋ। ਜੇਕਰ ਵਕਤ ਲੱਭੇ ਤਦ ਹੋਰ ਬਾਣੀਆਂ ਸੁਖਮਨੀ, ਆਸਾ ਦੀ ਵਾਰ, ਆਨੰਦ ਆਦਿਕ ਦਾ ਪਾਠ ਕਰੋ।

ਕੀਕੂੰ ਕਰੋ? ਇਹ ਤੁਸੀਂ ਜਾਣੋ, ਪਰ ਜੀਕੂੰ ਜੀ ਲੱਗੇ ਤੇ ਸੁਆਦ ਆਵੇ। ੧. ਚਾਹੇ ਸਹਿਜੇ ਸਹਿਜੇ ਏਕਾਂਤ ਬੈਠਕੇ, ੨. ਚਾਹੇ ਰਹਾ ਨਾਲ ਉੱਚੀ ਉੱਚੀ, ੩. ਚਾਹੇ ਫਿਰਕੇ, ਟਹਿਲਕੇ ਸੁਰ ਨਾਲ। ਜਿਕੂੰ ਚਿੱਤ ਨੂੰ ਜਿਸ ਵੇਲੇ ਸੁਆਦ ਆਵੇ ਉਸੇ ਤਰ੍ਹਾਂ ਪੜ੍ਹੋ। ਹਮਾਤੜ ਮੈਲੇ ਮਨਾਂ ਲਈ ਸਭ ਤੋਂ ਚੰਗੀ ਵਿਧੀ

* ਇਹ ਪੋਥੀ ਟੀਕੇ ਵਾਲੀ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਦਫਤਰੋਂ ਮਿਲਦੀ ਹੈ।

ਤੀਸਰੀ ਹੈ। ਇਸ ਨਾਲ ਮਨ ਸਹਿਜੇ ਸਹਿਜੇ ਇਕਾਗਰ ਹੁੰਦਾ ਹੈ, ਕੁਛ ਰਸ ਪੈਂਦਾ ਹੈ, ਖੇਚਲ ਨਹੀਂ ਵਾਪਰਦੀ ਤੇ ਚਿੱਤ ਨਾਲ ਨਾਲ ਖਿੜਦਾ ਬੀ ਜਾਂਦਾ ਹੈ। ਅੰਦਰ ਜਦੋਂ ਅਜੇ ਮੈਲਾ ਹੈ ਤੇ ਹਠ ਨਾਲ ਜੀਭ ਰੋਕਕੇ ਪਾਠ ਕਰੀਦਾ ਹੈ ਤਾਂ ਸੁਰਤ ਬੱਝ ਜਾਂਦੀ ਹੈ, ਖਿੜਦੀ ਨਹੀਂ ਪਰ ਜੇ ਸਹਿਜੇ ਸਹਿਜੇ ਟਹਿਲ ਕੇ ਨਿੱਕੇ ਨਿੱਕੇ ਰਹਾ ਨਾਲ ਬਾਣੀ ਪੜ੍ਹੀਏ ਤਾਂ ਵਧੇਰੇ ਸੁਖਦਾਈ ਅਸਰ ਹੁੰਦਾ ਹੈ। ਪਰ ਇਸ ਲਈ ਬਾਣੀ ਕੰਠ ਲੋੜੀਦੀ ਹੈ। ਪ੍ਰਯੋਜਨ ਇਹ ਹੈ ਕਿ ਮਨ ਬਾਣੀ ਵਿਚ ਜੁੜੇ ਤੇ ਮਨ ਦੇ ਸੰਕਲਪ ਵਿਕਲਪ ਰੁਕਣ। ਇਹ ਬਾਣੀ ਮਹਾਂ ਪੁਰਖ ਦੀ ਹੈ ਅਰ ਉਸੇ ਦਾ ਸਰੂਪ ਹੈ। ਇਹ ਅੱਠ ਪਹਿਰ ਦਾ ਅੰਗੀ ਸੰਗੀ ਗੁਰੂ ਹੈ। ਇਸਨੂੰ ਹਰ ਸਮੇਂ ਦਾ ਪ੍ਰਤੱਖ ਗੁਰੂ ਲਿਖਿਆ ਹੈ।

ਬਾਣੀ ਦੇ ਰਸੀਏ ਹੋ ਜਾਓ। ਸ੍ਰੀ ਗੁਰੂ ਜੀ ਜਾਣੀ ਜਾਣ ਹਨ, ਜਦੋਂ ਯੋਗ ਜਾਣਨਗੇ ਬਿਨਾਂ ਕਹੇ ਤੇ ਬਿਨ ਮੰਗੇ ਨਾਮਾਂਮ੍ਰਿਤ ਬਖਸ਼ਕੇ ਨਿਹਾਲ ਕਰਣਗੇ। ਬਾਣੀ ਉਸ ਨਾਮ ਲਈ ਮਨ ਨੂੰ ਨਿਰਮਲ ਤੇ ਤਿਆਰ ਕਰੇਗੀ। ਉਸ ਸ਼ਹਨਸ਼ਾਹ (ਨਾਮ) ਨੂੰ, ਜੋ ਸਾਧਨ ਤੇ ਸਿੱਧੀ ਰੂਪ ਆਪ ਹੈ ਤੇ ਜਿਸਦੇ ਤੁੱਲ ਕੁਛ ਨਹੀਂ, ਹਾਂ, ਉਸਨੂੰ ਧਾਰਨ ਲਈ ਹਿਰਦੇ ਮੰਡਲ ਵਿਚ ਪੱਕੀ ਤਿਆਰੀ ਕਰੋ ਤਾਂ ਕਿ ਜਦੋਂ ਪਿਆਰਾ ਨਾਮ ਆਵੇ ਤਦ ਕਹਿ ਸਕੋ:-

**"ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰੁ॥**
**ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰੁ॥"**

{ਮਾਰੂ ਵਾਰ ਮ: ੫-ਡਖਣੇ-੩}

ਹਾਂ ਜੀਓ! ਨਾਮ ਆਵੇ ਤੇ ਆਇਆ ਫੇਰ ਨਾ ਵਿਛੁੜੇ। ਫੇਰ ਵਿੱਥ ਨਾ ਪਵੇ। ਗੁਰਮੁਖ ਨਾਮ ਇਕੋ ਵਾਰ ਜਪੀਵੇ, ਜੋ ਸ਼ੁਰੂ ਹੋਕੇ ਸਦਾ ਟੁਰਿਆ ਰਹੇ:-

**"ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥"** {ਸੁਖਮਨੀ}

ਪਹਿਲੇ ਉਪਦੇਸ਼ ਤੋਂ ਲੈਕੇ ਵਾਹਿਗੁਰੂ ਮਿਲਾਪ ਤਕ ਸਾਰੀ ਦਾਤ ਨਾਮ ਹੈ। ਫਰਕ ਹੈ ਤਾਂ ਦਰਜਿਆਂ ਦਾ ਜੋ ਸਮਝ ਰਹੇ ਹੋ ਤੇ ਸਮਝੀ ਜਾਓਗੇ। ਪਹਿਲੇ ਸਾਹਸ ਧਾਰੋ ਕਿ ਮਾੜੇ ਕਰਮ ਨਹੀਂ ਕਰਨੇ। ਕਿਸੇ ਨੂੰ ਦੁੱਖ ਨਹੀਂ ਦੇਣਾ। ਪਰ ਮਨ ਮੈਲਾ ਹੈ, ਮੁੜ ਮੁੜ ਉਧਰ ਨੂੰ ਰੁਚੀ ਕਰਦਾ ਹੈ ਇਸ ਵਾਸਤੇ ਸੇਵਾ ਕਰੋ ਤੇ ਤਰਲਾ ਲਓ ਕਿ ਸੇਵਾ ਨਿਸ਼ਕਾਮ ਹੋਵੇ। ਇਹ ਸੇਵਾ ਮਨ ਦਾ ਦਾਰੂ ਹੈ ਮੈਲ ਹਰਨ ਤੇ ਰਸ ਭਰੀ ਨਿੰਮ੍ਰਤਾ ਸਿਖਾਉਣ ਲਈ। ਫੇਰ ਬਾਣੀ ਹੈ ਮੈਲ ਕੱਟਣ ਤੇ

ਮਨ ਨੂੰ ਹੋਰ ਵਧੇਰੇ ਸਫ਼ਾ ਕਰਨ ਲਈ। ਫੇਰ ਹੈ ਨਾਮ-ਅਭਯਾਸ ਤੇ ਨਾਮ-ਨਿਵਾਸ।

ਮੇਰੀ ਕਥਾ ਤੋਂ ਆਪ ਨੂੰ ਉਦਾਸੀ ਹੋਈ ਸੀ ਇਸ ਕਰਕੇ ਮੇਰਾ ਧਰਮ ਸੀ ਕਿ ਆਪ ਨੂੰ ਸੇਵਾ ਤੋਂ ਅਗਲੇ ਪੜਾਉ ਦੱਸ ਕੇ ਰਸਤੇ ਪਾ ਦਿਆਂ। ਸੋ ਗੁਰੂ ਕਿਰਪਾ ਨੇ ਕਾਰਜ ਕਰ ਦਿੱਤਾ ਹੈ। ਤੁਸੀਂ ਸਮਝੋਗੇ ਕਿ ਏਹ ਉਪਦੇਸ਼ ਮੇਰੇ ਹਨ। ਨਹੀਂ, ਏਹ ਉਪਦੇਸ਼ ਸਤਿਗੁਰ ਦੇ ਆਪਣੇ ਹਨ, ਮੈਂ ਤਾਂ ਗੁਰਵਾਕਾਂ ਦੀ ਵਿਆਖਿਆ ਮਾਤ੍ਰ ਕੀਤੀ ਹੈ। ਦੇਖੋ ਸ੍ਰੀ ਗੁਰੂ ਜੀ ਆਪ ਫੁਰਮਾਉਂਦੇ ਹਨ:-

**"....ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ॥**
**ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ॥**
**ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ॥**
**ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ॥੧॥...**
**ਬਾਣੀ ਗੁਰ ਗਾਈ ਪਰਮਗਤਿ ਪਾਈ ਪੰਚ ਮਿਲੇ ਸੋਹਾਇਆ॥**
**ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ॥**
**ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ॥**
**ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ॥੨॥"**

(ਸੂਹੀ ਛੰਤ ਮ: ੪-੧)

{ਅਰਥਾਤ-ਇਸ ਉਪਰਲੀ ਵੀਚਾਰ ਨਾਲ ਕਈ ਸੰਸੇ, ਜੋ ਉਪਜਦੇ ਤੇ ਉਦਾਸ ਕਰਦੇ ਹਨ, ਨਵਿਰਤ ਹੋਏ ਹਨ। ਸੋਝੀ ਆਈ ਹੈ ਕਿ ਇਖ਼ਲਾਕ ਬਨਾਉਣਾ, ਯਾ ਜਿਸਨੂੰ ਅਵਗੁਣ ਦੂਰ ਕਰਨੇ ਲਿਖਿਆ ਹੈ, ਇਹ ਪਹਿਲਾ ਕਦਮ ਹੈ ਸਿੱਖੀ ਮੰਡਲ ਵਿਚ ਤਰੱਕੀ ਕਰਨ ਦਾ।ਅਵਗੁਣ ਦੂਰ ਕਰਨ ਲਈ ਸੇਵਾ ਕਰਨੀ ਹੈ ਨਿਸ਼ਕਾਮ ਹੋਕੇ। ਇਸ ਨਾਲ ਸਰੀਰ ਨੇ ਬਦੀ ਵਲ ਰੁਖ਼ ਕਰਨੋਂ ਹਟਣਾ ਹੈ ਤੇ ਮਨ ਨੇ ਸਰੀਰ ਨੂੰ ਬਦੀ ਵਲ ਰੁਖ਼ ਦੇਣੋਂ ਹਟ ਜਾਣਾ ਹੈ। ਪਰ ਅਜੇ ਮਨ ਵਿਚ ਮੈਲ ਬਾਕੀ ਹੋਣੀ ਹੈ। ਉਹ ਧੁਪਣੀ ਹੈ ਵੀਚਾਰ ਨਾਲ ਤੇ ਏਕਾਗ੍ਰਤਾ ਦੇ ਸਾਧਨ ਨਾਲ। ਗੁਰਬਾਣੀ ਦੇ ਪਾਠ ਨੇ ਵੀਚਾਰ ਦੇਣੀ ਹੈ, ਗੁਰਬਾਣੀ ਦੇ ਪਾਠ ਨੇ ਮਨ ਵਿਚ ਉੱਦਮ ਭਰਨਾ ਹੈ, ਸਮਝੀ ਗਲ ਤੇ ਪਹਿਰਾ ਦੇਣ ਦਾ। ਗੁਰਬਾਣੀ ਨੇ ਭਉ, ਵੈਰਾਗ ਤੇ ਚਾਉ ਦੇਣਾ ਹੈ ਸਾਈਂ ਵਲ ਰੁਚੀ ਦੇ ਵਧਣ ਤੇ ਪ੍ਰਪੱਕ ਹੋਣ ਦਾ। ਮਨ ਦੀ ਇਸ ਤਿਆਰੀ ਹੋ ਗਈ ਵਿਚ ਫਿਰ

ਉਸ ਕੀਮਤੀ ਸ਼ੈ ਨੇ ਆਉਣਾ ਹੈ ਜਿਸ ਨੂੰ ਨਾਮ ਆਖਿਆ ਹੈ, ਜਿਸਨੇ ਜੀਉਂਦੀ ਏਕਾਗ੍ਰਤਾ ਤੇ ਮਿਲਾਪ ਬਖ਼ਸ਼ਣਾ ਹੈ।}

ਅਗਲੇ ਦਿਨ ਕਥਾ ਐਉਂ ਛਿੜੀ:-

## ੩. ਸ਼ੁਕਰ

**ਕੁਝ** ਦਿਨ ਏਸੇ ਤਰ੍ਹਾਂ ਬੀਤ ਗਏ, ਸਿੰਧੀ ਭਾਈ ਨੂੰ ਬਾਣੀ ਦਾ ਪ੍ਰੇਮ ਬਹੁਤ ਵਧ ਗਿਆ। ਸੇਵਾ ਬੀ ਜਿਸ ਤਰ੍ਹਾਂ ਭਾਈ ਜੀ ਨੇ ਸਮਝਾਈ ਸੀ ਉਸੇ ਸ਼ਕਲ ਵਿਚ ਉਸਤੋਂ ਹੋਣ ਲੱਗ ਪਈ। ਕਹਿਣਾ ਤੇ ਸੁਣਨਾ ਦੋ ਅੱਡ ਅੱਡ ਗੱਲਾਂ ਹਨ। ਕਰਨੀ ਵਾਲੇ ਪ੍ਰੇਮੀ ਦੇ ਸੁਆਦ ਨੂੰ ਫੋਕੇ ਕਹਿਣੀ ਵਾਲੇ ਨਹੀਂ ਲਖ ਸਕਦੇ। ਸਿੰਧੀ ਭਾਈ ਜੀ ਜੋ ਕੁਛ ਹੁਣ ਕਰ ਰਹੇ ਹਨ ਤੇ ਉਸ ਦਾ ਜੋ ਸੁਆਦ ਉਨ੍ਹਾਂ ਨੂੰ ਆ ਰਿਹਾ ਹੈ ਉਹ ਸੁਆਦ ਡਿੱਠਾ ਹੀ ਬਣਦਾ ਹੈ। ਡਿੱਠਾ ਉਹ ਕੇਵਲ ਤਦ ਜਾਂਦਾ ਹੈ ਜੇ ਕੋਈ ਹਿੰਮਤ ਦਾ ਲੱਕ ਬੰਨ੍ਹਕੇ ਕਰਨੀ ਦੀ ਸੜਕੇ ਤੁਰ ਪਏ। ਜੋ ਤੁਰਦਾ ਤੇ ਸੁਆਦ ਮਾਣਦਾ ਹੈ ਉਸ ਨੂੰ ਮੁਸ਼ਕਲਾਂ ਤੇ ਔਘਟ ਘਾਟੀਆਂ ਦੀ ਸਮਝ ਭੀ ਪੈਂਦੀ ਹੈ, ਉਹ ਫੇਰ ਉਨ੍ਹਾਂ ਦੇ ਦਾਰੂ ਬੀ ਟੋਲਦਾ ਹੈ ਅਰ ਦਾਰੂ ਲੱਭਕੇ ਹੋਰ ਅੱਗੇ ਬੀ ਵਧਦਾ ਹੈ। ਬਾਣੀ ਦੇ ਅਭਜਾਸ ਵਿਚ ਸਿੰਧੀ ਭਾਈ ਨੂੰ ਦੋ ਮੁਸ਼ਕਲਾਂ ਦਾ ਸਾਹਮਣਾ ਆ ਪਿਆ:- ਇਕ ਤਾਂ ਇਹ ਕਿ ਬਾਣੀ ਪੜ੍ਹਕੇ ਕਦੇ ਕਦੇ ਉਸ ਨੂੰ ਸੁਆਦ ਐਨਾਂ ਆਵੇ ਕਿ ਉਹ ਖੁਸ਼ੀ ਜੇਹੀ ਬਣ ਜਾਵੇ ਅਰ ਉਹ ਖੁਸ਼ੀ ਸਹਿਜੇ ਸਹਿਜੇ ਹੰਕਾਰ ਜਿਹਾ ਬਣ ਜਾਵੇ। ਫੇਰ ਬਾਣੀ ਨੂੰ ਚਿੱਤ ਨਾ ਲੱਗੇ, ਅਰਥਾਤ ਉਹ ਬਾਣੀ ਪੜ੍ਹੇ ਤਾਂ ਜ਼ਰੂਰ ਪਰ ਉਸਦਾ ਦਿਲ ਘੱਟ ਲੱਗੇ। ਯਾ ਐਸਾ ਹੋਵੇ ਕਿ ਬਾਣੀ ਵਿਚ ਮੂਲੋਂ ਹੀ ਦਿਲ ਨਾ ਲੱਗੇ ਤੇ ਨਾ ਹੀ ਸੁਆਦ ਆਵੇ। ਮਾਨੋ ਉਹ ਖੁਸ਼ੀ 'ਹੰਕਾਰ' ਬਣਕੇ ਮਨ ਨੂੰ ਮੋਟਾ ਕਰ ਦੇਵੇ। ਦੂਸਰੀ ਮੁਸ਼ਕਲ ਇਹ ਕਿ ਦੂਏ ਦਿਨ ਬੀ ਬਾਣੀ ਵਿੱਚ ਦਿਲ ਨਾ ਲੱਗੇ ਸਗੋਂ 'ਅਰੁਚੀ ਤੇ ਆਲਸ' ਹੋਵੇ। ਸੋ ਪਿਆਰਾ ਪ੍ਰੇਮੀ ਦੋਵੇਂ ਦੁੱਖ ਲੈਕੇ ਭਾਈ ਸਾਈਂ ਦਾਸ ਜੀ ਪਾਸ ਹਾਜ਼ਰ ਹੋਇਆ। ਭਾਈ ਜੀ ਸਾਰਾ ਹਾਲ ਸੁਣਕੇ ਆਪ ਵੈਰਾਗ ਵਿਚ ਆ ਗਏ ਤੇ ਆਖਣ ਲਗੇ: **"ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ॥"** {ਰਾਮ: ਮ: ੧ ਦਖ. ਉਂ-੪੪} ਪਰ ਧੰਨ ਹਨ ਗੁਰੂ ਜੀ ਜੋ ਇਹ ਆਸਰਾ ਦੇਂਦੇ ਹਨ **"ਸਿਰ ਊਪਰਿ ਠਾਢਾ ਗੁਰੁ ਸੂਰਾ॥ਨਾਨਕ ਤਾਕੈ ਕਾਰਜ ਪੂਰਾ॥"**{ਸੁਖਮਨੀ-੨੨} ਧੰਨ ਗੁਰੂ ਨਾਨਕ ਦੇਵ ਜੀ ਹਨ!

ਪਿਆਰੇ ਭਰਾਤਾ ਜੀ! ਜਦ ਤੁਸੀਂ ਬਾਣੀ ਦੇ ਫਲ-ਆਨੰਦ-ਵਿਚ ਆਓ, ਉਸ ਵੇਲੇ ਵੇਖਿਆ ਕਰੋ ਕਿ ਕਿਤੇ ਹਉਮੈ ਦਾਉ ਪੇਚ ਤਾਂ ਨਹੀਂ ਲਾਈ ਬੈਠੀ। ਇਹ ਅੰਦਰ ਲੁਕੀ ਹੁੰਦੀ ਹੈ ਤੇ ਕੋਈ ਨਾ ਕੋਈ ਉਖੇੜ ਲਾਕੇ ਡੇਗ ਲੈਂਦੀ ਹੈ, ਪਤਾ ਤਾਂ ਹੀ ਲਗਦਾ ਹੈ ਜਦੋਂ ਦਿਲ ਵਿੱਚ ਪੱਥਰ ਪੈ ਜਾਂਦੇ ਹਨ। ਜਦ ਅਨੰਦ ਦਾ ਭਾਵ ਅੰਦਰੋਂ ਉਛਲਦਾ ਹੈ ਤਦ 'ਮੈਂ' ਦਾ ਸੂਖਮ ਭਾਵ ਇਸ ਵਿੱਚ ਲੁਕ ਲੁਕਕੇ ਛਾ ਜਾਂਦਾ ਹੈ ਅਰ ਅੰਦਰ ਇਉਂ ਹੋਣ ਲਗ ਜਾਂਦਾ ਹੈ ਕਿ, 'ਮੈਂ ਆਨੰਦ ਹਾਂ'। ਇਹੋ ਭਾਵ ਫੇਰ ਰਤਾ ਮੋਟਾ ਹੋਕੇ ਹੰਕਾਰ ਬਣ ਜਾਂਦਾ ਹੈ ਕਿ ਮੈਂ ਭਜਨ ਕਰਦਾ ਹਾਂ। ਫੇਰ ਕੁਛ ਮਲੀਨਤਾ ਵਧਕੇ ਸੁਰਤ ਉਸੇ ਤਰ੍ਹਾਂ ਉੱਡਣ ਪੁੱਡਣ ਅਰਥਾਤ ਖਿੰਡਣ ਲਗ ਜਾਂਦੀ ਹੈ। ਖਿੰਡੀ ਹੋਈ ਤੇ ਮੈਲੀ ਹੋਈ ਫੇਰ ਆਲਸੀ ਤੇ ਬਾਣੀ ਵਿਚ ਅਚਾਹ ਜੇਹੀ ਹੋ ਜਾਂਦੀ ਹੈ। ਸਿੱਟਾ ਇਹ ਕਿ ਬਾਣੀ ਪੜ੍ਹਨ ਵੇਲੇ ਗੁਰੂ ਜੀ ਦਾ ਖਿਆਲ ਤੇ ਪਿਆਰ ਜੋ ਜੀ ਵਿੱਚ ਹੁੰਦਾ ਹੈ ਉਹ ਅਨੰਦ ਦੇ ਵੇਲੇ ਅਨੰਦ ਦੇ ਭਾਵ ਦੇ ਵਧਣ ਨਾਲ ਲੋਪ ਹੋ ਜਾਂਦਾ ਹੈ। ਉਸੇ ਦਾ ਲੋਪ ਹੋਣਾ ਅਨੰਦ ਨੂੰ ਹਉਂ ਵਿਚ ਪਾ ਦੇਂਦਾ ਹੈ। ਉਸ ਵੇਲੇ ਦਾ ਦਾਰੂ ਇਹ ਹੈ ਕਿ 'ਆਨੰਦ ਦਾ ਭਾਵ' ਸੱਖਣਾ 'ਆਨੰਦ ਦਾ ਭਾਵ' ਨਾ ਰਹੇ ਸਗੋਂ ਉਸ ਵਿੱਚ ਕੁਛ ਹੋਰ ਰਲਾ ਦਿੱਤਾ ਜਾਵੇ ਜੋ "ਹਉਂ" ਨੂੰ ਧੋਖਾ ਦੇਣ ਦਾ ਸਮਾਂ ਨਾ ਲੱਭੇ ਅਰ ਗੁਰੂ ਦਾ ਚੇਤਾ ਤੇ ਪਿਆਰ ਜੀ ਵਿਚੋਂ ਨਿਕਲ ਨਾ ਸਕੇ।

ਸਿੰਧੀ- ਪਿਆਰੇ ਜੀ! ਸਾਰੇ ਸਾਧਨ ਤਾਂ ਅਨੰਦ ਦੀ ਖਾਤਰ ਹਨ ਤੇ ਅਨੰਦ ਹੀ ਗਿਰਾਉ ਦਾ ਕਾਰਣ ਹੁੰਦਾ ਹੈ, ਇਹ ਕੀ ਭੇਤ ਹੈ?

ਭਾਈ ਜੀ- ਅਨੰਦ ਗਿਰਾਉ ਦਾ ਕਾਰਣ ਕਦੀ ਨਹੀਂ ਹੁੰਦਾ। ਸਾਡਾ ਮਨ ਕਮਜ਼ੋਰ ਹੈ। ਸੇਵਾ ਬਾਣੀ ਤੇ ਗੁਰੂ ਦੀ ਕ੍ਰਿਪਾ ਦੇ ਅਸਰ ਨਾਲ ਜੇ ਕਿਸੇ ਵੇਲੇ ਅਨੰਦ ਦਾ ਲਹਿਰਾ ਆਉਂਦਾ ਹੈ ਤਦ ਕਮਜ਼ੋਰ ਮਨ ਝੱਲ ਨਹੀਂ ਸਕਦਾ ਤੇ ਅਨੰਦ ਨੂੰ ਜੀਉਰ ਨਹੀਂ ਸਕਦਾ। ਸਾਡਾ ਹਉਮੈ ਦਾ ਸੁਭਾਵ ਪੱਕਾ ਹੋਣ ਕਰਕੇ ਮਨ ਦਾ ਰੁਖ਼ ਬੇਮਲੂੰਮੇ ਅਨੰਦ ਵਿਚੋਂ ਹਉਂ ਵਿਚ ਤਿਲਕ ਜਾਂਦਾ ਹੈ ਯਾ ਬਾਹਰ ਦਾ ਕੋਈ ਭੇਰਾ ਜਿਨਾਂ ਕੁਸੰਗ ਇਹ ਅਸਰ ਪਾ ਜਾਂਦਾ ਹੈ। ਸੋ ਹਾਨੀ ਦਾ ਕਾਰਣ ਮਨ ਦੀ ਨਿਰਬਲਤਾਈ ਹੈ, ਆਨੰਦ ਨਹੀਂ ਹੈ। ਇਸ ਕਰਕੇ ਸਾਨੂੰ ਏਥੇ ਇੱਕ ਐਸੀ ਸ਼ੈ ਦੀ ਲੋੜ ਹੈ ਕਿ ਜਿਸ ਨਾਲ ਸਾਡਾ ਨਿਰਮਲ ਮਨ ਉਸ ਆਨੰਦ ਨੂੰ ਜੀਉਰ ਸਕੇ। ਉਹ ਲੋੜ ਐਸੀ ਸ਼ੈ ਦੀ ਹੈ ਕਿ ਆਨੰਦ ਦੇ ਭਾਵ ਨੂੰ ਨਾਸ਼

ਬੀ ਨਾ ਹੋਣ ਦੇਵੇ ਪਰ ਮਨ ਨੂੰ ਉਦਾਸੀ ਵਲ ਬੀ ਨਾ ਲੈ ਜਾਵੇ। ਜਿਵੇਂ ਨਿਰਾ ਘਿਉ ਪੀਤਾ ਹੋਇਆ ਝੱਲਿਆ ਨਹੀਂ ਜਾਂਦਾ ਪਰ ਕਾਲੀ ਮਿਰਚ ਤੇ ਮਿਸਰੀ ਨਾਲ ਖਾਧੇ ਹੋਏ ਘਿਉ ਨੂੰ ਸਾਡਾ ਪੇਟ ਪਚਾ ਲੈਂਦਾ ਹੈ।

ਸਿੰਧੀ- ਸਤਿ ਹੈ, ਕਿਰਪਾ ਕਰਕੇ ਉਹ ਕਾਲੀ ਮਿਰਚ ਤੇ ਮਿਸਰੀ ਬੀ ਦੱਸੋ।

ਭਾਈ ਜੀ- ਉਸ ਨੂੰ "ਧੰਨਜਵਾਦ" ਆਖਦੇ ਹਨ, ਜਾਂ "ਸ਼ੁਕਰ" ਬੀ ਆਖੀਦਾ ਹੈ। ਜਦੋਂ ਤੁਹਾਨੂੰ ਅਨੰਦ ਦਾ ਭਾਵ ਅੰਦਰ ਪ੍ਰਤੀਤ ਦੇਵੇ ਤੁਸੀਂ ਉਸੇ ਵੇਲੇ ਸ਼ੁਕਰ ਵਿਚ ਲੱਗ ਜਾਓ ਤੇ ਆਖੋ "ਹੇ ਅਕਾਲ ਪੁਰਖ! ਸ਼ੁਕਰ ਹੈ, ਮੈਂ ਵਰਗੇ ਨਿਕਾਰੇ ਨੂੰ ਇਹ ਦਾਤ ਆਪ ਨੇ ਬਖਸ਼ੀ ਹੈ; ਧੰਨ ਆਪ ਹੋ, ਆਪ ਸਚ ਮੁਚ ਪਤਿਤ ਪਾਵਨ ਹੋ, ਦੀਨਾ ਬੰਧੂ ਹੋ। ਮੇਰੇ ਕਰਮ ਤਾਂ ਚੰਗੇ ਨਹੀਂ ਸਨ ਤੇ ਇਹ ਆਪਦੀ ਨਿਰੀ ਦਿਆਲਤਾ ਹੈ ਕਿ ਮੇਰੇ ਅੰਦਰ ਅਨੰਦ ਆਪ ਨੇ ਭੇਜਿਆ ਹੈ, ਹੇ ਦੀਨਾ ਨਾਥ! ਆਨੰਦ ਤਾਂ ਆਪ ਦਾ ਸਰੂਪ ਹੈ, ਇਹ ਤਾਂ ਆਪ ਮੇਰੇ ਦੀਨ ਦਰਿੱਦ੍ਰੀ ਦੀ ਕੁਟੀਆ ਵਿਚ ਆਏ ਹੋ, ਮੈਂ ਕਿਸ ਮੂੰਹ ਸ਼ੁਕਰ ਕਰਾਂ? ਮੇਰੇ ਸਰੀਰ ਦੇ ਰੋਮ ਜੀਭਾਂ ਬਣਨ ਤੇ ਮੈਂ ਸ਼ੁਕਰ ਕਰਾਂ ਤਦ ਭੀ ਆਪ ਦਾ ਸ਼ੁਕਰ ਅਦਾ ਨਹੀਂ ਹੋ ਸਕਦਾ, ਹੇ ਪ੍ਰਤਿਪਾਲਕ! ਸ਼ੁਕਰ ਹੈ! ਸ਼ੁਕਰ ਹੈ!"

ਇਸ ਤਰ੍ਹਾਂ ਦਾ ਸ਼ੁਕਰ ਦਾ ਭਾਵ ਦਿਲ ਵਿੱਚ ਆਵੇ। ਇਸ ਭਾਵ ਦੇ ਨਾਲ ਉਹ ਅਨੰਦ ਦਾ ਭਾਵ ਰਲਕੇ ਤੁਹਾਨੂੰ ਗਦ ਗਦ ਕਰ ਦੇਵੇਗਾ, ਨੇਤ੍ਰਾਂ ਵਿਚ ਜਲ ਆ ਜਾਏਗਾ, ਕਦੇ ਲੂੰ ਕੰਡੇ ਹੋ ਜਾਣਗੇ, ਕਦੇ ਕੰਠ ਰੁਕ ਜਾਏਗਾ ਤੇ ਤੁਹਾਡੇ ਅੰਦਰ ਠੰਢ ਵਰਤੇਗੀ। ਇਉਂ ਅਨੰਦ ਦਾ ਹੁਲਾਰਾ ਮਨ ਵਿਚ ਝੱਲ ਹੋ ਜਾਏਗਾ। ਅਨੰਦ ਦੇ ਤਿੱਖੇ ਵੇਗ ਦੀ ਥਾਂ ਮੱਧਮ ਤੇ ਮਿੱਠਾ ਮਿੱਠਾ ਸੁਖ ਅੰਦਰ ਖਿੜ ਪਵੇਗਾ। ਜਿੱਥੇ ਤਿੱਖੇ ਹੁਲਾਰੇ ਨੇ ਪਲ ਭਰ ਰਹਿਣਾ ਸੀ, ਉਥੇ ਇਸ ਨਰਮ ਤੇ ਸੁਖਾਵੇਂ ਅਨੰਦ ਨੇ ਬਹੁਤ ਚਿਰ ਰਹਿ ਜਾਣਾ ਹੈ। ਜੇ ਸ਼ੁਕਰ ਦਾ ਖਿਆਲ ਉਠਦਾ ਰਹੇਗਾ ਤਾਂ ਇਸ ਸੁਖਾਵੇਂ ਅਨੰਦ ਦੀ ਉਮਰ ਨੂੰ ਵਧਾਉਂਦਾ ਜਾਵੇਗਾ। ਸਮੇਂ ਨਾਲ ਤੁਸੀਂ ਫੇਰ ਅਨੰਦ ਦੇ ਸੁਭਾਵੀ ਹੋ ਜਾਓਗੇ ਤੇ ਇਸਨੂੰ ਜਰ ਜਾਓਗੇ।

ਸਿੰਧੀ- ਪਿਆਰੇ ਉਪਕਾਰੀ ਜੀ!

ਇਹ ਕਹਿੰਦੇ ਹੀ ਸੰਘ ਰੁਕ ਗਿਆ ਕਿਉਂਕਿ ਸ਼ੁਕਰ ਦਾ ਭਾਵ ਛਾ ਰਿਹਾ ਸੀ। ਸਿੰਧੀ ਪਿਆਰੇ ਸੰਥਾ ਨਹੀਂ ਪੜ੍ਹ ਰਹੇ ਸੇ ਪਰ ਜੋ ਕੁਛ ਸੁਣ ਰਹੇ ਸੇ, ਉਹੋ


www.sikhbookclub.com

ਕੁਛ ਵਾਪਰ ਰਿਹਾ ਸੀ ਉਨ੍ਹਾਂ ਤੇ। ਸਿਆਣੇ ਉਸਤਾਦ ਨੇ ਆਤਮਾ ਵਿੱਚ ਸ਼ੁਕਰ ਪਾਕੇ ਦੱਸ ਦਿੱਤਾ ਕਿ ਮੇਰਾ ਕੀ ਮਤਲਬ ਸੀ? ਜੋ ਕੁਛ ਆਪ ਕਹਿਣ ਲੱਗੇ ਸੀ ਸ਼ੁਕਰ ਦੇ ਭਾਵ ਹੇਠ ਰਹਿ ਗਿਆ। ਆਪ ਬੋਲ ਨਹੀਂ ਸਕੇ ਪਰ ਬੇਵਸੇ ਚਰਨੀ ਢਹਿ ਪਏ। ਭਾਈ ਜੀ ਨੇ ਸਿਰ ਚੁੱਕਕੇ ਗਲ ਨਾਲ ਲਾਇਆ। ਗਲ ਲਗਦਿਆਂ ਸਾਰ ਸ਼ੁਕਰ ਦਾ ਭਾਵ ਹੋਰ ਵਧਿਆ। ਭਾਈ ਜੀ ਨੇ ਬੜੇ ਪਿਆਰ ਨਾਲ ਸਮਝਾਇਆ ਕਿ ਸ਼ੁਕਰ ਦੇ ਭਾਵ ਵਾਪਰਿਆਂ ਪਿਆਰੇ ਗੁਰੂ ਦੀ ਮੂਰਤ ਵਧੀਕ ਪਿਆਰੀ ਲਗਦੀ ਹੈ, ਵਾਹਿਗੁਰੂ ਗੁਰੂ ਦੀ ਯਾਦ ਵਧੀਕ ਪਿਆਰੀ ਲਗਦੀ ਹੈ, ਚੰਦ੍ਰਮਾਂ ਦੀ ਚਾਂਦਨੀ ਵਾਂਙੂ ਇਕ ਤ੍ਰਾਂ ਦੀ ਠੰਢਕ ਤੇ ਸੁਹਾਉ ਅੰਦਰ ਛਾ ਜਾਂਦਾ ਹੈ ਅਤੇ ਆਨੰਦ ਦਾ ਇਕ ਪ੍ਰਭਾਉ ਅੰਦਰ ਬਾਹਰ ਛਾ ਜਾਂਦਾ ਹੈ।

ਹੇ ਸੱਜਨ! ਇਹ "ਸ਼ੁਕਰ" ਜੀਵਨ ਬੂਟੀ ਹੈ, ਸ਼ੁਕਰ ਦਾ ਭਾਵ ਗੁਰੂ ਜੀ ਸਾਨੂੰ ਕਦਮ ਕਦਮ ਤੇ ਸਿਖਾਲਦੇ ਹਨ, ਦੇਖੋ ਸਾਡੇ ਮੂਰਖ ਮਨਾਂ ਦੀਆਂ ਅੱਖਾਂ ਖੋਲ੍ਹਕੇ ਕਿਸ ਤਰ੍ਹਾਂ ਪੈਰ ਪੈਰ ਤੇ ਸ਼ੁਕਰ ਕਰਨ ਦਾ ਮੌਕਾ ਦੱਸਦੇ ਹਨ ਕਿ ਹੇ ਜਗਿਆਸੂਓ! ਸ਼ੁਕਰ ਦੀ ਮਿਸਰੀ ਮਿਰਚ ਪ੍ਰਾਪਤ ਕਰੋ ਜੋ ਤੁਹਾਨੂੰ ਆਨੰਦ ਦਾ ਘਿਉ ਪਚ ਸਕੇ। ਆਓ ਪੜ੍ਹੀਏ:-

"ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ॥
ਮਨ ਆਠ ਪਹਰ ਤਾਕਾ ਜਸੁ ਗਾਵੀਜੈ॥
ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ॥
ਮੁਖਿ ਤਾਕੋ ਜਸੁ ਰਸਨ ਬਖਾਨੈ॥
ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ॥
ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ॥
... ... .... ... ...
ਜਿਹ ਪ੍ਰਸਾਦਿ ਤੇਰਾ ਓਲਾ ਰਹਤ॥
ਮਨ ਸੁਖੁ ਪਾਵਹਿ ਹਰਿਹਰਿ ਜਸੁ ਕਹਤ॥" (ਸੁਖਮਨੀ-੬)

ਇਸ ਪਾਠ ਦੇ ਮਗਰੋਂ ਫੇਰ ਚਿਰ ਦੁਹਾਂ ਦੀ ਆਤਮਾ ਅਡੋਲ ਹੋਕੇ ਸਤਿਗੁਰੂ ਦੇ ਧਿਆਨ ਵਿਚ ਲੀਨ ਰਹੀ। ਜਬ ਨੈਣ ਖੁੱਲ੍ਹੇ ਤਾਂ

ਸਿੰਧੀ ਜੀ ਬੋਲੇ:-

## ੪. ਬੇਨਤੀ ਯਾ ਅਰਦਾਸ

ਸਿੰਧੀ- ਬਖਸ਼ ਲਿਆ ਜੇ, ਇਕ ਹੋਰ ਗੱਲ ਰਹਿ ਗਈ ਹੈ ਕਿ ਜਦੋਂ ਮਨ ਵਿੱਚ ਅਰੁਚੀ ਤੇ ਆਲਸ ਹੋਵੇ ਓਦੋਂ ਜਗਯਾਸੂ ਕੀਹ ਕਰੇ?

ਭਾਈ ਜੀ- ਸ਼ੁਕਰ ਦੀ ਤਰ੍ਹਾਂ ਇਕ ਹੋਰ ਸਾਧਨ ਹੈ ਐਸੇ ਵੇਲਿਆਂ ਦਾ, ਉਹ 'ਬੇਨਤੀ' ਹੈ। ਬੇਨਤੀ ਬੀ ਇਕ ਤਾਕਤ ਹੈ ਜੋ ਸਾਨੂੰ ਸਾਡੇ ਸਿਰਜਨਹਾਰ ਨਾਲ ਜੋੜਦੀ ਹੈ।

ਬੇਨਤੀ ਦੀਆਂ ਦੋ ਡੌਲਾਂ ਹਨ। ਇਕ ਨੂੰ ਅਪਣੀ ਸਮਝ ਗੋਚਰਾ ਕਰਨੇ ਲਈ ਅਰਦਾਸ ਕਹਿ ਲਈਏ ਅਰ ਦੂਈ ਨੂੰ ਪ੍ਰਾਰਥਨਾ ਕਹਿ ਲਈਏ।

ਸਿੰਧੀ- ਵਰਤੋਂ ਕਿਵੇਂ ਹੈ?

ਭਾਈ ਜੀ- ਜਦੋਂ ਤੁਸੀਂ ਕੁਛ ਚਾਹੁੰਦੇ ਹੋ ਕਿ ਮਿਲੇ ਯਾ ਦੁਖ ਦੂਰ ਹੋਵੇ ਯਾ ਕਿਸੇ ਅਚਾਹਤ ਵਸਤੂ ਤੋਂ ਰੱਖਿਆ ਹੋਵੇ, ਯਾ ਪ੍ਰਾਪਤ ਵਸਤੂ ਪ੍ਰਾਪਤ ਰਹੇ ਤਦ ਬੇਨਤੀ ਕਰੋ। ਬੇਨਤੀ ਦੀ ਵਰਤੋਂ ਜੇ ਤਾਂ ਜੀਭ ਉਤੇ ਹੈ ਅਰ ਸੰਘ ਤੋਂ ਅੱਗੇ ਕੋਈ ਹਿਲਾਉ ਨਹੀਂ ਤਦ ਇਹ ਹੈ ਤਾਂ ਬੇਨਤੀ ਪਰ ਬਹੁਤ ਬਲਵਾਨ ਨਹੀਂ। ਪਰੰਤੂ ਜੇ ਇਹ ਮਨ ਦੀ ਅਵਾਜ਼ ਹੈ ਤਦ ਇਹ ਬਲਵਾਨ ਹੈ ਤੇ ਅੱਪੜਦੀ ਹੈ ਟਿਕਾਣੇ। ਇਸ ਤੋਂ ਵਧਕੇ ਇਕ ਹੋਰ ਬੇਨਤੀ ਹੈ:-

ਜਦੋਂ ਆਤਮਾ ਵਿੱਚ ਵਾਹਿਗੁਰੂ ਦੇ ਹੋਣ ਦਾ ਵਿਸ਼ਵਾਸ਼ ਹੁੰਦਾ ਹੈ, ਉਸਦਾ ਹੋਣਾ ਆਪਣੇ ਬਹੁਤ ਹੀ ਨੇੜੇ ਪ੍ਰਤੀਤ ਦੇਂਦਾ ਹੈ ਅਤੇ ਉਸਦੀ ਯਾਦ ਪੱਕੀ ਹੁੰਦੀ ਹੈ, ਜਾਂ ਇਉਂ ਕਹੋ ਕਿ ਉਹ ਪਿਆਰਾ ਨਿਹਚੇ ਅੰਦਰ ਬਾਹਰ ਵਿਆਪਕ ਭਾਸਦਾ ਹੈ ਤਾਂ ਐਸੇ ਸਮੇਂ ਆਪਣੇ ਆਤਮਾ ਦੀ ਚੁਪ-ਆਵਾਜ਼ ਜੇ ਮੰਗ ਦੇ ਫੁਰਨੇ ਮਾਤ੍ਰ ਵਿਚੋਂ ਬੀ ਲੰਘ ਜਾਵੇ ਤਾਂ ਉਹ ਪਰਵਾਨ ਬੇਨਤੀ ਦਾ ਰੂਪ ਧਾਰਦੀ ਹੈ। ਇਸ ਬੇਨਤੀ ਨੂੰ ਗੁਰਮੁਖ ਲੋਕ ਬਹੁਤ ਬਲਵਾਨ ਬੇਨਤੀ ਸਮਝਦੇ ਹਨ।

ਪਰ ਸੰਸਾਰ ਵਿਚ ਹਰ ਸ਼ੈ ਦੇ ਦਰਜੇ ਹਨ। ਇਸੇ ਤਰ੍ਹਾਂ ਮਨ ਦੀ ਉੱਨਤੀ ਦੀ ਅਵਸਥਾ ਦੇ ਅਨੁਸਾਰ ਬੇਨਤੀ ਦੇ ਦਰਜੇ ਹਨ। ਮਨ ਵਿਚ ਜਿੰਨਾਂ ਵਧੀਕ ਪਰਮੇਸ਼ੁਰ ਦੇ ਹੋਣ ਦਾ ਭਰੋਸਾ ਹੈ, ਉਸਦੇ ਨੇੜੇ ਹੋਣ ਦਾ ਸਿਦਕ ਹੈ ਅਰ ਉਸਦੇ ਪਿਆਰ ਕਰਨ ਦਾ ਨਿਹਚਾ ਹੈ, ਉਨਾਂ ਹੀ ਵਧੀਕ ਮਨ ਉੱਨਤ ਹੈ ਤੇ ਇਸੇ ਉੱਨਤੀ ਅਨੁਸਾਰ ਬੇਨਤੀ ਦਾ ਅਸਰ ਹੈ।

 www.sikhbookclub.com

ਸਿੰਧੀ- ਇਹ ਤਾਂ ਹੋਈ ਉਹ ਬੇਨਤੀ ਜਿਸ ਨਾਲ ਜੁੜੇ ਮਨਾਂ ਤੇ ਸਾਈਂ ਨਾਮ ਵਿਚ ਰੱਤਿਆਂ ਮਨਾਂ ਦੀ ਚਾਹੀ ਹੋਈ ਗੱਲ ਪੂਰੀ ਹੋ ਜਾਂਦੀ ਹੈ। ਪਰ ਜੀ ਇਹ ਤਾਂ ਪਰਪੱਕਾਂ ਦੀ ਗਲ ਹੋਈ ਨਾਂ ਤੇ ਮੈਂ ਤਾਂ ਅਪਣੇ ਜਿਹੇ ਨੀਚਾਂ ਲਈ ਪੁੱਛਿਆ ਸੀ ਕਿ ਅਰੁਚੀ ਤੇ ਆਲਸ ਕਿਵੇਂ ਦੂਰ ਹੋਵੇ? ਆਪ ਨੇ 'ਬੇਨਤੀ' ਇਕ ਦਾਰੂ ਦੱਸਿਆ ਸੀ ਇਸ ਗਲ ਦਾ। ਸੋ ਮੇਰੇ ਵਰਗੇ ਜਗਜਾਸੂਆਂ ਦੀ ਜੋ ਬੇਨਤੀ ਹੋਊ ਉਹ ਤਾਂ ਏਕਾਗ੍ਰ ਚਿੱਤਾਂ ਦੀ ਬੇਨਤੀ ਵਰਗੀ ਨਹੀਂ ਨਾ ਹੋ ਸਕਦੀ, ਉਹ ਤਾਂ ਮੈਲੇ ਕੁਚੈਲੇ, ਖਿੰਡੇ, ਉੱਡੇ ਖਿਆਲਾਂ ਦੀ ਬੇਨਤੀ ਹੈ, ਉਸਦਾ ਭੀ ਕੁਛ ਲਾਭ ਹੈ?

ਸਾਈਂਦਾਸ- ਅਕਸਰ ਵੇਰ ਕਹਿ ਦੇਈਦਾ ਹੈ ਕਿ ਮੂੰਹ ਨਾਲ ਗੁਣ ਗੁਣ ਕਰਨ ਦਾ ਕੀਹ ਗੁਣ ਹੈ? ਪਰ ਅਸਲ ਵਿੱਚ ਇਹ ਠੀਕ ਨਹੀਂ, ਕਿਉਂਕਿ ਇੱਥੋਂ ਹੀ ਤਾਂ ਬੇਨਤੀ ਦਾ ਮੁੱਢ ਹੁੰਦਾ ਹੈ ਕਿਉਂਕਿ ਪਹਿਲੇ ਦਿਨ ਹੀ ਤਾਂ ਕੋਈ ਪਹਿਲਵਾਨ ਨਹੀਂ ਨਾ ਹੋ ਜਾਂਦਾ। ਸਭ ਤ੍ਰੱਕੀਆਂ ਹੌਲੇ ਹੌਲੇ ਕਰਦੇ ਕਰਦੇ ਹੁੰਦੀਆਂ ਹਨ। ਦ੍ਰਿਸ਼ਟਾਂਤ ਲਈ ਦੇਖੋ:- ਜੋ ਆਦਮੀ ਮੈਲੇ ਹਿਰਦੇ ਵਾਲਾ ਤੇ ਵਿਕਾਰੀ ਹੈ ਉਸਨੂੰ ਕਹੀਦਾ ਹੈ ਕਿ ਪਾਪ ਛੱਡ। ਉਹ ਕਹਿੰਦਾ ਹੈ, ਕਿਕੂੰ? ਤਾਂ ਕਹੀਦਾ ਹੈ, ਹਿੰਮਤ ਕਰ। ਉਹ ਕਹਿੰਦਾ ਹੈ, ਮੈਂ ਕਰਦਾ ਹਾਂ ਪਰ ਡਿੱਗਦਾ ਹਾਂ। ਉਸਨੂੰ ਕਹੀਦਾ ਹੈ, ਤੂੰ ਬੇਨਤੀ ਕਰ ਤੈਨੂੰ ਵਾਹਿਗੁਰੂ ਮੱਦਦ ਦੇਵੇਗਾ ਪਰ ਜਿਥੋਂ ਤਕ ਹੋ ਸਕੇ ਦਿਲ ਲਾਕੇ ਬੇਨਤੀ ਕਰੀਂ। ਹੁਣ ਉਹ ਪੁਰਖ ਉਸੇ ਤਰ੍ਹਾਂ ਕਰਦਾ ਹੈ, ਪਰ ਕੀਹ ਉਸਦੀ ਬੇਨਤੀ ਤੇ ਭਾਈ ਗੁਰਦਾਸ ਦੀ ਬੇਨਤੀ ਵਿੱਚ ਕੁਛ ਫਰਕ ਹੋਵੇਗਾ?

ਸਿੰਧੀ- ਬੜਾ ਭਾਰੀ।

ਭਾਈ ਜੀ- ਪਰ ਹਨ ਦੋਵੇਂ ਬੇਨਤੀਆਂ, ਦੋਵੇਂ ਲਾਭਦਾਇਕ। ਉਹ ਪੁਰਖ ਨਿਤ ਏਸੇ ਤਰ੍ਹਾਂ ਕਰਦਾ ਕਰਦਾ ਇੱਕ ਦਿਨ ਭਾਈ ਗੁਰਦਾਸ ਜੀ ਦੀ ਬੇਨਤੀ ਤਕ ਅੱਪੜੇਗਾ। ਜਿਉਂ ਜਿਉਂ ਉਹ ਵਧੀਕ ਯਤਨ ਮਨ ਲਾਕੇ ਬੇਨਤੀ ਕਰਨ ਦਾ ਕਰੇਗਾ ਤੇ ਜਿਉਂ ਜਿਉਂ ਉਹ ਸਚਾਈ ਨਾਲ ਹਿੰਮਤ ਕਰੇਗਾ ਤਿਉਂ ਤਿਉਂ ਸਚਾਈ ਵਧਦੀ ਜਾਏਗੀ, ਨਿਰਮਲਤਾਈ ਤ੍ਰੱਕੀ ਕਰਦੀ ਜਾਏਗੀ, ਇਕਾਗ੍ਰਤਾ ਵਧਦੀ ਜਾਏਗੀ ਅਰ ਇਕ ਦਿਨ ਉਹ ਬੇਨਤੀ ਕਰ ਸਕੇਗਾ ਜੋ ਸੱਚੀ ਤੇ ਪਰਵਾਨ ਬੇਨਤੀ ਕਹੀਦੀ ਹੈ। ਮਾੜਾ ਜੁ ਕਹੀਦਾ ਹੈ ਤਾਂ ਉਸਨੂੰ ਜਿਸ ਵਿੱਚ ਮਨ

 www.sikhbookclub.com

ਦੀ ਨੀਯਤ ਬੇਨਤੀ ਕਰਨ ਦੀ ਨਹੀਂ ਹੈ ਸਗੋਂ ਲੋਕਾਂ ਨੂੰ ਠੱਗਣ ਦੀ, ਧੋਖਾ ਦੇਣ ਦੀ ਯਾ ਇਹ ਅਸਰ ਬਿਠਾਉਣ ਦੀ ਹੈ ਕਿ ਜਗਤ ਕਹੇ 'ਕੈਸਾ ਭਗਤ ਹੈ ਜੋ ਬੇਨਤੀ ਵਿਚ ਲਗਾ ਹੋਇਆ ਹੈ।' ਪਰ ਜੋ ਅਪਣੇ ਸਿਰਜਨਹਾਰ ਔਗੇ ਮਨ ਦੀਆਂ ਮੰਗਾਂ ਆਖਦਾ ਹੈ, ਚਾਹੇ ਉਸਦੇ ਹੋਠ ਫੁਰਕਦੇ ਹਨ, ਚਾਹੇ ਜੀਭ ਹਿਲਦੀ ਹੈ, ਚਾਹੇ ਔਧੇ ਘੰਟੇ ਦੀ ਪ੍ਰਾਰਥਨਾ ਵਿੱਚੋਂ ਚਾਰ ਪਲਾਂ ਹੀ ਜੁੜ ਕੇ ਉਸਦਾ ਜੀ ਲਗਦਾ ਹੈ, ਉਹ ਬੇਨਤੀ ਹੈ ਅਰ ਉਹ ਅਪਣੇ ਲਾਭ ਤੋਂ ਖਾਲੀ ਨਹੀਂ ਹੈ ਕਿਉਂਕਿ ਉਸਦੀ ਨੀਯਤ ਜੋ ਠੀਕ ਹੈ, ਓਹ ਹੋਲੇ ਹੋਲੇ ਮਨ ਦੀ ਸਰਲਤਾ ਤੇ ਸਚਾਈ ਵਿਚ ਉੱਚਾ ਉਠ ਰਿਹਾ ਹੈ। ਪਰਮੇਸ਼ੁਰ ਐਸਾ ਦਿਆਲੂ ਹੈ ਕਿ ਜੋ ਉਸਦੇ ਪਾਸੇ ਜਤਨ ਕਰਦੇ ਹਨ, ਚਾਹੇ ਕਦਮ ਕਦਮ ਤੇ ਠੁਹਕਰ ਖਾਣ, ਉਨ੍ਹਾਂ ਨੂੰ ਸਹਾਇਤਾ ਦੇਂਦਾ ਹੈ। ਨੀਯਤ ਉੱਨਤੀ ਦੀ ਹੋਵੇ, ਉੱਦਮ ਹੋਵੇ-ਹਾਰੇ ਪਰ ਹਿੰਮਤ ਨਾ ਹਾਰੇ, ਭੁੱਲਾਂ ਤੇ ਗਿਰਾਉ ਫੇਰ ਉੱਨਤੀ ਦੀਆਂ ਪੌੜੀਆਂ ਬਣ ਜਾਂਦੇ ਹਨ। ਸੋ ਮੁੱਢਲੀ ਬੇਨਤੀ ਨਾਲ ਸਹਿਜੇ ਸਹਿਜੇ ਮੈਲ ਲਹਿੰਦੀ ਤੇ ਮਨ ਦੀ ਅਵਸਥਾ ਅਸਲ ਦੇ ਨੇੜੇ ਨੇੜੇ ਹੁੰਦੀ ਇੱਕ ਦਿਨ ਅਸਲ ਤੇ ਅੱਪੜ ਪੈਂਦੀ ਹੈ। ਸੱਜਨ ਜੀ! ਜਿਥੋਂ ਤਕ ਵਾਹ ਲੱਗੇ ਜੀ ਜੋੜਕੇ ਬੇਨਤੀ ਕਰੋ। ਜਦੋਂ ਅਰੁਚੀ ਤੇ ਆਲਸ ਵਧੇ ਜੀ ਜੋੜਕੇ ਬੇਨਤੀ ਕਰੋ, ਕਿ ਸਾਂਈਆਂ! ਰੱਖ ਲੈ। ਮਨ ਨੂੰ ਅਪਣੇ ਚਰਨਾਂ ਵਿਚ ਲਾ ਲੈ। ਸੋ ਜਦੋਂ ਆਪਣੇ ਯਤਨ ਕਰਦਿਆਂ ਅਨੰਦ ਦੇ ਹਿਲੋਰੇ ਵਿਚ "ਮੈਂ" ਸਿਰ ਪੁਟਦੀ ਹੈ ਤੇ ਸ਼ੁਕਰ ਦੇ ਭਾਵ ਦੇ ਜ਼ੋਰ ਪਾਇਆਂ ਬੀ ਛਹਿ ਛਹਿਕੇ ਫੇਰ ਫੇਰ ਉਠਕੇ ਅਨੰਦ ਨੂੰ ਹੰਕਾਰ ਵਿਚ ਪਲਟਿਆ ਚਾਹੁੰਦੀ ਹੈ ਤਦੋਂ ਬੇਨਤੀ ਨੂੰ ਹੱਥ ਪਾ ਲਓ, ਦਿਲ ਜੋੜਕੇ ਸਾਈਂ ਨੂੰ ਆਖੋ- ਕਰੁਣਾ ਨਿਧੇ! ਇਸ ਦਾਸ ਨੂੰ ਰੱਖ ਲੈ, ਇਹ ਕੀਟ ਆਪਦੀ ਸ਼ਰਨ ਹੈ।

ਬਿਲਾਵਲੁ ਮਹਲਾ ੫॥

**"ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾਧਾਰੇ॥ ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ॥੧॥ ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥ ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ॥੧॥ ਰਹਾਉ॥ ਹਮ ਅਵਗਨ ਕਰਹ ਅਸੰਖ ਨੀਤਿ ਤੁਮ ਨਿਰਗੁਨ ਦਾਤਾਰੇ। ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥੨॥**

**ਤੁਮ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ॥ ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ॥੩॥ ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ॥ ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ॥੪॥੪॥੩੪॥"**

ਏਸ ਪ੍ਰਕਾਰ ਬੇਨਤੀ ਕਰਦਿਆਂ ਅਰੁਚੀ, ਆਲਸ ਤੇ ਮੈਲ ਪਰੇ ਹਟਣਗੇ ਅਤੇ ਰਸ ਬੱਝਣ ਵੇਲੇ ਅਨੰਦ ਵਿਚ ਵਿਘਨ ਨਹੀਂ ਪਵੇਗਾ। ਮੈਂ ਸਿਆਣੇ ਸਿਆਣੇ ਸਿੱਖ ਵੇਖੇ ਹਨ ਜੋ ਨਾਮ ਰੰਗ ਵਿਚ ਰੱਤੇ ਹੋਏ ਹਨ। ਓਹ ਕਿਸੇ ਵੇਲੇ ਸੁਰਤ ਦੀ ਲੋੜ ਮੂਜਬ ਬਾਣੀ ਨਾਲ ਘੁਲਮਿਲਕੇ ਲਹਿਰੇ ਲੈ ਰਹੇ ਹਨ, ਕਦੇ ਸ਼ੁਕਰ ਦੇ ਰੰਗ ਵਿਚ ਝੂਮ ਰਹੇ ਹਨ, ਕਦੇ ਬੇਨਤੀ ਦੇ ਅੰਗ ਵਿਚ ਸਜਲ ਨੇਤ੍ਰ ਹੋ ਰਹੇ ਹਨ, ਕਦੇ ਉਨ੍ਹਾਂ ਵਿਚ ਤ੍ਰੈਏ ਰੰਗ ਕੱਠੇ ਹੋ ਵਰਤਦੇ ਹਨ। ਫਿਰ ਸਾਨੂੰ- ਜੋ ਅਸੀਂ ਨਿਰਬਲ ਹਾਂ- ਕਿੰਨੀ ਵਧੀਕ ਲੋੜ ਹੈ ਕਿ ਬੇਨਤੀ ਸਾਡੇ ਸੁਭਾਉ ਵਿਚ ਵਾਸਾ ਪਾਵੇ?

ਸਿੰਧੀ- ਸੱਚ ਹੈ! ਧੰਨ ਗੁਰੂ ਜੀ ਤੇ ਧੰਨ ਗੁਰੂ ਜੀ ਦੇ ਪਿਆਰੇ ਗੁਰਮੁਖ! ਕ੍ਰਿਪਾ ਕਰਕੇ ਆਲਸ ਤੇ ਅਰੁਚੀ ਦੂਰ ਕਰਨ ਦਾ ਕੋਈ ਹੋਰ ਉਪਰਾਲਾ ਭੀ ਦੱਸੋ?

ਭਾਈ ਜੀ- ਅਰੁਚੀ ਤੇ ਆਲਸ ਦੇ ਸ਼ਰੀਰਕ ਦਾਰੂ ਬੀ ਹੈਨ। ਪੰਜ ਇਸ਼ਨਾਨਾ ਤੇ ਇਸ਼ਨਾਨ ਕਰਨ ਨਾਲ ਮਨ ਦੇ ਆਲਸ ਤੇ ਅਰੁਚੀ ਤੇ ਭੀ ਅਸਰ ਪੈਂਦਾ ਹੈ। ਗੁਰਮੁਖ ਦਾ ਸਤਿਸੰਗ ਕਰਨਾ ਇਸੇ ਗਲ ਦਾ ਭਾਰੀ ਦਾਰੂ ਹੈ। ਗੁਰਮੁਖ ਦੇ ਬਚਨ ਆਲਸ ਤੇ ਅਰੁਚੀ ਦੂਰ ਕਰਦੇ ਤੇ ਚਾਉ ਪੈਦਾ ਕਰਦੇ ਹਨ। '**ਉਪਜੈ ਚਾਉ ਸਾਧ ਕੈ ਸੰਗਿ।**' {ਸੁਖਮਨੀ} ਫੇਰ ਹੋਰ ਦਾਰੂ ਹੈ ਕੀਰਤਨ ਸੁਣਨਾਂ, ਜਾਂ ਬਾਣੀ ਪੜ੍ਹੀ ਜਾਂਦੀ ਸੁਣਨੀ। ਬੇਨਤੀ ਕਰਨੀ ਮੈਂ ਦੱਸ ਹੀ ਚੁਕਾ ਹਾਂ। ਪਰ ਜਿੰਨੀ ਜੀ ਲਗੇ ਮਨ ਜੋੜ ਜੋੜਕੇ ਬੇਨਤੀ ਕਰੋ ਤਾਂ ਵਾਹਿਗੁਰੂ ਜੀ ਦੀ ਸਹਾਇਤਾ ਉਤਰੇਗੀ ਅਰ ਜੀ ਲਾ ਦੇਵੇਗੀ। ਇਕ ਹੋਰ ਸਾਧਨ ਹਠ ਹੈ। ਜਿਸ ਨੇਕ ਕੰਮ ਵਲੋਂ ਜੀ ਮੁੜੇ ਉਸਨੂੰ ਹਠ ਨਾਲ ਕਰੋ, ਜਿਸ ਮਾੜੇ ਕੰਮ ਵਲ ਨੂੰ ਜੀ ਜਾਵੇ ਉਸ ਵਲੋਂ ਮਨ ਨੂੰ ਹਠ ਨਾਲ ਰੋਕੋ ਤੇ ਸਰੀਰ ਨੂੰ ਇਸ ਪਾਸੇ ਤੋਂ ਬੰਨ੍ਹਕੇ ਰੱਖੋ। ਸਮਾਂ ਪਾਕੇ ਨੇਕੀ ਦਾ ਸੁਭਾਉ ਇਸ ਹਠ ਨਾਲ ਬੀ ਪੱਕਾ ਹੋ ਜਾਂਦਾ ਹੈ।

ਸਿੰਧੀ- ਆਪ ਨੇ ਆਗਜਾ ਕੀਤੀ ਸੀ ਕਿ ਬੇਨਤੀ ਦੋ ਪ੍ਰਕਾਰ ਦੀ ਹੁੰਦੀ ਹੈ। ਇਕ ਨੂੰ ਪ੍ਰਾਰਥਨਾਂ ਆਖੀਏ ਤੇ ਇਕ ਨੂੰ ਅਰਦਾਸ! ਇਹਨਾਂ ਦਾ ਫਰਕ ਦੱਸੋ।

ਭਾਈ ਜੀ- ਜਦੋਂ ਮਨ ਆਤਮਿਕ ਲੋੜਾਂ ਲਈ ਆਤਮਾ ਦੀ ਚੁੱਪ-ਅਵਾਜ਼ ਨਾਲ ਪ੍ਰਮਾਤਮਾ ਤੇ ਗੁਰੂ ਪਾਸੋਂ, ਭਾਵ ਮਾੜ੍ਹ ਵਿੱਚ, ਸੰਸੇ ਤੋਂ ਰਹਿਤ ਤੇ ਦ੍ਰਿੜ੍ਹ ਵਿਸ਼ਵਾਸ਼ ਨਾਲ, ਕੁਛ ਮੰਗਦਾ ਹੈ ਉਸਨੂੰ ਪ੍ਰਾਰਥਨਾ ਕਹਿ ਲਓ। ਇਸ ਵਿਚ ਵਾਹਿਗੁਰੂ ਦੀ 'ਹੋਂਦ ਤੇ ਉਸਦੀ ਯਾਦ' ਉਸਦੇ 'ਵਿਆਪਕ ਹੋਣ ਦੀ ਸਿਮ੍ਰਤੀ' ਤੇ ਮਨ 'ਪਿਆਰ ਕਰਨ ਵਾਲਾ ਹੋਣ ਦਾ ਸਿਦਕ' ਜੀ ਵਿੱਚ ਹੁੰਦਾ ਹੈ। ਇਸਤੋਂ ਉੱਚੀ ਹੋਰ ਅਵਸਥਾ ਹੈ। ਓਦੋਂ ਮੰਗੀਦਾ ਕੁਛ ਨਹੀਂ। ਸੰਕਲਪ ਵਿਚ ਵੀ ਨਹੀਂ ਮੰਗੀਦਾ। ਪ੍ਰੇਮੀ ਦੀ ਲੋੜ ਸਾਈਂ ਆਪੇ ਪੂਰੀ ਕਰ ਦੇਂਦਾ ਹੈ[੧] ਯਾ ਜਿਵੇਂ ਮੈਂ ਦਸਿਆ ਸੀ ਕਿ ਸਾਧਕ ਦਾ 'ਅੰਦਰਲੇ ਦੀ ਸਾਈਂ ਨਾਲ ਜੁੜੀ ਅਵਸਥਾ ਵਿਚ' ਜੇ ਕਿਸੇ ਲੋੜ ਲਈ ਅਤਿ ਸੂਖਮ ਸੰਕਲਪ ਬੇਖਯਾਲੇ ਜਿਹੇ ਲੰਘ ਜਾਂਦਾ ਹੈ, ਉਹ ਸਾਈਂ ਪੂਰਨ ਕਰ ਦੇਂਦਾ ਹੈ[੨]। ਇਹ ਅਵਸਥਾ ਮਾਨੋ ਸੁਰ ਹੋਈ ਤਰਬ ਦੀ ਥਾਟ ਬਾਜ਼ ਦੀ ਸੁਰ ਨੂੰ ਛੁਹ ਜਾਂਦੀ ਹੈ ਤੇ ਬਾਜ਼ ਸੁਰ ਤੋਂ ਉਸੇ ਦੀ ਪੂਰਣਤਾ ਦੀ ਸੁਰ ਛਿੜ ਜਾਂਦੀ ਹੈ।

ਜਦੋਂ ਬੇਨਤੀ ਵਿਚ ਛੀਆਂ[੩] ਗੁਰੂ ਸਾਹਿਬਾਂ ਦਾ ਨਾਉਂ ਲਈਦਾ ਹੈ ਤੇ ਧਿਆਨ ਉਧਰ ਧਰੀਦਾ ਹੈ ਫੇਰ ਨਾਮ ਰੰਗ ਰੰਗੇ ਬੀਤ ਚੁਕੇ ਸਿੱਖਾਂ ਦੀ ਕਮਾਈ ਦਾ ਧਿਆਨ ਧਰੀਦਾ ਹੈ[੪] ਤੇ ਵਾਹਿਗੁਰੂ ਦੇ ਪਾਸੇ ਐਉਂ ਚਿਤ ਲਿਆਕੇ ਯਾਚਨਾ ਕਰੀਦੀ ਹੈ ਉਹ ਅਰਦਾਸ ਕਹੀਦੀ ਹੈ। ਇਹ ਅਰਦਾਸ ਕੇਵਲ ਆਤਮ ਲਾਭ ਵਾਸਤੇ ਹੀ ਨਹੀਂ ਕਰੀਦੀ, ਪਰ ਸਗੋਂ ਮ੍ਰਿਯਾਦਾ ਤੇ ਸੰਸਕਾਰਾਂ ਵਿਚ ਬੀ

---

੧. ਅਚਿੰਤ ਕੰਮ ਕਰਹਿ ਪ੍ਰਭ ਤਿਨਕੇ ਜਿਨ ਹਰਿ ਕਾ ਨਾਮੁ ਪਿਆਰਾ॥ (ਸੋਰਠ ਮ: ੩, ਪੰਨਾ ੬੩੮)

੨. ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ॥ (ਬਿਲਾ: ਮ: ੫, ਪੰਨਾ ੮੧੭)

੩. ਭਾਈ ਸਾਈਂਦਾਸ ਵੇਲੇ ਛੇਵੇਂ ਗੁਰੂ ਜੀ ਗੱਦੀ ਤੇ ਸਨ।

੪. ਅਰਦਾਸੇ ਵਿੱਚ ਨਾਮ ਰੰਗ ਰਤੇ ਸੱਚੀ ਕਮਾਈ ਵਾਲੇ ਪੂਰਨ ਨਾਮ ਰਸੀਏ ਸਿੱਖਾਂ ਦੀ ਯਾਦ ਬੀ ਕਰੀਦੀ ਹੈ ਜੋ ਉਨ੍ਹਾਂ ਦਾ ਨਿਰਮਲ ਅਕਸ ਸਾਡੇ ਤੇ ਪਵੇ। ਨਾਮ ਰਸ ਵਿੱਚ ਅਰੂੜ੍ਹ ਹੋਣ ਤੋਂ ਉਰੇ ਰਹਿ ਗਏ ਹੰਕਾਰ ਆਸ਼੍ਰਿਤ ਰਹੇ ਲੋਕਾਂ ਵਲ ਅਰਦਾਸੇ ਵਿਚ ਧਿਆਨ ਨਹੀਂ ਦੁਆਈਦਾ ਚਾਹੇ ਉਹ ਕੇਡੇ ਹੋਏ ਹੋਣ।

ਕਰੀਦੀ ਹੈ*। ਸਨਮੁਖ ਜਾਕੇ ਆਪ ਯਾ ਮੇਵੜੇ ਰਾਹੀਂ ਬੀ ਸਤਿਗੁਰ ਅਗੇ ਬੇਨਤੀ ਕਰੀਦੀ ਹੈ, ਉਹ ਬੀ ਅਰਦਾਸ ਹੀ ਹੈ।

ਸਿੰਧੀ- ਆਤਮਾਂ ਦੇ ਲਾਭ ਵਾਸਤੇ ਬੀ ਅਰਦਾਸ ਕਰੀਦੀ ਹੈ।

ਭਾਈ- ਇਕ ਕੇਵਲ ਆਤਮ ਲਾਭ ਲਈ ਵੀ ਅਰਦਾਸ ਹੁੰਦੀ ਹੈ ਜਿਸਦੀ ਜਾਚ ਸਤਿਗੁਰ ਨੇ ਆਪ ਦੱਸੀ ਹੈ:-

(ਸੁਖਮਨੀ ਸਾਹਿਬ ਵਿਚੋਂ)

"ਤੂ ਠਾਕੁਰੁ ਤੁਮ ਪਹਿ ਅਰਦਾਸਿ॥
ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
ਕੋਇ ਨ ਜਾਨੈ ਤੁਮਰਾ ਅੰਤੁ॥
ਊਚੇ ਤੇ ਊਚਾ ਭਗਵੰਤ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥
ਤੁਮ ਤੇ ਹੋਇ ਸੁ ਆਗਿਆਕਾਰੀ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥
ਨਾਨਕ ਦਾਸ ਸਦਾ ਕੁਰਬਾਨੀ॥੮॥੪॥"

ਪੁਨ:- "ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥੧॥ਰਹਾਉ॥ ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ॥੧॥ ਹੇ ਸਮ੍ਰਥ ਅਗਮ ਪੂਰਨ ਮੋਹਿ ਮਾਇਆ ਧਾਰਿ॥੨॥ ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰਿ॥੩॥੮॥੩੦॥" {ਮਲਾਰ ਮਹਲਾ ੫॥}

ਕਦੇ ਸਿਆਣੇ ਨਾਮ ਅਭਯਾਸੀ ਬੀ ਇਕ ਉਕਾਈ ਕਰ ਜਾਂਦੇ ਹਨ। ਉਹ

* ਜਨਮ ਤੋਂ ਅੰਤ ਤਕ ਦੇ ਸੰਸਕਾਰ ਬੀ ਅਰਦਾਸਾ ਸੋਧਕੇ ਹੀ ਕਰੀਦੇ ਹਨ, ਗੁਰੂ ਰਹਿਤਾਂ ਦੇ ਧਾਰਨ ਸਮੇਂ ਬੀ ਅਰਦਾਸਾਂ ਸੋਧੀਦੀਆਂ ਹਨ ਤੇ ਹਰ ਇਕ ਯੋਗ ਲੋੜ ਤੇ ਸਹਾਇਤਾ ਲਈ ਭੀ ਅਰਦਾਸ ਕਰੀਦੀ ਹੈ। ਸਿਖ ਦੀਵਾਨਾਂ ਵਿੱਚ ਸਨਮੁਖ ਸ੍ਰੀ ਗੁਰੂ ਅੱਗੇ ਬੀ ਅਰਦਾਸਾਂ ਕਰਦੇ ਹਨ। ਮਤਲਬ ਉਹੋ ਬੇਨਤੀ ਤੋਂ ਹੈ। ਚਿਤ ਨੂੰ ਏਕਾਗ੍ਰ ਕਰਨ ਵਾਸਤੇ ਧਿਆਨ ਨੂੰ ਆਪਣੇ ਸਤਿਗੁਰਾਂ ਵਲ ਲਾਕੇ ਗੁਰੂ ਪਰਮੇਸ਼ਰ ਤੋਂ ਜੋ ਮੰਗ ਮੰਗੀਦੀ ਹੈ ਉਹ ਬੀ ਅਰਦਾਸ ਹੀ ਕਹੀਦੀ ਹੈ। ਅਰਦਾਸ ਆਤਮਾ ਦੇ ਭਲੇ ਲਈ ਬੀ ਤੇ ਹੋਰ ਲੋੜਾਂ ਲਈ ਬੀ ਹੁੰਦੀ ਹੈ।

 www.sikhbookclub.com

ਏਸ ਹੁਕਮ ਨੂੰ ਉਦੱਲਣ ਵਿਚ ਹੁੰਦੀ ਹੈ:-

**"ਜੇ ਕੋਊ ਅਪੁਨੀ ਓਟ ਸਮਾਰੈ॥ ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ॥"** {ਧਨਾਸਰੀ ਮ: ੫, ਪੰਨਾ ੬੭੯}

ਅਰਥਾਤ ਦਇਆ ਯਾ ਮੋਹ ਵਿਚ ਆਕੇ ਸਾਧਕ ਆਪਣੀ ਪੈਦਾ ਹੋਈ ਆਤਮ ਸੱਤਿਆ ਤੋਂ ਵਧੇਰੇ ਜ਼ੋਰ ਲਾ ਬਹਿੰਦਾ ਹੈ ਤਦ ਆਪਣਾ ਕਠਾ ਕੀਤਾ ਬਲ ਘਟ ਜਾਂਦਾ ਹੈ। ਅਰਥਾਤ ਜੋ ਪੁਰਖ ਆਪਣੀ ਅੰਦਰਲੀ ਓਟ ਨੂੰ ਸੰਭਾਲਣ ਵਾਲਾ ਹੈ ਭਾਵ ਆਤਮ ਸਾਧਨ ਕਰਕੇ ਆਪਣੇ ਅੰਦਰਲੇ ਤੇ ਟਿਕਦਾ ਹੈ ਉਸਨੂੰ ਆਪਣੀ ਸੱਤਿਆ ਤੇ ਵਿਤ ਮੂਜਬ ਕੰਮ ਕਰਨਾ ਚਾਹੀਏ। ਜੇ ਕਦੇ ਵਿਤੋਂ ਵਧੀਕ ਜੋਰ ਲਾਕੇ ਬਲ ਹਾਰ ਬੈਠੇਗਾ ਤਦੋਂ ਨਾ ਨਾਮ ਨੂੰ, ਨਾ ਬਾਣੀ ਨੂੰ, ਨਾ ਸੇਵਾ ਨੂੰ, ਨਾ ਸਤਿਸੰਗਿ ਨੂੰ ਜੀ ਲਗੇਗਾ, ਮਨ ਡੌਰ ਭੌਰ ਉਟਾਟਰਾ ਤੇ ਸੱਖਣਾ ਜਿਹਾ ਹੋ ਜਾਏਗਾ। ਐਸੇ ਵੇਲੇ ਕੇਵਲ ਸਾਰੇ ਗੁਰਾਂ ਦੇ ਨਾਮ ਦਾ ਅਰਦਾਸਾ ਕਰੀ ਜਾਓ ਤਾਂ ਮਨ ਛੇਤੀ ਸਫ਼ਾ ਹੋ ਜਾਂਦਾ ਹੈ।

ਯਥਾ:- 'ਸਤਿਗੁਰ ਨਾਨਕ ਧਿਆਈਐ ਕਾਰਜ ਹੋਵੈ ਰਾਸ।
ਦੋਹੀ ਅੰਗਦ ਦੀ ਦਈ ਪੂਰੇ ਗੁਰ ਸਾਬਾਸ। ਅਮਰਦਾਸ ਗੁਰ
ਸੇਵੀਏ ਜਮ ਦੀ ਕੱਟੇ ਫਾਸ॥ ਰਾਮ ਦਾਸ ਗੁਰ ਸਿਮਰੀਏ ਵਿਸਰ
ਨ ਸਾਸ ਗਿਰਾਸ॥ ਚੇਤੋ ਅਰਜਨ ਸਤਿਗੁਰੂ ਕੂੜੇ ਘੱਟੇ ਰਾਸ।
ਹਰਿ-ਗੋਬਿੰਦ ਹਰਿ ਧਿਆਈਏ ਵਿਘਨ ਉਪੱਦਰ ਨਾਸ॥*

ਸਿੰਧੀ- ਇਹ ਤਾਂ ਕੁਛ ਉੱਨਤ ਹੋਏ ਲੋਕਾਂ ਦੀ ਗਲ ਹੈ, ਮੇਰੇ ਵਰਗੇ ਬੀ ਸਤਿਗੁਰਾਂ ਦੇ ਨਾਮ-ਅਰਦਾਸੇ ਤੋਂ ਲਾਭ ਲੈ ਸਕਦੇ ਹਨ?

ਸਾਈਂਦਾਸ ਜੀ- ਅਸੀਂ ਸਾਰੇ ਭੁੱਲਣਹਾਰ ਹਾਂ। ਭੁੱਲ ਵਿਚ ਪੈਕੇ, ਦੋਸ਼ ਕਰਕੇ ਜਾਂ ਕਿਸੇ ਮਾੜੇ ਕਰਮ ਮਗਰੋਂ ਜੋ ਮਨ ਮੈਲਾ ਤੇ ਉਟਾਟਰਾ ਜੇਹਾ ਹੋ ਜਾਂਦਾ ਹੈ ਇਸ ਸਤਿਗੁਰਾਂ ਦੀ ਨਾਮ-ਅਰਦਾਸ ਨੂੰ ਜਪਕੇ ਛੇਤੀ ਅਰੁਚੀ ਤੇ ਆਲਸ ਦੀ ਮੈਲ ਤੋਂ ਸਫ਼ਾ ਹੋ ਜਾਂਦਾ ਹੈ।

ਸਾਡੇ ਗੁਰਾਂ ਨੇ ਸੰਸਾਰ ਵਿਚ ਅਸਥੂਲ ਸਰੀਰ ਧਾਰੇ ਤੇ ਪਰਤੱਖ ਫਿਰਕੇ ਪਾਰ ਉਤਾਰੇ ਕੀਤੇ ਹਨ। ਇਸ ਵੇਲੇ ਆਪ ਪਰਤੱਖ ਛੇਵੇਂ ਜਾਮੇ ਵਿਚ ਵਿਚਰ

* ਹੁਣ ਇਸਦੀ ਜਗਾ ਦਸਾਂ ਸਤਿਗੁਾਂ ਦੀ ਅਰਦਾਸ ਸ੍ਰੀ ਮੁਖ ਵਾਕ ਪਾਤਸ਼ਾਹੀ ਦਸ ਪੜ੍ਹੀ ਦੀ ਹੈ। ਇਸਦਾ ਪਾਠ ਕਰਨਾ ਮਨ ਦੀ ਮੈਲ, ਟੋਟ, ਉਟਾਟਰਾਪਨ ਤੇ ਨਿਰਬਲਤਾ ਨੂੰ ਹਰਦਾ ਹੈ।

ਰਹੇ ਹਨ। ਉਨ੍ਹਾਂ ਦਾ ਦਰਸ਼ਨ ਦਾਰੂ ਹੈ। ਜੇ ਸਿੱਖ ਹੈ ਦੂਰ ਤੇ ਉਨ੍ਹਾਂ ਦੇ ਦਰਸ਼ਨ ਨਹੀਂ ਕਰ ਸੱਕਦਾ ਤਾਂ ਬੀ ਇਹ ਅਰਦਾਸ ਹੀ ਪੜ੍ਹੇ। ਜਦੋਂ ਬਹੁਤ ਮਨ ਅਸਥੂਲ ਹੋ ਜਾਂਦਾ ਹੈ ਤਦ ਨਾਮ ਦੇ ਆਸਰੇ ਨੂੰ ਛੇਤੀ ਨਹੀਂ ਫੜ ਸਕਦਾ ਤੇ ਕਈ ਵੇਰੀ ਬਾਣੀ ਵਿਚ ਬੀ ਢਿੱਲ ਕਰਦਾ ਹੈ, ਉਸ ਵੇਲੇ ਸਤਿਗੁਰਾਂ ਦੀ ਯਾਦ, ਉਨ੍ਹਾਂ ਦੇ ਨਾਮ ਦਾ ਧਿਆਉਣਾ, ਅਰਥਾਤ ਉਨ੍ਹਾਂ ਦੇ ਨਾਮ ਲੈ ਲੈ ਕੇ ਅਰਦਾਸ ਸੋਧੀ ਜਾਣਾ, ਐਸੀ ਮੈਲ ਕਟਦਾ ਹੈ ਕਿ ਕੋਈ ਹੋਰ ਸਾਧਨ ਨਹੀਂ ਕੱਟ ਸਕਦਾ। ਇਹ ਅੱਡ ਅੱਡ ਹਾਲਤਾਂ ਤੇ ਅੱਡ ਅੱਡ ਮੌਕਿਆਂ ਦੇ ਮਨ ਤੇ ਆ ਪਈ 'ਮੈਲ' ਯਾ 'ਟੋਟ' ਦੇ ਦਾਰੂ ਹਨ।

ਸਿੰਧੀ- ਹੱਛਾ ਜੀ, ਹੁਣ ਮੇਰੀ ਪੜ੍ਹੀ ਸੰਥਜਾ ਸੁਣ ਲਵੋ। ਜੋ ਮੈਂ ਸਮਝਿਆ ਹੈ ਦੂਹਰਾ ਲਵਾਂ, ਜੋ ਸਮਝ ਸਾਫ਼ ਹੋ ਜਾਵੇ।ਭਈ, ਜਦੋਂ ਮਨ ਸੰਸਾਰ ਵਲੋਂ ਮੁੜ ਗਿਆ ਹੈ ਤੇ ਸਾਈਂ ਦੇ ਚਰਨੀਂ ਇਸ ਦਾ ਨਿਵਾਸ ਹੋ ਗਿਆ ਹੈ, ਉਹ ਕੋਈ ਉੱਚੀ ਹਾਲਤ ਹੈ (ਜਿਸਦਾ ਕਿ ਮੈਨੂੰ ਅਜੇ ਵਪਰੇਵਾਂ ਪਤਾ* ਨਹੀਂ), ਓਦੋਂ ਰੰਗ ਰੱਤੇ ਮਨ ਵਿਚੋਂ ਕਿਸੇ ਆਤਮ ਲਾਭ ਦਾ ਯਾ ਹੋਰ ਉਪਕਾਰ ਦਾ ਯਾ ਕਿਸੇ ਲੋੜ ਦੇ ਫੁਰਨਾ ਮਾਤ੍ਰ ਦਾ ਯਾ ਕਿਸੇ ਸੂਖਮ ਭਾਵ ਮਾਤ੍ਰ ਦਾ ਲੰਘ ਜਾਣਾ ਸਭ ਤੋਂ ਉੱਚੀ ਬੇਨਤੀ ਹੈ। ਅਕਸਰ ਤਾਂ ਸੁਤੇ ਹੀ ਕਰਤਾਰ ਲੋੜ ਨੂੰ ਪੂਰ ਦੇਂਦਾ ਹੈ। ਪਰ ਮੇਰੀ ਜਾਚੇ ਇਹ ਉੱਚੇ ਗੁਰਮੁਖਾਂ ਦੀ ਗਲ ਹੈ। ਇਹ ਬੇਨਤੀ ਹੈ ਕਿ ਸੱਤਜਾ ਹੈ ਕਿ ਮਿਹਰ ਹੈ ਤੁਸੀਂ ਜਾਣੋਂ ਪਰ ਇਹ ਇਕ ਰੰਗ ਹੈ ਜਿਸਨੂੰ ਸਮਝਣੇ ਲਈ ਤੁਸਾਂ ਨੇ 'ਪ੍ਰਾਰਥਨਾ' ਕਿਹਾ ਹੈ।

ਸਾਈਂਦਾਸ- ਪ੍ਰਾਰਥਨਾ ਲੋਕੀ ਆਮ ਬੇਨਤੀ ਨੂੰ ਕਹਿ ਦੇਂਦੇ ਹਨ। ਮੈਂ ਐਵੇਂ ਫ਼ਰਕ ਸਫੁਟ ਕਰਨ ਲਈ ਇਕ ਨਾਉਂ ਧਰ ਦਿੱਤਾ ਸੀ ਜੋ ਤੁਸਾਂ ਜੀ ਦੀ ਸਮਝ ਆ ਜਾਵੇ, ਇਸਦਾ ਨਾਂ ਤਾਂ 'ਆਤਮ-ਪ੍ਰਾਰਥਨਾ' ਹੋਵੇ ਤਾਂ ਢੁੱਕੇ।

ਸਿੰਧੀ- ਸੱਤ ਹੈ, ਜੀ! ਦੂਸਰੀ ਤਰ੍ਹਾਂ ਦੀ ਬੇਨਤੀਆਂ ਨੂੰ ਤੁਸਾਂ ਨੇ ਅਰਦਾਸ ਕਿਹਾ ਸੀ ਜੋ ਉਹ ਮੋਟੀਆਂ ਮੋਟੀਆਂ ਏਹ ਹਨ :-

੧. ਸਿਖਾਂ ਸੰਗਤਾਂ ਵਿਚ ਸੰਗਤ ਦੀਆਂ ਲੋੜਾਂ ਯਾ ਕਿਸੇ ਆਏ ਸਿੱਖ ਯਾ ਸੰਗਤ ਲਈ ਲੋੜਾਂ ਦੀ ਪੂਰਨਤਾ ਵਾਸਤੇ ਗੁਰੂ ਪਰਮੇਸ਼ੁਰ ਅਗੇ ਅਰਜ਼

* ਉਹ ਪਤਾ ਜੋ ਹਡੀਂ ਵਾਪਰਿਆਂ ਜਾਂ ਤਜਰਬੇ ਨਾਲ ਲਗਦਾ ਹੈ।


www.sikhbookclub.com

ਕਰਨੀ ਅਰਦਾਸ ਹੈ। ਯਾ ਗੁਰੂ ਹਜ਼ੂਰ ਹਾਜ਼ਰ ਹੋਕੇ ਸਨਮੁਖ ਬਿਨੈ ਕਰਨੀ ਅਰਦਾਸ ਹੈ।

੨. ਸ਼ਬਦ ਕੀਰਤਨ ਬਾਣੀ ਦੇ ਉਚਾਰ, ਦੀਆਂ ਅਰਜ਼ਾਂ ਨੂੰ ਬੀ ਅਰਦਾਸ ਕਹੀਦਾ ਹੈ।

੩. ਅਪਣੀਆਂ ਆਤਮ ਲੋੜਾਂ ਵਾਸਤੇ, ਮਨ ਦੀਆਂ ਕੁਚਲਤਾਈਆਂ ਦੂਰ ਕਰਨ ਵਾਸਤੇ, ਸਾਈਂ ਦੇ ਪਿਆਰ ਵਾਸਤੇ, ਮਿਹਰ ਮੰਗਣ ਲਈ ਬੀ ਅਰਦਾਸ ਕਰੀਦੀ ਹੈ।

੪. ਮਨ ਮੈਲੇ ਹੋ ਗਿਆਂ, ਕਦੇ ਵਧੇਰੇ ਬਲ ਹਾਰ ਗਿਆਂ, ਕਦੇ ਮਨ ਦੀਆਂ ਭੁੱਲਾਂ ਨਾਲ ਪਾਪਾਂ ਦੀ ਮੈਲ ਦੇ ਪਿਆਂ ਛਿਆਂ* ਸਤਿਗੁਰਾਂ ਦੇ ਨਾਮ ਦੇ ਅਰਦਾਸੇ ਦੀਆਂ ਤੁਕਾਂ ਦਾ ਪਾਠ ਮਾਤ੍ਰ ਭੀ ਅਰਦਾਸ ਹੈ ਤੇ ਮੈਲ ਕੱਟਦਾ ਹੈ।

੫. ਮੈਨੂੰ ਜਾਪਦਾ ਹੈ ਕਿ ਦੁਖ ਸੁਖ ਸੰਸਾਰਕ ਮੁਸ਼ਕਲਾਂ ਵੇਲੇ ਅਪਣੇ ਭਲੇ ਲਈ ਭੀ ਅਰਦਾਸ ਕਰਨੀ ਵਿਹਤ ਹੋਊ?

ਸਾਈਂਦਾਸ- ਹਾਂ ਜੀ, ਵਿਹਤ ਹੈ। ਪਹਿਲੇ ਜਦੋਂ ਮਨ ਨਿਤਾਣਾ ਹੈ ਤਾਂ ਹੁਕਮ ਹੈ:-

> "ਮਾਂਗਉ ਰਾਮ ਤੇ ਸਭਿ ਥੋਕ॥ ਮਾਨੁਖ ਕਉ ਜਾਚਤ ਸ੍ਰਮੁ
> ਪਾਈਐ ਪ੍ਰਭ ਕੈ ਸਿਮਰਨਿ ਮੋਖ॥" {ਧਨਾ: ਮ: ੫, ਪੰਨਾ ੬੮੨}

ਅਰਥਾਤ ਹੋਰਨਾਂ ਅੱਗੇ ਤਰਲੇ ਕੱਢਣੋਂ ਰੁਕਕੇ ਸਾਈਂ ਅੱਗੇ ਪੀੜਾ ਕਹਿਣ ਦੀ ਜਾਚ ਸਿੱਖਣੀ ਚਾਹੀਏ। ਮੰਗੋ ਪਰ ਵਾਹਿਗੁਰੂ ਤੋਂ। ਵਾਹਿਗੁਰੂ ਵਿਚ ਪਿਤਾ ਭਾਵ ਧਾਰਨਾ ਤੇ ਅਪਣੇ ਵਿਚ ਪੁੱਤ੍ਰ ਭਾਵ ਧਾਰਕੇ ਮੰਗ ਮੰਗਣੀ। ਇਸ ਨਾਲ ਮਨ ਸਾਈਂ ਪਰਾਇਣ ਹੋ ਜਾਏਗਾ। ਫਿਰ ਜਦ ਮਨ ਹੋਰ ਉੱਜਲ, ਉੱਚਾ ਤੇ ਤਾਣ ਵਾਲਾ ਹੋ ਜਾਂਦਾ ਹੈ ਤਾਂ ਫੇਰ ਹੁਕਮ ਹੈ:-

> **"ਵਿਣੁ ਤੁਧੁ ਹੋਰ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥**
> **ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥"** {ਰਾਮ: ਵਾਰ ਮ: ੫-੩}

ਇਸ ਹਾਲਤ ਵਿਚ ਉੱਚੇ ਮਨ ਵਾਲੇ ਲੋਕ ਸਾਈਂ ਤੋਂ ਇੱਕੋ ਨਾਮ ਮੰਗਦੇ ਹਨ। ਪਰ ਜਿੱਥੇ ਕੁ ਅਸੀਂ ਤੁਸੀਂ ਹਾਂ, ਅਜੇ ਨਿਤਾਣਪੁਣੇ ਵਿਚ ਹਾਂ, ਅਸੀਂ **"ਮਾਂਗਉ ਰਾਮ ਤੋਂ ਸਭਿ ਥੋਕ"** ਵਾਲੇ ਹੁਕਮ ਤੇ ਟੁਰੀਏ।

* **ਹੁਣ ਦਸਵੇਂ ਪਾਤਸ਼ਾਹ ਜੀ ਦੀ ਰਚੀ ਅਰਦਾਸ "ਪ੍ਰਥਮ ਭਗਉਤੀ ਸਿਮਰ ਕੈ......" ਪੜ੍ਹੀਦੀ ਹੈ।**

ਸਿੰਧੀ- ਮੈਂ ਠੀਕ ਸਮਝ ਲਿਆ ਹੈ। ਧੰਨ ਹੋ ਆਪ! ਗੁਰਬਾਣੀ ਵਿਚ ਗੁਰੂ ਕੇ ਵਾਕ ਅਪਣੇ ਅਪਣੇ ਸਮੇਂ ਤੇ ਅੱਡ ਅੱਡ ਅਵਸਥਾ ਤੇ ਕਹੇ ਗਏ ਹਨ ਪਰ ਸਾਨੂੰ ਅਜੇ ਸਮਝ ਨਹੀਂ ਹੈ। ਮੈਂ ਹੁਣ ਆਪ ਤੋਂ ਪੁੱਛਦਾ ਹਾਂ ਕਿ ਕੀ ਮੈਂ ਆਪ ਦਾ ਭਾਵ ਸਮਝ ਲਿਆ ਹੈ?

ਸਾਈਂਦਾਸ- ਬਹੁਤ ਠੀਕ ਸਮਝ ਲਿਆ ਜੇ ਪਿਆਰੇ ਜੀ! ਏਹ ਸਾਧਨ ਹਨ ਜੋ ਮੈਂ ਆਪ ਕਰਕੇ ਦੇਖੇ ਤੇ ਦਰੁਸਤ ਪਾਏ ਹਨ। ਦੋ ਹੀ ਪ੍ਰਮਾਣ ਇੱਥੇ ਲੋੜੀਂਦੇ ਹਨ। ਇਕ ਸ਼ਬਦ ਪ੍ਰਮਾਣ, ਅਰਥਾਤ ਸਤਿਗੁਰਾਂ ਦੇ ਗੁਰਬਾਣੀ ਵਿਚ ਦੱਸੇ ਅਰੀਮ ਵਾਕ, ਦੂਸਰੇ ਪਰਤੱਖ ਪ੍ਰਮਾਣ ਜੋ ਪਰਤਾਕੇ ਆਪ ਕਰਕੇ ਹੱਥ ਤੇ ਧਰੇ ਆਉਲੇ ਵਾਂਙੂ ਠੀਕ ਦੇਖ ਲਈਦੇ ਹਨ। ਜੇਕਰ ਆਪਦਾ ਮਨ ਯੁਕਤੀਆਂ ਚਾਹੁੰਦਾ ਹੈ ਤਦ ਕਿਸੇ ਵੇਲੇ ਭਾਈ ਗੁਰਦਾਸ ਜੀ ਦੇ ਚਰਨਾਂ ਵਿੱਚ ਚੱਲ ਬੇਨਤੀ ਕਰਾਂਗੇ, ਓਹ ਬ੍ਰਿਧ ਪਿਆਰੇ ਯੁਕਤੀਆਂ ਦੇ ਧਨੀ ਹਨ ਅਰ ਕਰਨੀ ਦੇ ਸੂਰੇ ਹਨ।

ਸਿੰਧੀ- ਪਿਆਰੇ ਜੀ! ਆਪ ਦੇ ਉਪਦੇਸ਼ਾਂ ਨੂੰ ਮੈਂ ਚਰਚਾ ਦੀ ਨਜ਼ਰ ਨਾਲ ਨਹੀਂ ਵੇਖ ਰਿਹਾ ਅਰ ਨਾ ਮੈਨੂੰ ਆਤਮ ਵਿਦਜਾ ਵਿੱਚ ਰੀਮਤਾ ਹੈ, ਮੈਂ ਤਾਂ ਭੁੱਖਾ ਤਿਹਾਇਆ ਅੰਮ੍ਰਿਤ ਜਲ ਨੂੰ ਲੋਚ ਰਿਹਾ ਹਾਂ, ਜੋ ਆਪਦੇ ਮੁਖਾਰਬਿੰਦ ਤੋਂ ਛਹਿਬਰ ਲਾਕੇ ਵੱਸ ਰਿਹਾ ਅਰ ਮੇਰੇ ਆਤਮਾਂ ਨੂੰ ਤ੍ਰਿਪਤ ਕਰ ਰਿਹਾ ਹੈ। ਫੋਕੀ ਵਿਦਜਾ ਦੇ ਫਲ ਰਹਿਤ ਸੁਹਾਵਨੇ ਬਨਾਂ ਨੂੰ ਵੇਖਕੇ ਮੈਂ ਰੱਜ ਦੁੱਕਾ ਹਾਂ। ਆਪਦੇ ਛਹਿਬਰਾਂ ਹੇਠ ਉੱਗੇ ਬਾਗ ਦੀ ਲਹਿਲਹਾਟ ਮੈਨੂੰ ਅੱਖੀਂ ਸੁੱਖ ਕਲੇਜੇ ਠੰਢ ਪਾ ਰਹੀ ਹੈ।

ਭਾਈ ਜੀ- ਧੰਨ ਗੁਰੂ ਹੈ.....ਮਿੱਤ੍ਰ ਜੀ! ਮੇਰਾ ਮਤਲਬ ਇਹ ਨਹੀਂ ਕਿ ਆਤਮ ਵਿਦਜਾ ਇਕ ਵਹਿਮ ਅਰ ਅਯੁਕਤ ਵਸਤੂ ਹੈ, ਪਰ ਕੇਵਲ ਇਹ ਕਿ ਇਸਦੀ ਸਮਝ ਸੁਰਤ ਦੇ ਉੱਚੇ ਉੱਚੇ ਹੁੰਦੇ ਜਾਣ ਨਾਲ ਦਰਜੇ ਦਰਜੇ ਤੇ ਜਾਕੇ ਪੈਂਦੀ ਹੈ। ਮੈਂ ਇਸ ਵੇਲੇ ਆਪ ਨੂੰ ਉਚਜਾਈ ਦੇ ਕੇਵਲ ਸਾਧਨ ਦੱਸ ਰਿਹਾ ਹਾਂ। ਜਿਸ ਤਰ੍ਹਾਂ ਆਖੀਏ ਭਈ ਗਿਲੋ ਰਗੜਕੇ ਪੀਤਿਆਂ ਤਪ ਨੂੰ ਆਰਾਮ ਆਉਂਦਾ ਹੈ, ਇਹ ਤਾਂ ਤਪ ਉਤਾਰਨ ਦਾ ਸਾਧਨ ਦੱਸਣਾ ਹੈ, ਪਰ ਕਿਉਂ ਗਿਲੋ ਤਾਪ ਨੂੰ ਉਤਾਰਦੀ ਹੈ, ਇਹ ਉਸਦੇ ਕਾਰਣ ਦੀ ਯੁਕਤੀ ਦੱਸਣੀ ਹੈ। ਮੈਂ ਕੇਵਲ ਪਹਿਲੀ ਗੱਲ ਬਿਨੈ ਕਰ ਰਿਹਾ ਹਾਂ, ਪਿਛਲੀ ਗਲ ਜਦ ਮਨ ਸ਼ੁੱਧ ਹੁੰਦਾ ਹੈ, ਏਕਾਗ੍ਰਤਾ ਆਉਂਦੀ ਹੈ, ਵਿਸਮਾਦ ਤੇ ਗੁਪਤ ਸੁੰਦਰਤਾ ਤੇ ਰਚਨਾ ਦਿੱਸਦੀ ਹੈ, ਤਦੋਂ ਸਾਰੇ ਕਾਰਨ ਆਤਮ ਸਾਧਨਾਂ ਦੇ ਕਿਸੇ ਸ਼ਕਲ ਵਿਚ ਪ੍ਰਤੱਖ ਹੋ ਜਾਂਦੇ

ਹਨ, ਪਰ ਇਹ ਦੂਰ ਦੀ ਗੱਲ ਹੈ। ਕਈ ਇਕ ਯੁਕਤੀਆਂ, ਜੋ ਮੇਰੇ ਵਿਚ ਕਹਿਣ ਦੀ ਸਮਰੱਥਾ ਸੀ, ਮੈਂ ਕਹੀਆਂ ਬੀ ਹਨ। ਪਰ ਇਸ ਵੇਲੇ ਜੋ ਵਾਰਤਾ ਚੱਲ ਰਹੀ ਹੈ ਏਥੇ 'ਕਰਨੀ' ਪਰਧਾਨ ਹੈ ਅਰ ਯੁਕਤੀ ਮਗਰੋਂ ਹੈ। ਅੰਦਰ ਸੱਚੀ ਮੁਚੀ ਦੀ ਠੰਢ ਸਾਧਨ ਕੀਤਿਆਂ ਪੈਂਦੀ ਹੈ, ਪਰ ਚਿੱਤ ਦੀ ਹਰਿਆਨੀ ਦੀ ਨਿਰੀ ਤਸੱਲੀ ਯੁਕਤੀ ਕਰਦੀ ਹੈ।

## ੫. ਸਤਿਸੰਗ

ਮੈਂ ਹੁਣ ਇਕ ਹੋਰ ਗੱਲ ਆਖਣੀ ਹੈ, ਉਹ ਸਤਿਸੰਗ ਦੀ ਹੈ। ਆਪ ਕੁਛ ਦਿਨ ਏਥੇ ਹੋ, ਸਤਿਗੁਰਾਂ ਦੇ ਆਇਆਂ ਕੁਛ ਦਿਨ ਰਹਿਕੇ ਆਪ ਦੇਸ ਜਾਓਗੇ, ਪਰ ਉਥੇ ਤੁਸੀਂ ਅਪਣੇ ਗੁਰੂ ਤੋਂ ਦੇਹ ਕਰਕੇ ਦੂਰ ਹੋਵੋਗੇ, ਇਸ ਲਈ ਸਤਿਸੰਗ ਵਿਚ ਆਪਣਾ ਨਿਵਾਸ ਰੱਖਣਾ। ਸਤਿਸੰਗ ਵਿਚ ਗੁਰੂ ਵੱਸਦਾ ਹੈ।

ਇਹ ਸਤਿਸੰਗ ਬੀ ਕਈ ਪ੍ਰਕਾਰ ਦਾ ਹੈ। ਇਕ ਤਾਂ (ਮੁੱਖ) ਸਤਿਸੰਗ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਚਰਨਾਂ ਕਵਲਾਂ ਦਾ ਹੈ। ਸਤਿਸੰਗ ਏਥੇ ਇਕ-ਬਚਨ ਹੈ: ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਸੰਗ! ਜੇ ਉਨ੍ਹਾਂ ਤੋਂ ਵਸੇਬਾ ਵਿੱਥ ਉਤੇ ਹੈ ਤਾਂ ਦੂਜਾ ਸਤਿਸੰਗ ਸ੍ਰੀ ਗੁਰੂ ਕੀ ਬਾਣੀ ਦੇ ਬੋਹਿਥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦਾ ਹੈ, ਇਸ ਤੋਂ ਤਿੰਨੇ ਕਾਲ ਲਾਭ ਹੀ ਲਾਭ ਹੈ **'ਇਹ ਬਾਣੀ ਮਹਾਂ ਪੁਰਖ ਕੀ ਨਿਜ ਘਰ ਵਾਸਾ ਹੋਇ'॥** {ਰਾਮ: ਵਾਰ ਦਖ: ਉਂ-੪੦} ਅਰ ਏਹ ਬੀ ਗੁਰੂ ਦਾ ਸਤਿਸੰਗ ਹੈ:- **'ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ॥'** {ਨਟ; ਮ: ੪, ਅਸਟ-੪} ਪੁਨਾ: **'ਪੋਥੀ ਪਰਮੇਸਰ ਕਾ ਥਾਨੁ॥'** {ਸਹਸ: ਸਲੋਕ ਮ: ੫, ਪੰਨਾ ੧੨੨੬} ਤੀਸਰਾ, ਕੋਈ ਐਸਾ ਗੁਰਮੁਖ ਨਾਮ ਦੇ ਰੰਗ ਰਤਾ ਹੋਵੇ, ਜਿਸਨੂੰ ਗੁਰੂ ਪਿਆਰ ਕਰਦਾ ਹੋਵੇ ਅਰ ਜਿਸਨੇ ਤੁਹਾਨੂੰ ਸੁਮੱਤੇ ਲਾਯਾ ਹੋਵੇ ਯਾ ਰੂਹਾਨੀ ਸਹਾਇਤਾ ਦੇਣੀ ਚਾਹੇ, ਉਸਦਾ ਸੰਗ ਸਤਿਸੰਗ ਹੈ। ਗੁਰੂ ਕੇ ਸਾਜੇ ਨਿਵਾਜੇ ਗੁਰਮੁਖ ਗੁਰਸਿਖ ਨੂੰ ਸਹਾਇਤਾ ਦੇਂਦੇ ਹਨ ਤੇ ਗੁਰਸਿੱਖ ਉਨ੍ਹਾਂ ਤੋਂ ਸਹਾਇਤਾ ਲੈਂਦੇ ਹਨ। ਸੰਤ, ਹਰਿਜਨ, ਬਖਸ਼ਸ਼ਾਂ ਵਾਲੇ ਯਾ ਗੁਰਮੁਖ ਉਨ੍ਹਾਂ ਨੂੰ ਕਹੀਦਾ ਹੈ ਜੋ ਆਪ ਜਪਦੇ ਤੇ ਹੋਰਨਾਂ ਨੂੰ ਜਪਾਉਂਦੇ ਹਨ। ਚੌਥੇ, ਗੁਰੂ ਕੇ ਪਿਆਰੇ ਸਿੱਖਾਂ ਦਾ ਸਤਿਸੰਗ, ਜੋ ਸੱਚੇ ਹਿੰਮਤੀ ਹੋਣ, ਕੁਸੰਗਾਂ ਤੋਂ ਛੁੱਟੇ ਹੋਏ ਸਤਿਸੰਗੀ (ਸੱਚ ਦੇ ਸੰਗੀ) ਹੋਣ, ਬਾਣੀ ਦੇ ਪ੍ਰੇਮੀ ਹੋਣ, ਨਾਮ ਦੇ ਸ਼ੌਕ ਵਾਲੇ ਹੋਣ। ਏਹ ਜਦ ਕੱਠੇ ਹੁੰਦੇ ਹਨ, ਵਾਹਿਗੁਰੂ ਜੀ ਦੀ ਮਹਿਮਾਂ, ਗੁਰੂ ਦੀ ਦਇਆ ਦਾ ਵਾਰਤਾਲਾਪ ਕਰਦੇ ਹਨ, ਮੁਰਾਦ ਹੈ ਕਿ

 www.sikhbookclub.com

ਅਪਨੇ ਜੇਹੇ ਅਭਜਾਸੀ ਭਲੇ ਪੁਰਖ ਯਾ ਪੁਰਖਾਂ ਦਾ ਸਤਿਸੰਗ ਇਹ ਬੀ ਸਾਧ ਸੰਗਤ ਯਾ ਸਤਿਸੰਗਤ ਹੈ। ਇਹ ਇਕ ਬਚਨ ਬੀ ਹੈ ਤੇ ਬਹੁ ਬਚਨ ਬੀ ਹੈ। ਪੰਜਵਾਂ ਸਤਿਸੰਗ ਇਹ ਹੈ ਕਿ ਕੋਈ ਸੱਚ ਦੇ ਢੂੰਡਾਊ, ਮਨ ਦੇ ਵਿਕਾਰਾਂ ਦੇ ਹੱਥੋਂ ਦੁਖੀ, ਤੁਹਾਡੇ ਪਾਸੋਂ ਗੁਰੂ ਪਰਮੇਸੁਰ ਦੇ ਪਿਆਰ ਦੇ ਯਾਚਕ ਹੁੰਦੇ ਹਨ, (ਸ਼ਰਤ ਇਹ ਹੈ ਕਿ ਤੁਸੀਂ ਉਨਮਨ ਹੋ ਗਏ ਹੋ) ਉਨ੍ਹਾਂ ਨਾਲ ਪਰਮਾਰਥ ਲਾਭ ਦੇ ਬਚਨ ਕਰਨੇ ਬੀ ਸਤਿਸੰਗ ਹਨ, ਕਿਉਂਕਿ ਐਦਾਂ ਉਨ੍ਹਾਂ ਨੂੰ ਲਾਭ ਹੁੰਦਾ ਹੈ ਤੇ ਪਰਮੇਸ਼ਰ ਦਾ ਪਿਆਰ ਉਨ੍ਹਾਂ ਵਿਚ ਵਧਦਾ ਹੈ। ਪਰੰਤੂ ਇਹ ਤਦ ਤਕ ਸਤਿਸੰਗ ਹੈ ਜਦ ਤਕ ਤੁਸੀਂ ਮਿਹਰ ਵਿਚ ਹੋ ਤੇ ਜਦ ਤਕ ਤੁਹਾਡੇ ਅੰਦਰ ਮਾਨ ਤੇ ਹੰਕਾਰ ਨਹੀਂ ਪੈਂਦਾ। ਤੁਸੀਂ ਗੁਰੂ ਕੀ ਸੇਵਾ ਜਾਣਕੇ ਗੁਰੂ ਦੇ ਪ੍ਰੇਮ ਵਿੱਚ ਉਨ੍ਹਾਂ ਨੂੰ ਗੁਰੂ ਦੇ ਭੇਜੇ ਹੋਏ ਪ੍ਰਾਹੁਣੇ ਜਾਣਕੇ ਗੁਰੂ ਕੇ ਹੁਕਮ ਵਿਚ ਆਤਮ ਭੋਜਨ ਨਾਲ ਉਨ੍ਹਾਂ ਦੀ ਪਾਲਨਾ ਕਰਦੇ ਹੋ। ਫਿਰ ਜਦ ਤਾਈਂ ਤੁਸੀਂ ਇਸ ਤੁਕ ਤੇ ਅਮਲ ਕਰਦੇ ਹੋ "**ਜੋ ਕੋਊ ਅਪੁਨੀ ਓਟ ਸਮਾਰੈ॥ ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ**"॥{ਧਨਾ: ਮ: ੫, ਪੰਨਾ ੬੭੯} ਤਦ ਤਾਈਂ ਬਚੇ ਰਹੋਗੇ, ਭਾਵ ਵਿੱਤ ਅਨੁਸਾਰ ਵਰਤੋ। ਪਰ ਜਦੋਂ ਨਿਜ ਨੂੰ ਹੰਕਾਰ ਨਾਲ ਅਫਾਰਾ ਚਾੜ੍ਹ ਲਓ ਤੇ ਉਨ੍ਹਾਂ ਨਾਲ ਨਫ਼ਰਤ ਵਰਤੋ ਅਥਵਾ ਉਨ੍ਹਾਂ ਨਾਲ ਨਿਰੀ 'ਤਾਮ ਪ੍ਰੀਤ' ਪਾ ਲਓ ਤੇ ਫੋਕਾ ਭਾਈਚਾਰਾ ਬਣਾ ਲਓ ਤਦੋਂ ਤੁਸੀਂ ਆਤਮ ਹਾਨੀ ਉਠਾਓਗੇ। ਇਹ ਵਿਉਂਤ ਮਾਨ ਵਡਾਈ ਦਾ ਅਫਾਰਾ ਚਾੜ੍ਹਕੇ ਚੰਗੇ ਚੰਗੇ ਸਾਧਕਾਂ ਨੂੰ ਡੇਗ ਦੇਂਦੀ ਹੈ। ਸਿੱਖ ਗੁਰਮੁਖ ਚਾਹੀਦਾ ਹੈ ਕਿ ਸੰਸਾਰ ਵਲੋਂ ਬੀਤਿਰਾਗ ਹੋਵੇ ਤੇ ਵਾਹਿਗੁਰੂ ਜੀ ਵਿਚ ਪੂਰਨ ਰਾਗ ਵਿਚ ਹੋਵੇ ਤੇ ਜੋ ਕੁਛ ਕਰੇ ਸੋ ਹੁਕਮ ਵਿਚ ਕਰੇ। ਹੁਕਮ ਹੈ :-

ਪਉੜੀ॥

"**ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ॥ ਸੋ ਸੇਵਕੁ ਸੇਵਾ ਕਰੇ ਜਿਸਨੋ ਹੁਕਮੁ ਮਨਾਇਸੀ॥ ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥ ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥ ਤਾ ਦਰਗਹ ਪੈਧਾ ਜਾਇਸੀ॥੧੫॥**"{ਵਾਰ ਆਸਾ ਮ: ੧}


www.sikhbookclub.com

ਸਭ ਤੋਂ ਅਖੀਰ ਮੈਂ ਅੱਜ ਇਹ ਗਲ ਕਹਿਣੀ ਹੈ ਕਿ ਅਪਣੇ ਮਨ ਦੀਆਂ ਚੋਰੀਆਂ ਤੋਂ ਗ਼ਾਫ਼ਲ ਨਹੀਂ ਹੋਣਾ, ਕਦੇ ਆਪਨੂੰ ਅਭੁੱਲ ਨਹੀਂ ਜਾਣਨਾ। ਗ਼ਲਤੀ ਹੋਵੇ ਤਾਂ ਪਛਤਾਉਣਾ ਤੇ ਬਖਸ਼ਵਾਉਣਾ। ਜੇ ਕੋਈ ਸੱਜਨ ਭੁੱਲ ਦੱਸੇ ਤਦ ਉਸ ਨਾਲ ਰੰਜ ਨਹੀਂ ਕਰਨਾ, ਪਰ ਸ਼ੁਕਰ ਮਨਾਉਣਾ। ਸੱਚ ਸੁਣਨ ਲਈ ਸਦਾ ਤਿਆਰ ਬਰਤਿਆਰ ਰਹਿਣਾ ਗੁਰਸਿੱਖੀ ਹੈ। ਹੁਣ ਅਸੀਂ ਇਹ ਗਲ ਸਮਾਪਤ ਕਰੀਏ।

ਸਿੰਧੀ- ਇਕ ਗਲ ਹੋਰ ਪੁੱਛਣੀ ਹੈ। ਤੁਸੀਂ ਬਾਣੀ ਦੇ ਪ੍ਰਕਾਰ ਵਿਚ ਦੱਸਿਆ ਤਾਂ ਹੈ, ਪਰ ਮੈਂ ਇਸ ਵਿਸ਼ੇ ਤੇ ਖਾਸ ਕੁਛ ਸਮਝਣਾ ਚਾਹੁੰਦਾ ਹਾਂ।

ਸਾਈਂ ਦਾਸ- ਪੁੱਛੋ।

ਸਿੰਧੀ- ਕੀਰਤਨ ਦਾ ਲਾਭ ਦੱਸੋ।

## ੬. ਕੀਰਤਨ

ਸਾਈਂ ਦਾਸ- ਗੁਰਬਾਣੀ ਦਾ ਸਾਰਾ ਹਾਲ ਮੈਂ ਦੱਸ ਆਇਆ ਹਾਂ। ੧. ਗੁਰਬਾਣੀ ਨੂੰ ਸੰਗੀਤ ਵਿਚ ਗਾਇਨ ਕਰਨਾ ਕੀਰਤਨ ਹੈ। ਸੰਗੀਤ ਨਾਲ ਮਨ ਨਰਮ ਹੋ ਜਾਂਦਾ ਹੈ, ਦ੍ਰਵਦਾ ਹੈ। ਨਿਜ ਘਰ ਜਾਣ ਲਈ ਮਨ ਦਾ ਦ੍ਰਵਣਾ ਜ਼ਰੂਰੀ ਹੈ।

"ਅਨਿਕ ਜਤਨ ਕਰਿ ਆਤਮ ਨਹੀਂ ਦ੍ਰਵੈ॥
ਹਰਿ ਦਰਗਹ ਕਹੁ ਕੈਸੇ ਗਵੈ॥" (ਸੁਖਮਨੀ)

ਪੁਨਾ-

"ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ
ਮਨੁ ਭੀਨਾ ਨਿਜ ਘਰਿ ਆਵੈਗੋ॥"

(ਕਾਨ: ਮ: ੪-ਅਸਟ-੧)

ਸੋ ਗੁਰਬਾਣੀ ਨਾਲ ਮਨ ਦ੍ਰਵਦਾ ਹੈ ਤੇ ਦ੍ਰਵਿਆ ਮਨ ਨਿਜ ਘਰ ਆਉਂਦਾ ਤੇ ਦਰਗਾਹੇ ਅੱਪੜਦਾ ਹੈ। ਕੀਰਤਨ ਵਿਚ ਪਾਕੇ ਗਾਵੀਂ ਬਾਣੀ ਨਾਲ ਮਨ ਬਹੁਤ ਦ੍ਰਵਦਾ ਹੈ, ਤੇ ਉਧਾਰ ਛੇਤੀ ਹੁੰਦਾ ਹੈ :-

"ਨਾਨਕੁ ਕਹੈ ਸੁਨਿ ਰੇ ਮਨਾ
ਕਰਿ ਕੀਰਤਨੁ ਹੋਇ ਉਧਾਰੁ॥੪॥੧॥੧੫੮"

(ਗਉ: ਮ: ੫)

ਪੁਨਾ-

"ਹਰਿ ਕੀਰਤਿ ਸਾਧ ਸੰਗਤਿ ਹੈ
ਸਿਰਿ ਕਰਮਨ ਕੈ ਕਰਮਾ॥"

{ਸੋਰਠ: ਮ: ੫, ਅਸਟ-੧}

ਕੀਰਤਨ ਵਿਚ ਕਈ ਗਲਾਂ ਲੋੜੀਦੀਆਂ ਹਨ। ਪਹਿਲੀ ਗਲ ਹੈ ਕੀਰਤਨ ਕਰਨ ਵਾਲੇ ਦਾ ਨਾਮ ਵਿਚ ਵਿਸ਼ਵਾਸ ਹੋਵੈ ਤੇ ਗੁਰੂ ਪਰਮੇਸ਼ਰ ਤੇ ਉਸਦਾ ਸਿਦਕ ਹੋਵੇ :-

ਜਥਾ-

"ਗਾਵਣਿ ਗਾਵਹਿ ਜਿਨ ਨਾਮ ਪਿਆਰੁ॥
ਸਾਚੀ ਬਾਣੀ ਸਬਦ ਬੀਚਾਰੁ॥"

{ਗਉ: ਮ: ੩, ਪੰਨਾ ੧੫੮}

ਪੁਨਾ-

"ਜਿਸਨੋ ਪਰਤੀਤਿ ਹੋਵੈ ਤਿਸਕਾ ਗਾਵਿਆ ਥਾਇ
ਪਵੈ ਸੋ ਪਾਵੈ ਦਰਗਹ ਮਾਨੁ॥" {ਸੂਹੀ: ਮ: ੪-੪}

੨. ਗਾਉਣ ਵਾਲਾ ਸਬਦ ਉਚਾਰ 'ਸਪਸ਼ਟ' ਤੇ 'ਸ਼ੁੱਧ' ਕਰੇ ਜੋ ਬਾਣੀ ਸਮਝ ਵਿਚ ਪਵੇ। ਰਾਗ ਦੀਆਂ ਤਾਨਾਂ ਦੀਆਂ ਲਪੇਟਾਂ, ਜੋੜੀ ਦੇ ਧੱਪੇ ਤੇ ਸਾਜ਼ਾਂ ਦੀ ਕੜਕੁੱਟ ਵਿਚ ਬਾਣੀ ਦਾ ਸਪਸ਼ਟ ਪਾਠ ਤੇ ਅਰਥ ਸਮਝੇ ਪੈਣੇ ਨਾ ਦੂਰ ਹੋ ਜਾਣ ਤੇ ਬਾਣੀ 'ਸ਼ੁੱਧ' ਗਾਵੀਂ ਜਾਵੇ।

੩. ਗਾਇਨ ਵਾਲੇ ਨੂੰ ਸੁਰ ਤਾਲ ਰਾਗ ਦੀ ਸੋਝੀ ਹੋਵੇ ਜੋ ਉਹ ਰਸ ਪੈਦਾ ਕਰ ਸਕੇ। ਜੈਸੇ ਭਾਵ ਦੀ ਬਾਣੀ ਗਾਵੇ ਉਸੇ ਤਾਸੀਰ ਵਾਲਾ ਰਾਗ ਚੁਣੇ, ਯਤਨ ਇਸ ਬਾਤ ਦਾ ਹੋਵੇ ਕਿ ਬਾਣੀ ਦੇ ਭਾਵ ਦੀ ਤਾਸੀਰ ਪੂਰੀ ਪੂਰੀ ਪਵੇ ਤੇ ਰਾਗ ਸ਼ੁੱਧ ਤੇ ਸੁੰਦਰ ਗਾਵਿਆ ਜਾਵੇ।

ਐਸਾ ਕੀਰਤਨ ਇਸ ਜੁਗ ਦੀ ਤਪੱਸਿਆ ਹੈ, ਇਸ ਨਾਲ ਅੰਦਰ ਦ੍ਰਵਦਾ ਹੈ, ਦ੍ਰਵਣ ਨਾਲ ਮੈਲ ਝੜਦੀ ਹੈ ਸਾਈਂ ਦਾ ਪ੍ਰੇਮ ਜਾਗਦਾ ਹੈ, ਜਗਤ ਵਿਚ ਝੂਠੀ ਫਸੌਤੀ, ਜੋ ਪਾਪਾਂ ਵਲ ਲਿਜਾਂਦੀ ਹੈ, ਦੂਰ ਹੁੰਦੀ ਹੈ ਤੇ ਨਾਮ-ਪ੍ਰਵੇਸ਼ ਦਾ ਅਵਸਰ ਬਣਦਾ ਹੈ। ਪੰਘਰੀ ਲਾਖ ਤੇ ਮੋਹਰ ਸੁਹਣੀ ਲਗਦੀ ਹੈ, ਪੰਘਰੇ ਮਨ ਵਿਚ ਨਾਮ ਚੰਗਾ ਬੈਠ ਜਾਂਦਾ ਹੈ। ਜਦੋਂ ਮਨ ਉਟਾਟਰਾ ਹੋ ਜਾਵੇ, ਮੈਲਾ ਹੋ

ਜਾਵੇ, ਅਰੁਚੀ ਆ ਜਾਵੇ ਕੀਰਤਨ ਸਭ ਤੋਂ ਚੰਗਾ ਦਾਰੂ ਉਸ ਵੇਲੇ ਦਾ ਬੀ ਹੈ। ਪੁਰਾਣੇ ਜੁਗਾਂ ਦੀ ਤਪਸਜਾ ਜਗਜਾਸੂ ਆਪ ਕਰਦਾ ਸੀ ਤੇ ਸਮਿਆਂ ਬਾਦ ਮਨ ਤੋਂ ਮੈਲ ਤ੍ਰੁੱਟਦੀ ਸੀ। ਕੀਰਤਨ ਦੀ ਤਪੱਸਜਾ ਦਾ ਇਹ ਵਾਧਾ ਹੈ ਕਿ ਜੇ ਆਪ ਨਾਂ ਕਰ ਸਕੇ ਤਾਂ ਦੂਸਰੇ ਦੇ ਕੀਤੇ ਦਾ ਸੁਣਕੇ ਹੀ ਲਾਭ ਪ੍ਰਾਪਤ ਹੋ ਜਾਂਦਾ ਹੈ ਸਗੋਂ **'ਸੁਣਤੇ ਪੁਨੀਤ ਕਹਤੇ ਪਵਿਤ'** {ਸੁਖਮਨੀ} ਦਾ ਵਾਕ ਲਿਖਿਆ ਹੈ* ਮਨ ਉਤੇ ਜੋ ਪ੍ਰਭਾਵ ਵਾਹਿਗੁਰੂ-ਪ੍ਰੇਮ ਦੇ ਕੀਰਤਨ ਦਾ ਪੈਂਦਾ ਹੈ ਓਹ ਨਾਮ ਜਪਦਿਆਂ ਮਨ ਨੂੰ ਵਿਗਾਸ ਵਿਚ ਰੱਖਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮੇਸ਼ਰ ਦੇ ਪਿਆਰੇ ਦੇ ਮਨ ਦੀ ਅਵਸਥਾ ਖੇੜੇ ਵਾਲੀ ਯਾ ਵਿਗਾਸ ਵਾਲੀ ਦੱਸੀ ਹੈ। **'ਨਾਨਕ ਭਗਤਾ ਸਦਾ ਵਿਗਾਸ'**। {ਜਪੁਜੀ} ਸੋ ਮਨ ਦੀ ਦਸ਼ਾ ਨੂੰ ਸੰਸਾਰਕ ਦੁੱਖਾਂ ਸੁਖਾਂ ਦੇ ਅਸਰਾਂ ਤੋਂ ਉੱਚਾ ਕਰਨ ਵਾਲੀ ਸਤਜਾ ਤੇ ਵਿਗਾਸ ਵਿਚ ਲੈ ਜਾਣ ਵਾਲੀ ਤਾਸੀਰ ਕੀਰਤਨ ਵਿਚ ਹੈ। ਜੋ ਨਾਮ ਸਿਮਰਦੇ ਹਨ ਕੀਰਤਨ ਦੀ ਤਾਸੀਰ ਨਾਲ ਉਨ੍ਹਾਂ ਦਾ ਵਿਗਾਸ ਵਧਦਾ ਹੈ।

**"ਅਨਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ॥੧॥ਰਹਾਉ॥**
**ਕਥਾ ਕੀਰਤਨੁ ਰਾਗ ਨਾਦ ਧੁਨਿ ਇਹ ਬਨਿਓ ਸੁਆਉ॥"**

{ਬਿਲਾ: ਮ: ੫, ਪੰਨਾ ੮੧੮}

ਇਸੇ ਕਰਕੇ ਸਤਿਗੁਰ ਦੇ ਘਰ ਆਸਾ ਦੀ ਵਾਰ ਦਾ ਕੀਰਤਨ ਅੰਮ੍ਰਿਤ ਵੇਲੇ ਹੁੰਦਾ ਹੈ, ਜਿਸਦੇ ਸੁਣਨ ਨਾਲ ਝੂਠ ਤੇ ਮਕਰ ਤੋਂ ਸੂਗ ਹੁੰਦੀ ਹੈ, ਪਾਪ ਵਲੋਂ ਮਨ ਮੁੜਦਾ ਹੈ, ਨੇਕ ਕੰਮ ਲਈ ਉੱਦਮ ਉਪਜਦਾ ਹੈ, ਬਾਣੀ ਦਾ ਪ੍ਰੇਮ ਪੈਂਦਾ ਹੈ, ਨਾਮ ਵਿਚ ਦ੍ਰਿੜ੍ਹਤਾ ਬੱਝਦੀ ਹੈ ਤੇ ਜੀਵਨ ਸਚਿਆਰ ਹੋ ਜਾਂਦਾ ਹੈ। ਤਾਹੀਏਂ ਸਤਿਗੁਰ ਨੇ ਫੁਰਮਾਯਾ ਹੈ।

**"ਕੀਰਤਨ ਨਿਰਮੋਲਕ ਹੀਰਾ॥"** {ਰਾਮ: ਮ:੫}

## ੭. ਕਥਾ

ਇਸੇ ਤਰ੍ਹਾਂ ਸੱਜਣ ਜੀ, ਬਾਣੀ ਦਾ ਇਕ ਹੋਰ ਵਰਤਾਉ ਹੈ, ਜਿਸਨੂੰ ਕਥਾ ਆਖਦੇ ਹਨ। ਇਸ ਨਾਲ ਬਾਣੀ ਦੇ ਅਰਥ ਭਾਵ ਦੀ ਸਮਝ ਵਧਦੀ ਹੈ, ਪਰਮਾਰਥਕ ਵਿਦਜਾ ਦੇ ਭੇਤ ਖੁੱਲ੍ਹਦੇ ਹਨ। ਵਾਹਿਗੁਰੂ ਦੇ ਗਜਾਨ ਅਰ

* ਤ੍ਰੈ ਗੁਣਾਂ ਪਵਿਤ੍ਰ ਜੋ ਸ਼ੈ ਹੋਵੇ ਸਿਆਣੇ ਉਸਨੂੰ ਪੁਨੀਤ ਕਹਿੰਦੇ ਸੁਣੀਦੇ ਹਨ।


www.sikhbookclub.com

ਭਗਤੀ ਦੀ ਸੋਝੀ ਪੈਂਦੀ ਹੈ ਅਤੇ ਵਾਹਿਗੁਰੂ ਜੀ ਵਲ ਰੁਚੀ ਤੇ ਰੁਖ ਵਧੇਰੇ ਝੁਕਾਉ ਖਾਂਦਾ ਹੈ।

{ਅਰਥਾਤ-ਬਾਣੀ ਦੀ ਸਮਝ, ਸਿਖਯਾ ਦੇ ਵੇਰਵੇ ਤੇ ਦਾਰਸ਼ਨਿਕ ਹਿੱਸਾ ਤਾਂ ਕਥਾ ਵਿਚ ਖੁੱਲ੍ਹਦਾ ਹੈ ਤੇ ਚਿੱਤ ਦੀ ਸਫ਼ਾਈ ਤੇ ਏਕਾਗ੍ਰਤਾ ਕੀਰਤਨ ਨਾਲ ਆਉਂਦੀ ਹੈ ਅਰ ਕੇਡੀ ਸੁਖੈਨ ਆਉਂਦੀ ਹੈ। ਫਿਰ ਜੋ ਗਲ ਭਾਈ ਸਾਈਂ ਦਾਸ ਨੇ ਦੱਸੀ ਹੈ ਕੇਡੀ ਅਮੋਲਕ ਹੈ ਕਿ ਬਾਣੀ ਇਕ ਤਪ ਹੈ ਜਿਸਦਾ ਲਾਭ ਕਰੇ ਕੋਈ ਤੇ ਪਹੁੰਚ ਕਿਸੇ ਹੋਰਸ ਨੂੰ ਬੀ ਸਕਦਾ ਹੈ। ਇਕ ਹੋਰ ਗਲ ਬੀ ਵਾਧੇ ਦੀ ਹੈ ਕਿ ਉਨ੍ਹਾਂ ਤਪਾਂ ਵਿਚ ਖੇਚਲ ਤੇ ਖੇਦ ਹਨ ਤੇ ਇਸ ਤਪ ਵਿਚ ਸੁਆਦ ਹੀ ਸੁਆਦ ਹੈ। ਤਪ ਨਹੀਂ, ਇਹ ਤਾਂ ਰਸ ਦਾ ਪੀਣਾ ਹੈ। ਜਿਉਂ ਜਿਉਂ ਬਾਣੀ ਪੜ੍ਹੋ ਵੀਚਾਰੋ ਤੇ ਕੀਰਤਨ ਵਿਚ ਸੁਣੋਗੇ ਤਿਉਂ ਤਿਉਂ ਸੁਖ ਮਾਣੋਗੇ।}

## (੧੪) ਬੰਦੀ ਛੋੜ ਦਾਤੇ ਦਾ ਰਾਮਦਾਸਪੁਰੇ ਜਾਣਾ।

ਅੰਮ੍ਰਿਤਸਰ ਅਜ ਤਾਂ ਇੱਕ ਘੁੱਘ ਵੱਸਦਾ ਭਾਰਾ ਸ਼ਹਿਰ ਹੈ, ਪਰ ਕਦੇ ਇਹ ਇੱਕ ਚੱਕ ਹੁੰਦਾ ਸੀ। ਜਿਸ ਸਮੇਂ ਦਾ ਅਸੀਂ ਹਾਲ ਲਿਖ ਰਹੇ ਹਾਂ ਉਸ ਤੋਂ ਪਹਿਲੇ ਇਸਨੂੰ "**ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥**" {ਛੁਨਹੇ: ਮ: ੫-੧੦} ਦਾ ਵਰ ਮਿਲ ਚੁਕਾ ਸੀ ਅਰ ਇਹ ਚੱਕ ਤੋਂ ਇਕ ਛੋਟੀ ਨਗਰੀ ਬਣ ਚੁਕੀ ਸੀ। ਵਪਾਰ ਦੀ ਇਥੇ ਰੌਣਕ ਹੋ ਗਈ ਸੀ। ਕਿਰਤ ਕਾਰ ਵੀ ਮਿਲਦਾ ਸੀ ਅਤੇ ਦੂਰ ਦੂਰ ਤੋਂ ਆਇਆਂ ਨੂੰ ਰੁਜ਼ਗਾਰ ਬੀ ਲੱਭਦਾ ਸੀ। ਵੱਸੋਂ ਜਿੰਨੀ ਕੁ ਸੀ ਰੌਣਕ ਵਾਲੀ ਸੀ। ਇਕ ਗੱਲ ਓਦੋਂ ਸੀ, ਜੋ ਅੱਜ ਘੱਟ ਹੈ, ਕਿ ਹਰੇਕ ਵਾਸੀ ਨੂੰ ਵੱਸਣ ਦੀ ਜਾਚ ਸੀ। ਉਹ ਜਾਚ ਕੀਹ ਹੁੰਦੀ ਸੀ? ਹਰੇਕ ਨੂੰ ਅਪਣੇ ਪਿਆਰੇ ਪਿਤਾ ਦੀ ਵੰਸ਼ ਜਾਣਕੇ ਪਿਆਰ ਕਰਨਾ। ਅਪਣੇ ਹੱਕ ਲਈ ਤਾਂ ਸਭ ਕੋਈ ਜ਼ੋਰ ਮਾਰਦਾ ਹੈ, ਪਰ ਦੂਸਰੇ ਦੇ ਹੱਕ ਦੀ ਪਰਵਾਹ ਕਰਨੀ ਕਿਸੇ ਵਿਚ ਹੀ ਹੁੰਦੀ ਹੈ ਅਰ ਉਹ "ਕਿਸੇ" ਕੌਣ ਹੁੰਦੇ ਹਨ? ਓਹ ਜਿਨ੍ਹਾਂ ਨੂੰ ਪਰਮੇਸ਼ਰ ਦਾ ਪਿਆਰ ਹੁੰਦਾ ਹੈ ਤੇ ਜੋ ਸੰਸਾਰ ਵਿੱਚ ਜਨਮ ਲੈਕੇ ਮਨੁੱਖ ਵਾਙੂ ਜ਼ੀਉਣਾ, ਮਨੁੱਖਤਾਈ ਨੂੰ ਸਮਝਣਾ ਤੇ ਪੂਰਨ ਮਨੁੱਖ ਬਣਕੇ ਪਰਮੇਸ਼ਰ ਦੀ ਪੂਰਨਤਾਈ ਵਿਚ ਜਾਣ ਦਾ ਚਾਉ ਰੱਖਦੇ ਹਨ। ਓਹ ਹਰ ਹਿਰਦੇ ਨੂੰ ਆਪਣੇ


www.sikhbookclub.com

ਵਰਗਾ ਜਾਣਦੇ ਹਨ। ਜਿਕੂੰ ਆਪਣੇ ਹਿਰਦੇ ਨੂੰ ਸੱਟ ਲਗਣੀ ਬੁਰੀ ਜਾਣਦੇ ਹਨ ਉੱਕਰ ਕਿਸੇ ਦੇ ਹਿਰਦੇ ਨੂੰ ਸੱਟ ਲਾਉਣੀ ਬੁਰੀ ਜਾਣਦੇ ਹਨ। ਜਿਸ ਤਰ੍ਹਾਂ ਅਪਨੇ ਹਿਰਦੇ ਲਈ ਸੁਖ ਦੇ ਚਾਹਵਾਨ ਹੁੰਦੇ ਹਨ ਇਸੇ ਤਰ੍ਹਾਂ ਦੂਜਿਆਂ ਹਿਰਦਿਆਂ ਨੂੰ ਸੁਖ ਦੇਣ ਦੇਂ ਵੀ ਚਾਹਵਾਨ ਹੁੰਦੇ ਹਨ। ਉਹ ਜੀਉਣਾ ਇਸ ਤਰ੍ਹਾਂ ਦੇ ਭਲੇ ਜੀਵਨ ਨੂੰ ਸਮਝਦੇ ਹਨ।

ਉਸ ਛੋਟੀ ਨਗਰੀ ਅੰਮ੍ਰਿਤਸਰ ਵਿਚ ਤਦੋਂ ਇਹ ਗੱਲ ਅੱਜ ਨਾਲੋਂ ਬਹੁਤ ਵਧੀਕ ਸੀ। ਅੱਜ ਇਹ ਗਲ ਘਟ ਰਹੀ ਹੈ। ਆਮ ਕਰਨੀ ਪੱਛਮੀ ਰੀਸਾਂ ਕਰਕੇ 'ਲਉ ਲਈ ਤ੍ਰਿਸਨਾ'* ਦੀ ਵਧਦੀ ਜਾ ਰਹੀ ਹੈ। ਜੋ ਲੋਕ ਇਸ ਭਲੇ ਜੀਵਨ ਨੂੰ ਚੰਗਾ ਜਾਣਦੇ ਹਨ ਪਰ ਆਪ ਤੁਰ ਨਹੀਂ ਸਕਦੇ ਉਹ ਤਾਂ ਇਸ ਜੀਵਨ ਵਾਲਿਆਂ ਨੂੰ ਭਲੇ ਪੁਰਖ ਕਹਿੰਦੇ ਹਨ, ਪਰ ਜੋ ਸੁਆਰਥ ਨੇ ਅੰਨ੍ਹੇ ਬੋਲੇ ਕਰ ਦਿੱਤੇ ਹਨ, ਮਾਇਆ ਤੇ ਮਾਦਾ ਪ੍ਰਸਤ ਹੋ ਰਹੇ ਹਨ, ਉਹ ਐਸੇ ਲੋਕਾਂ ਨੂੰ ਮੂਰਖ ਕਹਿੰਦੇ ਹਨ। ਉਹਨਾਂ ਦੀ ਆਪਣੀ ਸਿਆਣਪ ਇਸ ਗਲ ਵਿਚ ਹੈ ਕਿ ਨਿਜ ਦਾ ਲਾਹਾ ਕੱਢੋ, ਚਾਹੇ ਜਿਕੂੰ ਨਿਕਲੇ, ਸੁਖ ਲਓ ਜਿਕੂੰ ਮਿਲੇ। ਗਲ ਕੀਹ, ਸੁਆਰਥ ਮੁੱਖ ਰੱਖੋ, ਚਾਹੇ ਹੋਰਨਾਂ ਨਾਲ ਕੁਝ ਪਈ ਵਰਤੇ। ਉਨ੍ਹਾਂ ਦਾ ਅੰਤ ਇਹ ਹੁੰਦਾ ਹੈ ਕਿ ਇੱਥੋਂ ਦੇ ਲਾਭ ਹਸਰਤ ਭਰੇ ਦਿਲ ਨਾਲ ਇੱਥੇ ਛਡਦੇ ਹਨ, ਨਾਲ ਲਿਜਾਵਣ ਦੀ ਵਾਹ ਨਹੀਂ ਲੱਗਦੀ ਤੇ ਆਪ ਏਥੇ 'ਹੋਰ ਰਹਿਣਾ' ਉਨ੍ਹਾਂ ਦੇ ਵੱਸ ਤੋਂ ਬਾਹਰ ਹੋ ਜਾਂਦਾ ਹੈ। ਇਸ ਤਰ੍ਹਾਂ ਅੰਤ ਵੇਲੇ ਹਸਰਤਾਂ ਦੇ ਭਾਰ ਹੇਠ ਦਬੇ ਹੋਏ ਜਾਂਦੇ ਹਨ;- ਸ਼ੋਕ ਕਿ ਨਾਲ ਜਾਣ ਵਾਲਾ ਵੱਖਰ 'ਨਾਮ ਦੀ ਭਲਿਆਈ ਨਾਲ ਜੀਉਣਾ' ਲਦ ਨਾ ਸਕੇ।

ਸਮੇਂ ਦੇ ਫੇਰ ਨੇ ਸਾਡੇ ਵਿਚ ਐਸੇ ਜੀਵਨ, ਜੋ ਸਤਿਗੁਰਾਂ ਨੇ ਪੈਦਾ ਕੀਤੇ ਸੇ, ਘਟਾ ਦਿੱਤੇ ਹਨ। ਅੱਜ ਸਿੱਟਾ ਕੀ ਨਿਕਲ ਰਿਹਾ ਹੈ ਕਿ ਸਭ ਕੋਈ ਆਖਦਾ ਹੈ:- ਸਿਖ ਗਿਰ ਰਹੇ ਹਨ। ਗਿਰਨਾ ਇਹੋ ਹੈ ਕਿ ਉਚੇ ਭਾਵਾਂ ਵਾਲਿਆਂ ਦੀ ਗਿਣਤੀ ਥੱਲੇ ਜਾ ਲਗੀ ਹੈ ਤੇ ਹਰ ਦਿਨ ਘਟ ਰਹੀ ਹੈ।

ਹਾਂ ਅੱਜ ਅਸੀਂ ਇਸ ਥਾਉਂ (ਅੰਮ੍ਰਿਤਸਰ ਦੇ ਸਾਫ਼ ਦਿਲ ਲੋਕਾਂ ਵਿੱਚ) ਇਕ ਅਚਰਜ ਖੁਸ਼ੀ ਦੇਖ ਰਹੇ ਹਾਂ। ਗ਼ਰੀਬ ਪਰ ਖੁਸ਼ ਦਿਲ ਮਾਲਣਾਂ ਫੁਲਾਂ

* ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ॥
ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸੁ ਸੂਕਰਹ॥ (ਸ: ਸਹ: ੬੬)

ਦੀਆਂ ਟੋਕਰੀਆਂ ਗਲੀ ਗਲੀ ਲਈ ਫਿਰ ਰਹੀਆਂ ਹਨ। ਖਿੜੇ ਮੱਥੇ ਵਾਲੀਆਂ ਅੰਦਰੋਂ ਬਾਹਰੋਂ ਸੁਥਰੀਆਂ ਤੇ ਸੁਥਰੇ ਘਰਾਂ ਵਾਲੀਆਂ ਦਾਣੇ ਦੇ ਦੇਕੇ ਫੁੱਲ ਲੈ ਰਹੀਆਂ ਹਨ। ਕੋਈ ਸਿਹਰੇ ਤੇ ਮਾਲਾ ਗੁੰਦ ਰਹੀ ਹੈ, ਕੋਈ ਸਰੀਆਂ ਪ੍ਰੋ ਰਹੀ ਹੈ, ਕੋਈ ਡੰਡੀਆਂ ਤੋੜਕੇ ਨਿਰੀ ਪੰਖੜੀਆਂ ਦੀ ਝੋਲੀ ਭਰ ਰਹੀ ਹੈ! ਮਨੁਖਾਂ ਵਲ ਦੇਖੋ ਅਪਣੀਆਂ ਹੱਟਾਂ ਨੂੰ ਸਜਾ ਰਹੇ ਹਨ, ਬਜ਼ਾਰ ਵਿਚ ਛਿਣਕਾਓ ਹੋ ਰਹੇ ਹਨ। ਖੁਸ਼ੀ ਦੇ ਭਰੇ ਐਧਰ ਓਧਰ ਦੌੜੇ ਫਿਰਦੇ ਹਨ। ਲਾਗਲੇ ਪਿੰਡਾਂ ਤੋਂ ਬੀ ਲੋਕੀਂ ਚਾਉ ਭਰੇ ਨਗਰੀ ਵਿਚ ਆ ਰਹੇ ਹਨ।

ਸ੍ਰੀ ਹਰਿਮੰਦਰ ਜੀ ਵਿੱਚ ਬੀ ਬੜੀ ਰੌਣਕ ਹੈ, ਮੇਲੇ ਦੀ ਨਹੀਂ, ਪਰ ਸੰਗਤਾਂ ਦੀ, ਜੋ ਕੀਰਤਨ ਤੇ ਸ਼ਬਦਾਂ ਦੇ ਉਚਾਰ ਵਿਚ ਮਗਨ ਹਨ। ਅੱਜ ਕੀ ਹੈ? ਕੋਈ ਰਾਜਾ ਆ ਰਿਹਾ ਹੈ? ਨਹੀਂ ਨਹੀਂ, ਤ੍ਰਿਲੋਕੀ ਦੇ ਨਾਥ ਆ ਰਹੇ ਹਨ। ਕੈਦ ਖਾਨੇ ਰਚਕੇ ਸਿਪਾਹੀਆਂ ਦੇ ਦਾਬੇ ਨਾਲ ਲੋਕਾਂ ਨੂੰ ਬੰਦੀ ਵਿਚ ਪਾਉਣ ਵਾਲੇ ਜ਼ੋਰ ਧੱਕੇ ਨਾਲ ਬਣੇ ਨਾਥ ਆ ਰਹੇ ਹਨ? ਨਹੀਂ, ਬੰਦੀ ਛੋੜ ਨਾਥ ਆ ਰਹੇ ਹਨ। ਕੈਦਖਾਨਿਆਂ ਵਿਚੋਂ ਕੱਢਣ ਵਾਲੇ, ਪ੍ਰੇਮ ਦਾ ਰਾਜ ਫੈਲਾਉਣ ਵਾਲੇ, ਲੋਕਾਂ ਦੀ ਹੁੱਬ ਨਾਲ ਪਜਾਰੇ ਗਏ, ਅਨਾਥਾਂ ਦੀ ਪ੍ਰਤਿਪਾਲਾ ਕਰਨ ਵਾਲੇ ਨਾਥ ਆ ਰਹੇ ਹਨ। ਓਹ ਪਾਤਸ਼ਾਹ ਆ ਰਹੇ ਹਨ, ਜੋ ਡਰ ਨਾਲ ਦਿਲਾਂ ਨੂੰ ਤੰਗ ਕਰਕੇ ਰਾਜ ਨਹੀਂ ਕਰਦੇ, ਪਰ ਜੋ ਅਭੈ ਦਾਨ ਕਰਕੇ ਦਿਲਾਂ ਨੂੰ ਖੁੱਲ੍ਹਾ ਤੇ ਉੱਚਾ ਕਰਕੇ ਦਿਲ-ਤਖ਼ਤਿਆਂ ਉਤੇ ਪਿਆਰ ਨਾਲ ਬਿਠਾਏ ਜਾਂਦੇ ਹਨ। ਜੋ ਪਾਤਸ਼ਾਹ ਨਹੀਂ ਪਰ, ਸੱਚੇ ਪਾਤਸ਼ਾਹ ਕਹਾਉਂਦੇ ਹਨ। ਇਨ੍ਹਾਂ ਨੂੰ ਲੋਕ ਇਸ ਭਰਮ ਵਿਚ ਵੱਡਾ ਨਹੀਂ ਆਖਦੇ ਕਿ ਮਤਾਂ ਖੁਸ਼ ਹੋਕੇ ਸਾਨੂੰ ਅਪਨੇ ਨਾਲ ਜ਼ੋਰ ਜ਼ੁਲਮ ਦੀ ਵਡਿਆਈ ਦਾ ਹਿੱਸੇਦਾਰ ਬਣਾਕੇ ਵਡਿਆ ਦੇਣਗੇ, ਪਰ ਇਸ ਸੁਆਦ ਵਿਚ ਵੱਡਾ ਆਖਦੇ ਹਨ ਕਿ ਇਸ ਵੱਡੇ ਨੇ ਸਾਡੇ ਦਿਲ ਵੱਡੇ ਕਰ ਦਿੱਤੇ ਹਨ। ਹਾਂ ਉਹ ਖੜਗ ਬੀ ਧਾਰਦਾ ਹੈ, ਤ੍ਰਾਸ ਦੇਣ ਲਈ ਨਹੀਂ, ਪਰ ਤ੍ਰਾਸ ਨਾਲ ਦਬੇ ਹੋਇਆਂ ਨੂੰ ਤ੍ਰਾਸ ਦਾਤਿਆਂ ਤੋਂ ਤ੍ਰਾਸ ਰਹਿਤ ਕਰਨੇ ਲਈ। ਜੋ ਪ੍ਰੇਮ ਨਾਲ ਫਤਹਿ ਪਾਉਂਦਾ ਤੇ ਪ੍ਰੇਮ ਨਾਲ ਵਧਾਉਂਦਾ ਹੈ, ਪ੍ਰੇਮ ਦਾ ਹਾਲਾ ਲੈਂਦਾ, ਪ੍ਰੇਮ ਦੀਆਂ ਨਹਿਰਾਂ ਚਲਾਉਂਦਾ ਹੈ, ਜੋ ਪ੍ਰੇਮ ਤਲਬਾਂ ਦੇਂਦਾ ਹੈ ਤੇ ਪ੍ਰੇਮ ਜਗੀਰਾਂ ਬਖਸ਼ਦਾ ਹੈ, ਓਹ ਕੇਡਾ ਕੁ ਵਡਾ ਆਪ ਹੈ? ਹਾਂ, ਤਲਵਾਰ ਜਿੱਥੇ ਪ੍ਰੇਮ ਨੂੰ ਕਤਲ ਕਰਕੇ ਕੂਲਕੂਲਾਂ ਹੋਕੇ ਨਹੀਂ ਲਟਕਦੀ, ਪਰ ਪ੍ਰੇਮ ਦੇ ਬਾਗ ਦੀ

ਰਖਿਆ ਕਰਨ ਵਾਲੀ ਵਾੜ ਬਣਕੇ ਖੜੋਂਦੀ ਹੈ। ਜਿੱਥੇ ਤਲਵਾਰ ਦੀ ਤਹਿ ਵਿਚ ਲਾਲਚ ਤੇ ਕ੍ਰੋਧ ਨਹੀਂ ਪਰ ਦਇਆ ਤੇ ਉਤਸ਼ਾਹ ਹੈ। ਇਹ ਤਲਵਾਰ ਅਰੋਗਾਂ ਨੂੰ ਰੋਗ ਹੋਕੇ ਨਹੀਂ ਚੰਬੜਦੀ ਪਰ 'ਨਮੋ ਰੋਗ ਰੋਗੇ'* ਦੇ ਅਸੂਲ ਵਾਂਙੂ ਰੋਗ ਨੂੰ ਰੋਗ ਰੂਪ ਹੋ ਰਹੀ ਹੈ। ਏਹ ਤਲਵਾਰ ਅਮਨ ਲਈ ਜ਼ੁਲਮ ਦਾ ਰੂਪ ਨਹੀਂ ਧਾਰ ਰਹੀ ਪਰ ਜ਼ੁਲਮ ਦੂਰ ਕਰਨ ਲਈ ਅਮਨ ਦਾ ਰੂਪ ਧਾਰਦੀ ਹੈ। ਇਹ ਤਲਵਾਰ ਭਿਆਨਕ ਰਸ ਦਾ ਉਦੀਪਨ ਕਰਨ ਵਾਲੀ ਨਹੀਂ ਹੈ, ਪਰ ਬੀਰ ਰਸ ਦਾ ਅਲੰਬਨ ਹੈ। ਇਹ ਤਲਵਾਰ ਵੈਰ ਭਾਵ ਨਾਲ ਭਰਾ ਨੂੰ ਵੈਰੀ ਜਾਣਕੇ ਗਰਦਨ ਤੋੜਨ ਵਾਲੀ ਨਹੀਂ ਪਰ (ਭਰਾਵਾਂ ਨੂੰ ਵੈਰੀ ਜਾਣਕੇ) ਗਰਦਨ ਤੋੜਨ ਵਾਲਿਆਂ ਦੀ ਤਲਵਾਰ ਦੇ ਅੱਗੇ ਸੱਚੀ ਢਾਲ ਹੈ। ਹਾਂ! ਤਲਵਾਰ ਦਾ ਧਾਰਨਾ ਤੇ ਇਸਨੂੰ ਦਾਰੂ ਰੂਪ ਰੱਖਣਾਂ ਦਾਨੇ ਹੀ ਵੈਦ ਦਾ ਕੰਮ ਹੈ। ਅਲ੍ਹੜਾਂ ਦੇ ਹੱਥ ਆਈ ਇਹ ਆਪਣੇ ਹੀ ਪੜਛੇ ਲਾਹੁੰਦੀ ਹੈ। ਇਸ ਖੜਗ ਦਾ ਧਾਰਨ ਵਾਲਾ ਸੰਸਾਰ ਨੂੰ ਉਸ ਚੋਟੀ ਤੇ ਲਿਜਾਇਆ ਚਾਹੁੰਦਾ ਹੈ ਜਿੱਥੇ ਜਾਕੇ ਤਲਵਾਰਾਂ ਦੀ ਲੋੜ ਨਹੀਂ ਰਹਿੰਦੀ, ਪਰ ਸੰਸਾਰ ਦੀ ਮੂਰਖਤਾ ਨੇ ਵਿਚਲੀ ਘਾਟੀ ਜ਼ੁਲਮਾਂ ਦੀਆਂ ਤਲਵਾਰਾਂ ਨਾਲ ਐਸੀ ਭਰ ਦਿੱਤੀ ਹੈ ਕਿ ਦਾਨਾਂ ਖੜਗ ਧਾਰੀ (ਹੀਰੇ ਨਾਲ ਹੀਰਾ ਵਿੰਨ੍ਹਣ ਵਾਲੀ ਹਿਕਮਤ ਕਰਕੇ) ਸੰਸਾਰ ਨੂੰ ਤਲਵਾਰ ਦੇ ਹੀ ਆਸਰੇ ਉਸ ਭਿਆਨਕ ਘਾਟੀ ਤੋਂ ਕੱਢਕੇ ਉਥੇ ਲਿਜਾ ਰਿਹਾ ਹੈ ਅਰ ਲੈ ਗਿਆ ਹੈ। ਇਸ ਦਾਨਾ ਹਕੀਮ ਦੀ ਕਮਰ ਨਾਲ ਲਟਕਦੀ ਉਹ ਤਲਵਾਰ ਨਹੀਂ ਦੱਸਦੀ ਕਿ ਅਸੀਂ ਜ਼ੁਲਮ ਕਰ ਸਕਦੇ ਹਾਂ, ਪਰ ਇਹ ਦੱਸਦੀ ਹੈ ਕਿ ਅਸੀਂ (ਜ਼ੁਲਮ ਦੀ ਤਲਵਾਰ ਅੱਗੇ ਨਿਤਾਣੇ ਹੋ ਗਏ) ਦਰਦਮੰਦਾਂ ਦੇ ਦੁਆਲੇ ਇਸ ਤਲਵਾਰ ਨਾਲ ਬੀਰਤਾ ਦੀ ਕਾਰ ਕੱਢ ਸਕਦੇ ਹਾਂ। ਧੰਨ ਹਨ ਓਹ ਜੋ ਇਸ ਦੁਰਗਾ ਦਾ ਇਹ ਯੋਗ ਵਰਤਾਉ ਕਰਦੇ ਹਨ, ਪਰ ਜੋ ਇਸਦਾ ਅਯੋਗ ਵਰਤਾਉ ਕਰਦੇ ਹਨ, ਉਨ੍ਹਾਂ ਲਈ ਸ਼ੋਕ ਹੈ।

ਪਿਆਰਿਓ! ਅੱਜ ਪ੍ਰੇਮ ਦੇ ਪੁਤਲੇ, ਜਿਨ੍ਹਾਂ ਨੇ ਜ਼ੁਲਮ ਦੀ ਬਰਖਾ ਲਈ ਭਿਜਦਿਆਂ ਉੱਤੇ ਛਤਰੀ ਤਾਣੀ ਸੀ, ਰਾਮਦਾਸ ਪੁਰ (ਅੰਮ੍ਰਿਤਸਰ) ਆ ਰਹੇ ਹਨ। ਗਵਾਲੀਅਰ ਦੇ ਕਿਲੇ ਵਿਚੋਂ ਉਮਰਾਂ ਦੇ ਬਵੰਜਾ ਕੈਦੀ ਛੁਡਾ ਆਏ ਹਨ। ਗਵਾਲੀਅਰ ਦੇ ਕਿਲੇ ਤੋਂ ਹੀ ਨਹੀਂ, ਸਗੋਂ ਉਨ੍ਹਾਂ ਨੂੰ ਮੂਰਖਤਾ ਦੇ ਕਿਲ੍ਹੇ

* ਰੋਗ ਨੂੰ ਜੋ ਸ਼ੈ ਰੋਗ ਹੋਕੇ ਲੱਗੇ ਸੋ ਅਰੋਗਤਾ ਦੀ ਦਾਤੀ ਹੁੰਦੀ ਹੈ।


www.sikhbookclub.com

ਵਿਚੋਂ ਭੀ ਕੱਢ ਆਏ ਹਨ। ਖਿਮਾਂ ਦੀ ਤਲਵਾਰ ਤੇ ਪਿਆਰ ਦੀ ਕ੍ਰਿਪਾਨ ਉਨ੍ਹਾਂ ਦੇ ਅੰਦਰਲੇ ਨੂੰ ਪੁਆ ਆਏ ਹਨ ਅਤੇ ਉਨ੍ਹਾਂ ਦੀ ਗਾਤਰੇ ਦੀ ਤਲਵਾਰ ਨੂੰ ਜ਼ੁਲਮ ਦੇ ਖੂਨ ਤੋਂ ਧੋਕੇ ਦੀਨ ਰੱਖਯਾ ਦੀ ਢਾਲ ਬਣਾ ਆਏ ਹਨ। ਐਸੇ ਦਾਤਾ ਗੁਰੂ ਹਰਿਗੋਬਿੰਦ ਜੀ ਅਜ ਘਰ ਆ ਰਹੇ ਹਨ। ਅੰਮ੍ਰਿਤਸਰ ਜਿਸ ਵੇਲੇ ਆਪ ਨੂੰ ਸੁਨਹਿਰੀ ਕਲਸਾਂ ਨਾਲ ਚਮਕਦਾ ਦਿਸਿਆ ਤਾਂ ਘੋੜੇ ਤੋਂ ਉਤਰਕੇ ਪਿਆਰੇ ਸਤਿਗੁਰਾਂ ਦੇ ਅਦਬ ਵਿਚ ਪੈਦਲ ਹੋ ਗਏ। ਅਗੋਂ ਸੰਗਤਾਂ ਆ ਰਹੀਆਂ ਹਨ, ਇਧਰ ਬੀ ਭਾਈ ਬੁੱਢਾ, ਭਾਈ ਜੇਠਾ ਆਦਿਕ ਹੋਰ ਸਾਰੇ ਸਿੱਖ ਗੁਰੂ ਚੰਦ ਉਦਾਲੇ ਤਾਰਾ ਮੰਡਲ ਬਣਕੇ ਸਬਦ ਪੜ੍ਹ ਰਹੇ ਹਨ। ਉਧਰ ਭਾਈ ਗੁਰਦਾਸ, ਭਾਈ ਸਾਈਂ ਦਾਸ ਤੇ ਸਾਰੇ ਮੁਖੀ ਸਿੱਖ ਗਲ ਪੱਲੇ ਪਾਈ, ਦਿਲ ਸਾਈਂ ਵਲ ਲਾਈ, ਮੁਖੋਂ ਸਬਦਾਂ ਨਾਲ ਘਨਘੋਰ ਲਾਈ, ਨੇਤ੍ਰ ਪ੍ਰੇਮ ਨਾਲ ਜਗਮਗਾਈ ਚਲੇ ਆ ਰਹੇ ਹਨ! ਪ੍ਰੇਮ ਦਾ ਸੰਗਮ ਹੋ ਗਿਆ, ਚਰਨੀ ਢੈ ਪਏ, ਮਿਲੇ, ਵਿਛੁੜੇ ਮਿਲੇ। **'ਗੁਰੂ ਸਮੁੰਦ ਨਦੀ ਸਭਿ ਸਿੱਖੀ'**{ਮਾਝ: ਵਾਰ-੨੬} ਮਿਲ ਪਏ। ਇਸ ਅਰਸ਼ੀ ਮੇਲ ਦਾ ਵਰਣਨ ਕੌਣ ਕਰੇ। ਫੇਰ ਸਿੱਧੇ ਹਰਿਮੰਦਰ ਜੀ ਨੂੰ ਆਏ। ਸ੍ਰੀ ਅਕਾਲ ਤਖਤ ਸਾਹਿਬ ਜੀ ਆਏ। ਫੇਰ ਅੰਦਰ ਸ੍ਰੀ ਹਰਿਮੰਦਰ ਜੀ ਵਿਚ ਗਏ। ਕੜਾਹ ਪ੍ਰਸ਼ਾਦ ਆਇਆ, ਕੀਰਤਨ ਹੋਇਆ। ਅਰਦਾਸ ਵਿੱਚ ਲਿਵਲੀਨਤਾ ਹੋਈ। ਫੇਰ ਪ੍ਰਸ਼ਾਦ ਵਰਤਿਆ। ਫੇਰ ਗੁਰੂ ਜੀ ਸ਼ਹਿਰ ਵਿਚ ਆਏ। ਬਜ਼ਾਰ ਕਤਾਰਾਂ ਮਨੁੱਖਾਂ ਨਾਲ ਭਰੇ ਪਏ ਹਨ, ਕੋਠੇ ਇਸਤ੍ਰੀਆਂ ਨਾਲ ਲੱਦੇ ਪਏ ਹਨ; ਸ਼ਬਦਾਂ ਦੀ ਘਨਘੋਰ ਹੋ ਰਹੀ ਹੈ, ਫੁੱਲਾਂ ਦੀ ਵਰਖਾ ਹੋ ਰਹੀ ਹੈ, ਗੁਲਾਬ ਦੇ ਤ੍ਰੌਂਕੇ ਵੱਸ ਰਹੇ ਹਨ, ਸਿਹਰੇ ਤੇ ਮਾਲਾਂ ਗਲੇ ਪੈ ਰਹੇ ਹਨ, ਮੱਥਿਆਂ ਤੇ ਸੀਸ-ਬੰਦਨਾਂ ਦੀ ਵਾਰ ਨਹੀਂ ਆਉਂਦੀ ਤੇ ਸ਼ਬਦਾਂ ਦੀ ਘਨਘੋਰ ਨਾਲ ਅਕਾਸ਼ ਗੂੰਜ ਰਿਹਾ ਹੈ। ਸੰਗਤਾਂ ਦੇ ਮੰਨੇ ਪ੍ਰਮੰਨੇ ਗੁਰੂ, ਹਾਂ, ਸੰਗਤ ਨੂੰ ਵਡਾ ਜਾਨਣ ਵਾਲੇ ਗੁਰੂ, ਪ੍ਰੇਮ ਕਰਦੇ ਤੇ ਪ੍ਰੇਮ ਕੀਤੇ ਜਾਂਦੇ ਪ੍ਰੇਮੀਆਂ ਦੇ ਮੰਡਲ ਵਿੱਚੋਂ ਕਿਸ ਤਰ੍ਹਾਂ ਲੰਘ ਰਹੇ ਹਨ? ਜਿਕੂੰ ਪ੍ਰੇਮ ਭਰੀਆਂ ਹੰਸਾਂ ਦੀਆਂ ਡਾਰਾਂ ਵਿੱਚੋਂ ਰੰਗ ਰੱਤੜਾ ਰਾਜਹੰਸ ਲੰਘਦਾ ਹੈ। ਇਸ ਤਰ੍ਹਾਂ ਸਤਿਕਾਰੇ ਜਾਂਦੇ ਗੁਰੂ ਜੀ ਸਨੇ ਸਨੇ ਘਰ ਪਹੁੰਚੇ। ਮਾਤਾ ਜੀ ਦੇ ਡੇਰੇ ਗਏ। ਓਹ ਸ਼ਾਂਤ ਵਿੱਚ ਪੂਰੀ, ਸਭ ਤਰ੍ਹਾਂ ਨਿਪੁਨ ਮਾਤਾ, ਪ੍ਰੇਮ ਭਰੀ ਪਿਆਰੇ ਪੁੱਤ੍ਰ ਤੇ ਸਤਿਗੁਰਾਂ ਦੇ ਨਿਵਾਜੇ ਗੁਰੂ ਦੀ ਤਾਂਘ ਵਿੱਚ ਖੜੀ ਹੈ। ਮਰਯਾਦਾ ਦੇ ਪੂਰੇ ਜਗਤ ਗੁਰੂ ਜੀ ਮਾਤਾ ਦੇ

ਚਰਨਾਂ ਪਰ ਡਿੱਗਦੇ ਹਨ। ਮਮਤਾ ਭਰੀ ਮਾਂ ਮਾਤ੍ਰੀ-ਪ੍ਰੇਮ ਵਿੱਚ ਚੁੱਕ ਕੇ ਗਲ ਲਾਉਂਦੀ ਤੇ ਮੱਥਾ ਸੁੰਘਦੀ ਹੈ। ਫਿਰ ਮਾਤਾ, ਪ੍ਰੇਮ ਦੇ ਲਹਿਰੇ-ਸ਼ਰਧਾ-ਨਾਲ ਚਰਨਾਂ ਵੱਲ ਝੁਕਦੀ ਹੈ, ਪਰ ਓਹ ਪੂਰਾ ਗੁਰੂ ਮੱਥਾ ਝੁਕਣ ਬੀ ਨਹੀਂ ਦੇਂਦਾ ਅਰ ਮਾਤਾ ਵਿੱਚ ਅਪਣੇ ਪਿਆਰੇ ਸਤਿਗੁਰੂ ਪਿਤਾ ਦੀ ਮੂਰਤ ਵੇਖਦਾ ਵੇਖਦਾ ਗੁਰੂ ਪ੍ਰੇਮ ਵਿੱਚ ਪ੍ਰੋਤਾ ਸਜਲ ਨੇਤਰ ਹੋ ਜਾਂਦਾ ਹੈ। ਲੋਕੋ! ਇਨ੍ਹਾਂ ਆਤਮ-ਪ੍ਰੇਮ ਦੇ ਜਾਣੂੰਆਂ ਦੇ ਕੌਤਕਾਂ ਨੂੰ ਕੌਣ ਸਮਝੇ? ਰਸ ਸੰਗਮ ਇਨ੍ਹਾਂ ਵਿੱਚ ਹੀ ਹੁੰਦੇ ਹਨ, ਮਾਨੋਂ ਹਿਰਦੇ ਅਕਾਸ਼ ਵਿੱਚ ਆਤਮ ਰਸਾਂ ਦੀ ਅਕਾਸ਼ੀ ਪੀਂਘ ਪੈ ਜਾਂਦੀ ਹੈ। ਇਕ ਪਾਸੇ ਤਾਂ ਮਾਤਾ ਜੀ ਪੁੱਤ੍ਰ (ਵਾਤਸਲ)- ਰਸ ਵਿੱਚ ਭਰੇ ਪਏ ਹਨ। ਦੂਜੇ ਪਾਸੇ ਸ਼ਰਧਾ ਤੇ ਨਿੰਮ੍ਰਤਾ ਵਿੱਚ ਭਗਤੀ ਛਾ ਰਹੀ ਹੈ ਤੇ ਗੁਰੂ ਭਾਵਨਾ ਦਾ ਪ੍ਰੇਮ ਸਥਾਈ ਵਾਲਾ ਇਲਾਹੀ ਸ਼ਾਂਤਿ ਰਸ ਪੂਰਤ ਹੋ ਰਿਹਾ ਹੈ। ਹਾਂ 'ਸਾਰੇ ਸੰਸਾਰ ਤੋਂ ਨਿਰਵੇਦ ਸਥਾਈ ਵਾਲਾ' ਸ਼ਾਂਤ ਰਸ ਵੀ ਹੈ, ਪਰ ਉਹ ਲੁਕ ਰਿਹਾ ਹੈ ਉਚੇ ਰੂਹਾਨੀ-ਪ੍ਰੇਮ ਸਥਾਈ ਵਾਲੇ ਸ਼ਾਂਤਿ ਰਸ ਦੇ ਓਹਲੇ।

ਮਿਰਯਾਦਾ ਪੁਰਸ਼ੋਤਮ ਗੁਰੂ ਜੀ ਨੇ ਮਾਤਾ ਨੂੰ ਮਾਤਾ ਤੇ ਨਿਜ ਨੂੰ ਪੁੱਤ੍ਰ ਜਾਣਕੇ ਉਹ ਆਦਰ ਤੇ ਸਤਿਕਾਰ ਕੀਤਾ ਹੈ ਕਿ ਜੋ ਲੋਕਾਂ ਲਈ ਨਮੂਨਾ ਹੈ ਕਿ ਸੰਸਾਰਿਕ ਪ੍ਰਤਾਪ ਪਾਕੇ ਚਾਹੇ ਆਤਮ ਸੱਤਿਆ ਦੇ ਸੁਆਮੀ ਹੋਕੇ, ਮਾਤਾ ਪਿਤਾ ਸਦਾ ਵੱਡੇ ਅਰ ਸਦਾ ਸਤਿਕਾਰ ਯੋਗ ਹਨ ਅਰ ਕਦੇ ਕੋਈ ਹਾਲਤ ਐਸੀ ਨਹੀਂ ਹੈ ਕਿ ਔਲਾਦ ਮਾਪਿਆਂ ਨੂੰ ਅਪਣੇ ਅੱਗੇ ਝੁਕਾਵੇ। ਜਦ ਗੁਰੂ ਇਹ ਨਮੂਨਾ ਦੱਸਦੇ ਹਨ ਤਦ ਜੀਵਾਂ ਨੂੰ ਮਾਪਿਆਂ ਦਾ ਸਤਿਕਾਰ ਕਿੰਨਾ ਵਧੀਕ ਕਰਨਾ ਚਾਹੀਏ।

ਹੁਣ ਮਾਤਾ ਨੇ ਆਦਰ ਨਾਲ ਬਿਠਾਕੇ ਸਾਰਾ ਹਾਲ ਰਤਾ ਰਤਾ ਕਰਕੇ ਸੁਣਿਆਂ, ਸਾਰਾ ਸੁਣਕੇ ਗਲ ਵਿੱਚ ਪੱਲਾ ਪਾਕੇ ਖੜੋ ਗਈ, ਨਾਲ ਗੁਰੂ ਜੀ ਖੜੋ ਗਏ, ਅਕਾਲ ਪੁਰਖ ਸਤਿਗੁਰਾਂ ਦਾ ਧਿਆਨ ਕੀਤਾ ਅਰ ਬੜੇ ਪ੍ਰੇਮ ਨਾਲ ਅਰਦਾਸ ਵਿਚ ਜੁੜ ਗਏ। ਇਸ ਵੇਲੇ ਦੇ ਪ੍ਰੇਮ ਤੇ ਧੰਨਵਾਦ ਵਿਚ ਮਾਤਾ ਤੇ ਗੁਰੂ ਜੀ ਐਸੇ ਲਿਵਲੀਨ ਹੋ ਗਏ ਕਿ ਘੜੀ ਭਰ ਨੇਤਰ ਨਹੀਂ ਖੁੱਲ੍ਹੇ।

ਫੇਰ ਬਹੁਤ ਚਿਰ ਮਾਤਾ ਜੀ ਪੁੱਤ੍ਰ ਜੀ ਦੇ ਪਾਸ ਬੈਠੇ ਰਹੇ। ਹੁਣ ਮਾਤਾ ਜੀ ਨੂੰ ਉਪਕਾਰ ਯਾਦ ਆਇਆ। ਏਸ ਸੁਖ ਨੂੰ ਕੱਲਿਆਂ ਮਾਤਾ ਜੀ ਕਦ ਮਾਣ ਸਕਦੇ ਸੇ? **'ਬ੍ਰਹਮ ਗਿਆਨੀ ਪਰ ਉਪਕਾਰ ਉਮਾਹਾ॥'** {ਸੁਖਮਨੀ} ਬੀਬੀ

 www.sikhbookclub.com

ਰਾਮੋ ਨੂੰ ਸੱਦਿਆ। ਭਾਈ ਸਾਂਈ ਦਾਸ ਜੀ, ਭਾਈ ਨਰੈਣ ਦਾਸ ਜੀ ਤੇ ਬੇਬੇ ਪ੍ਰੇਮਦੇਈ ਜੀ ਆਦਿ ਸਾਰੇ ਪਰਵਾਰ ਨੂੰ ਸੱਦਿਆ। ਗੁਰੂ ਜੀ ਅਪਣੇ ਪਰਮ ਪ੍ਰੇਮੀ ਸਾਹੁਰੇ ਪ੍ਰਵਾਰ ਨੂੰ ਹੁਣ ਘਰ ਵਿਚ ਮਿਲਕੇ ਗਦ ਗਦ ਹੋਏ, ਸਭ ਨੂੰ ਆਤਮ ਵਰ ਦਿੱਤੇ, ਢੇਰ ਚਿਰ ਵਾਰਤਾਲਾਪ ਹੁੰਦੇ ਰਹੇ। ਬੀਬੀ ਦਮੋਦਰੀ ਜੀ ਨੇ ਪਿਆਰੇ ਪਤੀ ਦੇ ਚਰਨ ਕੰਵਲ ਪਰਸੇ। ਇਸ ਪ੍ਰਕਾਰ ਪਰਵਾਰ ਦੇ ਪਿਆਰ ਤੇ ਖੁਸ਼ੀ ਦੇ ਰੰਗਾਂ ਵਿਚ ਗੁਰੂ ਉਦਾਲੇ ਮਾਨੋਂ ਪਰਵਾਰ ਪੈ ਰਿਹਾ ਸੀ। ਦਿਨ ਐਉਂ ਲੰਘਿਆ। ਰਾਤ ਦੱਸੀਦਾ ਹੈ ਕਿ ਹਰੀਮੰਦਰ ਗਏ ਤੇ ਭਾਈ ਬੁੱਢਾ ਜੀ ਦੀ ਚਾੜ੍ਹੀ ਚੌਕੀ ਵਿਚ, ਜਦ ਓਹ ਅਕਾਲ ਬੁੰਗੇ ਅੱਪੜੀ, ਜਾ ਦਰਸ਼ਨ ਦਿੱਤੇ[1] ਤੇ ਫਿਰ ਅਪਨੇਂ ਸੁਖ ਆਸਣ ਵਿੱਚ ਜਾ ਬਿਰਾਜੇ।

ਪਹਿਰ ਰਾਤ ਰਹਿੰਦੀ ਗੁਰੂ ਜੀ ਉਠੇ, ਸ਼ਨਾਨ ਕਰਕੇ ਅਪਨੇ ਧਜਾਨ ਮਗਨ ਹੋ ਗਏ। ਫੇਰ ਉਸ ਵੇਲੇ ਕਿ ਜਿਸ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਸ੍ਰੀ ਦਰਬਾਰ ਸਾਹਿਬ ਆਉਂਦੇ ਹਨ, ਆਪ ਸ੍ਰੀ ਹਰਿਮੰਦਰ ਜੀ ਆਏ, ਆਸਾ ਦੀ ਵਾਰ ਲੱਗ ਰਹੀ ਸੀ। ਭੋਗ ਪਏ ਤੇ ਅਕਾਲ ਤਖਤ ਸਾਹਿਬ ਜੀ ਆਪ ਆ ਬਿਰਾਜੇ। ਏਥੇ ਪਿਆਰੇ ਸਿੱਖ ਆ ਜੁੜੇ। ਵਾਰਤਾਲਾਪਾਂ ਹੋਈਆਂ, ਅਨੇਕ ਪ੍ਰੇਮੀਆਂ ਦੇ ਪ੍ਰੇਮ ਪੂਰਨ ਹੋਏ। ਭਾਈ ਸਿੰਧੀ ਜੀ ਬੀ ਇਕਲਵੰਜੇ ਬੈਠੇ ਸੀ। ਗੁਰੂ ਜੀ ਦੀ ਨਜ਼ਰ ਉਸ ਪਰ ਜਾ ਪਈ। ਪਾਸ ਸੱਦਕੇ ਕਹਿਣ ਲੱਗੇ "ਸੁਣਾਓ ਸੱਜਣ ਜੀ! ਕੀ ਹਾਲ ਹੈ?" ਉੱਤਰ ਦੇਣ ਦੀ ਥਾਂ ਉਸਦਾ ਹਿਰਦਾ ਸ਼ੁਕਰ ਤੇ ਪ੍ਰੇਮ ਨਾਲ ਉਛਲ ਪਿਆ ਅਰ ਚਰਨਾਂ ਕਵਲਾਂ ਤੇ ਢੈ ਪਿਆ। ਸਤਿਗੁਰਾਂ ਨੇ ਫੇਰ ਵਿਥਿਆ ਪੁੱਛੀ ਪਰ ਬੋਲੇ ਕੌਣ? ਇਹ ਪ੍ਰੇਮ ਦੀ ਬਹੁਲਤਾ ਵੇਖਕੇ ਸਤਿਗੁਰਾਂ ਨੇ ਮਸਤਕ ਤੇ ਹੱਥ ਲਾਇਆ[2] ਅਰ ਥਾਪੀ ਦੇਕੇ ਕਿਹਾ 'ਨਿਹਾਲ! ਨਿਹਾਲ!!' ਇਤਨਾ ਕਹਿਣਾ ਸੀ ਕਿ ਉਹ, ਜਿਸਨੂੰ 'ਨਾਮ' ਕਰਕੇ ਭਾਈ ਟੋਲਦਾ ਸੀ- ਜਿਸ ਲਈ ਸੇਵਾ, ਬਾਣੀ, ਸ਼ੁਕਰ ਤੇ ਬੇਨਤੀ ਨੇ ਤਿਆਰੇ ਕਰ ਦਿੱਤੇ ਸਨ- ਉਸਦੇ ਸਾਰੇ ਸਰੀਰ ਵਿਚੋਂ ਫੁੱਟ ਨਿਕਲਿਆ। ਮਨ ਦੀ ਗਤੀ ਉਨਮਨ ਹੋ ਗਈ।

---

੧. ਰਵਾਇਤ ਹੈ ਕਿ ਸ੍ਰੀ ਹਰਿਗੋਬਿੰਦ ਜੀ ਨੇ ਗਵਾਲੀਅਰ ਤੋਂ ਆਕੇ ਪਹਿਲੀ ਰਾਤ ਚਉਂਕੀ ਸਾਹਿਬ ਨੂੰ ਅਕਾਲ ਬੁੰਗੇ ਸਾਹਿਬ ਆਕੇ ਦਰਸ਼ਨ ਦਿੱਤੇ ਸੇ।

੨. ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ॥
ਸਹਿ ਤੁਠੇ ਨਉ ਨਿਧਿ ਪਾਈਆ॥ (ਆਸਾ ਦੀ ਵਾਰ-੧੮)


www.sikhbookclub.com

ਉਸ ਲਈ ਜ਼ਮੀਨ ਅਸਮਾਨ ਦਾ ਰੰਗ ਬਦਲ ਗਿਆ, ਦੁਨੀਆਂ ਹੋਰ ਹੋ ਗਈ, ਆਪਾ ਹੋਰ ਹੋ ਗਿਆ ਤੇ ਗੁਰੂ ਨੂੰ ਪਿਆਰ ਕਰਦਿਆਂ ਗੁਰੂ ਦਾ ਪਿਆਰਾ ਹੋ ਗਿਆ। ਸਰੀਰ ਵਿਚ ਆਤਮਾਂ ਤੇ ਆਤਮਾਂ ਵਿਚ ਪ੍ਰਮਾਤਮਾਂ ਅਰ ਪ੍ਰਮਾਤਮਾਂ ਵਿੱਚ ਸਰੀਰ ਕੁਛ ਐਦਾਂ ਲਿਸ਼ਕਿਆ ਕਿ ਆਪਾ ਅਨੁਭਵ ਵਿੱਚ ਟਿਕਾਉ ਪਾ ਗਿਆ। ਸਿੰਧੀ ਭਾਈ ਨਦਰੀ ਨਦਰ ਨਿਹਾਲ ਹੋ ਗਿਆ। ਸਤਿਗੁਰਾਂ ਨੇ 'ਭਾਈ ਜੋਧਾ' ਨਾਮ ਬਖਸ਼ਿਆ ਅਰ ਸਿੱਖੀ ਦੀ ਸੇਵਾ ਸੌਂਪੀ ਅਰ ਨਾਲ ਹੀ ਭਾਈ ਸਾਈਂ ਦਾਸ ਜੀ ਪਰ ਕ੍ਰਿਪਾ ਤੇ ਹੋਰ ਕ੍ਰਿਪਾ ਹੋ ਗਈ। ਸਤਿਗੁਰਾਂ ਨੇ ਉਨ੍ਹਾਂ ਦੀ ਸਿੱਖੀ, ਸਿਦਕ, ਸੇਵਾ ਸਮਝ ਤੇ ਪ੍ਰੇਮ ਦੀ ਬਹੁਤ ਮਹਿਮਾਂ ਕਹੀ ਅਰ ਇਹ ਆਗਿਆ ਕੀਤੀ ਕਿ 'ਭਾਈ ਸਾਈਂ ਦਾਸ! ਜਿੱਕੂੰ ਜੋਧੇ ਤੇ ਕਿਰਪਾ ਕੀਤੀ ਜੇ ਏਸੇ ਤਰ੍ਹਾਂ ਢੇਸੇ ਨੂੰ ਬੀ ਤਾਰਨਾ'। ਭਾਈ ਸਾਈਂ ਦਾਸ ਜੀ ਇਹ ਕਦ ਸਹਾਰ ਸਕਦੇ ਸੇ? ਕਹਿ ਤਾਂ ਕੁਛ ਨਾ ਸਕੇ, ਪ੍ਰੇਮ ਨਾਲ ਨੈਣ ਭਰ ਆਏ। ਜਾਣੀ ਜਾਣ ਗੁਰੂ ਸਮਝ ਗਏ ਕਿ ਇਹ ਹਉਮੈ ਦੇ ਮੰਡਲਾਂ ਤੋਂ ਉੱਚੇ ਉੱਡਣ ਵਾਲੇ ਹੰਸ ਆਪਣੀ ਵਡਿਆਈ ਨਹੀਂ ਸਹਾਰ ਸਕਦੇ। ਉੱਠਕੇ ਭਾਈ ਜੀ ਨੂੰ ਗਲੱਕੜੀ ਪਾ ਲਈ ਤੇ ਕਿਹਾ:-"ਡੱਲੇ ਦੀ ਸਿੱਖੀ ਧੰਨ! ਸਾਈਂਦਾਸ ਨਿਹਾਲ! ਨਿਹਾਲ!!"

ਇਸ ਤਰ੍ਹਾਂ ਦੇ ਆਤਮ ਦਾਨ ਕਰਦਿਆਂ ਸੁਨੇਹਾ ਆਇਆ ਕਿ ਪਾਤਸ਼ਾਹ* ਮੰਦਰ ਯਾਤ੍ਰਾ ਲਈ ਆਉਂਦਾ ਹੈ। ਸੋ ਉਸੇ ਵੇਲੇ ਉਸ ਨੂੰ ਮੰਦਰ ਦੀ ਯਾਤ੍ਰਾ ਕਰਵਾਈ ਗਈ। ਪਾਤਸਾਹ ਕਸ਼ਮੀਰ ਜਾ ਰਿਹਾ ਸੀ ਜੋ ਅੰਮ੍ਰਿਤਸਰੋਂ ਦੋ ਕੁ ਸੌ ਮੀਲ ਹੈ। ਸਤਿਗੁਰਾਂ ਅੱਗੇ ਪਾਤਸ਼ਾਹ ਨੇ ਕਸ਼ਮੀਰ ਨਾਲ ਚੱਲਣ ਦੀ ਯਾਚਨਾ ਕੀਤੀ ਸੀ ਜੋ ਗੁਰੂ ਜੀ ਨੇ ਪਰਵਾਨ ਕੀਤੀ ਸੀ। ਪਾਤਸ਼ਾਹ ਤਾਂ ਉਸੇ ਦਿਨ ਤੁਰ ਗਿਆ, ਪਰ ਕੁਛ ਦਿਨ ਮਗਰੋਂ ਸ੍ਰੀ ਗੁਰੂ ਜੀ ਬੀ ਲਾਹੌਰ ਤੁਰ ਗਏ। ਜਾਂਦੇ ਹੋਏ ਗੁਰੂ ਜੀ ਸਾਹੁਰੇ ਪਰਵਾਰ ਨੂੰ ਡੱਲੇ ਤੋਰ ਗਏ ਤੇ ਸੰਗਤਾਂ ਵਿਦਾ ਹੋਈਆਂ। ਕੁਛ ਸਿੱਖ ਗੁਰੂ ਜੀ ਦੇ ਨਾਲ ਗਏ ਤੇ ਕੁਛ ਮੰਦਰ ਦੀ ਸੇਵਾ ਵਿੱਚ ਰਹੇ।

ਹੁਣ ਭਾਈ ਸਾਈਂਦਾਸ ਜੀ ਤੇ ਰਾਮੋ ਫੇਰ ਆਪਣੇ ਗਿਰਾਂ ਉਸੇ ਤਰ੍ਹਾਂ ਸਤਿਸੰਗ ਵਾੜੀ ਲਾਈ ਬੈਠੇ ਹਨ।

---

*ਜਹਾਂਗੀਰ।


www.sikhbookclub.com

# (੧੫) ਦੁਖ ਸੁਖ ਕਿਸ ਬਣਾਏ, ਰਿਣ ਤੇ ਧਨ, ਬ੍ਰਹਮਗਿਆਨੀ ਦੇ ਲੱਛਨ ਆਦਿ।

ਇਕ ਦਿਨ ਭਾਈ ਸਾਈਂਦਾਸ ਜੀ ਬੈਠੇ ਸੇ, ਕਿ ਉਨ੍ਹਾਂ ਦੇ ਘਰ ਭਾਈ ਢੇਸਾ ਫਿਰ ਆ ਗਿਆ, ਪੈਰੀਂ ਪਉਣਾ ਕਹਿਕੇ ਸਿਰ ਨਿਵਾਇਆ। ਭਾਈ ਜੀ ਨੇ ਭੀ ਪੈਰੀਂ ਪਉਣਾ ਕਹਿਕੇ ਪਾਸ ਬਹਾਲ ਲਿਆ ਤੇ ਸੁੱਖ ਸਾਂਦ ਪੁੱਛੀ।

ਢੇਸਾ-ਆਪ ਦੀ ਕ੍ਰਿਪਾ ਹੈ, ਸੁੱਖ ਸਾਂਦ ਹੈ।

ਭਾਈ- ਮਨ ਦੇ ਕਲੇਸ਼ ਬੀ ਹਟ ਗਏ ਹਨ?

ਢੇਸਾ- ਆਪ ਦੀ ਕ੍ਰਿਪਾ ਤਾਂ ਅਪਾਰ ਹੋਈ ਹੈ, ਪਰ ਮੈਂ ਕੁਛ ਖੁੱਲ੍ਹਾ ਡੁੱਲ੍ਹਾ ਜਿਹਾ ਆਦਮੀ ਹਾਂ। ਸ੍ਰੀ ਗੁਰੂ ਹਰਿਗੋਬਿੰਦ ਜੀ ਜਦੋਂ ਅੰਮ੍ਰਿਤਸਰ ਨੂੰ ਦਿੱਲੀ ਤੋਂ ਮੁੜੇ ਜਾ ਰਹੇ ਸੇ ਤਦ ਮੈਨੂੰ ਪਤਾ ਲੱਗਾ ਸੀ ਤੇ ਮੈਂ ਆਪਣੇ ਪਿੰਡੋਂ ਧਾਈ ਕਰਕੇ ਗੋਇੰਦਵਾਲ ਉਨ੍ਹਾਂ ਨੂੰ ਜਾ ਮਿਲਿਆ ਸਾਂ। ਆਪਣੇ ਸੁਭਾਵ ਅਨੁਸਾਰ ਮੈਂ ਕੁਛ ਮੰਗਣ ਦੀ ਥਾਂ ਇਹੋ ਪ੍ਰਸ਼ਨ ਕਰ ਦਿੱਤਾ ਕਿ ਦੀਨਾਂ ਬੰਧੂ ਜੀ ਕਰਤਾਰ ਜਦ ਸੁਧਾ ਨੇਕੀ ਹੈ ਤਦ ਬਦੀ ਕਿਉਂ ਬਣਾਉਂਦਾ ਹੈ?

ਗੁਰੂ ਜੀ ਆਖਣ ਲੱਗੇ- ਕਰਤਾਰ ਤਾਂ ਨੇਕੀ ਦਾ ਕਰਤਾਰ ਹੈ, ਬਦੀ ਤੂੰ ਬਣਾਉਂਦਾ ਹੈ।

ਮੈਂ- ਮੈਂ ਕਿਕੂੰ ਬਣਾਉਂਦਾ ਹਾਂ?

ਗੁਰੂ ਜੀ- ਦਾਖਾਂ ਤੂੰ ਬਣਾਈਆਂ ਹਨ ਕਿ ਕਰਤਾਰ ਨੇ?

ਮੈਂ- ਜੀ ਕਰਤਾਰ ਨੇ।

ਗੁਰੂ ਜੀ- ਦਾਖਾਂ ਤੋਂ ਸ਼ਰਾਬ ਖਿੱਚਣ ਲਈ ਭੱਠੀਆਂ ਤੇ ਭਬਕੇ ਕਰਤਾਰ ਨੇ ਬਣਾਏ ਹਨ ਕਿ ਮਨੁੱਖ ਨੇ?

ਮੈਂ- ਜੀ ਮਨੁੱਖ ਨੇ।

ਗੁਰੂ ਜੀ- ਫੇਰ ਸ਼ਰਾਬ ਮਨੁੱਖ ਨੇ ਬਣਾਈ ਹੈ ਕਿ ਕਰਤਾਰ ਨੇ?

ਮੈਂ- ਜੀ ਮਨੁੱਖ ਨੇ।

ਗੁਰੂ ਜੀ- ਸ਼ਰਾਬ ਪੀਕੇ ਅਕਲ ਮਾਰ ਕੇ ਖੁਆਰ ਹੋਣ ਤੇ ਬਦੀ ਕਰਨੀ ਕਰਤਾਰ ਨੇ ਬਣਾਈ ਕਿ ਪੀਵਣ ਵਾਲੇ ਨੇ?


www.sikhbookclub.com

ਮੈਂ- ਜੀ ਪੀਵਣ ਵਾਲੇ ਨੇ।

ਗੁਰੂ ਜੀ- ਫੇਰ ਬਦੀ ਤੂੰ ਰਚੀ ਕਿ ਕਰਤਾਰ ਨੇ?

ਮੈਂ (ਦਬੇ ਦੰਦੀਂ)- ਜੀ ਇਹ ਤਾਂ ਮੇਰੀ ਕਰਨੀ ਵਿਚੋਂ ਹੀ ਨਿਕਲ ਪਈ।

ਗੁਰੂ ਜੀ- ਸੂਰਜ ਤੂੰ ਰਚਿਆ ਕਿ ਕਰਤਾਰ ਨੇ?

ਮੈਂ- ਜੀ ਕਰਤਾਰ ਨੇ।

ਗੁਰੂ ਜੀ- ਜੇ ਤੂੰ ਸਾਰਾ ਦਿਨ ਅੱਖਾਂ ਮੀਟ ਕੇ ਤੁਰੇਂ ਤੇ ਠੁਹਕਰਾਂ ਖਾਵੇਂ ਤਦ ਕਸੂਰ ਤੇਰਾ ਕਿ ਕਰਤਾਰ ਦਾ?

ਮੈਂ- ਜੀ ਮੇਰਾ।

ਗੁਰੂ ਜੀ- ਢੇਸਿਆ! ਅਸਾਂ ਅਜੇ ਬਾਹਰ ਜਾਣਾ ਹੈ ਜੇ ਤੈਂ ਪੂਰਾ ਸੁਖੀ ਹੋਣਾ ਹੈ ਤਾਂ ਭਾਈ ਸਾਈਂ ਦਾਸ ਨੂੰ ਮਿਲਿਆ ਕਰ!

ਮੈਂ- ਜੀ ਸੱਤ ਬਚਨ।

ਸੋ ਦੀਨ ਦਿਆਲ ਜੀ! ਉਨ੍ਹਾਂ ਦੀ ਆਗਜਾ ਕਰਕੇ ਅਰ ਆਪਣੇ ਸੁਖ ਦੀ ਖਿੱਚ ਕਰਕੇ ਜੋ ਆਪਦੇ ਉਪਦੇਸ਼ ਤੋਂ ਮੈਂ ਪਾਏ ਹਨ, ਮੈਂ ਅੱਜ ਫੇਰ ਹਾਜ਼ਰ ਹੋਇਆ ਹਾਂ। ਮੇਰੇ ਤੇ ਕ੍ਰਿਪਾ ਕਰੋ!

ਭਾਈ ਜੀ- ਸੱਜਣਾਂ! ਸ੍ਰੀ ਗੁਰੂ ਜੀ ਦੇ ਪਾਸ ਇਸ ਤਰ੍ਹਾਂ ਚਰਚਾਵਾਦ ਨਹੀਂ ਕਰੀਦੀ, ਇਹ ਆਪਣੀ ਭੁੱਲੀ ਹੋਈ ਅਕਲ ਦੇ ਸੰਸੇ ਤਾਂ ਉਨ੍ਹਾਂ ਦੇ ਘਾਹੀ ਬੀ ਦੂਰ ਕਰ ਦੇਂਦੇ ਹਨ। ਪਾਤਸ਼ਾਹਾਂ ਪਾਸ ਜਾਕੇ ਕੌਡਾਂ ਦੇ ਵਣਜ ਨਹੀਂ ਕਰੀਦੇ। ਉਥੇ ਜਾਕੇ ਤਾਂ ਹੀਰੇ ਜਵਾਹਰਾਤ ਮੰਗੀਦੇ ਹਨ, ਉਥੋਂ ਤਾਂ ਮੋਤੀਆਂ ਤੇ ਲਾਲਾਂ ਦੀ ਖੈਰ ਪੈਂਦੀ ਹੈ। ਖੈਰ ਮੰਗਣੀ ਚਾਹੀਏ।

ਢੇਸਾ- ਮੈਂ ਆਪ ਬੀ ਪਛਤਾਉਂਦਾ ਹਾਂ। ਮੈਂ ਗਿਆ ਤਾਂ ਦਾਤ ਮੰਗਣ ਸਾਂ ਪਰ ਕਰਮਾਂ ਦਾ ਫੇਰ, ਉਹ ਜੋ ਵਾਦ ਕਰਨੇ ਦਾ ਸੁਭਾਵ ਪੱਕ ਚੁਕਾ ਸੀ, ਫੇਰ ਜਾਗ ਪਿਆ। ਗੁਰੂ ਜੀ ਦੀਨ ਦਿਆਲ ਹਨ, ਉਨ੍ਹਾਂ ਨੇ ਮੈਨੂੰ ਅਨਅਧਿਕਾਰੀ ਜਾਣਕੇ ਬੀ ਦੁਰਕਾਰਿਆ ਨਹੀਂ, ਆਪਦੇ ਲੜ ਲਾ ਦਿੱਤਾ ਹੈ।

ਸਾਈਂ ਦਾਸ- ਸਤਿਗੁਰ ਜੀ ਨੇ ਜੋ ਤੇਰੇ ਨਾਲ ਬਿਲਾਸ ਵਿਚ ਗਲ ਕੀਤੀ, ਉਸਦਾ ਮਤਲਬ ਇਹ ਸੀ ਕਿ ਤੂੰ ਬਦੀ ਦਾ ਕਰਤਾ ਪਰਮੇਸੁਰ ਨੂੰ ਦੱਸਕੇ ਅਪਣੇ ਮਾੜੇ ਕਰਮਾਂ ਦਾ ਜ਼ਿੰਮੇਵਾਰ ਤੇ ਦੋਸ਼ੀ ਆਪ ਨੂੰ ਨਹੀਂ ਪਰ ਸਾਈਂ ਨੂੰ ਦੱਸਣਾ

ਚਾਹੁੰਦਾ ਸੈਂ, ਉਨ੍ਹਾਂ ਨੇ ਤੇਰੀ ਬਲਾ ਤੇਰੇ ਮੱਥੇ ਤੇ ਲਾਈ। ਭਾਈ! ਕਰਤਾਰ ਕਰਤਾਰ ਹੈ ਪਰ ਉਹ ਲਿਪਾਇਮਾਨ ਨਹੀਂ। ਸੂਰਜ ਦੀ ਗਤੀ ਤੋਂ ਰਾਤ ਦਿਨ ਦੁਇ ਬਣਦੇ ਹਨ। ਪਰ ਸੂਰਜ ਚਾਨਣਾ ਹੀ ਚਾਨਣਾ ਹੈ। ਸੁਖ ਚਾਨਣ ਸੂਰਜ ਤੋਂ ਹੈ, ਪਰ ਝੱਖੜ, ਮੀਂਹ, ਬਦਲ, ਤੂਫ਼ਾਨ ਸੂਰਜ ਦੇ ਹੀ ਕ੍ਰਿਸ਼ਮੇ ਹਨ। ਬਲ ਰਿਹਾ ਚਰਾਗ ਸੂਰਜ ਦਾ ਹੀ ਚਾਨਣਾ ਹੈ, ਸੁੱਕੀ ਅੰਧ ਲਕੜੀ ਬੀ ਸੂਰਜ ਦੀ ਤੁਫੈਲ ਬਣੀ ਹੈ, ਜੋ ਬਲ ਪੈਂਦੀ ਤੇ ਫੇਰ ਨਿੱਘ ਤੇ ਚਾਨਣਾਂ ਦੇਂਦੀ ਹੈ। ਖੇਤੀ ਬ੍ਰਿੱਛ, ਬਨ ਸੂਰਜ ਦੀ ਤੁਫ਼ੈਲ ਹਨ। ਜੇ ਸੂਰਜ ਨਾ ਰਹੇ ਤਾਂ ਤੂੰ ਮੈਂ ਬੀ ਮਰ ਜਾਈਏ। ਪਰ ਕੀਹ ਤੇਰੀ ਮੇਰੀ ਚੋਰੀ ਯਾਰੀ ਦਾ ਜ਼ਿੰਮਾ ਸੂਰਜ ਦੇ ਮੱਥੇ ਜਾਏਗਾ। ਤੇਰੀ ਵ਼ੀਚਾਰ ਦਾ ਧ੍ਰੂਵਾ ਅਪਣੀ ਜ਼ਿੰਮੇਵਾਰੀ ਨੂੰ ਗੱਲੋਂ ਲਾਹੁਣ ਦਾ ਗ਼ਲਤ ਹੈ। ਉੱਚਾ ਹੋ ਤੇ ਉੱਚਾ ਹੋਕੇ ਵੇਖ ਤਾਂ ਕੁਛ ਥਹੁ ਪਊ।

ਢੇਸਾ- ਮੇਰੀ ਬੇਨਤੀ ਹੁਣ ਇਹ ਹੈ ਕਿ ਮੈਨੂੰ ਆਪਣੇ ਅੰਦਰ ਇਕ ਸੱਖਣਾਪਨ ਦੀਹਦਾ ਹੈ, ਇਹ ਕਿਵੇਂ ਬੀ ਨਹੀਂ ਭਰਦਾ ਅਰ ਮੈਨੂੰ ਬੇਚੈਨ ਕਰਦਾ ਹੈ। ਆਪ ਦੀ ਆਗਜਾ ਅਨੁਸਾਰ ਮੈਂ ਖਾਣਾ ਪੀਣਾ ਉਠਣਾ ਬੈਠਣਾ, ਸੌਣਾ ਜਾਗਣਾ ਸਭ ਕੰਮ ਸੰਜਮ ਦੇ ਕਰ ਲਏ ਹਨ। ਮੈਂ ਹਰ ਗਲ ਦਾ ਗੁਣ ਤੇ ਪ੍ਰਯੋਜਨ ਵਿਚਾਰਕੇ ਵਰਤੋਂ ਕਰਦਾ ਹਾਂ, ਅੱਗੇ ਵਾਂਗੂ ਅੰਨ੍ਹੇ ਵਾਹ ਅੰਦਰ ਹਰੋਲੀ ਨਹੀਂ ਮਚਾਈ ਰਖਦਾ। ਭੁਖ ਲੱਗੇ ਤਾਂ ਮੈਂ ਚਸਕੇ ਪੂਰੇ ਕਰਨ ਦਾ ਸਮਾਂ ਨਹੀਂ ਸਮਝਦਾ, ਪਰ ਇਹ ਕਿ ਇਸ ਸਰੀਰ ਨੂੰ ਪਾਲਨ ਦੀ ਲੋੜ ਹੈ। ਮੈਂ ਉਸ ਵੇਲੇ ਸਾਦਾ ਤ਼ੇ ਸੁਥਰਾ ਭੋਜਨ ਭੁੱਖ ਤੋਂ ਰਤਾ ਘੱਟ ਖਾਕੇ ਸੁਖ ਪਾਉਂਦਾ ਹਾਂ ਤੇ ਭੋਜਨ ਮਹੀਨ ਕਰਕੇ ਅੰਦਰ ਲੰਘਾਉਂਦਾ ਹਾਂ। ਇਸ ਤਰ੍ਹਾਂ ਮੇਰੀ ਤੰਦਰੁਸਤੀ ਵਧ ਗਈ ਹੈ। ਇਸੀ ਤਰ੍ਹਾਂ ਹਰ ਗੱਲ ਦੀ ਵੀਚਾਰ ਕਰਕੇ ਸੰਜਮ ਦੀ ਤੋਰ ਤੇ ਤੁਰਨ ਨੇ ਮੈਨੂੰ ਸੁਖੀ ਕਰ ਦਿੱਤਾ ਹੈ। ਕੁੜ੍ਹਨਾ, ਸੜਨਾ, ਧੁਖਨਾ, ਛਿੱਥੇ ਹੋਣਾ, ਖਿਝਣਾ ਤੇ ਲੜ ਪੈਣਾ ਏਹ ਕਲੇਸ਼ ਬੀ ਮਿਟ ਗਏ ਹਨ। ਨਾ ਹੁਣ ਕਦੀ ਅਣਪਾਚਾ ਹੁੰਦਾ ਹੈ, ਨਾ ਕਾਲਜਾ ਸੜਦਾ ਹੈ, ਨਾ ਖਰਚ ਬਹੁਤਾ ਹੋਣ ਕਰਕੇ ਆਮਦਨੋਂ ਵਧਦਾ ਹੈ, ਨਾਂ ਮੈਂ ਹੋਰਨਾਂ ਨੂੰ ਸੁਖੀ ਵੇਖਕੇ ਧੁਖਦਾ ਹਾਂ, ਨਾ ਮੇਰੀ ਕੋਈ ਲੋੜ ਰੁਕਦੀ ਹੈ, ਨਾ ਮੈਂ ਛਿੱਥਾ ਹੁੰਦਾ ਹਾਂ, ਨਾ ਤੰਗੀ ਪੈਂਦੀ ਹੈ, ਨਾ ਕਿਸੇ ਨਾਲ ਖਿਝਦਾ ਹਾਂ, ਨਾ ਮੈਨੂੰ ਹੁਣ ਵਿਹਲਾ ਸਮਾਂ ਲਝਦਾ ਹੈ ਕਿ ਗੱਪਾਂ, ਠੱਠੇ, ਟਿਚਕਰਾਂ ਤੇ ਵਾਦ ਵਿਵਾਦ ਵਿਚ ਰੁੱਝਾਂ ਤੇ ਨਾਂ ਹੀ ਕਿਸੇ ਨਾਲ ਲੜਾਈ ਹੁੰਦੀ ਹੈ। ਉਹ ਜੋ ਤੁਸਾਂ

 www.sikhbookclub.com

ਕਿਹਾ ਸੀ ਕਿ ਹਰ ਬਾਤ ਦਾ ਪਰੋਜਨ ਵਿਚਾਰੀਏ, ਉਸ ਨੇ ਬਹੁਤ ਠੰਢ ਪਾ ਦਿੱਤੀ ਹੈ, ਪਰ ਹੁਣ ਜਦ ਮੈਂ ਵਿਹਲਾ ਹੁੰਦਾ ਹਾਂ, ਸੌਣ ਲਗਦਾ ਹਾਂ, ਜਾਗਦਾ ਹਾਂ ਮੇਰੇ ਅੰਦਰ ਇਕ ਸੱਖਣਾਪਨ ਹੁੰਦਾ ਹੈ ਅਰ ਉਹ ਬੇਚੈਨ ਕਰਦਾ ਹੈ, ਕਿਰਪਾ ਕਰਕੇ ਇਸ ਦਾ ਕੋਈ ਉਪਰਾਲਾ ਕਰੋ।

ਭਾਈ ਜੀ- ਇਸਦਾ ਅਰਥ ਇਹ ਹੈ, ਕਿ ਤੁਹਾਡੇ ਅੰਦਰ ਸੰਜਮ ਆ ਗਿਆ ਹੈ ਅਰ ਸੰਜਮ ਆ ਜਾਣ ਨੇ ਮਨ ਦੀਆਂ ਅੱਡੋ ਅੱਡ ਤਾਕਤਾਂ ਨੂੰ ਥਹੁ ਟਿਕਾਣੇ ਬਿਠਾ ਦਿੱਤਾ ਹੈ। ਆਪੋ ਆਪਣੇ ਥਹੁ ਸਿਰ ਸਭਨਾਂ ਦੇ ਬੈਠਣ ਨੇ ਜਿੱਥੇ ਰੌਲਾ ਸੀ, ਉਥੇ ਕ੍ਰਮ ਪੈਦਾ ਕਰਕੇ ਕੁਛ ਸਫ਼ਾਈ ਦੀ ਸ਼ਕਲ ਬੰਨ੍ਹ ਦਿੱਤੀ ਹੈ। ਤੁਸਾਂ ਆਪਣੇ ਅੰਦਰ ਇਕ ਖਾਸ ਹਨੇਰਾ ਪੈਦਾ ਕੀਤਾ ਹੋਇਆ ਹੈ, ਸੱਭੇ ਗਲਾਂ ਸੰਜਮ ਵਿਚ ਹੋ ਜਾਣ ਕਰਕੇ ਹੁਣ ਜੋ ਅੰਦਰ ਥੋੜਾ ਟਿਕਾਉ ਹੋਇਆ ਹੈ ਤਾਂ ਬੁੱਧੀ ਨੂੰ ਉਹ ਹਨੇਰਾ ਸੱਖਣਾ ਪਨ ਹੋਕੇ ਲਗਦਾ ਹੈ।

ਢੇਸਾ- ਇਹ ਮੇਰੀ ਸਮਝ ਵਿੱਚ ਨਹੀਂ ਆ ਰਿਹਾ।

ਭਾਈ- ਅੱਛਾ ਇਸ ਗਲ ਦੀ ਹੋਰ ਤਰ੍ਹਾਂ ਵੀਚਾਰ ਕਰੀਏ। ਭਲਾ ਜੇ ਤੁਸੀਂ ਕਿਸੇ ਰਾਹ ਜਾਂਦੇ ਆਦਮੀ ਨੂੰ ਐਵੇਂ ਉੱਠਕੇ ਚਪੇੜ ਮਾਰੋ ਤਦ ਕੀ ਓਹ ਦੁਖੀ ਹੋਊ ਕਿ ਨਹੀਂ?

ਢੇਸਾ- ਹੋਊ।

ਭਾਈ- ਭਲਾ ਤੁਹਾਡੇ ਮਨ ਵਿਚ ਕੁਛ ਬੇਚੈਨੀ, ਉਦਾਸੀ ਯਾ ਰੰਜ ਜਿਹਾ ਬੀ ਅਪਣੇ ਕਰਤਬ ਤੋਂ ਆਊ ਕਿ ਨਹੀਂ?

ਢੇਸਾ- ਜੀ ਨੂੰ ਕੁਛ ਹੋ ਤੇ ਪੈਂਦਾ ਹੈ।

ਭਾਈ- ਜੇ ਕਿਸੇ ਓਪਰੇ ਰਾਹ ਜਾਂਦੇ ਦੁਖੀ ਦਰਦਵੰਦ ਨੂੰ ਬਿਨਾਂ ਕਿਸੇ ਪਰੋਜਨ ਦੇ ਤੁਸੀਂ ਕੁਛ ਸਹਾਇਤਾ ਦਿਓ ਤਦ ਓਹ ਪ੍ਰਸੰਨ ਹੁੰਦਾ ਹੈ ਕਿ ਨਹੀਂ?

ਢੇਸਾ- ਜੀ ਹਾਂ।

ਭਾਈ- ਨਾਲ ਹੀ ਤੁਸੀਂ ਬੀ ਦੇਕੇ ਖੁਸ਼ ਹੁੰਦੇ ਹੋ ਕਿ ਨਹੀਂ?

ਢੇਸਾ- ਜੀ, ਖੁਸ਼ ਹੋਈਦਾ ਹੈ।

ਭਾਈ- ਜੇ ਉਸੇ ਖੁਸ਼ੀ ਦੇ ਵੇਲੇ ਹੋਰ ਉਹੋ ਜਿਹਾ ਸਮਾਂ ਮਿਲੇ ਤਦ ਤੁਹਾਡਾ ਜੀ ਉੱਛਲਦਾ ਹੈ ਕਿ ਨਹੀਂ ਕਿ ਇਸਨੂੰ ਬੀ ਕੁਛ ਦਿਆਂ?


www.sikhbookclub.com

ਢੇਸਾ- ਜੀ ਹਾਂ।

ਭਾਈ- ਉਸਨੂੰ ਕੁਛ ਦੇਕੇ ਅਜੇ ਵਧੀ ਹੋਈ ਖੁਸ਼ੀ ਵਿੱਚ ਹੀ ਹੋਵੋ ਕਿ ਤੁਹਾਡੇ ਪਾਸੋਂ ਕੋਈ ਬਾਲ ਹੀਰਾ ਲੈ ਕੇ ਲੰਘੇ ਤਦ ਤੁਹਾਡੇ ਜੀ ਵਿੱਚ ਉਸਨੂੰ ਧੱਕਾ ਮਾਰਕੇ ਹੀਰਾ ਖੋਹ ਲੈਣ ਦੀ ਇੱਛਾ ਉਪਜੇ, ਪਰ ਉਸੇ ਵੇਲੇ ਜੀ ਕਹੇ ਨਹੀਂ ਐਸਾ ਨਹੀਂ ਕਰਨਾ ਅਰ ਜੀ ਹੀ ਤੁਹਾਨੂੰ ਰੋਕ ਲਵੇ ਤਦ ਪਲ ਮਗਰੋਂ ਤੁਹਾਨੂੰ ਇਕ ਖੁਸ਼ੀ ਹੁੰਦੀ ਹੈ ਕਿ ਨਹੀਂ? ਅਰ ਉਸ ਖੁਸ਼ੀ ਤੋਂ ਫੇਰ ਏਸੇ ਤਰ੍ਹਾਂ ਦੇ ਵੇਲੇ 'ਰੁਕਣ ਦਾ ਤੇ ਲੋੜਵੰਦ ਦੇ ਵੇਲੇ ਦਇਆ ਕਰਨ ਦਾ' ਚਾਉ ਵਧਦਾ ਹੈ ਕਿ ਨਹੀਂ?

ਢੇਸਾ- ਠੀਕ ਕਿਹਾ ਹੈ ਆਪ ਨੇ।

ਭਾਈ ਜੀ- ਹੁਣ ਜੇ ਕਿਸੇ ਵਿਦਜਾ ਦੇ ਹਿਸਾਬ ਵਿਚ ਗਲ ਕਰੀਏ ਤਾਂ ਦੋਹਾਂ ਤਰ੍ਹਾਂ ਦੇ ਕਰਮਾਂ ਨਾਲ ਜੋ ਅਸਰ ਆਪਦੇ ਦਿਲ ਤੇ ਪਿਆ ਉਨ੍ਹਾਂ ਦਾ ਨਾਉਂ ਧਰੀਏ ਤਾਂ ਪਹਿਲੇ ਨੂੰ 'ਰਿਣ' ਤੇ ਦੂਜੇ ਨੂੰ 'ਧਨ' ਕਹੀਏ ਤਾਂ ਠੀਕ ਹੀ ਹੋਉ। ਕਿਉਂ ਕਿ ਪਹਿਲੇ ਕਰਮ ਨਾਲ ਤੁਹਾਡੇ ਅੰਦਰ ਘਾਟ ਪਈ ਹੈ ਮਾਨੋ ਕੁਛ ਗਿਆ ਹੈ ਤੇ ਦੂਜੇ ਵਿਚ ਦਿਲ ਵਧਿਆ ਹੈ ਮਾਨੋ ਕੁਛ ਆਇਆ ਹੈ। ਮੋਟੇ ਅਖਰਾਂ ਵਿਚ ਪਹਿਲੇ ਕਰਮ ਦਾ ਅਸਰ 'ਤੋਟਾ' ਪਿਆ ਹੈ ਤੇ ਦੂਜੇ ਦਾ 'ਲਾਹਾ'। ਤੁਸੀਂ ਹੁਣ ਅਪਣੇ ਕਰਮਾਂ ਨੂੰ ਵੀਚਾਰੋ; ਜਿਨ੍ਹਾਂ ਸਾਡੇ ਕਰਮਾਂ ਨਾਲ ਸਾਡੇ ਮਨ ਉੱਤੇ ਉਦਾਸੀ, ਗ਼ਮ, ਪਛਤਾਵੇ ਦਾ ਅਸਰ ਪਵੇ ਓਹ ਸਮਝ ਲਓ ਕਿ ਸਾਡੇ ਅੰਦਰੋਂ ਕੁਛ ਗੁਆ ਰਹੇ ਹਨ ਤੇ ਤੋਟਾ ਪਾ ਰਹੇ ਹਨ। ਜਿਨ੍ਹਾਂ ਕਰਮਾਂ ਨਾਲ ਸਾਡੇ ਅੰਦਰ ਤਸੱਲੀ ਉਪਜੇ, ਮਨ ਵਧੇ, ਸ਼ੁਕਰ ਕਿ ਚਾਉ ਵਿਚ ਜਾਵੇ ਓਹ ਸਾਡੇ ਕਰਮ ਸਾਡੇ ਮਨ ਵਿਚ ਲਾਹੇ ਦਾ ਅਸਰ ਪਾ ਰਹੇ ਹਨ, ਚਾਹੋ ਕੋਈ ਅਪਨੇ ਅੰਦਰ ਦੇ ਅਸਰਾਂ ਨੂੰ ਦੇਖਣ ਦਾ ਯਤਨ ਕਰਦਾ ਹੋਵੇ ਚਾਹੋ ਬੇਪਰਵਾਹ ਹੋਵੇ, ਪਰ ਲਾਹੇ ਤੋਟੇ ਦਾ ਅਸਰ ਅੰਦਰ ਜ਼ਰੂਰ ਪੈਂਦਾ ਰਹਿੰਦਾ ਹੈ। ਤੁਹਾਡੇ ਕਰਮ ਐਸੇ ਸਨ ਕਿ ਉਨ੍ਹਾਂ ਨੇ ਤੁਸਾਡੇ ਅੰਦਰ ਤੋਟਾ ਹੀ ਤੋਟਾ ਪਾ ਪਾ ਕੇ ਉਥੇ ਸੁੰਞਤਾ ਵਰਤਾ ਦਿੱਤੀ ਸੀ, ਜੋ ਪਹਿਲੋਂ ਤਾਂ ਅੰਦਰਲੀਆਂ ਤਾਕਤਾਂ ਦੇ ਰੌਲੇ ਰੱਪੇ ਵਿਚ ਨਹੀਂ ਸੀ ਦੀਹਦੀ, ਪਰ ਹੁਣ ਸੰਜਮ ਹੋਣ ਕਰਕੇ ਅੰਦਰ ਵਲ ਝਾਤ ਪੈਣ ਦਾ ਤੁਹਾਡਾ ਰੁਖ ਬਣ ਰਿਹਾ ਹੈ ਤੇ ਹੁਣ ਉਹ ਤੋਟਾ ਅਪਣੇ ਆਪਨੂੰ ਸੱਖਣੇਪਨ ਯਾ ਸੁੰਞ ਵਿਚ ਦਿਖਾ ਰਿਹਾ ਹੈ।

ਢੇਸਾ- ਜੇ ਇਹ ਗਲ ਠੀਕ ਹੈ ਤਾਂ ਚੋਰ, ਡਾਕੂ, ਕਾਤਲ ਤੇ ਕੁਕਰਮੀਆਂ ਨੂੰ ਅਪਣੇ ਅੰਦਰ ਵਾਪਰ ਗਏ ਤੋਟੇ ਦਾ ਪਤਾ ਹੁੰਦਾ ਹੈ ਤੇ ਫੇਰ ਓਹ ਕੁਕਰਮਾਂ ਵਿਚ ਦਲੇਰ ਹੋਏ ਹੁੰਦੇ ਹਨ?

ਭਾਈ ਜੀ- ਹਰ ਕਿਸੇ ਨੂੰ ਆਪਣੇ ਅੰਦਰ ਝਾਤੀ ਮਾਰਨ ਦਾ ਤੇ ਆਪੇ ਨੂੰ ਖੋਜ ਖੋਜ ਵੇਖਣ ਦਾ ਸੁਭਾਉ ਨਹੀਂ ਹੁੰਦਾ। ਇਸ ਕਰਕੇ ਹਰ ਕਿਸੇ ਨੂੰ ਥਹੁ ਨਹੀਂ ਪੈਂਦਾ, ਪਰ ਤੋਟੇ ਪੱਖ ਦਾ ਕਰਮ ਕਰਕੇ ਹਰ ਕਿਸੇ ਦੇ ਅੰਦਰ ਤੋਟੇ ਦਾ ਅਸਰ ਪੈਂਦਾ ਹੈ ਜ਼ਰੂਰ। ਬਾਰ ਬਾਰ ਉਹੋ ਕਰਮ ਕਰਨ ਕਰਕੇ ਉਨ੍ਹਾਂ ਦੇ ਅੰਦਰੋਂ ਇਹ ਆਪਾ ਵੇਖਣ ਦੀ ਸ਼ਕਤੀ ਘਟਦੀ ਜਾਂਦੀ ਹੈ। ਅਸੰਜਮ ਦਾ ਘਮਸਾਨ ਹੋਰ ਹਨੇਰਾ ਪਾਈ ਰਖਦਾ ਹੈ, ਖਾਣ, ਪੀਣ, ਖੇਡਣ, ਤਮਾਸ਼ੇ, ਐਸ਼ਾਂ ਦੇ ਸਾਮਾਨ ਉਸੇ ਅਸਰ ਦੇ ਦਿੱਸਣ ਨੂੰ ਲੁਕਾਈ ਰਖਦੇ ਹਨ। ਇਸ ਤਰ੍ਹਾਂ ਉਨ੍ਹਾਂ ਲੋਕਾਂ ਦੇ ਮਨ ਕਠੋਰ ਹੋ ਜਾਂਦੇ ਹਨ। ਉਨ੍ਹਾਂ ਮਨਾਂ ਵਿਚ ਸਦਾਚਾਰ ਯਾ ਇਖ਼ਲਾਕ ਦਾ ਅੰਧਕਾਰ ਛਾ ਜਾਂਦਾ ਹੈ। ਜੋ ਗੱਲ ਬਾਰ ਬਾਰ ਕਰਦੇ ਹਨ ਉਹ ਸੁਭਾਵ ਬਣਦੀ ਜਾਂਦੀ ਹੈ।

ਢੇਸਾ- ਤਾਂ ਫਿਰ ਜੋ ਤੁਸਾਂ 'ਲਾਹੇ ਦਾ ਪੱਖ' ਕਰਕੇ ਦੱਸਿਆ ਹੈ ਉਸ ਨੂੰ ਅਸੀਂ ਅਪਣੇ ਅੰਦਰ 'ਚਾਉ' ਜੇਹੇ ਦੀ ਸੂਰਤ ਵਿਚ ਵੇਖ ਸਕਦੇ ਹਾਂ। ਪਰ ਕੀਹ ਇਹ ਚਾਉ ਯਾ ਖੁਸ਼ੀ ਬੀ ਇਕ ਓਪਰੀ ਸ਼ੈ ਨਹੀਂ ਜੋ ਬ੍ਰਹਮ ਗਜਾਨੀ ਵਿਚ ਨਹੀਂ ਰਹਿ ਸਕਦੀ। ਕੀ ਇਹ ਬੀ ਮਨੋਵਿਕਾਰ ਨਹੀਂ।

ਭਾਈ ਜੀ ਹੱਸ ਪਏ ਤੇ ਕਹਿਣ ਲਗੇ: ਢੇਸਿਆ! ਵੀਰਾ! ਤੇਰੀ ਵਾਧੂ ਚਰਚਾ ਵਾਦ ਦੀ ਬਾਣ ਨਹੀਂ ਜਾਂਦੀ, ਅਸੀਂ ਗਲ ਤਾਂ ਜਗਜਾਸਾ ਅਵਸਥਾ ਦੀ ਕਰ ਰਹੇ ਹਾਂ ਤੇ ਤੂੰ ਛਾਲ ਬ੍ਰਹਮ-ਗਜਾਨ ਤੇ ਜਾ ਮਾਰੀ ਹੈ।

ਸੁਣ ਧਜਾਨ ਦੇਕੇ : ਬ੍ਰਹਮ ਗਿਆਨੀ ਵਿਚ 'ਆਨੰਦ' ਹੁੰਦਾ ਹੈ[1] ਤੇ ਭਗਤ ਸਦਾ ਖੇੜੇ ਵਿਚ ਹੁੰਦਾ ਹੈ[2]। ਗੁਰੂ ਘਰ ਦਾ ਗਜਾਨੀ ਭਗਤ ਹੁੰਦਾ ਹੈ ਤੇ ਭਗਤ ਗਜਾਨੀ ਹੁੰਦਾ ਹੈ[3]। ਉਹ ਅਨੰਦ ਯਾ ਖੇੜਾ ਵਿਕਾਰ ਯਾ ਓਪਰਾ

---

੧. ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥ {ਸੁਖਮਨੀ}

੨. ਨਾਨਕ ਭਗਤਾ ਸਦਾ ਵਿਗਾਸੁ॥ {ਜਪੁਜੀ}

੩. ਕਹੁ ਨਾਨਕ ਕਿਰਪਾ ਭਈ ਭਗਤੁ ਗਿਆਨੀ ਸੋਇ॥ {ਗਉ: ਮ: ੫, ਬਾ ਅਖ:-੫}
ਪੁਨਾ: ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ {ਬਾਵਨ ਅਖਰੀ-੧੬}


www.sikhbookclub.com

ਲਾਇਆ ਲੱਛਣ ਨਹੀਂ ਹੁੰਦਾ। ਬ੍ਰਹਮ ਗਜਾਨੀ ਜਦ ਦੂਜੇ ਤੇ ਤਰੁੱਠਦਾ ਹੈ ਤਾਂ ਉਸ ਦਾ ਅੰਦਰਲਾ ਅਨੰਦ ਉਮਾਹੂ ਹੋ ਡੁੱਲ੍ਹਦਾ ਹੈ। ਗੁਰੂ ਜੀ ਇਸਦਾ ਹੋਣਾ ਬ੍ਰਹਮ ਗਿਆਨੀ ਵਿੱਚ ਐਉਂ ਦੱਸਦੇ ਹਨ :- '**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥**' {ਸੁਖਮਨੀ} ਜੇਕਰ 'ਉਮਾਹ' ਮਨ ਦਾ ਇਕ ਵਿਕਾਰ ਹੁੰਦਾ ਤਦ ਬ੍ਰਹਮ ਗਿਆਨੀ ਵਿੱਚ ਇਸਦਾ ਅਭਾਵ ਹੁੰਦਾ, ਕਿਉਂਕਿ ਬ੍ਰਹਮ ਗਿਆਨੀ ਸਾਰੇ ਸਰੀਰ ਤੇ ਮਨ ਦੇ ਵਿਕਾਰਾਂ ਤੋਂ ਉੱਚਾ ਹੁੰਦਾ ਹੈ।

ਢੇਸਾ- ਉਮਾਹ ਨਿਰੀ ਖੁਸ਼ੀ ਨੂੰ ਨਹੀਂ ਆਖਦੇ?

ਭਾਈ- ਆਮ ਬੋਲ ਚਾਲ ਵਿਚ ਉਮਾਹ ਪਦ ਖੁਸ਼ੀ ਦੇ ਅਰਥਾਂ ਵਿਚ ਬੋਲ ਲੈਂਦੇ ਹਨ, ਪਰ ਅਸਲ ਵਿਚ ਖੁਸ਼ੀ 'ਉਮਾਹ' ਦਾ ਇਕ ਅੰਗ ਹੈ। 'ਉਮਾਹ' ਆਤਮਾ ਦਾ ਸੁਭਾਵ ਹੈ ਜੋ ਸੁਭਾਵ ਕਿ ਮਨ ਨੂੰ ਯਥਾਰਥ ਸਮਝੀ ਗੱਲ ਦੇ ਕਰਨ ਦੀ ਹਿੰਮਤ ਤੇ ਉਸਦੀ ਖੁਸ਼ੀ ਅਤੇ ਅਯਥਾਰਥ ਜਾਣੀ ਗੱਲ ਤੋਂ ਰੁਕਣ ਦੀ ਹਿੰਮਤ ਤੇ ਉਸਦੀ ਖੁਸ਼ੀ ਵਿਚ ਸੁਤੇ ਸਿਧ ਰੱਖਦਾ ਹੈ। ਇਹ ਖੁਸ਼ੀ ਮਨੋ ਵਿਕਾਰ ਵਾਲੀ ਖੁਸ਼ੀ ਨਹੀਂ ਪਰ ਆਤਮਾਂ ਦੇ ਅਨੰਦ ਸਰੂਪ ਦਾ ਚਸ਼ਮੇ ਵਾਂਙੂ ਭਰ ਭਰ ਡੁੱਲ੍ਹਣਾ ਹੈ। ਜਿਵੇਂ ਬੱਦਲ ਤੋਂ ਜਲ ਦਾਨ ਸੁਤੇ ਹੋ ਰਿਹਾ ਹੈ, ਜਿੱਕੂੰ ਖਿੜੇ ਗੁਲਾਬ ਵਿਚੋਂ ਖੁਸ਼ਬੋ ਸੁਤੇ ਦਾਨ ਪਈ ਹੁੰਦੀ ਹੈ ਤਿਵੇਂ ਬ੍ਰਹਮ ਗਿਆਨੀ ਤੋਂ ਭਲਾ ਆਪੇ ਪਿਆ ਹੁੰਦਾ ਹੈ। ਜਿਵੇਂ ਚਸ਼ਮੇ ਦਾ ਜਲ ਸੁਤੇ ਸਿੱਧ ਦਾਨ ਰੂਪ ਹੈ, ਲੋਕ ਆਖਦੇ ਬੀ ਇਹੋ ਹਨ "ਇਹ ਜਲ ਉਮਾਹੂ ਨਿਕਲ ਰਿਹਾ ਹੈ।"

ਢੇਸਾ- ਮੈਂ ਤਾਂ ਸੁਣਿਆ ਹੈ ਕਿ ਬ੍ਰਹਮ ਗਿਆਨੀ ਵਿੱਚ ਉਮਾਹ ਆਦਿਕ ਕੱਖ ਨਹੀਂ ਰਹਿੰਦਾ। ਉਹ ਤਾਂ ਬੱਸ ਜੋ ਕੁਝ ਕਿਹਾ ਜਾਏ ਉਸ ਤੋਂ ਖਾਲੀ ਹੁੰਦਾ ਹੈ।

ਭਾਈ ਜੀ (ਹੱਸ ਪਏ) ਤੇ ਬੋਲੇ :- ਭਾਈ! ਤੂੰ ਅਜੇ ਗੁਰ ਸਿੱਖੀ ਨਹੀਂ ਨਾ ਸਿੱਖੀ। ਗਜਾਨੀ ਬੀ ਇਕ ਤਰ੍ਹਾਂ ਦੇ ਨਹੀਂ। ਇਕ ਇਸ ਤਰ੍ਹਾਂ ਦੇ ਗਜਾਨੀ ਹੁੰਦੇ ਹਨ ਕਿ 'ਇਹ ਠੀਕ ਨਹੀਂ ਹੈ' ਯਾ 'ਇਹ ਮਿਥਿਆ ਹੈ' 'ਇਸ ਤਰ੍ਹਾਂ ਦਾ ਤਿਆਗ' ਵੀਚਾਰਦੇ ਹਨ। ਨਹੀਂ, ਇਹ ਨਹੀਂ ਕਰਦੇ, ਓਹ ਸਾਰੀ ਉਸ ਤੋਂ ਜੋ 'ਸਚਮੁਚ ਨਹੀਂ ਹੈ' ਪਰ 'ਭਾਸਦੀ ਹੈ' ਨਿਕਲ ਜਾਂਦੇ ਹਨ। 'ਇਹ ਨਹੀਂ, ਇਹ ਨਹੀਂ' ਕਰਨ ਦਾ ਮਤਲਬ ਇਹ ਹੁੰਦਾ ਹੈ ਕਿ ਸੰਜਮ ਨਾ ਰਹਿਣ ਤੇ ਜੋ ਭਾਵ ਮਨ ਦੇ ਵਿਕਾਰਾਂ ਤੋਂ ਪੈਦਾ ਹੋਏ ਹਨ ਅਰ ਝੂਠੇ ਹਨ ਉਨ੍ਹਾਂ ਤੋਂ ਮਨ ਨਿਕਲ

 www.sikhbookclub.com

ਜਾਵੇ, ਭੁਲੇਵੇਂ ਤੇ ਭਰਮ ਦੂਰ ਹੋ ਜਾਣ, ਪਰ ਕਈ ਵੇਰ ਇਸ ਰਾਹ ਟੁਰਦੇ ਗਿਆਨ ਦੇ ਢੂੰਡਾਊ 'ਨਾਹ ਫਨਾਹ' ਕਰਦੇ ਮਨ ਦੇ ਆਤਮ ਸੁਭਾਵ ਦੇ ਪ੍ਰਤਿਬਿੰਬ ਨੂੰ ਬੀ, ਜੋ ਮਨ ਪਰ ਪੈਂਦਾ ਹੈ, 'ਨਾਹ ਨਾਹ' ਕਰਦੇ 'ਆਨੰਦ' ਤੋਂ ਵਿਰਵੇ ਹੋਕੇ ਕਿਸੇ ਸ਼ੂਨ ਵਿਚ ਜਾ ਪੈਂਦੇ ਹਨ। ਉਨ੍ਹਾਂ ਦੇ ਅੰਦਰ ਆਸਤਕ ਹੁੰਦਿਆਂ ਨਾਸਤਕਤਾ ਆ ਜਾਂਦੀ ਹੈ। ਇਕ ਹੋਰ ਤਰ੍ਹਾਂ ਦੇ ਗਜਾਨੀ ਹਨ, ਯਥਾਰਥ ਨੂੰ 'ਹੈ ਹੈ' ਕਰਕੇ ਗਿਆਨ ਪਾਉਂਦੇ ਹਨ, ਪਰ ਸ੍ਰੀ ਗੁਰੂ ਜੀ ਮਿਥਿਆ ਦੇ ਤਿਆਗ ਵਾਸਤੇ ਨਖੇਧੀ ਤ੍ਰੀਕਾ ਵਰਤ ਕੇ ਆਖਦੇ ਹਨ '**ਮਿਥਿਆ ਤਨ ਨਹੀ ਪਰਉਪਕਾਰਾ**' ਤੇ ਯਥਾਰਥ ਦੇ ਗ੍ਰਹਨ ਵਾਸਤੇ ਵਿਧੀ ਤ੍ਰੀਕੇ ਨੂੰ ਵਰਤਦੇ ਤੇ ਆਖਦੇ ਹਨ '**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ**'। ਜੋ ਮਨ ਦੀਆਂ ਵ੍ਰਿਹਤਾਂ ਖੋਟੀਆਂ ਹਨ ਤਿਆਗਣੇ ਯੋਗ ਹਨ, ਮਨ ਦੇ ਭਰਮ ਹਨ, ਦੂਰ ਕਰਨੇ ਹਨ, ਪਰ ਅੰਤ ਪਹੁੰਚਣਾ ਤਾਂ 'ਸਚ' ਉਤੇ ਹੈ। ਜੋ ਸਦਾ ਹੈ ਤੇ ਕਦੀ 'ਨਹੀਂ ਹੈ' ਨਹੀਂ ਹੁੰਦਾ।

ਢੇਸਾ- ਮੈਂ ਇਕ ਦਿਨ ਕਥਾ ਵਿਚ ਇਕ ਪੰਡਤ ਤੋਂ ਬ੍ਰਹਮ ਗਿਆਨੀ ਦਾ ਲੱਛਣ ਇਹ ਸੁਣਿਆ ਸੀ ਕਿ ਜਿਸਦੇ ਸਾਮ੍ਹਣੇ ਮਨੁੱਖ ਦੀ ਹੱਤਿਆ ਹੋ ਜਾਵੇ ਯਾ ਬ੍ਰਹਮ ਲੋਕ ਦਾ ਦਾਨ ਹੋ ਜਾਵੇ ਤੇ ਉਹ ਅਫੁਰ ਰਹੇ ਤੇ ਰਤਾ ਨਾ ਹਿੱਲੇ ਉਹ ਬ੍ਰਹਮ ਗਿਆਨੀ ਹੈ।

ਭਾਈ ਜੀ- ਵਗਦੇ ਦਰਿਆ, ਖੜੇ ਬ੍ਰਿੱਛ, ਸ਼ੁਦਾਈ, ਅਤਿ ਮੂਰਖ ਤੇ ਮੂਰਛਿਤ ਆਦਮੀ ਦੇ ਸਾਮ੍ਹਣੇ ਏਹ ਦੋਵੇਂ ਕੰਮ ਹੋਣ ਪਰ ਓਹ ਰਤਾ ਨਹੀਂ ਹਿੱਲਦੇ ਅਫੁਰ ਰਹਿੰਦੇ ਹਨ, ਤਦ ਕੀਹ ਦਰਿਯਾ ਤੇ ਬ੍ਰਿੱਛ, ਸ਼ੁਦਾਈ, ਮੂਰਖ ਤੇ ਮੂਰਛਿਤ ਮਨੁੱਖ ਬ੍ਰਹਮ ਗਿਆਨੀ ਹਨ?

ਢੇਸਾ- ਨਹੀਂ ਜੀ!

ਭਾਈ- ਫੇਰ ਇਹੋ ਤਾਂ ਗੱਲ ਹੈ ਕਿ ਜਿੱਥੋਂ ਟਪਲਾ ਲਗਦਾ ਹੈ। ਜੋ ਵਾਰਤਾ ਤੁਸਾਂ ਕਹੀ ਹੈ ਉਸਦਾ ਏਨਾਂ ਅਰਥ ਤਾਂ ਠੀਕ ਹੈ ਕਿ ਬ੍ਰਹਮ ਗਿਆਨੀ ਦਾ ਮਨ ਅਡੋਲ ਹੁੰਦਾ ਹੈ, ਅਸੰਜਮੀ, ਅਧੀਰਜੀ ਲੋਕਾਂ ਵਾਂਙ ਡੋਲਦਾ ਨਹੀਂ ਹੈ। ਦੂਜੇ ਅਰਥਾਂ ਵਿੱਚ ਬ੍ਰਹਮ ਗਿਆਨੀ ਦੀ ਮਤ ਉਸਦੇ ਮਨ ਦੇ ਵੱਸ ਵਿੱਚ ਨਹੀਂ ਹੁੰਦੀ ਹੈ। ਉਸ ਦਾ ਮਨ ਮਤਿ ਦੇ ਵਸ ਵਿਚ ਹੁੰਦਾ ਹੈ ਤੇ ਮਤ ਉੱਚੀ ਹੋਕੇ 'ਅਸਲੀਅਤ' ਨੂੰ ਪਰਖਦੀ ਹੈ। ਉਹ 'ਯਥਾਰਥ' ਨੂੰ ਲਖ ਲੈਂਦਾ ਹੈ, ਉਸਨੂੰ

ਹਰਖ ਤੇ ਸ਼ੋਕ ਨਹੀਂ ਹੁੰਦਾ (ਜੋ ਮਨ ਦਾ ਸੁਭਾਵ ਹੈ) ਪਰ ਇਸਦਾ ਇਹ ਅਰਥ ਨਹੀਂ ਕਿ ਉਸਦੇ ਆਤਮਾਂ ਦਾ ਹਰਖ ਸਰੂਪ ਜਾਂ ਅਨੰਦ ਸਰੂਪ ਨਸ਼ਟ ਹੋ ਜਾਂਦਾ ਹੈ। ਜੇ ਇਹ ਹੋ ਗਿਆ ਤਦ ਆਤਮਾਂ ਕਾਹਦਾ? ਹਾਂ ਬ੍ਰਹਮ ਗਿਆਨੀ ਘਬਰਾਉਂਦਾ ਨਹੀਂ ਅਵਾਣਾਂ ਵਾਂਙੂ, ਹਰਖ ਤੇ ਸ਼ੋਕ ਵਿੱਚ ਰੁੜ੍ਹਦਾ ਨਹੀਂ, ਪਰ ਐਸ ਤਰ੍ਹਾਂ ਅਡੋਲ ਹੁੰਦਿਆਂ ਬ੍ਰਹਮ ਗਿਆਨੀ ਕਦੇ ਹੱਤਿਆ ਨਹੀਂ ਕਰਦਾ ਅਰ ਕਦੇ ਦਾਨ ਨੂੰ ਬੁਰਾ ਨਹੀਂ ਜਾਣਦਾ। ਉਸ ਤੋਂ ਸੁਤੇ ਦਾਨ ਹੁੰਦਾ ਹੈ, ਉਸ ਤੋਂ ਨੇਕੀ ਯਾ ਧਰਮ ਵਰ੍ਹਾਊ ਬੱਦਲ ਵਾਂਙੂ ਲੱਭਦਾ ਹੈ। ਉਹ 'ਉਮਾਹ' ਹੈ। ਜਦ ਇਸ ਉਮਾਹ ਦਾ ਪ੍ਰਤਿਬਿੰਬ ਮਨ ਪਰ ਪੈਂਦਾ ਹੈ ਤਦ ਉਥੇ ਏਸਦੇ ਐਤਨੇ ਰੰਗ ਪ੍ਰਤੀਤ ਦੇਂਦੇ ਹਨ ਕੁਦਰਤੀ ਖਿਮਾ, ਸੁਤੇ ਵੈਰਾਗ, ਉਚਜਾਈ ਦੀ ਪ੍ਰਤੀਤੀ, ਖੁਸ਼ੀ ਤੇ ਚਾਉ।

ਇਹ ਸ਼ੈ ਜਿਸ ਦਾ ਮੈਂ ਹਾਲ ਕਿਹਾ ਹੈ ਜਿਸ ਦਾ ਹੋਣਾ ਗੁਰੂ ਜੀ ਨੇ ਬ੍ਰਹਮ ਗਿਆਨੀ ਵਿੱਚ ਕਿਹਾ ਹੈ, ਜੋ ਆਤਮਾਂ ਦੇ ਸਹਿਜ ਸੁਭਾਵ ਵਿੱਚ ਖੇਡਦਾ ਹੈ, ਜਦੋਂ ਜਗਜਾਸੂ ਦੇ ਮਨ ਪੁਰ ਝਲਕਾ ਮਾਰਦਾ ਹੈ ਤਦ ਉਸਦੇ ਮਨ ਪਰ ਜੇ ਅਜੇ ਹਨੇਰਾ ਹੈ ਉਹ ਉਸ ਹਨੇਰੇ ਪਰ ਪੈਂਦਾ ਹੈ, ਉਹ ਬੀ ਅੰਦਰ ਇਕ ਸੱਖਣਾਪਨ ਦੀ ਪ੍ਰਤੀਤੀ ਦੇਂਦਾ ਹੈ।

ਢੇਸਾ- ਤੁਸੀਂ ਕਿਹਾ ਹੈ ਕਿ 'ਉਮਾਹ' ਆਤਮਾ ਦਾ ਸੁਭਾਵ ਹੈ ਅਰ ਇਹ ਬੀ ਸਮਝਾਇਆ ਜੇ ਕਿ ਖੁਸ਼ੀ ਪੂਰਬਕ ਨੇਕ ਕੰਮ ਕਰਨਾ ਤੇ ਖੁਸ਼ ਹੋਣਾ, ਖੁਸ਼ੀ ਪੂਰਬਕ ਮੰਦ ਕਰਮ ਤੋਂ ਰੁਕਣਾ ਤੇ ਖੁਸ਼ ਹੋਣਾ ਏਹ ਸਾਰਾ ਸਾਹਸ ਯਾ ਉੱਦਮ ਜਗਜਾਸੂ ਦੇ ਮਨ ਵਿਚ 'ਉਮਾਹ' ਦਾ ਹੀ ਪ੍ਰਤੀਬਿੰਬ ਪੈਂਦਾ ਹੈ। ਸਿੱਧ ਕੀ ਹੋਇਆ ਕਿ ਆਤਮਾ ਦਾ ਸਰੂਪ ਬ੍ਰਹਮ ਗਿਆਨ ਤੋਂ ਮਗਰੋਂ ਕੁਛ ਬਾਕੀ ਰਹਿ ਜਾਂਦਾ ਹੈ, ਅਨਹੋਂਦ ਨਹੀਂ ਹੋ ਜਾਂਦੀ।

ਭਾਈ ਜੀ- ਆਤਮਾ ਸੱਤ ਹੈ, ਅਰ ਸਦਾ ਸੱਤ ਹੈ, ਉਹ ਪ੍ਰੇਮ ਹੈ ਅਰ ਆਨੰਦ ਹੈ। ਜੋ ਸੱਤ ਹੈ ਤੇ ਗਜਾਨ, ਉਹ ਬਲਵਾਨ ਬੀ ਹੈ। ਜੋ ਪ੍ਰੇਮ ਹੈ ਉਹ ਆਨੰਦ ਬੀ ਹੈ। ਚੇਤਨ ਤੇ ਪ੍ਰੇਮ ਤੇ ਆਨੰਦ ਦਾ ਉਮਾਹੂ ਹੋਣਾ ਸੁਤੇ ਸਿੱਧ ਹੈ। ਇਹ ਹੋਈ ਸਚ ਮੁਚ ਦੀ 'ਹੈ'। ਇਸ ਕਰਕੇ ਇਹ ਖਿਆਲ ਕਰਨਾ ਕਿ ਗਿਆਨ ਹੋਏ ਤੇ ਸਾਡਾ ਆਤਮ ਅਭਾਵ ਨਸ਼ਟ ਹੋ ਜਾਏਗਾ ਨਾਸਤਕ ਮਤਾ ਹੈ। ਗਿਆਨ ਦੇ ਹੋਇਆਂ ਤਾਂ ਸਗੋਂ ਮਨ ਦੇ ਝੂਠੇ ਸੁਭਾਵ ਭ੍ਰਮ ਆਦਿ ਦੂਰ ਹੋ

 www.sikhbookclub.com

ਜਾਣਗੇ, ਅਰ ਆਤਮਾ ਨਿਰੋਲ ਲਿਸ਼ਕੇਗਾ। ਜਿੰਕੂ ਕਾਲੀਆਂ, ਚਿੱਟੀਆਂ, ਭੂਸਲੀਆਂ, ਪੀਲੀਆਂ ਬੱਦਲੀਆਂ ਦੇ ਦੂਰ ਹੋਇਆਂ ਸੂਰਜ ਦਾ ਅਭਾਵ ਨਹੀਂ ਹੁੰਦਾ, ਪਰ ਧੁੰਦਲੇ ਚਾਨਣੇ ਦੇਣ ਦੀ ਥਾਂ ਉਹ ਆਪਣੇ ਅਸਲੀ ਸਰੂਪ ਵਿੱਚ ਲਿਸ਼ਕਦਾ ਹੈ।

ਢੇਸਾ- ਮੈਂ ਸਮਝਦਾ ਸਾਂ ਕਿ ਜਦ ਆਤਮਾ ਨਿਰਗੁਣ ਹੈ ਤਦ ਜੋ ਨਾਸਤਕ ਕਹਿੰਦੇ ਹਨ ਆਤਮਾ ਹੈ ਹੀ ਨਹੀਂ, ਇਸ ਵਿੱਚ ਫ਼ਰਕ ਹੀ ਕੀਹ ਹੋਇਆ? ਇਕੋ ਗੱਲ ਹੈ। ਆਤਮਾ ਮੋਹ ਹਰਖ ਸ਼ੋਕ ਤੋਂ ਰਹਿਤ ਹੈ। ਤਾਂ ਉਹ ਹੋਇਆ ਹੀ ਕੀਹ? ਜਿਸਦਾ ਰੂਪ ਨਹੀਂ, ਰੇਖ ਨਹੀਂ, ਰੰਗ ਨਹੀਂ, ਗੁਣ ਨਹੀਂ ਉਹ ਕੀਹ ਹੈ? ਨਨੇ ਦੀ ਪੱਟੀ। ਪਰ ਤੁਸੀਂ ਕਹਿੰਦੇ ਹੋ ਕਿ ਜੋ 'ਵਸਤੂ' ਅਰ 'ਭਾਵ' ਅਨਾਤਮ ਹੈ, ਪਰ ਜਿਨ੍ਹਾਂ ਨੂੰ ਅਸੀਂ ਆਤਮਾ ਜਾਣਦੇ ਹਾਂ ਇਸ ਤ੍ਰੀਕੇ ਨਾਲ ਸਾਨੂੰ ਇਹ ਸਮਝ ਆ ਜਾਵੇ ਕਿ ਆਹ ਸਾਮਾਨ ਅਨਾਤਮ ਹੈ ਅਰ ਇਨ੍ਹਾਂ ਤੋਂ ਉੱਪਰ ਇਕ ਅਸਲੀਯਤ ਹੈ, ਸਚੀ ਮੁਚੀ ਜਿਸਦਾ ਵਜੂਦ ਹੈ, ਜੋ ਸਚੀ ਮੁਚੀ ਪਰਮ ਪੂਰਨ ਗਜਾਨ ਹੈ ਅਰ ਜਿਸ ਵਿਚ ਪੂਰਨ ਅਨੰਦ ਹੈ। ਭਲਿਆਈ ਅਨੰਦ ਹੈ, ਬਦੀ ਅਨੰਦ ਦੇ ਉਲਟ ਹੈ, ਇਸ ਕਰਕੇ ਅਨੰਦੀ ਪਰਮ ਆਤਮਾ ਵਿੱਚ ਨੇਕੀ ਸੁਤੇ ਸਿੱਧ ਹੈ ਤੇ ਬਦੀ ਦਾ ਅਭਾਉ ਸੁਤੇ ਸਿੱਧ ਹੈ। ਉਸ ਵਿੱਚ ਪ੍ਰੇਮ ਬੀ ਹੈ, ਉਸ ਵਿੱਚ ਹੋਸ਼, ਬੁੱਧੀ, ਚੇਤਨਤਾ, ਬਲ ਤੇ ਸਾਹਸ ਬੀ ਹੈ। ਇਸ ਤੋਂ ਤਾਂ ਉਹ ਹੋਂਦ ਵਾਲਾ ਅਰਥਾਤ ਸੱਤਜਤਾ ਵਾਲਾ, ਗਿਆਨ ਵਾਲਾ, ਅਨੰਦ ਤੇ ਪ੍ਰੇਮ ਵਾਲਾ ਸਿੱਧ ਹੋਇਆ।

ਭਾਈ ਜੀ- ਜੀਵਾਤਮਾ ਨੂੰ ਬੀ ਜਦ ਰੂਪ ਰੇਖ ਤੋਂ ਨਿਆਰਾ ਕਹੀਦਾ ਹੈ ਤਦ ਇਹ ਮਤਲਬ ਹੁੰਦਾ ਹੈ ਕਿ ਉਹ ਪ੍ਰਕ੍ਰਿਤੀ (ਮਾਦੇ) ਦੇ ਪਦਾਰਥਾਂ ਵਾਂਙੂ ਐਸੇ ਸਰੂਪ ਵਾਲਾ ਨਹੀਂ ਜੋ ਸਮੇਂ ਦੀ ਗਤੀ ਨਾਲ ਨਾਸ਼ ਹੋ ਸਕੇ ਯਾ ਵਿੱਥ ਪੈਣ ਨਾਲ ਉਸਦਾ ਵਜੂਦ ਨਾ ਰਹੇ। ਉਸ ਵਿੱਚ ਹਰਖ, ਸ਼ੋਕ, ਐਸ ਤਰ੍ਹਾਂ ਦੇ ਨਹੀਂ ਕਿ ਜੋ ਲੋਭ ਲਾਲਚ ਭੈ ਤੇ ਭਰਮ ਦੇ ਆਸਰੇ ਉਪਜਦੇ ਬਿਨਸਦੇ ਹਨ, ਪਰ ਉਸ ਵਿਚ ਚੇਤਨ ਹੈ, ਪ੍ਰੇਮ ਹੈ, ਆਨੰਦ ਹੈ। ਇਸ ਕਰਕੇ ਸਾਡੇ ਸਤਿਗੁਰਾਂ ਨੇ ਉਸ ਜੀਵ ਆਤਮਾ ਦੇ ਮੂਲ ਅਕਾਲ ਪੁਰਖ ਦਾ ਸਰੂਪ ਨਿਰਾ ਨਾਂਹ ਨਾਂਹ ਕਰਕੇ 'ਕਿ ਇਹ ਬੀ ਨਹੀਂ, ਇਹ ਬੀ ਨਹੀਂ' ਨਹੀਂ ਕੀਤਾ, ਪਰ ਸਾਡੇ ਸਮਝ ਗੋਚਰਾ ਕਰਨ ਲਈ ਇਉਂ ਕਿਹਾ ਹੈ :-

"੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ਜਪੁ॥
ਆਦਿ ਸਚੁ ਜੁਗਾਦਿ ਸਚੁ॥ ਹੈਭੀ ਸਚੁ ਨਾਨਕ
ਹੋਸੀ ਭੀ ਸਚੁ॥੧॥" {ਜਪੁਜੀ}

"ਓਹੁ ਹੈ" ਪਰ ਇਕ ਹੈ, ਇਕ ਹੈ ਪਰ ਸਾਰੇ ਪਰੀ ਪੂਰਨ ਤੇ ਵਿਆਪਕ ਹੈ, ਸਤਿ ਹੈ, ਨਾਮ ਹੈ, ਕਰਤਾ ਹੈ, ਪੁਰਖ ਹੈ, ਮੂਰਤ ਹੈ, ਸੈਭੰ ਹੈ, ਆਦਿ। ਇਹ ਉਸਦੇ 'ਹੈ' (ਹੋਣ) ਦੇ ਰੂਪ ਤੋਂ ਦੱਸਿਆ।

ਭੈ ਰਹਿਤ, ਵੈਰ ਰਹਿਤ, ਕਾਲ ਰਹਿਤ, ਜੂਨ ਰਹਿਤ ਇਹ 'ਨਾ' ਪੱਖ ਤੋਂ ਰੂਪ ਦੱਸਿਆ* ਤੇ ਸਾਨੂੰ ਤੁਹਾਨੂੰ ਇਸ ਭੁੱਲ ਤੋਂ ਜੋ ਤੁਹਾਨੂੰ ਸੁੱਕੇ ਪੰਡਤਾਂ ਤੋਂ ਸੁਣਦਿਆਂ ਪੈ ਗਈ ਹੈ, ਬਚਾ ਲਿਆ। ਫੇਰ ਕਿਹਾ ਕਿ ਇਸਦੇ ਯਥਾਰਥ ਬੋਧ ਦਾ ਤ੍ਰੀਕਾ ਨਾਮ ਜਪ ਹੈ। ਨਾਮ ਵਿੱਚ ਲੱਗਣਾ, ਸੰਸਾ ਨਾ ਕਰਨਾ, ਸਿਦਕ ਕਰਨਾ ਅਰ ਕਦੇ 'ਨਹੀਂ ਹੈ' ਦੇ ਟਪਲੇ ਵਿੱਚ ਨਾ ਪੈਣਾ। 'ਹੈ' ਓਹ ਆਦਿ ਜੁਗਾਦਿ ਵਿਚ 'ਹੈ'। ਉਹ ਹੁਣ ਹੈ, ਉਹ ਹੋਸੀ ਭੀ ਸਚ ਹੈ। ਅਰਥ ਕੀਹ ਕਿ ਉਹ ਸਦਾ 'ਹੈ' ਕਦੇ 'ਨਹੀਂ' ਉਹ ਨਹੀਂ ਹੋ ਸਕਦਾ। ਇਸੇ ਕਰਕੇ ਗੁਰੂ ਕੇ ਸਿੱਖ ਉਸਨੂੰ ਨਿਰਗੁਣ, ਰੂਪ, ਰੇਖ, ਰੰਗ ਤੋਂ ਰਹਿਤ ਸੁਣਕੇ ਬੀ ਸੈਭੰ (=ਸੁਤੇ ਪ੍ਰਕਾਸ਼), ਮੂਰਤ (=ਵਜੂਦ ਵਾਲਾ) ਆਦਿ ਜੁਗਾਦਿ(ਹੁਣ ਤੇ ਅਗੋਂ ਇਕ ਰਸ ਹੋਣ ਤੇ ਰਹਿਣ ਵਾਲਾ) ਮੰਨਦੇ ਹਨ।

ਢੇਸਾ- ਆਪ ਨੇ ਬੜੀ ਕ੍ਰਿਪਾ ਕੀਤੀ ਜੋ ਮੇਰਾ ਭਾਰੀ ਭਰਮ ਦੂਰ ਕੀਤਾ। ਅਸਲ ਵਿੱਚ ਮੈਨੂੰ ਇਸੇ ਧੋਖੇ ਨੇ ਮਾਰਿਆ। ਮੈਂ ਤਾਂ ਕੁਛ ਨਾਸਤਕ ਜਿਹਾ ਸਾਂ, ਯਾ ਸਮਝੋ ਕਿ ਬੇਪਰਵਾਹ ਜਿਹਾ ਸਾਂ। ਜਦ ਮੈਂ ਆਸਤਕ ਪੰਡਤਾਂ ਦਾ ਰੱਬ ਸੁਣਿਆ ਉਸਨੂੰ ਮੈਂ ਸਮਝ ਨਾ ਸਕਿਆ। ਅੱਜ ਆਪ ਨੇ ਮੇਰੀ ਬੜੀ ਭਾਰੀ ਭੁੱਲ ਦੂਰ ਕੀਤੀ ਹੈ।

ਭਾਈ ਜੀ- ਮਿਤ੍ਰ ਜੀ! ਸਤਿਗੁਰੂ ਧੰਨ ਹੈ ਜੋ ਸਾਡੇ ਭ੍ਰਮ ਦੇ ਛੌੜ ਕੱਟਦੇ ਹਨ। ਅਸਲ ਵਿੱਚ ਪਰਮੇਸੁਰ ਦਾ ਹੋਣਾ ਆਪਣੇ ਅੰਦਰੋਂ ਪ੍ਰਤੀਤ ਹੁੰਦਾ ਹੈ ਤੇ ਅਸੀਂ ਬਾਹਰ ਟੋਲਦੇ ਹਾਂ ਤੇ ਅੰਦਰ ਸਾਡੇ ਅਸੰਜਮ ਨੇ ਰੌਲਾ ਪਾ ਛਡਿਆ ਹੈ

---

* ਇਸ ਲਈ ਕਿ ਕਿਤੇ ਅਸੀਂ ਭੈ ਵੈਰ ਆਦਿ ਵਾਲੇ ਦੇਵਤਿਆਂ ਨੂੰ ਪ੍ਰਮਾਤਮਾ ਨਾ ਸਮਝ ਲਈਏ।

 www.sikhbookclub.com

ਇਸ ਰੌਲੇ ਨੇ ਸਿਦਕ ਮਾਰ ਛੱਡਿਆ ਹੈ, ਭਰਮ ਨੇ ਕਾਲਕ ਛਾ ਕੇ ਉਮਾਹ ਦਾ ਬਲ ਮਾਇਕ ਉੱਦਮ ਵਿਚ ਬਦਲ ਛੱਡਿਆ ਹੈ, ਸਰੀਰਕ ਲਾਲਚਾਂ ਤੇ ਭੈਆਂ ਨੇ ਉਮਾਹ ਨੂੰ ਕਾਮਨਾ ਤੇ ਸੰਕੋਚਾਂ ਵਿਚ ਪਲਟ ਦਿੱਤਾ ਹੈ। ਮਨੋ ਕਾਮਨਾਂ ਦੀਆਂ ਪੂਰਤੀਆਂ ਕ੍ਰੋਧ ਬਣਾ ਦੇਂਦੀਆਂ ਹਨ। ਬੁੱਧੀ ਸਾਡੀ ਮਾਇਕ ਖੋਜਾਂ ਵਿਚ ਮਸਤ ਹੈ। ਮਨ ਹਾਸੇ ਖੇਡਾਂ ਤਮਾਸ਼ਿਆਂ ਵਿਚ ਪਰਚ ਗਿਆ ਹੈ। ਬਸ! ਮਾਨ ਤੇ ਹੰਕਾਰ ਦੀ ਗੁਡੀ ਚੜ੍ਹ ਰਹੀ ਹੈ, ਇਸ ਲਈ ਸਾਡੀ ਵਿਦਿਆ ਬੀ ਸਾਨੂੰ ਗ਼ੈਬ ਦੇ ਪਰਦੇ ਦੇ ਬਾਹਰ ਬਾਹਰ ਲਈ ਫਿਰਦੀ ਹੈ। ਇਸੇ ਕਰਕੇ ਮੇਰੀ ਬੇਨਤੀ ਵਾਰ ਵਾਰ ਆਪਦੇ ਅੱਗੇ ਇਹੋ ਹੀ ਹੈ ਕਿ ਪਹਿਲੇ ਸੰਜਮ ਕਰੋ, ਫੇਰ ਟਿਕਾਉ ਵਿਚ ਆਓ, ਫੇਰ ਤੁਹਾਡੀ ਮਤ ਬਲ ਪਾਕੇ ਤੁਹਾਡੇ ਮਨ ਦੇ ਉਤੇ ਲਗੇ। ਉਮਾਹ ਦੇ ਬਲ ਬਿਨਾਂ ਬੁੱਧੀ ਨਿਤਾਣੀ ਹੋਕੇ ਮਨ ਦੇ ਹੇਠ ਲਗਦੀ ਹੈ ਅਰ ਅਸੀਂ ਰੋਜ਼ ਅਰਦਾਸ ਕਰਦੇ ਹਾਂ- 'ਮਨ ਨੀਵਾਂ ਮਤਿ ਉਚੀ'। ਪਰ ਕਿਕੂੰ ਹੋਵੇ ਜਦੋਂ ਕਿ ਉਮਾਹ ਆਪਣੇ ਰੰਗ ਵਿਚ ਆਕੇ ਮਤ ਦੀ ਮਦਦ ਨਹੀਂ ਕਰਦਾ? ਜਦੋਂ ਮਤ ਉੱਜਲ ਤੇ ਉਮਾਹ ਨਾਲ ਬਲਵਾਨ ਹੋ ਗਈ, ਮਨ ਸੰਜਮ ਨਾਲ ਟਿਕਾਣੇ ਆ ਗਿਆ, ਤਦੋਂ ਅੰਦਰੋਂ ਪਰਮੇਸ਼ਰ ਦੇ ਦੇਸ਼ ਦੇ ਪਤੇ ਤੇ ਨਿਸ਼ਾਨੀਆਂ ਮਿਲਦੀਆਂ ਹਨ। ਬੁੱਧੀ ਪਹਿਲੇ ਹੰਕਾਰ ਦਾ ਪੜਦਾ ਪਾੜਦੀ ਹੈ ਤਦ ਕੀ ਵੇਖਦੀ ਹੈ ਕਿ ਮੇਰੇ ਵਿਚ ਹੋਣ ਦਾ ਖਿਆਲ ਆਪੇ ਹੀ ਮੌਜੂਦ ਹੈ; 'ਮੈਂ ਹਾਂ' ਇਕ ਖਿਆਲ ਮਾਇਆ ਤੋਂ ਸੁੱਛ ਹੋਕੇ ਹੰਕਾਰ ਤੋਂ ਛੁਟਕੇ ਭੀ ਮੇਰੇ ਅੰਦਰ ਹੈ। ਮੌਤ ਦੀ ਸੋਚ ਸੋਚ ਕੇ ਭੀ ਮੈਨੂੰ ਮੇਰੇ ਹੋਣ ਦਾ ਖਿਆਲ ਨਹੀਂ ਛੁੱਟਦਾ। ਫੇਰ ਮੇਰੇ ਵਿਚ ਸਦਾ ਹੋਣ ਦਾ ਖਿਆਲ ਦਿੱਸਦਾ ਹੈ। ਇਕ ਮੈਨੂੰ ਬੇਅੰਤਤਾਈ ਦਾ ਅਨੁਭਵ ਹੁੰਦਾ ਹੈ, ਇਹ ਖਿਆਲ ਸਾਫ਼ ਪ੍ਰਗਟ ਕਰਦੇ ਹਨ ਕਿ ਕੋਈ ਐਸੀ ਹਸਤੀ ਹੈ ਜਿਸਦੇ ਕਿ ਏਹ ਝਲਕੇ ਮੇਰੇ ਵਿਚ- ਜੋ ਉਸ ਹਸਤੀ ਨਾਲ ਕਿਸੇ ਤਰ੍ਹਾਂ ਸੰਬੰਧਿਤ ਹੈ- ਵਜਦੇ ਹਨ। ਕੁਦਰਤ ਵਿਚ ਕ੍ਰਮ, ਜੁਗਤ, ਗਣਤ, ਪ੍ਰਯੋਜਨ ਅਰ ਐਸੇ ਸਾਮਾਨ ਹਨ ਜੋ ਕਿਸੇ ਚੇਤਨ ਕਾਰਨ ਦਾ ਥਹੁ ਦੇਂਦੇ ਹਨ। ਦਿੱਸਣ ਵਾਲੇ ਪਦਾਰਥਾਂ ਦੀ ਦਸ਼ਾ ਦਾ ਪਲਟਣਾ ਦੇਖਕੇ ਬੀ ਮੇਰੇ ਵਿਚ ਇਕ ਰਸ ਅਵਸਥਾ ਦਾ ਖਿਆਲ ਪੈਦਾ ਹੁੰਦਾ ਹੈ। ਕੁਦਰਤ ਦੀ ਰਚਨਾ ਵਿਚ ਕ੍ਰਮ, ਜੁਗਤ, ਹਿਸਾਬ ਇਹ ਮੇਰੇ ਵਿਚ ਇਕ ਰਸ ਚੇਤਨ ਦਾ ਖਿਆਲ ਪੈਦਾ ਕਰਦੇ ਹਨ। ਕੀ ਇਹ ਉਸ ਤਰ੍ਹਾਂ ਦੇ ਪੜ੍ਹੇ ਨਹੀਂ ਕਿ ਜਿਸ ਤਰ੍ਹਾਂ ਪਾਣੀ ਦਾ ਡਲ ਨੇੜੇ ਆਉਣ ਤੋਂ ਪਹਿਲੇ ਠੰਢੀ ਹਵਾ,

 www.sikhbookclub.com

ਜਲ ਦੇ ਪੰਖੀ, ਸਬਜ਼ੀ ਆਦਿਕ ਦੇ ਝਲਕੇ ਵਜਦੇ ਹਨ? ਮਿੱਤ੍ਰ ਜੀ! ਇਹ ਤਾਂ ਸਾਡੀ ਬੁੱਧੀ ਦੀਆਂ ਬਹੁਲੀਆਂ ਵਜਦੀਆਂ ਹਨ। ਸਤਿਗੁਰੂ ਸੂਖਮ ਹਉਮੈ ਦਾ ਪੜਦਾ ਪਾੜਨ ਦਾਬੱਲ ਬੀ ਦੱਸਦਾ ਹੈ। ਜਦੋਂ ਉਹ ਜੁਗਤ ਪੂਰੀ ਹੋ ਜਾਂਦੀ ਹੈ ਫੇਰ ਬੁੱਧੀ ਦੀਆਂ ਟੋਹਾਂ ਸਾਖਿਆਤਕਾਰ ਯਾ ਪ੍ਰਤੱਖ ਦਰਸ਼ਨਾਂ ਵਿਚ ਪਲਟ ਜਾਂਦੀਆਂ ਹਨ। ਜਿਸ ਨੂੰ ਪਹਿਲਾਂ ਬੁੱਧਿ ਨਾਲ ਅਨੁਮਾਨ ਕਰਦੇ ਸਾਂ, ਉਸ ਨੂੰ ਸਿਦਕ ਤੇ ਸਾਧਨ ਨਾਲ ਟੋਲ ਕੇ ਅਨੁਭਵ ਨਾਲ ਪ੍ਰਤੱਖ ਵੇਖਦੇ ਹਾਂ। ਬੁੱਧਿ ਮਾਰੀ ਨਹੀਂ ਜਾਂਦੀ, ਪਰ **'ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ'** {ਗਉ: ਕਬੀਰ, ਪੰਨਾ ੩੩੯} ਵਾਲੀ ਗਲ ਹੋ ਜਾਂਦੀ ਹੈ।*

ਪਿਆਰੇ ਜੀ! ਨਿਰੀ ਬੁੱਧੀ ਦੀ ਖੋਜ (ਪਾਉਣ ਦੇ ਉੱਦਮ ਤੇ ਸਾਹਸ ਬਿਨਾ ਅਰ ਹਉਮੈ ਰੋਗ ਦੇ ਕੱਟਣੇ ਦੇ ਸਾਧਨ ਬਿਨਾ) ਅਨੁਮਾਨਾਂ ਨਾਲ ਪਤੇ ਦੱਸਦੀ ਹੈ, ਪਿਆਰੇ ਦੇ ਚਰਨਾਂ ਵਿਚ ਭੌਰਾ ਬਣਾਕੇ ਲਪਟਾਂ ਦੇਣ ਦੀ ਸਮਰੱਥਾ ਨਹੀਂ ਰਖਦੀ ਪਰ ਬੁੱਧੀ ਨਾਲ ਜਿਕੂੰ ਅਨੁਮਾਨ ਕਰੀਦੇ ਹਨ, ਇਕੁਰ ਹੀ ਇਸ ਨੂੰ ਸਾਧਨ ਤੇ ਸਿਦਕ ਵਿਚ ਲਾਈਦਾ ਹੈ ਅਰ ਐਉਂ ਇਸ ਨੂੰ ਇਸਦੇ ਅਸਲ ਸਰੂਪ 'ਗਿਆਨ' ਵਿਚ ਪਲਟ ਲਈਦਾ ਹੈ। ਇਹ ਬੁੱਧੀ ਹੀ ਸਿਰਤਾਜ ਮਿੱਤ੍ਰ ਹੈ, ਇਹ ਬੁਰੀ ਨਹੀਂ, ਇਸ ਬੁੱਧੀ ਨੂੰ ਹਨੇਰੇ ਵਿਚ ਫਸਾਉਣਾ, ਇਸ ਰਾਜੇ ਨੂੰ ਆਕੀ ਪਰਜਾ ਦੇ ਵੱਸ ਪਾਕੇ ਕੈਦ ਪਾ ਦੇਣਾ ਖਰਾਬ ਹੈ। **"ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥"** {ਸਾਰੰ: ਵਾਰ-੨੦} ਇਸ ਕਰਕੇ ਮੈਂ ਪਹਿਲੇ ਦਿਨ ਇਹ ਬੇਨਤੀ ਕੀਤੀ ਸੀ ਕਿ ਤੁਸੀਂ ਸੰਜਮ ਕਰੋ, ਜੋ ਤੁਸਾਡੀ ਬੁੱਧੀ ਘਬਰਾਵਾਂ ਤੋਂ ਸੁਤੰਤ੍ਰ ਹੋਵੇ, ਉੱਜਲ ਹੋਵੇ, ਮਨ ਨੂੰ ਹੇਠ ਲਾਵੇ ਤੇ ਫੇਰ ਯੋਗ ਵੀਚਾਰ ਕਰਦੀ ਹੋਈ ਸਾਧਨ ਤੇ ਸਿਦਕ ਦੇ ਨੇਤ੍ਰਾਂ ਨਾਲ ਅਸਲ ਵਸਤੂ ਨੂੰ ਨਿਸ਼ਚਿਤ ਕਰੇ।

ਢੇਸਾ- ਆਪ ਦਾ ਤ੍ਰੀਕਾ ਬਹੁਤ ਠੀਕ ਹੈ। ਮੈਂ ਪਹਿਲੇ ਦਿਨ ਆਪਦੇ ਬਚਨਾਂ ਨੂੰ ਬਚਨ ਮਾਤ੍ਰ ਸਮਝਦਾ ਰਿਹਾ ਸਾਂ ਪਰ ਆਪ ਦੀ ਸੁਯੁਕਤੀ ਬੜੀ ਪ੍ਰਬਲ ਸੀ ਜਿਸ ਵਿਚ ਮੈਨੂੰ ਆਪਣੇ ਸੁਖੀ ਹੋਣ ਦਾ ਲਾਲਚ ਵਧੀਕ ਝੁਕਾਉਂਦਾ ਸੀ। ਮੈਂ ਆਪ ਦਾ ਦੱਸਿਆ ਉਪਦੇਸ਼ ਕਮਾਕੇ ਡਿੱਠਾ ਹੈ ਤੇ ਸੁਖ ਪਾਇਆ ਹੈ,

* ਇਸ ਸਿਧਿ ਯਾ ਸੁਧਿ ਦਾ ਪਤਾ ਗੁਰੂ ਜੀ ਨੇ ਐਉਂ ਦਿਤਾ ਹੈ:- ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਨਕੀ ਸੁਧਿ॥ ਪੁਨਾ:- ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ (ਜਪੁਜੀ)

 www.sikhbookclub.com

ਇਸ ਸਚਮੁਚ ਦੇ ਸੁਖ ਪਾਉਣ ਨੇ ਮੇਰੇ ਵਿਚ ਆਪ ਦੇ ਬਚਨਾਂ ਪਰ ਭਰੋਸਾ ਪੈਦਾ ਕਰ ਦਿੱਤਾ ਹੈ ਅਰ ਸਤਿਗੁਰਾਂ ਦੇ ਇਕੋ ਬਚਨ ਨੇ ਕਿ ਬਦੀ ਮੈਂ ਪੈਦਾ ਕਰਦਾ ਹਾਂ, ਤੁਹਾਡੇ ਸਾਰੇ ਉਪਦੇਸ਼ਾਂ ਨੂੰ ਦ੍ਰਿੜ੍ਹ ਕਰ ਦਿੱਤਾ ਹੈ। ਅਜ ਮੈਂ ਸਾਫ਼ ਸਮਝ ਲਿਆ ਹੈ ਕਿ ਆਪ ਯੁਕਤੀ ਦੇ ਵਿਰੋਧੀ ਨਹੀਂ ਹੋ, ਪਰ ਇਸਦੇ ਯੋਗ ਵਰਤਾਉ ਕਰਨ ਵਾਲੇ ਹੋ! ਆਪ ਉਸ ਮਲਾਹ ਵਾਂਙੂ ਨਹੀਂ ਹੋ ਜੋ ਜਹਾਜਾਂ ਦੇ ਤੋਰਨ, ਰਸਤਾ ਪਛਾਨਣ ਦੀ ਯੁਕਤੀ ਦਾ ਜਾਣੂ ਕਿਨਾਰੇ ਬੈਠਾ ਘੋਗੇ ਚੁਗਦਾ ਰਹਿੰਦਾ ਹੈ, ਪਰ ਉਸ ਮਲਾਹ ਵਾਂਙੂ ਹੋ ਜੋ ਸਾਰੀ ਯੁਕਤੀ ਜਾਣਦਾ ਹੈ ਅਰ ਅਮਲੀ ਹੁਨਰ ਦਾ ਉਸਤਾਦ ਹੈ, ਜੋ ਜਹਾਜ ਨੂੰ ਲੈਕੇ ਠਿਲ੍ਹਦਾ ਹੈ ਅਰ ਮੰਜ਼ਲ ਤੇ ਪਹੁੰਚਾਉਂਦਾ ਹੈ ਤੇ ਹੋਰਨਾਂ ਨੂੰ ਭੀ ਜਹਾਜ਼ ਦੀ ਵਿਦਿਆ- ਜਹਾਜ ਦੇ ਤੋਰਨ, ਮੁਸ਼ਕਲਾਂ ਤੋਂ ਕੱਢਣ ਤੇ ਸਲਾਮਤ ਪੁਚਾਉਣ ਦੀ ਜਾਚ--ਦੱਸਕੇ ਮੰਜ਼ਲੇ ਅਪੜਾਉਨ ਦੇ ਰਾਹ ਪਾਉਂਦਾ ਹੈ। ਮੈਨੂੰ ਹੁਣ ਸੰਸਾ ਨਹੀਂ ਰਿਹਾ, ਕ੍ਰਿਪਾ ਕਰਕੇ ਹੁਣ ਦੱਸੋ ਜੋ ਹੋਰ ਕੀਹ ਕੁਛ ਕਰਾਂ ਜੋ ਮੈਂ ਬੀ ਸੁਖ ਪਾਵਾਂ?

ਭਾਈ- ਸਭ ਵਡਿਆਈ ਗੁਰੂ ਨੂੰ ਹੈ, ਇਹ ਗੁਰੂ ਦੀ ਆਗਿਆ ਹੀ ਦਾਸ ਨੂੰ ਹੋਈ ਜਾਣੋ, ਜੋ ਮੈਂ ਬੇਨਤੀ ਕੀਤੀ ਹੈ।

ਸੰਜਮ ਨੇ ਤੁਹਾਡੇ ਅੰਦਰ ਬੁੱਧੀ ਨੂੰ ਸਾਫ਼ ਕੀਤਾ ਹੈ। ਹੁਣ ਬੁੱਧੀ ਨੂੰ ਮਨ ਉਤੇ ਅਸਵਾਰ ਹੋਣ ਦੀ ਲੋੜ ਹੈ। ਤੁਹਾਡੇ ਹਿਰਦੇ ਦੀ ਕਾਲਕ ਅਜੇ ਪੂਰਾ ਝਲਕਾ ਆਤਮਾ ਦਾ ਨਹੀਂ ਲੈਂਦੀ ਅਰ 'ਸੱਖਣਾਪਨ' ਪ੍ਰਤੀਤ ਕਰਦੀ ਹੈ। ਤੁਸੀਂ ਕੁੜ੍ਹ ਕੁੜ੍ਹਕੇ, ਅਪੂਰਨ ਲੋੜਾਂ ਤੋਂ ਨਿਰਾਸ ਹੋ ਹੋਕੇ, ਵਿਦਿਆ ਨਾਲ 'ਨਹੀਂ ਹੈ, ਨਹੀਂ ਹੈ' ਦੀ ਸੰਥਾ ਪਕਾ ਪਕਾਕੇ ਤੇ ਸ੍ਵਾਰਥਮਤਾ (ਖ਼ੁਦਗਰਜ਼ੀ) ਦੇ ਕੰਮ ਕਰ ਕਰਕੇ ਐਸੀ ਕਾਲਕ ਪੈਦਾ ਕੀਤੀ ਹੈ ਕਿ ਉਮਾਹ ਦਾ ਝਲਕਾ ਉਥੇ ਅਸਰ ਨਹੀਂ ਕਰਦਾ ਸੀ। ਹੁਣ ਸੰਜਮ ਨਾਲ ਕ੍ਰੋਧ, ਈਰਖਾ, ਨਿਰਾਸਤਾ ਘਟਣ ਕਰਕੇ ਉਹ ਝਲਕਾ, ਉਹ ਅਸਰ ਤਾਂ ਪੈਦਾ ਨਹੀਂ ਹੁੰਦੇ ਪਰ ਤੁਹਾਨੂੰ ਓਥੇ ਤੋਟੇ ਪੱਖ ਦੇ ਕਰਮਾਂ ਤੋਂ ਵਾਪਰੀ ਸੁੰਞ ਦੀ ਪ੍ਰਤੀਤੀ ਹੁੰਦੀ ਹੈ।

ਢੇਸਾ- ਇਹ ਕਾਲਕ ਕਿਸ ਤ੍ਰੀਕੇ ਨਾਲ ਪੈ ਗਈ?

ਭਾਈ ਜੀ- ਜਦ ਸਾਡੇ ਅੰਦਰ ਕੋਈ ਚਾਹ ਪੈਦਾ ਹੁੰਦੀ ਹੈ, ਤਦ ਦਿਮਾਗ ਤੋਂ ਇੰਦ੍ਰੀਆਂ ਨੂੰ ਕਿਸੇ ਤਰ੍ਹਾਂ ਨਾਲ ਬਲ ਮਿਲਦਾ ਹੈ ਅਰ ਅਸੀਂ ਉਹ ਕੰਮ ਕਰਦੇ ਹਾਂ। ਉਸ ਕੰਮ ਦੇ ਕਰਨ ਤੋਂ ਬਾਦ ਉਸ ਦਾ ਅਸਰ ਦਿਮਾਗ਼ ਉਤੇ

ਉਲਟਵਾਂ ਹੁੰਦਾ ਹੈ, ਜੋ ਬਾਰ ਬਾਰ ਹੋਣ ਨਾਲ ਦਿਮਾਗ ਉਤੇ ਬਾਰ ਬਾਰ ਅਸਰ ਕਰਕੇ ਸਾਡੇ ਮਨ ਵਿਚ ਉਸਦਾ ਇਕ ਸੁਭਾਵ ਬਣਾ ਦਿੰਦਾ ਹੈ। ਸੁਭਾਵ ਉਸ ਪਾਸੇ ਵਲ ਨੂੰ ਅੰਦਰਲੀ ਰੁਚੀ ਦਾ ਰੂਪ ਲੈ ਲੈਂਦਾ ਹੈ ਤੇ ਬਾਹਰ ਉਸ ਕੰਮ ਵਿਚ ਬੇਵਸੇ ਜਿਹੇ ਹੋਕੇ ਲਗ ਪਈਦਾ ਹੈ। ਇਹ ਰੁਚੀ ਯਾ ਮਨ ਦਾ ਝੁਕਾਉ ਜੋ ਉਸ ਰੁਖ ਦਾ ਬਣ ਜਾਂਦਾ ਹੈ ਐਸਾ ਪੱਕ ਜਾਂਦਾ ਹੈ ਕਿ ਜਦ ਇਸ ਨੂੰ ਫੇਰ ਪਲਟਣਾ ਚਾਹੋ ਤਦ ਵਸੇ ਵਸੇ ਪਲਟਦਾ ਨਹੀਂ, ਜੇ ਪਲਟੋ ਤਾਂ ਬਲ ਲਗਦਾ ਹੈ ਅਰ ਪਲਟਦਾ ਐਉਂ ਹੈ ਕਿ ਉਸੇ ਤਰ੍ਹਾਂ ਵੀਚਾਰ ਤੇ ਕਰਨੀ ਨਾਲ ਉਸ ਦੇ ਉਲਟ ਬਾਰ ਬਾਰ ਕੰਮ ਕੀਤਿਆਂ ਜੋ ਮੁੜ ਮੁੜ ਉਲਟ ਉਲਟਕੇ ਦਿਮਾਗ਼ ਤੇ ਅਸਰ ਹੋਵੇਗਾ ਉਸ ਨਾਲ ਉਹ ਸੁਭਾਉ ਪਲਟ ਜਾਏਗਾ।

ਇਸੇ ਤਰ੍ਹਾਂ ਸੰਸਾਰ ਦਾ ਅਸਲ ਕਾਰਨ ਅਰ ਆਸਰਾ ਜੋ ਇਕ 'ਚੇਤਨ ਹੋਂਦ' ਹੈ, ਉਸ ਦੀ ਅਨਹੋਂਦ ਦੀ ਸੋਚ ਪਕਾ ਪਕਾਕੇ ਅਰ ਐਸੇ ਕੰਮ ਕਰ ਕਰਕੇ ਕਿ ਜਿਨ੍ਹਾਂ ਤੋਂ ਅਨਹੋਂਦ ਦਾ ਪਲਟਵਾਂ ਅਸਰ ਦਿਮਾਗ਼ ਤੇ ਪਵੇ, ਇਕ ਅਣਹੋਂਦ ਦਾ ਸੁਭਾਵ ਤੁਸਾਂ ਪਕਾ ਲਿਆ ਹੈ, ਜੋ ਤੁਸਾਡੀ ਇੱਛਾ ਤੋਂ ਬਿਨਾਂ ਤੁਸਾਡੇ ਅੰਦਰ ਵਸਦਾ ਤੇ ਨਿਰੇਛਾ ਸ਼ਕਤੀ* ਨਾਲ ਤੁਹਾਥੋਂ ਉਹੋ ਜਿਹੇ ਕੰਮ ਕਰਾਉਂਦਾ ਰਿਹਾ ਹੈ, ਪਰ ਤੁਸੀਂ ਇਸ ਨੂੰ ਸੱਖਣਾਪਨ ਤੇ ਸੁੰਞ ਨਹੀਂ ਸਮਝਦੇ ਰਹੇ, ਕਿਉਂਕਿ ਸੰਜਮ ਨਾ ਹੋਣ ਕਰਕੇ ਈਰਖਾ, ਕੁੜ੍ਹਨਾ, ਕ੍ਰੋਧ, ਛਿੱਥੇ ਹੋਏ ਰਹਿਣਾ, ਨਿਰਾਸਤਾ ਆਦਿਕ ਭਾਵ (ਜੋ ਸਾਰੇ ਅਣਹੋਂਦ ਪੱਖ ਦੇ ਹੀ ਭਾਵ ਹਨ ਅਰ ਮਨ ਨੂੰ ਰੁਝਾਈ ਰਖਦੇ ਤੇ ਖੋਟੇ ਕਰਮਾਂ ਲਈ ਉੱਦਮ ਦਿਵਾਈ ਰਖਦੇ ਹਨ) ਤੁਹਾਡੇ ਅੰਦਰ ਰੌਲਾ ਪਾਉਂਦੇ ਰਹੇ ਹਨ। ਜਿਸ ਤਰ੍ਹਾਂ ਕਿਸੇ ਘਰ ਵਿਚੋਂ ਚੋਰ ਪਦਾਰਥ ਕੱਢ ਲੈ ਜਾਣ, ਪਰ ਉਸ ਘਰ ਵਿਚ ਹਨੇਰਾ ਗ਼ੁਬਾਰ ਤੇ ਕੌੜਾ ਧੂੰਆਂ ਹੋਵੇ ਤਦ ਕੁਛ ਪਤਾ ਨਹੀਂ ਲਗਦਾ ਕਿ ਕੁਛ ਇਥੋਂ ਚੋਰੀ ਹੋ ਗਿਆ ਹੈ। ਪਰ ਜਦ ਕਿਸੇ ਸੰਜਮ ਤੇ ਉਪਰਾਲੇ ਨਾਲ ਹਨੇਰਾ, ਘੱਟਾ ਤੇ ਧੂੰਆਂ ਦੂਰ ਹੋ ਜਾਵੇ, ਤਦ ਪਹਿਲੀ ਗੱਲ ਇਹ ਦਿੱਸੇਗੀ ਕਿ ਇਹ ਅੰਦਰ ਸੱਖਣਾ ਹੈ, ਫੇਰ ਕਾਰਣ ਸੋਚਾਂਗੇ, ਫੇਰ ਉਪਾਅ ਗੁਆਚੀ ਚੀਜ਼ ਲੱਭਣ ਦਾ ਸੋਚਾਂਗੇ, ਫੇਰ ਧਨ ਵਾਪਸ ਲਿਆਕੇ ਅੰਦਰ ਭਰਾਂਗੇ। ਕਿਉਂ ਜੀ ਇਹ ਗਲ ਵੀ ਸਮਝੇ ਆ ਗਈ ਜੇ?

* ਇਸ ਨੂੰ ਫ਼ਾਰਸੀ ਵਾਲੇ 'ਕੁਵਤ ਗੈਰ ਇਰਾਦੀ' ਬੀ ਆਖਦੇ ਹਨ।

 www.sikhbookclub.com

ਢੇਸਾ- ਬਹੁਤ ਠੀਕ ਸਮਝੀ ਹੈ! ਇਸ ਦ੍ਰਿਸ਼ਟਾਂਤ ਨਾਲ ਮੈਂ ਸਾਫ਼ ਸਮਝ ਲਿਆ ਹੈ ਕਿ ਆਪ ਦਾ ਭਾਵ ਕੀਹ ਹੈ? ਪਰ ਹੁਣ ਉਹ ਉਪਰਾਲਾ ਦੱਸੋ ਕਿ ਸੱਖਣਾ ਅੰਦਰ ਫੇਰ ਕਿੱਕੂੰ ਭਰੇ?

ਭਾਈ ਜੀ- ਜੀਕੂੰ ਭਰਿਆ ਅੰਦਰ ਸੱਖਣਾ ਹੋਇਆ ਸੀ, ਉੱਕਰ ਹੀ ਉਸਦੇ ਉਲਟ ਕੀਤਿਆਂ ਸੱਖਣਾ ਅੰਦਰ ਭਰੇਗਾ,

ਢੇਸਾ- ਕੀਕੂੰ?

ਭਾਈ ਜੀ- ਐਸੇ ਕੰਮਾਂ ਨੇ ਜੋ ਮਨ ਨੂੰ ਅਣਹੋਂਦ ਦੇ ਪ੍ਰੇਮੀ ਕਰਦੇ ਸਨ, ਮਨ ਵਿਚ ਸੁੰਞਤਾ ਦਾ ਥਾਉਂ ਪੈਦਾ ਕੀਤਾ। ਹੁਣ ਐਸੇ ਕੰਮ ਕਰੋ ਜੋ 'ਹੋਂਦ' ਦਾ ਪ੍ਰੇਮ ਪੈਦਾ ਕਰਨ ਵਾਲੇ ਹੋਣ, ਤਦ ਤੁਹਾਡੀ ਉਹ ਸੁੰਞ ਭਰੇਗੀ।

ਢੇਸਾ- ਉਹ ਕੰਮ ਕਿਸ ਤਰ੍ਹਾਂ ਦੇ ਹਨ?

ਭਾਈ ਜੀ- ਭਲਿਆਈ! ਤੁਸਾਂ ਅਪਕਾਰ ਦੇ ਕੰਮ ਕੀਤੇ ਸੇ ਤਦ ਇਹ ਈਰਖਾ, ਕੁਦਇਆ, ਨਿਰਾਸਤਾ, ਗੁੱਸੇ ਦਾ ਸੁਭਾਉ ਪਿਆ ਸੀ, ਜਿਸ ਨੇ ਇਹ ਸੁੰਞ ਦਿਖਾਈ ਹੈ। ਹੁਣ ਤੁਸੀਂ ਪਿਆਰ, ਦਇਆ, ਦਾਨ, ਭਰੋਸਾ ਤੇ ਖਿਮਾਂ ਦੇ ਕੰਮ ਕਰੋ ਫੇਰ ਉਹ ਸੁਭਾਉ ਪਲਟੇਗਾ।

ਤੁਸੀਂ ਇਕ ਦੁਖੀ ਦੀ ਪ੍ਰਤਿਪਾਲਾ ਕਰਦੇ ਹੋ ਤਦ ਤੁਹਾਡੇ ਵਿਚ ਖੁਸ਼ੀ ਆਉਂਦੀ ਹੈ ਤੇ ਫੇਰ ਹੋਰ ਨੇਕੀ ਕਰਨ ਦਾ ਉੱਦਮ ਆਉਂਦਾ ਹੈ। ਇਹ ਉਦਮ ਹੋਰ ਖੁਸ਼ੀ ਲਿਆਉਂਦਾ ਹੈ। ਤੁਸੀਂ ਫੇਰ ਨੇਕੀ ਤੇ ਉਪਕਾਰ ਕਰਦੇ ਹੋ ਫੇਰ ਤੁਹਾਡੇ ਵਿਚ ਹੋਰ ਉਪਕਾਰ ਲਈ ਉੱਦਮ ਤੇ ਖੁਸ਼ੀ ਆਉਂਦੀ ਹੈ। ਇਹ ਉਦਮ ਤੇ ਖੁਸ਼ੀ ਦਾ ਭਾਵ ਅੰਦਰ ਲਾਹੇ ਦੀਆਂ ਰਕਮਾਂ ਵਾਂਙੂ ਜਮਾ ਹੋਏਗਾ। ਤੋਟੇ ਪਖ ਦੀ ਜੋ ਕਾਲੌਂ ਤੇ ਹਨੇਰਾ ਹੈ ਹਟੇਗਾ। ਸਹਿਜੇ ਸਹਿਜੇ ਕ੍ਰੋਧ ਤੇ ਈਰਖਾ ਦੇ ਭਾਵ ਅੰਦਰੋਂ ਹਟਣਗੇ। ਐਉਂ ਸਨੇ ਸਨੇ ਮਨ ਉਨ੍ਹਾਂ ਮੈਲਾਂ ਤੋਂ ਨਿਰਮਲ ਹੋਏਗਾ। ਫੇਰ ਬਾਣੀ ਨਾਮ ਆਦਿ ਚੋਟੀ ਦੇ ਸ਼ੁਭ ਕਰਮ ਆਉਣਗੇ ਤਦੋਂ ਬੁੱਧੀ ਇਨ੍ਹਾਂ ਦੇ ਬਲ ਨਾਲ ਮਨ ਤੇ ਸਵਾਰ ਹੋ ਜਾਵੇਗੀ। ਫੇਰ ਏਸ ਸੰਜਮ ਦੇ ਟੁੱਟਣ ਦਾ ਬੀ ਕੋਈ ਤੌਖਲਾ ਨਾ ਰਹੇਗਾ। ਤਦੋਂ ਤੁਸੀਂ ਮਨ ਨੀਵਾਂ ਮਤ ਉਚੀ ਵਾਲੇ ਹੋਕੇ, ਮਤ ਦੀ ਰੱਖਜਾ ਲਈ ਵਾਹਿਗੁਰੂ ਜੀ ਤੇ ਟਿਕੋਗੇ। ਜਦ ਵਾਹਿਗੁਰੂ ਪਾ ਲਓਗੇ ਜੋ ਘਟ

ਘਟ ਵਿੱਚ ਵਿਆਪਕ ਹੈ ਤਦੋਂ ਕਹੋਗੇ :-

ਰਾਮਾ ਨੰਦ ਜੀ ਘਰ ੧

ੴ ਸਤਿਗੁਰ ਪ੍ਰਸਾਦਿ॥

"ਕਤ ਜਾਈਐ ਰੇ ਘਰ ਲਾਗੋ ਰੰਗੁ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥੧॥ਰਹਾਉ॥ ਏਕ ਦਿਵਸ ਮਨ ਭਈ ਉਮੰਗ॥ ਘਸਿ ਚੰਦਨ ਚੋਆ ਬਹੁ ਸੁਗੰਧ॥ ਪੂਜਨ ਚਾਲੀ ਬ੍ਰਹਮ ਠਾਇ॥ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥੧॥ ਜਹਾ ਜਾਈਐ ਤਹ ਜਲ ਪਖਾਨ॥ ਤੂ ਪੂਰਿ ਰਹਿਓ ਹੈ ਸਭ ਸਮਾਨ॥ ਬੇਦ ਪੁਰਾਨ ਸਭ ਦੇਖੇ ਜੋਇ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ॥੨॥ਸਤਿਗੁਰ ਮੈ ਬਲਿਹਾਰੀ ਤੋਰ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥ਰਾਮਾਨੰਦ ਸੁਆਮੀ ਰਮਤ ਬ੍ਰਹਮ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ॥੩॥੧॥"

{ਰਾਗ: ਬਸੰਤ, ਪੰਨਾ ੧੧੯੫}

## (੧੯) ਭਾਈ ਜੀ ਦੀ ਸਿਖਜਾ ਤੇ ਢੇਸੇ ਦਾ ਅਮਲ ਕਰਨਾ।

ਭਾਈ ਢੇਸਾ ਹੁਣ ਆਗਿਆ ਲੈਕੇ ਡਰੋਲੀ ਪਿੰਡ ਚਲਾ ਗਿਆ। ਦਿਲ ਵਿਚ ਜਨਕ ਰਾਜ ਦੇ ਪਹੁ ਫੁਟਾਲੇ ਹੋ ਗਏ ਸਨ। ਭਾਈ ਜੀ ਦਾ ਉਪਦੇਸ਼ ਨਿਰਾ ਵਾਕ-ਗਿਆਨ ਥੋੜਾ ਸੀ, ਉਹ ਤੇ ਸ਼ਕਤੀ ਵਾਲੇ ਵਾਕ ਸਨ ਜੋ ਸਮਝ ਨੂੰ ਵੀ ਉੱਜਲ ਕਰਦੇ ਸਨ ਤੇ ਅਨੁਭਵ ਨੂੰ ਬੀ ਖੋਲ੍ਹਦੇ ਸਨ, ਜਿਕੂੰ ਗੱਜਦੇ ਬੱਦਲ ਵਿਚੋਂ ਵਾਜ ਹੀ ਵਾਜ ਆਉਂਦੀ ਹੈ, ਪਰ ਵਰ੍ਹਦੇ ਬੱਦਲ ਵਿਚੋਂ ਪਾਣੀ, ਠੰਢ ਤੇ ਸਹਾਉ ਆਉਂਦੇ ਹਨ। ਪਹਾੜ ਦੇ ਸੋਮੇਂ ਵਿਚੋਂ ਝਰਦੀਆਂ ਬੂੰਦਾਂ ਵਿਚ ਅਨੇਕ ਪਦਾਰਥ ਜੀਵ ਤੇ ਬਨਸਪਤੀ ਨੂੰ ਬਲ ਦੇਣ ਵਾਲੇ ਰਚੇ ਹੋਏ ਹੁੰਦੇ ਹਨ। ਉਸ ਕਰਨੀ ਵਾਲੇ ਸੱਜਣ ਦੇ ਸਫਲ ਉਪਦੇਸ਼ ਨਾਲ ਢੇਸੇ ਦੇ ਦਿਲੋਂ ਸੱਖਣਾਪਨ ਮੱਧਮ ਪੈਣ ਲੱਗਾ। ਪਿੰਡ ਪਹੁੰਚਕੇ ਉਸ ਨੇ ਅਮਲ ਅਰੰਭ ਕੀਤਾ। ਜਿਉਂ ਜਿਉਂ ਕਮਾਈ ਕਰੇ ਮਨ ਵਿਚ ਬਲ ਵਧੇ, ਜਿਉਂ ਜਿਉਂ ਬ਼ਲ ਵਧੇ ਸੱਖਣਾਪਨ ਘਟੇ। ਜਿਉਂ ਜਿਉਂ ਅੰਦਰ ਸੁਖ ਆਵੇ ਭਾਈ ਜੀ ਵਧੀਕ ਪਿਆਰੇ ਲੱਗਣ, ਵਧੀਕ


www.sikhbookclub.com

ਯਾਦ ਆਉਣ ਅਰ ਕਦੇ ਕਦੇ ਸੁਹਣੀ ਤਰਜ਼ ਦਾ ਵੈਰਾਗ ਬੀ ਆ ਡੇਰੇ ਜਮਾਵੇ। ਢੇਸੇ ਦੀ ਇਸਤ੍ਰੀ, ਜੋ ਪਹਿਲਾਂ ਪਤੀ ਦੇ ਕੁਸੰਗਾਂ ਕਰਕੇ ਦੁਖੀ ਸੀ, ਇਹ ਹਾਲ ਵੇਖਕੇ ਅਰ ਪਤੀ ਦੀ ਕਰਨੀ ਤੱਕਕੇ ਤੇ ਉਪਦੇਸ਼ ਸੁਣ ਸੁਣਕੇ ਉਸਦੀ ਕਦਰਦਾਨ ਹੋਕੇ ਚੰਗੀ ਸਾਥਣ ਬਣਨ ਲੱਗ ਪਈ। ਢੇਸੇ ਦੇ ਜੀ ਵਿਚ ਕੀਰਤਨ ਦਾ ਚਾਉ ਉਪਜਦਾ ਹੈ, ਕਦੇ ਕਦੇ ਧਰਮਸਾਲਾ ਜਾਂਦਾ ਹੈ, ਆਸਾ ਦੀ ਵਾਰ ਸੰਗਤ ਰੋਜ਼ ਸਵੇਰੇ ਲਾਉਂਦੀ ਹੈ, ਉਹ ਸੁਣਦਾ ਹੈ ਅਰ ਖੀਵਾ ਹੁੰਦਾ ਹੈ। ਸੰਗਤ ਬੀ ਢੇਸੇ ਨੂੰ ਪਿਆਰੀ ਲੱਗਣ ਲੱਗ ਪਈ। ਜਿਨ੍ਹਾਂ ਨੂੰ ਕਦੇ ਟਿਚਕਰਾਂ ਕਰਦਾ ਹੁੰਦਾ ਸੀ, ਹੁਣ ਸਤਿਕਾਰ ਦੀ ਅੱਖ ਨਾਲ ਵੇਖਦਾ ਹੈ। ਸਮਾਂ ਤੁਰਦਾ ਗਿਆ ਤੇ ਨਵੀਂ ਸਿਖਿਆ ਨੇ ਉਸਦੇ ਮਨ ਨੂੰ ਚੜ੍ਹਾਈ ਦੀ ਤੋਰੇ ਪਾਈ ਰਖਿਆ। ਉਹ ਤੋਰਾ ਕੀਹ ਸੀ? ਉਹ ਉਨ੍ਹਾਂ ਕੰਮਾਂ ਦਾ ਕਰਨਾ ਸੀ, ਜਿਨ੍ਹਾਂ ਨਾਲ ਮਨ ਵਿਚੋਂ ਸੱਖਣਾਪਨ ਘਟੇ, ਸੇਵਾ ਦਾ ਚਾਉ, ਸੇਵਾ ਕਰਨ ਵਿਚ ਨਿਰਆਲਸਤਾ, ਸੇਵਾ ਕਰਕੇ ਖੁਸ਼ੀ ਤੇ ਸ਼ੁਕਰ ਏਹ ਭਾਵ ਵਧਣ।

ਸਮਾਂ ਪਾਕੇ ਢੇਸਾ ਸੰਗਤ ਨਾਲੋਂ ਪਹਿਲੇ ਧਰਮਸਾਲ ਵਿਚ ਆਉਣ ਲਗ ਪਿਆ। ਢੇਸਾ ਪੈਸੇ ਵਾਲਾ ਸੀ, ਪੰਡਿਤ ਸੀ, ਪਰ ਧਰਮਸਾਲੇ ਦੀ ਬੁਹਾਰੀ ਆਪ ਕਰਨੀ, ਗਰਮੀਆਂ ਵਿਚ ਸੰਗਤ ਨੂੰ ਪੱਖਾ ਕਰਨਾ, ਸਿਆਲ ਵਿੱਚ ਅੱਗ ਸਿਕਾਉਣੀ, ਜਲ ਦੁੱਧ ਦੀ ਸੇਵਾ ਕਰਨੀ, ਇਹ ਕੰਮ ਉਸ ਤੋਂ ਹੋਣ ਲਗ ਪਏ। ਲੋਕਾਂ ਨਾਲ ਲੈਣ ਦੇਣ ਵਿਚ ਬੀ ਫਰਕ ਪੈ ਗਿਆ। ਕਿੱਥੇ ਖੁਹਕੇ ਰਾਜ਼ੀ ਹੁੰਦਾ ਸੀ ਕਿੱਥੇ ਹੁਣ ਦੇਕੇ ਖੁਸ਼ ਹੁੰਦਾ ਹੈ। ਕਿੱਥੇ ਨੌਕਰ ਚਾਕਰ ਗਲੀ ਗੁਆਂਢ ਸਭ ਇਸਦੇ ਹੱਥੋਂ ਦੁਖਦੇ ਰਹਿੰਦੇ ਸਨ, ਕਿੱਥੇ ਹੁਣ ਸਾਰੇ ਏਸ ਤੋਂ ਸੁਖ ਪਾਉਣ ਲਗੇ। ਪਿੰਡ ਵਿਚ ਕੋਈ ਦੁਖੀ ਹੋ ਜਾਵੇ ਤਾਂ ਢੇਸੇ ਨੇ ਸਾਰ ਲੈਣੀ। ਕੋਈ ਮੁਸਾਫ਼ਰ ਗ਼ਰੀਬ ਆਵੇ ਤਦ ਧਰਮਸਾਲ ਵਿੱਚ ਲੱਸੀ ਰੋਟੀ ਢੇਸੇ ਵਲੋਂ ਮਿਲੇ। ਦੋ ਚਾਰ ਦਸ ਕੋਹ ਤਾਈਂ ਬੀ ਸੁਖ ਦੇਣ ਦਾ ਉਪਰਾਲਾ ਕਰ ਲੈਣਾ। ਇਉਂ ਕਰਦਾ ਓਹ ਜੋ ਕਦੇ ਐਸਾ ਸੀ: **"ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ॥"** {ਰਾਮ: ਵਾਰ-੭, ਪੰਨਾ ੯੬੦} ਪਰ ਹੁਣ ਉਹ ਭਿੱਜਾ ਹੋਇਆ ਦਿਆਲੂ ਮਿੱਤ੍ਰ ਹੋ ਰਿਹਾ ਹੈ। ਇਨ੍ਹਾਂ ਸ਼ੁਭ ਕਰਤੂਤਾਂ ਨਾਲ ਮਨ ਵਿਚ ਚੜ੍ਹਦੀਆਂ ਕਲਾਂ ਦੇ ਚੰਦ ਦੀਆਂ ਲਾਸਾਂ ਫੁਟਣ ਲੱਗ ਪਈਆਂ। ਬਾਣੀ ਦਾ ਪ੍ਰੇਮ ਬੀ ਪੈ ਗਿਆ ਸੀ। ਓਹ ਬਾਣੀ ਪੜ੍ਹਦਾ, ਵੀਚਾਰਦਾ, ਜੀਵਨ ਉਸ ਅਨੁਸਾਰ ਕਰਨ ਦਾ ਜਤਨ ਕਰਦਾ ਤੇ ਕੀਰਤਨ ਨਾਲ ਮਗਨ ਹੋ ਹੋ ਜਾਂਦਾ ਸੀ।

# (੧੭) ਭਾਈ ਸਾਈਂ ਦਾਸ ਜੀ ਡਰੋਲੀ।

ਭਾਈ ਸਾਈਂਦਾਸ ਜੀ ਦਾ ਸ਼ੁਕਰ ਹੁਣ ਢੇਸੇ ਦੇ ਹਿਰਦੇ ਵਿੱਚੋਂ ਫੁਟ ਫੁਟ ਨਿਕਲਿਆ ਕਰੇ ਅਰ ਜੀ ਇਹੋ ਚਾਹਿਆ ਕਰੇ ਕਿ ਕਿਵੇਂ ਉਨ੍ਹਾਂ ਦੇ ਕੋਲ ਹੀ ਰਹਾਂ। ਸੀ ਤਾਂ ਚੁਤਰ, ਚਤੁਰਾਈ ਫੁਰੀ ਕਿ ਭਾਈ ਜੀ ਦਾ ਜਨਮ ਤਾਂ ਸਾਡੇ ਹੀ ਪਿੰਡ ਡਰੋਲੀ ਦਾ ਹੈ ਤੇ ਏਹ ਚੰਦਨ ਮਲਿਆਗਰ ਨੂੰ ਛੱਡਕੇ ਦੁਰਾਡੇ ਜਾ ਵਸਿਆ ਹੈ, ਹੋਵੇ ਨਾ ਤਾਂ ਚੰਦਨ ਨੂੰ ਵਤਨ ਮੋੜਕੇ ਲਿਆਈਏ, ਪਰ ਫੇਰ ਇਹ ਸੋਚ ਸੁਆਰਥ ਦੀ ਮਲੂੰਮ ਹੋਈ। ਫੇਰ ਕਈ ਦਿਨਾਂ ਦੀ ਵੀਚਾਰ ਨਾਲ ਇਹ ਖਿਆਲ ਦ੍ਰਿੜ੍ਹ ਹੋਇਆ ਕਿ ਡੱਲੇ ਵਿੱਚ ਤਾਂ ਚੰਗੇ ਸਿਖ ਬਹੁਤੇ ਹੈਨ ਪਰ ਡਰੋਲੀ ਵਿੱਚ ਸਿਖ ਹੈਨ ਹੀ ਘੱਟ, ਮੁਸ਼ਕਲ ਨਾਲ ਤੀਹ ਪ੍ਰੇਮੀ ਸਵੇਰ ਨੂੰ ਕੱਠੇ ਹੁੰਦੇ ਹਨ। ਭਾਈ ਢੇਸਾ ਭਾਈ ਸਾਈਂ ਦਾਸ ਜੀ ਨੂੰ ਡਰੋਲੀ ਲਿਜਾਣਾ ਚਾਹੁੰਦਾ ਸੀ। ਉਸਦੀ ਵਿਚਾਰ ਸੀ ਕਿ ਜੇਕਰ ਭਾਈ ਜੀ ਏਥੇ ਆ ਜਾਣ ਤਦ ਉਨ੍ਹਾਂ ਦੇ ਸਤਿਸੰਗ ਕਰਕੇ ਏਥੇ ਬੀ ਕੀਰਤਨ ਦਾ ਅੰਮ੍ਰਿਤ ਪ੍ਰਵਾਹ ਟੁਰ ਪਵੇ ਤੇ ਉਪਕਾਰ ਵਧੇ। ਇਹ ਗਲ ਨਿਸ਼ਚੇ ਕਰਕੇ ਭਾਈ ਢੇਸੇ ਨੇ ਸੰਗਤ ਵਿਚ ਸੁਝਾਈ। ਸੰਗਤ ਵਿਚ ਇਸ ਪਰ ਵੀਚਾਰ ਹੋਕੇ ਇਹੋ ਸਲਾਹ ਠਹਿਰੀ ਕਿ ਭਾਈ ਸਾਈਂਦਾਸ ਜੀ ਦਾ ਡਰੋਲੀ ਆ ਵੱਸਣਾ ਡੱਲੇ ਨੂੰ ਹਾਨੀਕਾਰਕ ਨਹੀਂ ਹੈ, ਤੇ ਡਰੋਲੀ ਲਈ ਉਪਕਾਰੀ ਹੋਵੇਗਾ।

ਇਹ ਵੀਚਾਰ ਹੋਕੇ ਇਕ ਦਿਨ ਸੰਗਤ ਦੇ ਮੁਖੀਏ ਕੱਠੇ ਹੋਕੇ ਡੱਲੇ ਗਏ। ਭਾਈ ਜੀ ਨੇ ਬਹੁਤ ਆਗਤ ਭਾਗਤ ਕੀਤੀ ਤੇ ਸਨਮਾਨ ਨਾਲ ਉਤਾਰਾ ਦਿੱਤਾ। ਅਗਲੇ ਦਿਨ ਸਵੇਰੇ ਜਦ ਆਸਾ ਦੀ ਵਾਰ ਦਾ ਭੋਗ ਪੈ ਚੁੱਕਾ ਤਦ ਡਰੋਲੀ ਦੀ ਸੰਗਤ ਉਠਕੇ ਗਲ ਪਲੇ ਪਾ ਕੇ ਜੋੜਿਆਂ ਵਿਚ ਜਾ ਖੜੋਤੀ ਤੇ ਬੜੀ ਅਧੀਨਗੀ ਨਾਲ ਬਿਨੈ ਕੀਤੀ ਕਿ-

"ਹੇ ਗੁਰੂ ਕੇ ਸਵਾਰੇ ਤੇ ਪਿਆਰੇ ਸਤਿ-ਸੰਗਤ ਜੀ! ਅਸੀਂ ਤ੍ਰਿਖਾਵੰਤ ਆਪ ਪਾਸੋਂ ਇਕ ਅੰਮ੍ਰਿਤ ਦਾ ਦਾਨ ਮੰਗਣ ਵਾਸਤੇ ਆਏ ਹਾਂ?"

ਸੰਗਤ ਨੇ ਇਹ ਦਸ਼ਾ ਵੇਖਕੇ ਛੇਤੀ ਨਾਲ ਉਠ ਕੇ ਸਾਰੇ ਭਰਾਵਾਂ ਨੂੰ ਫੜ ਕੇ ਬੜੇ ਪਿਆਰ ਨਾਲ਼ ਦੀਵਾਨ ਵਿਚ ਲੈ ਆਂਦਾ ਤੇ ਪਿਆਰ ਨਾਲ ਪੁੱਛਿਆ ਕਿ ਇਸ ਤਰ੍ਹਾਂ ਸਾਡੇ ਸਿਰ ਭਾਰ ਚੜ੍ਹਾਣ ਦੀ ਕੀਹ ਲੋੜ ਹੈ? ਆਪ ਹੁਕਮ

ਕਰੋ ਕੀਹ ਆਗਿਆ ਹੈ? ਤਦ ਡਰੋਲੀ ਦੀ ਸੰਗਤ ਨੇ ਬੇਨਤੀ ਕੀਤੀ ਕਿ "ਕਿਰਪਾ ਕਰਕੇ ਭਾਈ ਸਾਈਂਦਾਸ ਜੀ ਨੂੰ ਸਾਡਾ ਮੁਕਟਮਣੀ ਹੋਣ ਲਈ ਸਾਡੇ ਪਾਸ ਸੀਸ ਪਰ ਸੋਭਾਇਮਾਨ ਕਰ ਦਿਓ।"

ਇਹ ਗਲ ਸੁਣਕੇ ਸੰਗਤ ਡੱਲੇ ਦੇ ਜੀ ਵਿੱਚ ਬੀ ਸੋਚ ਪੈ ਗਈ, ਐਸੇ ਅਮੋਲਕ ਲਾਲ ਨੂੰ ਦੇ ਦੇਣਾ ਕਿਹੜੀ ਸੌਖੀ ਜਿਹੀ ਗੱਲ ਸੀ, ਪਰ ਇਕ ਸੰਗਤ ਦੀ ਮੰਗ ਨੂੰ ਨਾਂਹ ਕਰਨੀ ਬੀ ਔਖੀ ਸੀ, ਸੋ ਇਸ ਮਾਮਲੇ ਤੇ ਪਰਸਪਰ ਵੀਚਾਰ ਸ਼ੁਰੂ ਹੋਈ। ਡਰੋਲੀ ਦੀ ਸੰਗਤ ਨੇ ਦੱਸਿਆ ਕਿ ਸਾਡੇ ਪਿੰਡ ਗੁਰਸਿੱਖੀ ਦੀ ਡਾਢੀ ਔੜ ਹੈ, ਇਤਨਾ ਭਾਰਾ ਪਿੰਡ ਹੈ ਪਰ ਸਤਿਸੰਗੀ, ਆਸਾ ਦੀ ਵਾਰ ਦੇ ਪ੍ਰੇਮੀ, ਮਸਾਂ ਤੀਹ ਪੈਂਤੀ ਆਦਮੀ ਹਨ। ਜੇਕਰ ਇਹ ਚੰਦਨ ਦਾ ਬਿਰਵਾ ਓਥੇ ਚੱਲ ਲੱਗਾ ਤਦ ਉਥੇ ਬੀ ਚੰਦਨ ਦੀ ਗੰਧ ਨਾਲ ਅਨੇਕਾਂ ਚੰਦਨ ਹੋ ਜਾਣਗੇ।

ਡੱਲੇ ਦੀ ਸੰਗਤ ਨੇ ਬਹੁਤ ਕੁਛ ਵੀਚਾਰ ਕੇ ਅੰਤ ਇਹੋ ਨਿਬੇੜਾ ਕੀਤਾ ਕਿ ਸੰਗਤ ਵਲੋਂ ਭਾਈ ਜੀ ਨੂੰ ਡਰੋਲੀ ਜਾਣ ਵਿੱਚ ਕੋਈ ਰੋਕ ਨਾ ਪਾਈ ਜਾਵੇ। ਭਾਵੇਂ ਸੰਗਤ ਉਨ੍ਹਾਂ ਦੇ ਵਿਛੋੜੇ ਨੂੰ ਸਹਿ ਨਹੀਂ ਸਕਦੀ, ਪਰ ਗੁਰਮੁਖਾਂ ਦੇ ਸਰੀਰ ਪਰਉਪਕਾਰ ਲਈ ਆਉਂਦੇ ਹਨ, ਇਨ੍ਹਾਂ ਦਰਿਆਵਾਂ ਦੇ ਰੌਆਂ ਨੂੰ ਬੰਨ੍ਹ ਪਾਕੇ ਛੰਭ ਬਨਾਉਣੇ ਚੰਗੇ ਨਹੀਂ-ਅਨਹੋਣੀ ਖੇਡ ਖੇਡਣੀ ਹੈ, ਇਸ ਲਈ ਆਪਣੇ ਘਾਟੇ ਨੂੰ ਜਾਣਦੀ ਹੈ ਪਰ ਸਹਿੰਦੀ ਹੋਈ ਸੰਗਤ ਡੱਲੇ ਦੀ ਭਾਈ ਸਾਈਂਦਾਸ ਜੀ ਲਈ ਡਰੋਲੀ ਜਾਣੋ ਕੋਈ ਰੋਕ ਨਹੀਂ ਪਾਂਦੀ।

ਹੁਣ ਭਾਈ ਜੀ ਦੇ ਸਿਰ ਖੇਡ ਆਈ, ਉਨ੍ਹਾਂ ਨੇ ਸਾਰੀ ਗਲ ਦੇ ਮਗਰੋਂ ਇਹ ਨਿੰਮ੍ਰਤਾ ਭਰਿਆ ਸਲੋਕ ਕਹਿਕੇ ਉੱਤਰ ਦੇ ਦਿੱਤਾ:-

"ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥
ਗਲੇ ਹਮਾਰੇ ਜੇਵਰੀ ਜਹਿ ਖਿੰਚੈ ਤਹ ਜਾਉ॥੭੪॥"

ਭਾਈ ਜੀ ਦਾ ਚਿੱਤ, ਜੇ ਆਮ ਚਿੱਤ ਹੁੰਦਾ ਤਦ, ਡੱਲਾ ਛੱਡਣ ਦਾ ਨਾਉਂ ਨਾ ਲੈਂਦਾ, ਪਰ ਉਨ੍ਹਾਂ ਨੇ 'ਮੈਂ' 'ਮੇਰੀ' ਦੀ ਕੰਧ ਢਾਹ ਛੱਡੀ ਹੈ, ਉਨ੍ਹਾਂ ਨੇ ਗੁਰੂ ਰਜ਼ਾ ਸਿਰ ਧਰੀ ਹੈ। ਵਾਹਿਗੁਰੂ ਵਲੋਂ ਜੋ ਹੁੰਦਾ ਹੈ ਉਸ ਵਿੱਚ ਹੀ ਭਲਾ ਜਾਣਦੇ ਹਨ, ਆਪ ਨੂੰ ਉਸ ਮਾਲਿਕ ਦਾ ਕੂਕਰ ਸਮਝਦੇ ਹਨ, ਸੰਸਾਰ ਨਾਲੋਂ, ਹਉਮੈਂ ਨਾਲੋਂ, ਮਾਇਆ ਨਾਲੋਂ ਆਪ ਨੂੰ ਮੁਤੀਆ ਸਮਝਦੇ ਹਨ। ਮੁਤੀਆ ਟੁੱਟ ਗਏ ਨੂੰ ਆਖਦੇ ਹਨ। ਜੋ ਹਉਮੈਂ ਤੋਂ ਟੁੱਟ ਗਿਆ ਅਰ ਸਾਈਂ ਨਾਲ ਜਿਸਦੀ ਡੋਰ

ਬੱਝ ਗਈ, ਉਹ ਜਾਣਦਾ ਹੈ ਕਿ ਸਾਈਂ ਦੀ ਰਜ਼ਾ ਹੀ ਮੈਨੂੰ ਜਿੱਧਰ ਚਾਹੁੰਦੀ ਹੈ ਲਈ ਫਿਰਦੀ ਹੈ, ਉਸ ਦੀ ਰਜ਼ਾ ਵਿੱਚ ਖੁਸ਼ ਹਨ, ਜੋ ਸੁਤੇ ਰਜ਼ਾ ਬੋਲੇ ਸੋਈ ਸੁਰ ਉਨ੍ਹਾਂ ਦੇ ਅੰਦਰੋਂ ਨਿਕਲਦੀ ਹੈ।

ਹੁਣ ਆਈ ਭਾਈ ਨਰੈਣ ਦਾਸ ਤੇ ਮਾਈ ਪ੍ਰੇਮ ਦਈ ਜੀ ਦੀ ਵਾਰੀ। ਭਾਈ ਜੀ ਇਨ੍ਹਾਂ ਨਾਲ ਸੱਸ ਸਹੁਰੇ ਵਾਲਾ ਸਨੇਹ ਨਹੀਂ ਰੱਖਦੇ ਸਨ ਪਰ ਮਾਤਾ ਪਿਤਾ ਵਾਲਾ। ਮਾਤਾ ਪਿਤਾ ਦੀ ਆਗਯਾ ਬਿਨਾਂ ਜਾਣਾ ਕਠਨ ਸੀ। ਜਿਨ੍ਹਾਂ ਦੇ ਘਰ ਵਿਚ ਦੋ ਲੜਕੀਆਂ ਦੇ ਸਿਵਾ ਹੋਰ ਕੋਈ ਬਾਲਕ ਨਹੀਂ ਸੀ, ਉਨ੍ਹਾਂ ਲਈ ਬੀ ਆਗਿਆ ਦੇਣੀ ਸੌਖਾ ਕੰਮ ਨਹੀਂ ਸੀ। ਆਪ ਦੀ ਛੋਟੀ ਲੜਕੀ ਗੁਰੂ ਜੀ ਦੇ ਚਰਨਾਂ ਵਿਚ ਹੈ ਤੇ ਵਡੀ ਦੀ ਹੀ ਘਰ ਵਿਚ ਰੌਣਕ ਤ੍ਰੇ ਸਤਿਆਂਗਾ ਹੈ। ਮਮਤਾ ਉਨ੍ਹਾਂ ਦੀਆਂ ਅੱਖਾਂ ਅੱਗੇ ਉਦਾਸੀ ਦੇ ਰੰਗ ਬੰਨ੍ਹਦੀ ਹੈ ਤੇ ਦਸਦੀ ਹੈ ਕਿ ਪੁੱਤਰ ਸਾਈਂ ਦਾਸ ਬਿਨਾਂ ਇਹ ਘਰ ਸੁੰਞੇ ਭਾਸਣਗੇ, ਕੰਧਾਂ ਵਢਵਢ ਖਾਣਗੀਆਂ, ਪਰ ਵੈਰਾਗ ਆਖਦਾ ਹੈ- **'ਘਰ ਛਡਣੇ ਰਹੈ ਨੇ ਕੋਈ।'** {ਮਾਰੂ ਮ: ੫, ਪੰਨਾ ੯੮੯} ਏਹ ਇਕ ਦਿਨ ਸੁੰਞ ਹੋ ਜਾਣੇ ਹਨ। ਅਸਾਂ ਕਿ ਸਾਂਈਂ ਦਾਸ ਕਿਸੇ ਨੇ ਪਹਿਲੇ ਵਿਛੁੜਨਾ ਹੀ ਹੈ।

ਵਿਛੋੜਾ ਤੇ ਮੌਤ ਤਾਂ ਨਿਸਚੇ ਬਾਤ ਹੈ, 'ਜੀਵਨ ਤੇ ਮੇਲ' ਵਿਚ ਇਕ ਅਚਾਨਕ ਕੌਤਕ ਹੈ, ਜਿਸਦਾ ਕੋਈ ਥਹੁ ਨਹੀਂ ਕਿ ਕਦ ਤੇ ਕਿੰਨੇ ਚਿਰ ਲਈ ਇਸਨੇ ਰਹਿਣਾ ਹੈ? **'ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ'**। {ਤਿਲੰ: ਕਬੀਰ, ਪੰਨਾ ੭੨੭} ਸੋ ਜਦ ਵਿਛੋੜਾ ਨਿਸਚੇ ਹੈ ਤਦ ਮਨ ਹਰ ਛਿਨ ਵਾਹਿਗੁਰੂ ਅਰਪਨ ਕਰੀ ਰੱਖਣਾ ਚਾਹੀਦਾ ਹੈ ਤੇ ਸਰੀਰ ਸਤਿਸੰਗ ਸਰੋਵਰ ਦਾ ਵਾਸੀ ਬਨਾਉਣਾ ਚਾਹੀਦਾ ਹੈ। ਵੈਰਾਗ ਦੇ ਖਿਆਲ ਏਸ ਤਰ੍ਹਾਂ ਦਾ ਵਿਵੇਕ ਬੀ ਦੇਂਦੇ ਹਨ ਪਰ ਫੇਰ ਨੇਤ੍ਰਾਂ ਵਿਚ ਜਲ ਬੀ ਆਉਂਦਾ ਹੈ। **'ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥'**{ਆਸਾ: ਮ: ੧, ਪੰਨਾ ੪੩੯} ਠੀਕ ਇਹ ਮੇਲਾ ਜੋ ਮਰਨਹਾਰ ਸਰੀਰਾਂ ਦਾ ਹੈ, ਕੈਸਾ ਪਿਆਰਾ ਹੈ? ਕੈਸਾ ਅਨਸਥਿਰ ਤੇ ਅਨਿਸਚੇ ਹੈ? ਇਹ ਵਿਛੋੜਾ ਕੈਸਾ ਅਣੀਆਲਾ ਹੈ? ਤੀਰ ਵਾਂਙੂ ਵਿੰਨ੍ਹਦਾ ਹੈ ਤੇ ਨਸ਼ੱਤ੍ਰ ਵਾਙੂ ਪੱਛਦਾ ਹੈ, ਪਰ ਕਿਉਂ? ਇਸ ਲਈ ਕਿ ਚਿੱਤ ਨੇ ਆਪਣੇ ਸੁਖ ਦਾ ਆਧਾਰ ਦੂਏ ਪਰ ਰਖਿਆ ਹੈ, ਜੇ ਕਦੀ ਸੁੱਖ ਦਾ ਆਸਰਾ ਅਪਨੇ ਪਰ ਹੀ ਰਖੇ ਤਦ ਕਿਉਂ ਇਹ ਚੋਭ ਹੋਵੇ? ਪਰ ਹਾਇ!

ਸੱਜਨੋਂ। ਇਹ ਕਹਿਣਾ ਸੌਖਾ ਹੈ, ਕਰਨਾ ਕਠਨ ਹੈ, ਖਾਸ ਕਰਕੇ ਓਥੇ ਕਿ ਜਿੱਥੇ ਸੰਸਾਰਕ ਖਿਚ ਨਹੀਂ ਰਹੀ, ਪਰ ਸਤਿਸੰਗ ਦਾ ਮੇਲ ਤੇ ਪਜਾਰ ਹੋ ਗਿਆ ਹੈ, ਉੱਥੇ ਦਿਲ ਇਸ ਲਈ ਵਿਛੋੜਾ ਨਹੀਂ ਚਾਹੁੰਦਾ ਕਿ ਇੱਥੇ ਮੈਨੂੰ ਆਪਣਾ ਮੂਲ ਪਛਾਣਨ ਦੀ ਸੂਝ ਪਈ ਹੈ, ਇਹ ਦਾਤ, ਇਹ ਦੈਵੀ ਚਾਨਣ ਤਾਂ ਨਾ ਵਿਛੁੜੇ, ਏਥੇ ਅਗਿਆਨ ਨਹੀਂ, ਪਰ ਪ੍ਰੇਮ ਵਿੰਨ੍ਹਦਾ ਹੈ। ਪ੍ਰੇਮ ਆਖਦਾ ਹੈ :-

**"ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨਾ ਧੀਰੇਇ॥"**

{ਆਸਾ ਮ: ੫ ਛੰਤ, ਪੰਨਾ ੪੫੫}

**"ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ**
**ਸੋ ਭਾਈ ਸੋ ਮੇਰਾ ਬੀਰ॥"** {ਗੌਂਡ ਮ: ੪, ਪੰਨਾ ੮੬੧}

**"ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥**
**ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥"**

{ਸਿਰੀ: ਵਾਰ: ਮ; ੪, ਪੰਨਾ ੮੩}

ਪ੍ਰੇਮ ਕੂਕਦਾ ਹੈ:-

**"ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ॥"**

{ਸ: ਵਾ: ਤੇ: ਵ: ਸ: ਮ: ੪, ਪੰਨਾ ੧੪੨੧}

ਪ੍ਰੇਮ ਦੁਹਾਈਆਂ ਦੇਂਦਾ ਹੈ:-

**"ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥"**

{ਬਿਲਾਵਲੁ ਮਹਲਾ ੫, ਪੰਨਾ ੮੦੯}

ਪ੍ਰੇਮ ਲੇਖ ਲਿਖਦਾ ਹੈ:-

**"ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥"** {ਮਾਝ ਮ: ੫ ਚਉ: ਘਰੁ ੧, ਪੰਨਾ ੯੬}

ਪਰ ਐਸੇ ਸਮਿਆਂ ਪਰ ਕਿਆ ਪ੍ਰੇਮ ਮਮਤਾ ਦੀ ਤਰ੍ਹਾਂ ਜੱਫਾ ਮਾਰਦਾ ਹੈ ਅਰ ਰੋੜ੍ਹ ਦੇਂਦਾ ਹੈ? ਨਹੀਂ! ਓਹ ਪ੍ਰੇਮ ਰਜ਼ਾ ਨੂੰ ਟੋਲਦਾ ਅਰ ਰਜ਼ਾ ਪਰ ਸਦਕੇ ਹੋ ਜਾਂਦਾ ਹੈ, ਪ੍ਰੇਮ ਦੀਆਂ ਚੋਭਾਂ ਸੁਖਦਾਈ ਤੇ ਚੜ੍ਹਾਉ ਦਾ ਕਾਰਨ ਬਣ ਜਾਂਦੀਆਂ ਹਨ। ਪਿਜਾਰਿਓ! ਮਮਤਾ ਦੀ ਚੋਭ ਮਨ ਦੇ ਨਾਲ ਸਰੀਰ ਨੂੰ ਵਿੰਨ੍ਹ ਜਾਂਦੀ ਹੈ, ਪਰ ਪ੍ਰੇਮ ਦੀ ਚੋਭ ਹਉਮੈਂ ਨੂੰ ਵਿੰਨ੍ਹਦੀ ਹੈ। ਮਮਤਾ ਦੇ ਤੀਰ ਖਾਣ ਵਾਲਾ ਬਿਆਕੁਲ ਤੇ ਢਿੱਲਾ ਹੋ ਜਾਂਦਾ ਹੈ, ਪਰ ਪ੍ਰੇਮ ਦੇ ਤੀਰ ਦੀਆਂ ਨੋਕਾਂ

ਸਹਿਣ ਵਾਲਾ ਨਿਰਮਲ, ਵੈਰਾਗੀ ਤੇ ਰਜ਼ਾ ਪਰ ਪਹਿਰਾ ਦੇਣ ਵਾਲਾ, ਹਉਮੈਂ ਨੂੰ ਨੁਛਾਵਰ ਕਰ ਦੇਣ ਵਾਲਾ ਬਣਦਾ ਹੈ।

ਨਰੈਣ ਦਾਸ ਜੀ ਨੇ ਭਰੇ ਨੇਤ੍ਰੀਂ ਇਹ ਬੇਨਤੀ ਕਰ ਦਿਤੀ:-

**"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥**
**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥੨੦੩॥"**

ਪ੍ਰੇਮ ਦਈ ਵੀ ਸੋਚ ਰਹੀ ਸੀ ਕਿ ਪੁਤਾਂ ਵਾਂਙੂ ਪਾਲੇ ਤੇ ਸੰਤਾਂ ਵਾਂਙੂ ਸਨਮਾਨੇ ਗੁਰਮੁਖ ਤੋਂ ਵਿਛੋੜਾ ਕਿਵੇਂ ਝੱਲਿਆ ਜਾਊ। ਪਰ ਜਦ ਡਰੋਲੀ ਦੀ ਸੰਗਤ ਦੀ ਲੋੜ ਵਲ ਤਕਦੀ ਹੈ ਤੇ ਉਥੇ ਉਚ ਜੀਵਨ ਦੇ ਪ੍ਰਚਾਰ ਨੂੰ ਸੋਚਦੀ ਹੈ ਤਾਂ ਭਰੇ ਦਿਲ ਪਈ ਆਖਦੀ ਹੈ :-

**"ਮੈ ਛਡਿਆ ਸਗਲ ਅਪਾਇਣੋ ਭਰਵਾਸੈ ਗੁਰ ਸਮਰਥਾ॥"**

{ਮਾਰੂ ਵਾਰ ਡ: ਮ: ੫-੨੦}

ਰਾਮੋਂ ਅੰਦਰੋਂ ਕਿਥੇ ਹੈ? ਅਡੋਲ, ਅੱਖਾਂ ਬੰਦ, ਖੜਗਧਾਰੀ ਦੇ ਧਿਆਨ ਵਿੱਚ ਨਿਮਗਨ ਹੈ ਤੇ ਬ੍ਰਿਨੈ ਕਰ ਰਹੀ ਹੈ: "ਹੇ ਪ੍ਰਾਣ ਦਾਤਾ ਜੀ! ਧੰਨ ਆਪ ਹੋ! ਧੰਨ ਆਪ ਦੇ ਚੋਜ ਹਨ!! ਮੈਂ ਸਤਿਸੰਗ ਵਿਚ ਸਭ ਤੋਂ ਨਿਰਬਲ ਹਾਂ, ਏਸ ਵਿਛੋੜੇ ਵੇਲੇ ਦੁਖੀ ਹੋਵਾਂਗੀ, ਆਪ ਕਿਰਪਾ ਕਰਕੇ ਬਲ ਦਿਓ ਜੋ ਆਪਦੀ ਇਸ ਆਗਿਆ ਨੂੰ ਸਿਦਕ ਨਾਲ ਪਾਲਾਂ। ਹੇ ਗੁਰੂ ਜੀ! ਸਿਦਕ ਦਿਓ?

"ਝੋਲੀ ਮੇਰੀ ਖੈਰ ਪਾਵੋ ਸਿਦਕਦੀ,
ਸਿਦਕ ਦਿਓ ਮੈਂ ਦਾਨ ਦਾਸੀ ਵਿਲਕਦੀ।
ਦਿਓ ਭਰੋਸਾ ਦਾਨ ਹਿੱਲਾਂ ਨਾ ਰਤੀ।
ਨਿਸਚਾ ਤੇ ਵਿਸ਼ਵਾਸ਼ ਹੋਵੇ ਨਾ ਖਤੀ।
ਡੂੰਘਾ ਹੈ ਦਰਿਆਉ ਘੁੰਮਣ ਘੇਰੀਆਂ।
ਤੁਲਹਾ ਹੈ ਨਾ ਨਾਉ ਬਲ ਬਾਂਹ ਮੇਰੀਆਂ।
ਖੇਵਣ ਸੰਦੀ ਜਾਚ ਮੈਨੂੰ ਹੈ ਨਹੀਂ।
ਤਿੱਖੀ ਡੋਲਣ ਵਾਉ ਹਾ! ਹੈ ਵਹਿ ਰਹੀ।
ਛੱਪਰ ਅੱਤ ਕਰਾਰ ਲਹਿਰਾਂ ਉਚੀਆਂ।
ਮੈਂ ਮਨਤਾਰੂ ਵਿੱਚ, ਬਾਹਾਂ ਬੁੱਚੀਆਂ।
ਰੱਖੀਂ ਰਖਣਹਾਰ ਸਤਿਗੁਰ ਪੂਰਿਆ!
ਦੇਵੀਂ ਦਾਨ ਯਕੀਨ ਸਤਿਗੁਰ ਸੂਰਿਆ!"

ਇਸ ਤਰ੍ਹਾਂ ਦੀ ਬਿਨੈ ਵਿਚ ਮਗਨ ਬੈਠੀ ਹੈ, ਨੈਣਾਂ ਤੋਂ ਕਿਸੇ ਕਿਸੇ ਵੇਲੇ ਇਕ ਟੇਪਾ ਕਿਰਦਾ ਹੈ, ਪਰ ਉਂਵ ਅਡੋਲ ਹੈ। ਸੰਗਤ ਨੇ ਜਦ ਇਧਰ ਧਿਆਨ ਕਰਕੇ ਪੁੱਛਿਆ ਤਾਂ ਅਰਦਾਸ ਵਿਚ ਜੁੜੀ ਰਾਮੋਂ ਨੇ ਦੋਇ ਹੱਥ ਜੋੜ ਤੇ ਗਲ ਵਿਚ ਪੱਲਾ ਪਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲ ਮੱਥਾ ਟੇਕ ਦਿੱਤਾ ਬੋਲਣਾ ਚਾਹੁੰਦੀ ਸੀ:-

**"ਮੈਂ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥"**

{ਗਾ: ਬਿਲਾ: ਸਧਨਾ ਜੀ, ਪੰਨਾ ੮੫੮}

ਪਰ ਕਹੇ ਕੌਣ? ਬੋਲ ਨਾ ਸਕੀ, ਦੰਦ ਨਹੀਂ ਖੁਲ੍ਹਦੇ, ਰਸ ਜੀਭ ਨੂੰ ਹਿਲਣੋ ਰੋਕ ਰਿਹਾ ਹੈ।

ਇਸ ਪ੍ਰਕਾਰ ਪ੍ਰੇਮ ਦੀ ਮੰਗ ਤੇ ਪ੍ਰੇਮ ਦੀ ਦਾਤ ਸੰਪੂਰਨ ਹੋ ਗਈ ਤੇ ਸੰਗਤ ਡਰੋਲੀ ਦੀ ਡਰੋਲੀ ਚਲੀ ਗਈ।

ਭਾਈ ਸਾਈਂਦਾਸ ਜੀ ਕੁਛ ਦਿਨਾਂ ਵਿੱਚ ਡੱਲੇ ਦੇ ਕੰਮ ਕਾਜ ਸਮੇਟਕੇ ਡਰੋਲੀ ਵਿਦਾ ਹੋਏ। ਇਸ ਵੇਲੇ ਡੱਲੇ ਦਾ ਕੋਈ ਜੀਵ ਨਹੀਂ ਹੋਣਾ ਜੋ ਘਰ ਰਿਹਾ ਹੋਵੇ, ਸਾਰੀ ਸੰਗਤ ਤੋਰਨ ਆਈ। ਸਾਰੇ ਪੈਰੀਂ ਪਏ ਪੈਂਦੇ ਹਨ, ਭਾਈ ਜੀ ਆਪ ਝੁਕ ਝੁਕ ਜਾਂਦੇ ਤੇ ਮਿਲ ਮਿਲ ਗਲੇ ਲਗਦੇ ਹਨ; ਪ੍ਰੇਮੀ ਮਿਲ ਮਿਲ ਵਿਛੜਦੇ ਤੇ ਵਿਛੜ ਵਿਛੜ ਮਿਲਦੇ ਹਨ। ਪਿੰਡੋਂ ਚੋਖੀ ਦੂਰ ਤਕ ਸੰਗਤ ਨਾਲ ਗਈ, ਅਜੇ ਕੋਈ ਪਿੱਛੇ ਨਹੀਂ ਮੁੜਦਾ, ਭਾਈ ਜੀ ਕਦਮ ਕਦਮ ਤੇ ਮੁੜਨ ਲਈ ਬੇਨਤੀ ਕਰਦੇ ਹਨ, ਪਰ ਪ੍ਰੇਮ ਰਸ ਦੇ ਬੱਧੇ ਲੋਕ ਵਿਛੜਨਾ ਨਹੀਂ ਚਾਹੁੰਦੇ। ਮੁਸ਼ਕਲਾਂ ਨਾਲ ਆਪ ਨੇ ਸੰਗਤ ਮੋੜੀ, ਜਿੰਨਾਂ ਚਿਰ ਸੰਗਤ ਨੂੰ ਭਾਈ ਜੀ ਦਿੱਸਦੇ ਰਹੇ ਮੁੜ ਮੁੜ ਕੇ ਪਰਸਪਰ ਵੇਖਦੇ ਤੇ ਨਮਸਕਾਰਾਂ ਕਰਦੇ ਰਹੇ। ਭਾਈ ਜੀ ਨੂੰ ਬੀ ਜਦੋਂ ਸੰਗਤ ਦਿੱਸਣੋ ਰਹਿ ਗਈ ਤਦੋਂ ਆਪ ਘੋੜੀ ਤੇ ਚੜ੍ਹੇ ਤੇ ਬੀਬੀ ਡੋਲੀ ਵਿਚ ਬੈਠੀ। ਸਨੇ ਸਨੇ ਅਕਾਲ ਪੁਰਖ ਦੇ ਸੁਆਰੇ, ਗੁਰੂ ਦੇ ਪਿਆਰੇ, ਕਰਨੀ ਕਹਿਣੀ ਦੇ ਸੂਰੇ, ਭਾਈ ਜੀ ਤੇ ਬੀਬੀ ਜੀ ਡਰੋਲੀ ਪਹੁੰਚੇ। ਭਾਈ ਜੀ ਨੇ ਆਪਣੀ ਵਲੋਂ ਵਾਹ ਲਾਈ ਸੀ ਕਿ ਸੰਗਤ ਨੂੰ ਆਉਣ ਦਾ ਪਤਾ ਨਾ ਲੱਗੇ, ਪਰ ਵਿਛੁੜਨ ਵਾਲੀ ਸੰਗਤ ਦੇ ਪ੍ਰੇਮ ਦੇ ਘਨਹਰ ਬਦਲਾਂ ਵਿਚੋਂ ਸ੍ਵਾਂਤਿ ਬੂੰਦਾਂ ਵਾਂਙੂ ਵਿਛੋੜੇ ਦੀ ਸੋਇ ਡਰੋਲੀ ਦੀ ਪਪੀਹੇ ਵਤ ਪਿਆਸੀ ਸੰਗਤ ਨੂੰ ਪਹੁੰਚ ਹੀ ਗਈ। ਭਾਈ ਜੀ ਨੂੰ ਪਤਾ ਲਗ ਗਿਆ ਸੀ ਕਿ ਸੰਗਤ ਅਗੋਂ

ਆਕੇ ਮਿਲੇਗੀ। ਸੋ ਕੜਾਹ ਪ੍ਰਸ਼ਾਦ ਤਿਆਰ ਕਰਵਾ ਲਿਆ, ਸਾਮਾਨ ਨਾਲ ਸੀ ਤੇ ਇਕ ਖੂਹ ਤੇ ਹਲਵਾਈ ਦੀ ਹੱਟੀ ਸੀ ਜਿਥੇ ਬੈਠਕੇ ਸਭ ਕੰਮ ਹੋ ਗਿਆ। ਜਦ ਓਥੋਂ ਤੁਰੇ ਦੋ ਕੋਹਾਂ ਤੇ ਅੱਗੇ ਹੀ ਸੰਗਤ ਲੈਣ ਵਾਸਤੇ ਆ ਰਹੀ ਸੀ। ਢੋਲਕੀਆਂ ਤੇ ਛੈਣੇ ਵੱਜ ਰਹੇ ਸੇ ਅਰ ਪ੍ਰੇਮ ਦੇ ਸ਼ਬਦਾਂ ਦੀ ਘਨਘੋਰ ਲਗ ਰਹੀ ਸੀ। ਭਾਈ ਜੀ ਦੂਰੋਂ ਹੀ ਘਨਘੋਰ ਸੁਣਕੇ ਘੋੜੀ ਤੋਂ ਉਤਰੇ।

ਏਹ ਤਦੋਂ ਦੇ ਸੰਗਤਾਂ ਦੇ ਪ੍ਰੇਮ ਸੇ। ਦੋ ਸੰਗਤਾਂ ਜਦ ਮਿਲਨ ਤੇ ਸਮਾਂ ਹੋਵੇ ਤਾਂ ਦੋਹਾਂ ਕੜਾਹ ਪ੍ਰਸ਼ਾਦ ਲੈਕੇ ਮਿਲਨਾ, ਦੋਹਾਂ ਨੇ ਸਤਿਗੁਰ ਸੱਚੇ ਪਾਤਸ਼ਾਹ ਨੂੰ ਵਿਚ ਜਾਣਕੇ ਪ੍ਰਸ਼ਾਦ ਅਰਪਣ ਕਰਨਾ ਤੇ ਆਪੋ ਵਿਚ ਜੋ ਮੇਲ ਕਰਨਾ ਉਹ ਗੁਰੂ ਨੂੰ ਵਿਚ ਹਾਜ਼ਰ ਜਾਣ ਕੇ ਪਰਸਪਰ ਪ੍ਰੇਮ ਦਾ ਮੇਲ ਹੋਣਾ।

ਇਧਰੋਂ ਏਹ ਸ਼ਬਦਾਂ ਦੀ ਘਨਘੋਰ ਲਾ ਟੁਰੇ, ਉਧਰੋਂ ਸੰਗਤ ਡਰੋਲੀ ਦੀ, ਪ੍ਰੇਮ ਦੇ ਸਬਦ ਪੜ੍ਹਦੀ ਪ੍ਰਸ਼ਾਦ ਦਾ ਥਾਲ ਚਾਈ ਆ ਮਿਲੇ, ਦੁਵੱਲੀ ਕਿੰਨਾਂ ਚਿਰ ਸ਼ਬਦਾਂ ਦੀ ਘਨ੍ਹਘੋਰ ਲਗ ਗਈ। ਫੇਰ ਦੀਵਾਨ ਸਜਾ ਕੇ ਬੈਠ ਗਏ। ਪ੍ਰਸ਼ਾਦ ਦੇ ਦੋਵੇਂ ਥਾਲ ਸਤਿਗੁਰ ਜੀ ਦਾ ਧਿਆਨ ਧਰ ਕੇ ਅਰਪਨ ਕੀਤੇ ਗਏ, ਅਰਦਾਸਾ ਸੋਧਕੇ ਪ੍ਰਸ਼ਾਦ ਵਰਤਾਇਆ ਗਿਆ ਅਤੇ ਆਪੋ ਵਿਚ ਡਾਢੇ ਆਦਰ ਭਾਉ ਤੇ ਪ੍ਰੇਮ ਹੋਏ।

ਹਾਂ, ਇਹ ਸਿੱਖੀ ਪ੍ਰੇਮ ਉਸ ਵੇਲੇ ਦੇ ਹਨ, ਜਦੋਂ ਸਿੱਖ ਦਿਲਾਂ ਵਿਚ ਬਾਣੀ ਦਾ ਨਿਵਾਸ ਸੀ ਤੇ ਨਾਮ ਦਾ ਪ੍ਰਵਾਹ ਉਮਾਹੂ ਚਸ਼ਮੇਂ ਵਾਂਙ ਦਿਨ ਰਾਤ ਚਲਦਾ ਸੀ। ਸਿੱਖ ਸਿੱਖ ਸਨ, ਇਨ੍ਹਾਂ ਦਾ ਜੀਵਨ 'ਜਾਗ ਪਿਆ ਜੀਵਨ ਸੀ'*, ਸਾਰੇ ਨਾਮ ਰੰਗ ਵਿਚ 'ਜੀਵੇ ਸਿੱਖ' ਸਨ, ਇਨ੍ਹਾਂ ਨੂੰ ਗੁਰਸਿੱਖੀ ਦਾ ਨਾਤਾ ਸਭ ਨਾਤਿਆਂ ਤੋਂ ਪਿਆਰਾ ਸੀ। ਕਿਸੇ ਭਾਈਚਾਰਕ ਵਿਚਾਰ, ਦੂਰੰਦੇਸ਼ੀ ਯਾ ਲੋੜ ਵਾਸਤੇ ਨਿਰਾ ਇਹ ਪਿਆਰ ਨਹੀਂ ਸੀ, ਸਗੋਂ ਸਾਰੇ ਉੱਚੇ ਤੇ ਰਸੀਏ ਮਨ ਵਾਲੇ ਹੋਣ ਕਰਕੇ ਇਕ ਦੂਸਰੇ ਵਲ ਖਿੱਚਾਂ ਖਾਂਦੇ, ਇਕ ਦੂਜੇ ਦੇ ਪਿਆਰ ਸਤਿਕਾਰ ਵਿੱਚ ਐਉਂ ਖਿਚੀਂਦੇ ਸਨ ਜਿਵੇਂ ਕੁਦਰਤੀ ਪਿਆਰ ਦੌਹੁੰ ਨੂੰ ਇਕ ਕਰਨ ਲਈ ਆਪਣੀ ਸ਼ਕਤੀ ਮਾਤ੍ਰ ਨਾਲ ਖਿੱਚਦਾ ਹੈ। ਇਸ ਪਜਾਰ ਦੇ ਕਾਰਨ ਭਾਈਚਾਰਾ ਤੇ ਭਾਈਚਾਰਕ ਜਥੇਬੰਦੀ ਬੇਮਲੂਮੇ ਠੀਕ ਲੀਹਾਂ ਤੇ ਤੁਰਦੀ ਸੀ।

---

* ਸੁਤੜੇ ਅਸੰਖ ਮਾਇਆ ਝੂਠੀ ਕਾਰਣੈ॥
ਨਾਨਕ ਸੇ ਜਾਗੰਨਿ ਜਿ ਰਸਨਾ ਨਾਮੁ ਉਚਾਰਣੇ॥
{ਸ: ਵਾ: ਤੋਂ ਵ: ਸ: ਪ: ੫, ਪੰਨਾ ੧੪੨੫}

ਹੁਣ ਸਾਰੀ ਸੰਗਤ ਤੇ ਭਾਈ ਜੀ ਇਕੱਠੇ ਹੋਕੇ ਸ਼ਬਦ ਪੜ੍ਹਦੇ ਡਰੋਲੀ ਵਲ ਤੁਰੇ। ਜਿਸ ਧਰਤੀ ਪਰ ਭਾਈ ਜੀ ਦਾ ਜਨਮ ਹੋਇਆ ਸੀ ਉਸੇ ਧਰਤੀ ਨੂੰ ਨਿਹਾਲ ਕਰਨੇ ਲਈ ਉਪਕਾਰੀ ਜੀ ਫੇਰ ਉੱਥੇ ਆ ਗਏ। ਧਰਮਸਾਲ ਦੇ ਵਿਹੜੇ ਦੇ ਇਕ ਪਾਸੇ ਬਣੇ ਇਕ ਕੋਠੇ ਵਿਚ ਆਪ ਨੂੰ ਉਤਾਰਾ ਦਿੱਤਾ ਗਿਆ ਅਰ ਸਾਵਣ ਦੇ ਬੱਦਲ ਵਾਂਙ ਵਾਹਿਗੁਰੂ ਦੇ ਪ੍ਰੇਮ ਦੀ ਛਹਿਬਰ ਲਾ ਦਿੱਤੀ।

ਧੰਨ ਗੁਰੂ ਕੇ ਗੁਰਮੁਖ ਸਨ, ਧੰਨ ਸਿੱਖ ਸਨ ਤੇ ਧੰਨ ਸੰਗਤਾਂ ਸਨ, ਜਿਨ੍ਹਾਂ ਦੇ ਪ੍ਰੇਮ, ਨਿੰਮ੍ਰਤਾ ਤੇ ਸੱਚ ਦਾ ਪਾਰਾਵਾਰ ਨਹੀਂ ਸੀ।

## (੧੮) ਘਰ ਉਸਾਰੀ।

**ਭਾਈ ਸਾਈਂਦਾਸ** ਜੀ ਦੇ ਪ੍ਰੇਮ ਦਾ ਤਾਂ ਪਾਰਾਵਾਰ ਸੀ ਹੀ ਨਹੀਂ ਤੇ ਉਪਕਾਰ ਕਦੇ ਉਨ੍ਹਾਂ ਕੋਈ ਵਡੀ ਗਲ ਸਮਝਕੇ ਕੀਤਾ ਹੀ ਨਹੀਂ ਸੀ, ਉਹ ਤਾਂ ਸਹਿਜ ਸੁਭਾ ਉਨ੍ਹਾਂ ਤੋਂ ਐਦਾਂ ਹੁੰਦਾ ਰਹਿੰਦਾ ਸੀ ਜਿਦਾਂ ਪਾਣੀ ਸੁਤੇ ਹੀ ਠੰਢਾ ਤੇ ਤ੍ਰੇਹ ਬੁਝਾਉਣ ਨੂੰ ਸਮਰੱਥ ਹੁੰਦਾ ਹੈ। ਆਪਣੇ ਆਪ ਵਿਚ ਓਹ ਸਾਈਂ ਸਚੇ ਦੀ ਲਿਵ ਵਿਚ ਪਰਮ ਉੱਚੇ ਪਦ ਤੇ ਟਿਕੇ ਰਹਿੰਦੇ ਸੇ, ਨਾਮ ਨਿਵਾਸ ਰਿਦੇ ਵਿਚ ਪਰਪੱਕ ਸੀ। ਤੀਸਰੇ ਉਨ੍ਹਾਂ ਦੀ ਸਾਫ਼ ਅਕਲ ਯਾ ਉੱਜਲ ਮਤ ਉਨ੍ਹਾਂ ਦੇ ਪਾਸ ਐਸੀ ਅਮੋਲਕ ਦਾਤ ਸੀ ਜੋ ਉਨ੍ਹਾਂ ਦੇ ਜੀਵਨ ਨੂੰ ਜਗਜਾਸੂਆਂ ਲਈ ਚੰਦ੍ਰਮਾ ਦੀ ਚਾਂਦਨੀ ਵਾਂਙੂ ਚਾਨਣ ਦਾਤਾ ਬਣਾ ਰਹੀ ਸੀ। ਆਪ ਦਾ ਸੁਭਾਉ ਚਰਚਾਵਾਦ ਦਾ ਰਤੀ ਨਹੀਂ ਸੀ, ਪਰ ਜੇ ਕਦੇ ਕੋਈ ਖੋਜੀ ਸੱਚੀ ਖੋਜ ਕਰਦਾ ਆ ਗਿਆ ਤਦ ਪੂਰੀ ਪੂਰੀ ਨਿਸ਼ਾ ਖਾਤਰ ਕਰ ਦੇਂਦੇ ਸੇ। ਉਸ ਵੇਲੇ ਪਤਾ ਲਗਦਾ ਸੀ ਕਿ ਭਾਈ ਜੀ ਜੇ ਕਿਤੇ ਦਿਗਬਿਜੈ ਨੂੰ ਚੜ੍ਹ ਪੈਣ ਤਦ ਚਾਰ ਕੂੰਟਾਂ ਵਿਚ ਬਿਜੈ ਪਾਕੇ ਆਉਣ, ਪਰ ਓਹ ਰਤਨ ਖਾਣੀ ਵਾਂਙੂ ਲੁਕਣਾਂ ਹੀ ਚੰਗਾ ਜਾਣਦੇ ਸੇ। ਭਾਵੇਂ ਲੁਕਦੇ ਪਰ- **'ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ'** {ਮਾਰੂ ਵਾਰ ਡਖ: ਮ: ੫, ਪੰਨਾ ੧੦੯੬} ਅਤੇ **'ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ'**{ਸੋਰਠ: ਭੀਖਨ-੨} ਗੁਰਵਾਕ ਅਨੁਸਾਰ ਇਹ ਰਤਨ ਤਾਂ ਪ੍ਰਗਟ ਹੋਏ ਬਿਨ ਰਹਿੰਦਾ ਹੀ ਨਹੀਂ ਹੈ। ਹੁਣ ਤਕ ਭਾਈ ਜੀ ਸਾਰੀ ਸਿੱਖੀ ਵਿਚ ਉਜਾਗਰ ਹੋ ਚੁਕੇ ਸੇ। ਕਰਨੀ ਵਾਲੇ ਹੋਣ ਕਰਕੇ ਜਪਣ ਤੇ ਜਪਾਉਣ

ਵਾਲੇ ਪ੍ਰੇਮੀਆਂ ਸਿੱਖਾਂ ਵਿੱਚ ਆਪਦੀ ਗਿਣਤੀ ਹੁੰਦੀ ਸੀ। ਸਭ ਤੋਂ ਵਧੀਕ ਇਨ੍ਹਾਂ ਦੇ ਪ੍ਰੇਮ ਦੀ ਸਾਂਟ ਇਹ ਹੋ ਗਈ ਕਿ ਇਹ ਤਾਂ ਸਤਿਗੁਰਾਂ ਨੂੰ ਪ੍ਰੇਮ ਕਰਦੇ ਹੀ ਸੇ ਸਤਿਗੁਰੂ ਜੀ ਇਨ੍ਹਾਂ ਨੂੰ ਇੰਨਾਂ ਪ੍ਰੇਮ ਕਰਦੇ ਸੇ ਕਿ ਜਿਸਦਾ ਪਾਰਾਵਾਰ ਨਹੀਂ ਹੈ। ਇਨ੍ਹਾਂ ਦੇ ਪ੍ਰੇਮ ਦੀ ਸੂਰਤ ਹੀ ਏਹ ਸੀ ਕਿ ਗੁਰੂ ਤੇ ਵਾਹਿਗੁਰੂ ਦੇ ਪ੍ਰੇਮ ਦੀ ਜੋਗਤਾ ਪ੍ਰਾਪਤ ਹੋਵੇ। ਇਹੋ ਸਿੱਖੀ ਦਾ ਅਸੂਲ ਹੈ, ਸੋ ਸਿਰੇ ਚੜ੍ਹ ਗਿਆ ਕਿ ਗੁਰੂ ਜੀ ਇਹਨਾਂ ਨੂੰ ਪਜਾਰ ਕਰਦੇ ਹਨ। ਪਰ ਸਿੱਖ ਦਾ ਕੀ ਹਾਲ ਹੈ? ਉਹ ਆਪਨੇ ਆਹਰ ਵਿਚ ਉਸੇ ਤਰ੍ਹਾਂ ਤਤਪਰ ਹੈ, ਉਸੇ ਤਰ੍ਹਾਂ ਦਾ ਪ੍ਰੇਮ ਹੈ, ਉਸੇ ਤਰ੍ਹਾਂ ਹੀ ਨਿੰਮ੍ਰਤਾ ਤੇ ਬ੍ਰਿਹ ਦਾ ਪਰਵਾਹ ਹੈ। ਉਹੋ ਅਦਬ, ਉਹੋ ਲਿਹਾਜ਼ ਹੈ। ਸਿਖ ਇਹ ਤਾਂ ਸ਼ੱਕ ਨਹੀਂ ਕਰਦਾ, ਕਿ ਗੁਰੂ ਯਾ ਵਾਹਿਗੁਰੂ ਪ੍ਰੇਮ ਸਰੂਪ ਨਹੀਂ ਹਨ, ਉਹ ਜਾਣਦਾ ਹੈ ਕਿ ਵਾਹਿਗੁਰੂ ਤੇ ਗੁਰੂ ਪ੍ਰੇਮ ਸਰੂਪ ਹਨ ਤੇ ਪਿਆਰ ਕਰ ਰਹੇ ਹਨ, ਨਹੀਂ ਕਰਦੇ ਤਾਂ ਅਸੀਂ ਅਪਣੇ ਆਪ ਨੂੰ ਉਨ੍ਹਾਂ ਦੇ ਪ੍ਰੇਮ ਦਾ ਅਧਿਕਾਰੀ ਨਹੀਂ ਬਣਾਉਂਦੇ। ਉਹ ਕਸਰ ਵਾਲਾ ਤਾਂ ਆਪ ਨੂੰ ਜਾਣਦੇ ਹਨ। ਤਾਂਤੇ ਸਾਧਨ ਇਹੋ ਕਰਦੇ ਹਨ ਕਿ ਮੈਂ ਐਸੀ ਯੋਗਤਾ ਪਾਵਾਂ, ਜਿਸ ਕਰਕੇ ਵਾਹਿਗੁਰੂ ਦੇ ਪਿਆਰ ਦਾ ਪਾਤ੍ਰ ਬਣਾਂ। ਫੇਰ ਅਪਣੀ ਕਰਨੀ ਦੀ ਖੇਪ ਨਾਲ ਤਾਂ ਸਿਖ ਤਰਨੇ ਦਾ ਆਸਰਾ ਰਖਦੇ ਹੀ ਨਹੀਂ। **'ਆਪਣੀ ਕਰਨੀ ਕਰ ਨਰਕ ਹੂੰ ਨ ਪਾਵਹੁੰ ਠੌਰ, ਤੁਮਰੋ ਬਿਰਦ ਕਉ ਆਸਰੋ ਸੰਭਾਰ ਹਉਂ'**। {ਭਾ: ਗੁ:} ਪਰ ਫੇਰ 'ਓ ਤਾਂ ਆਪ ਨੂੰ ਪਰਮੇਸੁਰ ਤੋਂ ਪਿਆਰ ਕੀਤੇ ਗਏ ਸੁਭਾਗ ਪ੍ਰੇਮ ਪਾਤ੍ਰ ਬਣਨ ਲਈ ਏਹ ਟੋਲਾਂ ਟੋਲਦੇ ਹਨ **'ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ'**॥* ਜੀਕੂੰ ਇਸਤ੍ਰੀ ਆਪਣੇ ਪਤੀ ਦੇ ਪ੍ਰੇਮ ਦੀ ਪਾਤ੍ਰ ਬਣਨ ਵਾਸਤੇ ਜਤਨ ਕਰਦੀ ਹੈ। ਪਤੀ ਨੂੰ ਪਤੀ ਤੇ ਨਿਜ ਨੂੰ ਨਾਰੀ ਤਾਂ ਪਹਿਲੋਂ ਹੀ ਜਾਣਦੀ ਹੈ। ਖਾਣ-ਪੀਣ, ਬਸਤ੍ਰ, ਸੰਸਾਰਕ ਸਾਮਾਨ ਸਭ ਪਤੀ ਦੀ ਕ੍ਰਿਪਾਲਤਾ ਤੇ ਪ੍ਰੇਮ ਦੀ ਦਾਤ ਤਾਂ ਜਾਣਦੀ ਹੈ ਪਰ ਸੱਚੀ ਇਸਤ੍ਰੀ ਦਾਤੇ ਦੇ ਸਰੂਪ ਵਿਚ ਵਾਸਾ ਪਾਉਣਾ ਚਾਹੁੰਦੀ ਹੈ, ਉਸਦੀ ਲਾਲਸਾ ਇਹ ਹੁੰਦੀ ਹੈ ਕਿ ਪਤੀ ਨੂੰ ਪਿਆਰੀ ਹੋਵਾਂ। 'ਓਸ ਪਿਆਰ ਪ੍ਰਾਪਤੀ ਲਈ ਉਹ ਅਪਣੇ ਆਪ ਨੂੰ ਚੰਗੇ ਤੋਂ ਚੰਗਾ ਬਣਾਉਂਦੀ ਹੈ। 'ਓ ਅਖੀਰ 'ਰਜ਼ਾ' ਦੀ ਪਿਟਾਰੀ ਲੱਭ ਲੈਂਦੀ ਹੈ, ਤੇ ਸੁਘੜ ਹੋ ਕੇ ਇਸੇ ਦੀਆਂ ਕਾਰਾਂ ਕਰਦੀ 'ਸ਼ਹੁ ਪਜਾਰੀ' ਹੋ ਜਾਂਦੀ ਹੈ।

* {ਜਪੁਜੀ-੪} ਭਾਵ-ਅਸੀਂ ਕੀਹ ਉਪਾਵ ਕਰੀਏ ਕਿ ਰਬ ਸਾਨੂੰ ਪਿਆਰ ਕਰਨ ਲੱਗ ਪਏ।

ਇਸੇ ਤਰ੍ਹਾਂ ਭਾਈ ਜੀ ਸਤਿਗੁਰ ਨਾਲ ਪ੍ਰੇਮ ਕਰ ਰਹੇ ਹਨ, ਪ੍ਰੇਮੀ ਬਣਕੇ ਨਹੀਂ ਪਰ ਨਿਜ ਨੂੰ ਪ੍ਰੇਮ ਪਾਤ੍ਰ ਬਣਾਉਣੇ ਦੇ ਕਰਤੱਵਾਂ ਨਾਲ। ਉਧਰੋਂ ਸਤਿਗੁਰ ਦਿਆਲ ਮੂਰਤੀ ਹੁਣ ਇਨ੍ਹਾਂ ਵਲ ਆਤਮ ਖਿੱਚ ਖਾਂਦੇ ਹਨ, ਆਪਣੇ ਅੰਦ੍ਰਲੇ ਨਾਲ ਆਤਮਿਕ ਪ੍ਰੇਮ ਕਰਦੇ ਹਨ। ਇਨ੍ਹਾਂ ਨੂੰ ਇਹੋ ਕਾਰ, ਉਹੋ ਧੁਨ। ਵਾਹਿਗੁਰੂ ਦੀ ਰਜ਼ਾ, ਸਤਿਗੁਰਾਂ ਦਾ ਭਾਣਾ ਸਿਰ ਤੇ ਹੈ। ਦਿਨ ਰਾਤ ਵਾਹਿਗੁਰੂ ਦੀ ਯਾਦ ਦੇ ਮੰਡਲ ਵਿਚ ਖੇਡਦੇ ਹਨ। ਉਸ ਨਾਮ ਵਿਚ ਹਨ ਜੋ 'ਅੰਮ੍ਰਿਤ ਰੂਪ' ਤੇ 'ਰਸ ਰੂਪ' ਹੈ। 'ਨਾਮ ਮਹਾਂ ਰਸ ਪੀ' ਜਿਸਨੂੰ ਕਿਹਾ ਹੈ, ਸੋ ਪੀ ਰਹੇ ਹਨ।

ਡਰੋਲੀ ਵਿਚ ਭਾਈ ਜੀ ਦੇ ਆ ਜਾਣ ਨਾਲ ਸਤਿਸੰਗ ਦਾ ਪ੍ਰਵਾਹ ਹਦ ਬੰਨੇ ਤੋੜਕੇ ਕਾਂਗਾਂ ਲੈ ਆਇਆ। ਧਰਮਸਾਲੇ ਹੁਣ ਆਸਾ ਦੀ ਵਾਰ ਵੇਲੇ ਖੜੋਣ ਨੂੰ ਥਾਂ ਨਹੀਂ ਮਿਲਦੀ। ਘਰ ਘਰ ਗੁਰੂ ਗੁਰੂ ਹੋ ਰਹੀ ਹੈ, ਪਿੰਡ ਦੇ ਬਹੁਤੇ ਜੀਵਨ ਵਾਹਿਗੁਰੂ ਜੀ ਦੇ ਪ੍ਰੇਮ-ਭਜਨ, ਬੰਦਗੀ, ਉਚ ਜੀਵਨ-, ਵਲ ਝੁਕ ਪਏ ਹਨ। ਸੇਵਾ ਆ ਗਈ ਹੈ। ਸੇਵਾ ਆਈ ਤਾਂ ਆਲਸ ਨੱਸਿਆ, ਉੱਦਮ ਦੇ ਡੇਰੇ ਆ ਲਗੇ। ਉੱਦਮੀ ਲਈ ਅਰੋਗਤਾ ਹੱਥ ਬੱਧੀ ਅੱਗੇ ਪਿੱਛੇ ਪਈ ਫਿਰਦੀ ਹੈ। ਜੋ ਪੁਰਖ ਅਰੋਗ ਹੈ, ਸੋਈ ਸਾਰੇ ਕੰਮ ਠੀਕ ਤਰ੍ਹਾਂ ਨਾਲ ਕਰ ਸਕਦਾ ਹੈ। ਰੋਗੀ ਹੋਕੇ ਪਰਮੇਸ਼ਰ ਦੀਆਂ ਮੰਜਲਾਂ ਦਾ ਤੁਰਨਾ ਬੀ ਕਿਹੜਾ ਸੌਖਾ ਹੈ? ਇਸਦਾ ਇਹ ਅਰਥ ਨਹੀਂ ਹੈ ਕਿ ਭਗਤ ਜਨ ਬੀਮਾਰ ਹੋਣ ਤਾਂ ਵਾਹਿਗੁਰੂ ਦੀ ਪ੍ਰੀਤ ਦੇ ਮੰਡਲ ਵਿਚੋਂ ਨਿਕਾਲਾ ਪਾ ਜਾਂਦੇ ਹਨ, ਪਰ ਇਹ ਕਿ ਅਰਥ ਪਰਮਾਰਥ ਦੇ ਸਾਰੇ ਕੰਮਾਂ ਲਈ ਅਰੋਗ ਹੋਣਾ ਬੜਾ ਜ਼ਰੂਰੀ ਮਾਮਲਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫੁਰਮਾਉਂਦੇ ਹਨ:-

**"ਜਬ ਲਗੁ ਜਰਾ ਰੋਗੁ ਨਹੀ ਆਇਆ॥**
**ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥**
**ਜਬ ਲਗੁ ਬਿਕਲ ਭਈ ਨਹੀ ਬਾਨੀ॥**
**ਭਜਿ ਲੇਹਿ ਰੇ ਮਨ ਸਾਰਿਗ ਪਾਨੀ॥੨॥**
**ਅਬ ਨ ਭਜਸਿ ਭਜਸਿ ਕਬ ਭਾਈ॥**
**ਆਵੈ ਅੰਤੁ ਨ ਭਜਿਆ ਜਾਈ॥.....**"*

* ਭੈਰਉ ਬਾਣੀ ਭਗਤ ਕਬੀਰ ਜੀਉ, ਪੰਨਾ ੧੧੫੯

 www.sikhbookclub.com

ਭਜਨ ਸਿਮਰਨ ਲਈ ਅਰੋਗਤਾ ਅਜੀਬ ਵੱਤਰ ਦਾ ਵਕਤ ਹੁੰਦਾ ਹੈ, ਇਸੇ ਕਰਕੇ ਪਿਆਰੇ ਸਤਿਗੁਰਾਂ ਨੇ ਸਰੀਰਕ ਸੇਵਾ ਦਾ ਅਸੂਲ ਸਰੀਰ ਦੀ ਅਰੋਗਤਾ ਦਾ ਮੁੱਖ ਸਾਧਨ ਪਹਿਲੇ ਰੱਖਿਆ ਹੈ। ਪੂਰੀ ਨੀਂਦ ਕਰਕੇ ਅੰਮ੍ਰਿਤ ਵੇਲੇ ਦਾ ਜਾਗਣਾ, ਸੰਜਮ ਦਾ ਖਾਣਾ, ਸੇਵਾ ਕਰਨੀ ਆਦਿ ਉਪਰਾਲੇ ਸਰੀਰ ਨੂੰ ਅਰੋਗਤਾ ਦੇਂਦੇ ਹਨ ਤੇ ਨਾਲੋ ਨਾਲ ਮਨ ਨੂੰ ਬੀ ਸੁੱਧ ਕਰਦੇ ਹਨ।

ਭਾਈ ਜੀ ਨੇ ਸਭ ਤੋਂ ਪਹਿਲੇ ਸੇਵਾ ਦਾ ਮੁੱਢ ਕੰਮ ਸਿੱਖਾਂ ਵਿਚ ਪ੍ਰਚਾਰ ਕਰ ਦਿੱਤਾ ਪਰ ਉਹ ਸੇਵਾ ਜੋ ਸਿੱਖੀ ਵਿਚ ਵਿਹਤ ਹੈ। ਫੋਕੀ ਸੇਵਾ, ਹਉਮੈਂ ਵਿਚ ਗਰਜ਼ਾਂ ਲਈ ਕੀਤੀ ਸੇਵਾ, ਦਿਖਾਵੇ ਲਈ ਸੇਵਾ ਮਨ ਦੀ ਸਫ਼ਾਈ ਲਈ ਕੁਛ ਅਰਥ ਨਹੀਂ ਰਖਦੀ। ਗੁਰੂ ਦੀ ਸੇਵਾ, ਗੁਰੂ ਦੇ ਧਿਆਨ ਦੀ ਸੇਵਾ, ਗੁਰੂ ਨਮਿੱਤ ਸੇਵਾ, ਸਿਮਰਨ ਤੇ ਬਾਣੀ ਵਿਚ ਲਗ ਕੇ ਸੇਵਾ, ਗੁਰਮੁਖ ਸਤਿਸੰਗ ਪ੍ਰਾਪਤ ਹੋਕੇ ਸੇਵਾ, ਗੁਰਮੁਖ ਸੇਵਾ ਤੇ ਅੰਤ ਗੁਰੂ ਤੇ ਪਰਮੇਸ਼ੁਰ ਦੀ ਸੇਵਾ ਸਫ਼ਲ ਸੇਵਾ ਹੈ। ਉੱਦਮ ਆ ਗਿਆ। ਸਰੀਰ ਅਰੋਗ ਤੇ ਮਨ ਸਾਵਧਾਨ ਹੋ ਗਿਆ। ਐਉਂ ਮਨ ਰੂਪੀ ਧਰਤੀਆਂ ਤਿਆਰ ਕਰਕੇ ਭਾਈ ਜੀ ਦੇਣ ਦੇ ਸੁਭਾਵ ਦੇ ਸੁਹਾਗੇ ਫੇਰ ਫੇਰ ਕੇ ਬਾਣੀ ਤੇ ਨਾਮ ਦੇ ਬੂਟੇ ਲਾਉਣ ਲਗੇ। ਆਪਣਾ ਪਿੰਡ ਤਾਂ ਸੌਰਿਆ ਹੀ, ਲਾਗ ਲਾਗ ਦੇ ਪਿੰਡਾਂ ਵਿਚ ਸਿੱਖੀ ਦਾ ਪਰਵਾਹ ਠਾਠਾਂ ਮਾਰਨ ਲੱਗਾ। ਦੂਰ ਦੂਰ ਤੋਂ ਪ੍ਰੇਮੀ ਮਿਲਣ ਵਾਸਤੇ ਆਉਣ ਲਗੇ। ਇਨ੍ਹਾਂ ਸਾਰੀਆਂ ਗੱਲਾਂ ਦਾ ਇਹ ਅਸਰ ਪਿਆ ਕਿ ਧਰਮਸਾਲ ਵਿੱਚ ਥਾਂ ਤੰਗ ਹੋ ਗਈ, ਮੁਸ਼ਕਲ ਹੋ ਗਿਆ ਕਿ ਇਥੇ ਸਾਰਾ ਨਿਰਬਾਹ ਤੁਰ ਸਕੇ। ਭਾਈ ਜੀ ਨੂੰ ਖਿਆਲ ਆਇਆ ਕਿ ਆਪਣੇ ਰਹਿਣ ਲਈ ਇਕ ਘਰ ਉਸਾਰਿਆ ਜਾਵੇ, ਜਿਸ ਵਿਚ ਉਨ੍ਹਾਂ ਦਾ ਤੇ ਬਾਹਰੋਂ ਆਏ ਗਏ ਸਿਖ ਸੰਗਤਾਂ ਦਾ ਨਿਰਬਾਹ ਹੋ ਸਕੇ ਤੇ ਧਰਮਸਾਲਾ ਵਿਚ ਕੇਵਲ ਸਤਿਸੰਗ ਦਾ ਕਾਰਜ ਹੋਵੇ। ਗੁਰਦੁਆਰੇ ਦਾ ਥਾਉਂ ਦੀਵਾਨਾਂ ਲਈ ਤਾਂ ਪੂਰਾ ਹੋ ਸਕੇ। ਨਹੀਂ ਤਾਂ ਜੇ ਛੋਟਾ ਦਾਲਾਨ ਤੇ ਕੋਠੜੀਆਂ ਪਰਾਹੁਣਿਆਂ ਨਾਲ ਭਰੀਆਂ ਰਹਣ ਤੇ ਕਿਸੇ ਵੇਲੇ ਵਡਾ ਦੀਵਾਨ ਅਸਥਾਨ ਬੀ ਖਾਲੀ ਨਾ ਰਹੇ ਤਦ ਇਹ ਗਲ ਕਠਨ ਹੈ ਕਿ ਇਹ ਸਤਿਸੰਗ ਦਾ ਦੀਵਾਨ ਸੌਖ ਨਾਲ ਹੋ ਸਕੇ। ਇਹ ਵੀਚਾਰਕੇ ਭਾਈ ਜੀ ਨੇ ਆਪਣੇ ਪੁਰਾਣੇ ਘਰ ਨੂੰ, ਜੋ ਚਿਰੋਕਣਾ ਢੈ ਚੁਕਾ ਹੋਇਆ ਸੀ, ਹੋਰ ਭੌਂ ਨਾਲ ਰਲਾਕੇ ਉਸਾਰਣਾ ਸ਼ੁਰੂ ਕੀਤਾ।

 www.sikhbookclub.com

ਪਾਠਕ ਅਜੇ ਤੱਕ ਹੈਰਾਨ ਹੋਣਗੇ ਕਿ ਭਾਈ ਜੀ ਦਾ ਨਿਰਬਾਹ ਕਿਕੂੰ ਹੁੰਦਾ ਸੀ? ਹੁਣ ਸਹੁਰਾ ਘਰ ਤਾਂ ਛੱਡ ਆਏ ਹਨ ਕਿ ਜਿੱਥੇ ਭਾਈ ਜੀ ਨੂੰ ਖਰਚ ਖਬਲ ਦੀ ਰਤਾ ਪਰਵਾਹ ਨਹੀਂ ਸੀ, ਹਾਂ ਉਦ ਓਥੇ ਓਹ ਕਾਰ ਵਿਚ ਬੀ ਹਥ ਵਟਾਉਂਦੇ ਹੁੰਦੇ ਸਨ। ਇਥੇ ਆਕੇ ਕੀਹ ਪੂਜਾ ਦੇ ਧਾਨ ਤੇ ਨਿਰਬਾਹ ਹੋ ਰਹੇ ਹਨ, ਅਰ ਹੁਣ ਪੂਜਾ ਦਾ ਧਨ ਸੰਚਕੇ ਮਹਲ ਮਾੜੀਆਂ ਬਣਨ ਲਗੀਆਂ ਹਨ? ਨਹੀਂ ਮਿੱਤਰ ਜੀ! ਉਨ੍ਹਾਂ ਦੀ ਆਪਣੀ ਭੌਂ ਪੈਲੀ ਚੋਖੀ ਡਰੋਲੀ ਵਿਚ ਸੀ, ਜਿਸਦੀ ਕਮਾਈ ਅੱਜ ਤੱਕ ਕੱਠੀ ਹੀ ਹੁੰਦੀ ਰਹੀ ਸੀ, ਉਹ ਸੁਤੇ ਹੀ ਸੰਚਿਆ ਧਨ ਘਰ ਪਰ ਲਗਾਉਣ ਲੱਗੇ ਹਨ, ਅਰ ਹੁਣ ਜੋ ਪੈਲੀ ਬੰਨੇ ਤੋਂ ਆ ਜਾਂਦਾ ਹੈ ਉਸ ਪਰ ਆਪਣਾ ਨਿਰਬਾਹ ਤੋਰਦੇ ਹਨ। ਧਰਮਸਾਲ ਦੀ ਜੋ ਚੜ੍ਹਤ ਦੀ ਆਮਦਨ ਹੈ ਉਹ ਸਾਧ ਸੰਗਤ ਦੀ ਸੇਵਾ ਤੇ ਧਰਮਸਾਲ ਦੇ ਖਰਚਾਂ ਪਰ ਲਗਦੀ ਹੈ। ਜਦੋਂ ਅੰਨ ਬਸਤ੍ਰ ਦੇ ਨਿਰਬਾਹ ਲਈ ਆਪਣਾ ਧਨ ਆ ਜਾਂਦਾ ਹੈ ਤਾਂ ਓਹ ਨਿਰਬਾਹ ਮਾਤ੍ਰ ਬੀ ਧਰਮਸਾਲ ਵਿਚੋਂ ਨਹੀਂ ਲੈਂਦੇ ਤੇ ਧਰਮਸਾਲ ਦੀ ਇੱਕ ਕੋਠੜੀ ਬੀ ਅਪਣੇ ਨਿਰਬਾਹ ਲਈ ਨਹੀਂ ਵਰਤਣੀ ਚਾਹੁੰਦੇ। ਸੋ ਘਰ ਦੇ ਉਸਰਾਉਨ ਵਿਚ ਬਹੁਤ ਉਤਾਵਲੇ ਹੋਕੇ ਲਗੇ ਹਨ ਅਰ ਥੋੜੇ ਦਿਨਾਂ ਵਿੱਚ ਹੀ ਇਮਾਰਤ ਕਿਤੇ ਦੀ ਕਿਤੇ ਲੈ ਗਏ ਹਨ। ਘਰ ਦੀ ਉਸਾਰੀ ਕਾਹਦੀ ਲੱਗੀ, ਚਿਤ ਵਿਚ ਪ੍ਰੇਮ ਨੇ ਇੱਕ ਹੋਰ ਅੱਗ ਸੁਲਗਾ ਦਿਤੀ। ਇਸ ਤ੍ਰਿਖੀ ਚਾਹ ਨੇ ਇਹ ਸ਼ੌਕ ਪਾ ਦਿੱਤਾ ਕਿ ਘਰ ਬਹੁਤ ਸੁੰਦਰ ਬਣੇ। ਗਲ ਕੀਹ ਵਰਿਆਂ ਬੱਧੀ ਜੋ ਧਨ ਕਠਾ ਹੋ ਗਿਆ ਸੀ, ਉਹ ਸਾਰਾ ਹੀ ਇਮਾਰਤ ਪਰ ਲਗ ਰਿਹਾ ਹੈ। ਜਦ ਇਮਾਰਤ ਲਾਈ ਸੀ ਤਾਂ ਖਿਆਲ ਸੀ '**ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥**' {ਧਨਾ: ਨਾਮ-੧} ਪਰ ਜਦ ਬਣੀ ਤਾਂ ਇੱਕ ਅਤਿ ਸੁੰਦਰ ਪੱਕਾ ਘਰ ਹਵੇਲੀ ਵਾਂਙੂ ਬਣ ਗਿਆ। ਕੀਹ ਇਹ ਉਹੋ ਭੁਲਾਵਾ ਸੀ ਜੋ ਅਕਸਰ ਘਰਾਂ ਉਸਾਰਨ ਵਾਲਿਆਂ ਨੂੰ ਪੈ ਜਾਂਦਾ ਹੈ, ਯਾ ਮਿਸਤ੍ਰੀਆਂ ਵਲੋਂ ਪਾਇਆ ਜਾਂਦਾ ਹੈ, ਅਰਥਾਤ ਉਸਾਰੀ ਲਾਈਦੀ ਹੈ ਕਿਸੇ ਤਖਮੀਨੇ ਦੀ ਤੇ ਬਣ ਕਿਸੇ ਖਰਚ ਦੀ ਜਾਂਦੀ ਹੈ, ਤਿਆਰੀ ਕਿਸੇ ਥਾਂ ਤੱਕ ਅਪੜਨ ਦੀ ਕੀਤੀ ਜਾਂਦੀ ਹੈ ਤੇ ਅੱਪੜ ਕਿਤੇ ਦਾ ਕਿਤੇ ਜਾਈਦਾ ਹੈ? ਨਹੀਂ! ਭਾਈ ਜੀ ਨਾ ਅਪਣੇ ਵਿਤੋਂ ਵਧਣ ਵਾਲੇ ਹਨ ਨਾ ਹੀ ਕਿਸੇ ਰਾਜ ਮਿਸਤ੍ਰੀ ਯਾ ਲੋਕਾਂ ਦੀ ਵਾਹ ਵਾਹ ਤੋਂ ਚੁੱਕੇ ਜਾਣ ਵਾਲੇ ਹਨ।

 www.sikhbookclub.com

ਫੇਰ ਕੀਹ ਗੱਲ ਹੋਈ ਕਿ ਭਾਈ ਜੀ ਨੇ ਇਤਨਾਂ ਧਨ ਖਰਚ ਕਰ ਦਿੱਤਾ ਅਰ ਐਡੀ ਪੱਕੀ ਸੁਹਣੀ ਇਮਾਰਤ ਬਣਾ ਲਈ? ਕਿਆ ਅਗਿਆਨ ਪੈ ਗਿਆ ਕਿ ਅਸੀਂ ਸਦਾ ਥਿਰ ਰਹਿਣਾ ਹੈ? ਨਹੀਂ! ਭਾਈ ਜੀ ਜਾਣਦੇ ਹਨ ਕਿ:-

**'ਘਰ ਛਡਣੇ ਰਹੈ ਨ ਕੋਈ॥'**

ਉਨ੍ਹਾਂ ਦਾ ਹਿਰਦਾ ਹਰ ਵੇਲੇ ਉਨ੍ਹਾਂ ਨੂੰ ਯਾਦ ਕਰਾਉਣ ਵਾਲਾ ਹੈ :-

**"ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ॥**
**ਸਾਈ ਜਾਇ ਸਮਾਲਿ ਜਿਥੈ ਹੀ ਤਉ ਵੰਞਣਾ॥੫੮॥'** {ਸ: ਫਰੀਦ}

ਭਾਈ ਜੀ ਗਿਆਨਵਾਨ ਹਨ, ਓਹ ਕਦੇ ਭੁੱਲਣ ਵਾਲੇ ਨਹੀਂ:-

**"ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ॥**
**ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ॥"**

{ਸੂਹੀ: ਮ: ੫-ਕੁਚਜੀ}

ਇਹ ਉਪਦੇਸ਼, ਇਹ ਚਿਤਾਵਨੀ ਉਨ੍ਹਾਂ ਦੇ ਹਿਰਦੇ ਤੇ ਲਿਖੀ ਪਈ ਹੈ। ਉਨ੍ਹਾਂ ਦੇ ਹਿਰਦੇ ਪਰ ਵੈਰਾਗ ਵਸਦਾ ਹੈ, ਓਹ ਵੇਖਦੇ ਹਨ:-

**"ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ॥**
**ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥੪੬॥"**

ਨਹੀਂ ਨਹੀਂ, ਉਹ ਆਪ ਉਪਦੇਸ਼ ਕਰਿਆ ਕਰਦੇ ਹਨ:-

**"ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਇ ਚਿਤੁ॥**
**ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥੫੭"**

ਪੁਨਾ:-

**"ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ॥**
**ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ॥੨੧੮॥"**

ਭਾਈ ਜੀ ਮਹਿਲਾਂ ਦੇ ਪਿਆਰਿਆਂ ਨੂੰ ਇਨ੍ਹਾਂ ਦਾ ਅੰਤ ਦੱਸਿਆ ਕਰਦੇ ਸੇ:-

**"ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ॥**
**ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ॥....॥੬੭॥"**


www.sikhbookclub.com

ਐਸੇ ਗਿਆਨ ਭੰਡਾਰ ਭਾਈ ਜੀ, ਐਸੇ ਵੈਰਾਗ ਮੂਰਤ ਸੰਤ ਜਨ **'ਇਆ ਡੇਰਾ ਕਉ ਸ੍ਰਮੁ ਕਰਿ ਘਾਲੈ॥ ਜਾਕਾ ਤਸੂ ਨਹੀ ਸੰਗਿ ਚਾਲੈ॥'** {ਗਉ: ਬਾ: ਅਖ: ਮ: ੫-੨੯} ਦੇ ਭੁਲੇਖੇ ਵਿੱਚ ਕਿਕੂੰ ਪੈ ਗਏ? ਆਓ ਰਤਾ ਵੇਖੀਏ। ਦਿੱਸਣ ਨੂੰ ਤਾਂ ਇਹੋ ਦੀਹਦਾ ਹੈ ਕਿ ਓਹ ਭਾਈ ਸਾਈਂਦਾਸ ਜੀ ਜੋ ਘਿਉ ਦਾ ਕੁੱਪਾ ਰੁੜ੍ਹ ਜਾਏ ਤਾਂ ਪਰਵਾਹ ਨਾ ਕਰਨ, ਹੁਣ ਇੱਕ ਇੱਕ ਜੋੜੀ ਦੇ ਫੁੱਲ ਪੱਤ੍ਰ ਆਪ ਕਢਵਾਉਂਦੇ ਹਨ, ਮਾਨੋਂ ਉਨ੍ਹਾਂ ਲਈ 'ਘਰ' ਹੀ ਸਭ ਕੁਛ ਹੋ ਰਿਹਾ ਹੈ। ਉਨ੍ਹਾਂ ਦੀ ਕਰਨੀ ਤਾਂ ਕੁਛ ਨਹੀਂ ਦੱਸ ਸਕਦੀ, ਪਰ ਨੇਤ੍ਰਾਂ ਦੇ ਹੰਝੂ ਕੁਛ ਪਤਾ ਦੇਂਦੇ ਹਨ। ਮਹਿਲ ਉਸਰਦੇ ਵ੍ਹਿਚ ਚਿਹਰਾ ਤਾਂ ਸਦਾ ਪ੍ਰਸੰਨ ਹੈ, ਪਰ ਹੰਕਾਰੀਆਂ ਵਾਲੀ ਟਪਾਰ ਨਹੀਂ, ਹਾਹੁਕਾ ਤੇ ਹੰਝੂ ਹਨ। ਕਦੇ ਕਦੇ ਰਸਨਾਂ ਬੀ ਕੁਛ ਕਹਿੰਦੀ ਹੈ! "ਦੇਖੀਏ। ਜਾਣੀ ਜਾਣ ਪਿਆਰੇ ਜੀ! ਆਪ ਮਾਲਕ ਹੋ। ਏਹ ਪੁੰਨ ਪਦਾਰਥ ਤੇਰਾ ਹੀ ਹੈ, ਮੈਂ ਤਾਂ ਇੱਕ ਸੇਵਕ ਹੀ ਹਾਂ। ਕਦੇ "ਮੈਂ" ਅਭਾਗ ਇਸ ਜੋਗ?" ਏਦਾਂ ਕੁਝ ਅਵਾਜ਼ੇ ਕੰਨੀ ਪੈਂਦੇ ਹਨ। ਆਓ ਗੁਰਮੁਖ ਪਿਆਰੇ ਜੀ ਦੇ ਹਿਰਦੇ ਮੰਡਲ ਵਿੱਚ ਚੱਲ ਕੇ ਵੇਖੀਏ। ਓਥੇ ਤਾਂ ਹੋਰ ਹੀ ਅਨੰਦ ਖਿੜ ਰਿਹਾ ਹੈ, ਇਹ ਮਹਿਲ ਸਾਈਂਦਾਸ ਆਪਣੇ ਲਈ ਨਹੀਂ ਬਣਾ ਰਿਹਾ, ਇਹ ਤਾਂ ਸਤਿਗੁਰਾਂ ਦਾ ਮੰਦਰ ਬਣ ਰਿਹਾ ਹੈ। ਸਾਈਂਦਾਸ ਤਾਂ ਆਪ ਨੂੰ 'ਪੰਖ ਪਰਾਹੁਣੀ' ਜਾਣਦਾ ਹੈ, ਪੰਛੀਆਂ ਲਈ ਆਲ੍ਹਣੇ ਹੁੰਦੇ ਹਨ। ਕੌਣ ਪੱਕੇ ਮੰਦਰ ਬਣਾਉਂਦਾ ਹੈ? ਜਿੰਦਾਂ ਗੁਰੂ ਜੀ ਨੇ ਅੰਮ੍ਰਿਤਸਰ ਵਿੱਚ ਆਪਣੇ ਪਿਆਰੇ ਅਕਾਲ ਪੁਰਖ ਦੀ ਯਾਦ ਦਾ ਉਸ ਦੇਸ਼ ਕਾਲ ਤੋਂ ਰਹਿਤ ਵਾਹਿਗੁਰੂ ਦੇ ਸਿਮਰਨ ਦਾ ਮੰਦਰ ਉਸਾਰਿਆ ਸੀ ਅਰ ਵੈਰਾਗ ਤੇ ਪ੍ਰੇਮ ਭਰੇ ਸਜਲ ਨੇਤ੍ਰ ਹੀ ਯਾਤ੍ਰਾ ਕਰਦੇ ਹੁੰਦੇ ਸੇ, ਉਸੇ ਤਰ੍ਹਾਂ ਪਿਆਰੇ ਗੁਰੂ ਦੇ ਚਰਨ ਪਾਉਣ ਲਈ ਭਾਈ ਸਾਈਂ ਦਾਸ ਜੀ ਘਰ ਬਣਵਾ ਰਹੇ ਹਨ।

## (੧੯) ਸਿੱਕ।

ਗਲ ਇਉਂ ਹੈ ਕਿ ਇਕ ਦਿਨ ਉਸਾਰੀ ਲਾ ਕੇ ਖਿਆਲ ਆਇਆ ਕਿ ਕੀਹ ਮੈਂ ਪਾਪੀ ਆਪਣਾ ਘਰ ਬਣਾਕੇ ਉਸ ਵਿਚ ਰਹਿਣ ਦੇ ਲਾਇਕ ਹਾਂ? ਘਰ ਮੰਦਰ ਤਾਂ ਪਿਆਰੇ ਲਈ ਹੋਣ ਤੇ ਮੈਂ ਸੇਵਕ ਹੋਵਾਂ। ਮੈਨੂੰ ਤਾਂ- **'ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ'** {ਸਿਰੀ: ਮ: ੧-੪} ਦਾ ਦਾਨ ਮਿਲੇ। ਜਿਉਂ ਜਿਉਂ ਪ੍ਰੇਮ ਨੇ ਸੇਵਕ ਭਾਵ ਵਿਚ ਖਿੱਚਿਆ, ਇਹ ਭੁੱਲ ਹੀ

ਗਿਆ ਕਿ ਮਕਾਨ ਰਾਮੋਂ ਤੇ ਸਾਈਂਦਾਸ ਲਈ ਬਣ ਰਿਹਾ ਹੈ, ਪਰ ਇਹ ਹੋ ਗਿਆ ਕਿ ਮਕਾਨ ਮੀਰੀ ਪੀਰੀ ਦੇ ਮਾਲਕ ਖੜਗਧਾਰੀ ਸਤਿਗੁਰੂ ਲਈ ਬਣ ਰਿਹਾ ਹੈ। ਹੁਣ ਕੀਹ ਸੀ? ਪਾਸਾ ਪਲਟ ਗਿਆ। ਘਰ ਸੱਚੀ ਮੁੱਚੀ ਗੁਰੂ ਦਾ ਮੰਦਰ ਬਣ ਗਿਆ, ਭਾਈ ਜੀ ਇਸ ਦੇ ਕਾਮੇ ਤੇ ਰਾਖੇ। ਇਹੋ ਹੀ ਭਾਵ ਬੀਬੀ ਰਾਮੋ ਦੇ ਹਿਰਦੇ ਵਿਚ ਘਟ ਰਿਹਾ ਹੈ, ਉਹ ਭੀ ਇਹੋ ਸਮਝਦੀ ਹੈ ਕਿ ਜਿੱਕੂ ਰਾਜ ਤਰਖਾਨ ਤੇ ਮਜ਼ਦੂਰ ਮਾਲਕ ਲਈ ਕੰਮ ਕਰਦੇ ਹਨ, ਇਸੀ ਤਰ੍ਹਾਂ ਅਸੀਂ ਗੁਰੂ ਮਾਲਕ ਲਈ ਮਿਸਤ੍ਰੀ ਦੀ ਤਰ੍ਹਾਂ ਮਕਾਨ ਬਣਵਾ ਰਹੇ ਹਾਂ।

ਜਦੋਂ ਘਰ ਬਣ ਗਿਆ, ਦੋਹਾਂ ਜਣਿਆਂ ਨੇ ਡਿੱਠਾ ਬਹੁਤ ਸੁੰਦਰ ਹੈ, ਪਿਆਰਾ ਹੈ, ਰਮਣੀਕ ਹੈ ਤਦ ਫੇਰ ਮਨ ਨੂੰ ਪੁੱਛਣ ਲੱਗੇ ਕਿ 'ਕੀਹ ਏਹ ਸਾਡੇ ਲਈ ਹੋ ਸਕਦਾ ਹੈ'? ਹਿਰਦੇ ਨੇ ਕਿਹਾ- 'ਇਹ ਗੁਰੂ ਦਾ ਹੈ, ਗੁਰੂ ਦੇ ਜੋਗ ਹੈ'।

ਘਰ ਬਣ ਚੁਕਾ ਸੀ। ਪਰ ਘਰ ਦੇ ਮਾਲਕ ਜੀ ਨਹੀਂ ਆਏ ਸੇ, ਸੋ ਆਪ ਨੇ ਜੰਦਰਾ ਲਾ ਦਿੱਤਾ। ਆਪਣੇ ਲਈ ਇਕ ਕੱਚਾ ਕੋਠਾ ਵਿਹੜੇ ਦੇ ਖੂੰਜੇ ਪੁਆ ਲਿਆ। ਅਪਣੇ ਨਿਤਨੇਮ, ਕਥਾ, ਕੀਰਤਨ, ਸਤਿਸੰਗ ਤੋਂ ਜਦ ਵਿਹਲੇ ਹੋਣਾਂ ਤਦ ਮੰਦਰ ਦੇ ਅੰਦਰ ਸਤਿਗੁਰ ਦੀ ਵਰਤੋਂ ਦੇ ਸਾਮਾਨ ਤੇ ਸਜਾਵਟ ਦੇ ਸਾਮਾਨ ਤਿਆਰ ਕਰਨ ਵਿਚ ਲੱਗ ਪੈਣਾ। ਪਹਿਲੇ ਪਹਿਲੇ ਤਾਂ ਏਹ ਗੱਲ ਅੰਦਰੇ ਅੰਦਰ ਸੀ ਪਰ ਜਦ ਮੰਦਰ ਬਣਕੇ ਪਰਵੇਸ਼ ਨਾ ਹੋਇਆ, ਬੂਹੇ ਵੱਜੇ ਰਹਿਣ, ਅਪਣਾ ਕੱਚੇ ਕੋਠੇ ਵਿਚ ਨਿਰਬਾਹ ਹੋਵੇ ਤਦ ਤੋਂ ਸਤਿਸੰਗੀਆਂ ਵਿਚ ਟੋਹ ਪੈਦਾ ਹੋਈ। ਅਮਲੀ ਨੂੰ ਅਮਲੀ ਪਛਾਣਦੇ ਹਨ। ਸਤਿਸੰਗੀ ਲਖ ਗਏ ਕਿ ਭਾਈ ਜੀ ਨੇ ਘਰ ਅਪਣੇ ਲਈ ਨਹੀਂ, ਪਰ ਗੁਰੂ ਜੀ ਲਈ ਬਣਵਾਇਆ ਹੈ ਤੇ ਅਪਣੇ ਪ੍ਰੀਤਮ ਜੀ ਨਾਲ ਲਾਡ ਕਰ ਰਹੇ ਹਨ। ਕਿਉਂ ਨਾ ਹੋਵੇ? ਭਗਤ ਜਨਾਂ ਦਾ ਇਹੋ ਹਾਲ ਹੈ। ਭਗਤ ਜਦ ਏਹ ਕਹਿ ਸਕਦੇ ਹਨ :-

**"ਰਾਜੁ ਨ ਚਾਹਉ ਮੁਕਤਿ ਨ ਚਾਹਉ**
**ਮਨਿ ਪ੍ਰੀਤਿ ਚਰਨ ਕਮਲਾਰੇ॥"**

{ਦੇਵ: ਮ: ੫, ਪੰਨਾ ੫੩੪}

ਤਦ ਪਿਆਰੇ ਦੀ ਸੇਵਾ ਦੇ ਸਾਮਾਨ ਕਰਨੇ ਉਨ੍ਹਾਂ ਨੂੰ ਸੱਖਣੇ ਗਿਆਨ ਤੋਂ

ਕਿਉਂ ਨਾ ਵਧੀਕ ਪਿਆਰੇ ਲੱਗਣ:-

ਪਿਆਰੇ! ਪਰਮ ਪ੍ਰਮਾਰਥ ਏਹ।
ਸਤਿਗੁਰ ਚਰਨ ਵਿਖੇ ਦ੍ਰਿੜ ਨੇਹ।
ਚਰਨ ਕਮਲ ਕੀ ਪ੍ਰੀਤ ਪਿਆਰੀ।
ਜਿਸ ਤੋਂ ਸਭ ਕੁਝ ਦੇਈਏ ਵਾਰੀ।
ਜਾਪ ਤਾਪ ਸੰਜਮ ਸਭ ਦੇਈਏ।
ਸੁਰਗ ਬਿਕੁੰਠ ਮੁਕਤ ਅਰਪੇਈਏ।
ਭਗਤੀ ਇੱਕ ਪਿਆਰੀ ਸ਼ੈ ਹੈ।
ਇਸ ਤੋਂ ਹੇਠਾਂ ਹੋਰ ਸਭੈ ਹੈ।
ਜੇ ਤੁੱਠੇ ਸਾਈਂ ਤੇ ਦੇਵੇ।
ਮੂੰਹ ਮੰਗੀ, ਤਾਂ ਭਗਤ ਏ ਲੇਵੇ:-
'ਦੇਹੁ ਦਾਨ ਭਗਤੀ ਇਕ ਪਜਾਰੇ,
'ਬਿਨ ਭਗਤੀ ਸਭ ਸੁਖ ਹਨ ਖਾਰੇ।
'ਰਾਜ ਫਕੀਰੀ ਇਕ ਸਮ ਹੋਈ।
'ਮੁਕਤ ਅਮੁਕਤੇ ਫ਼ਰਕ ਨ ਕੋਈ!
'ਤੂੰ ਹੋਵੇਂ, ਤੇ ਪਿਆਰੀਏ ਤੈਨੂੰ।
'ਤੈਂ ਤੋਂ ਨਿਤਪ੍ਰਤਿ ਵਾਰੀਏ 'ਮੈਂ' ਨੂੰ।'
ਭਗਤ ਪਰੇਮੀ ਮੰਗ ਨ ਮੰਗਣ।
ਮੰਗਣ ਕੋਲੋਂ ਸਦ ਹੀ ਸੰਗਣ।
ਪਜਾਰਾ ਦਾਨ 'ਭਗਤਿ' ਦੇ ਦੇਂਦਾ।
ਭਗਤ ਹੋਰ ਕੁਛ ਨਹੀਂ ਮੰਗੇਂਦਾ।

ਫਿਰ ਇਹ ਹੈ ਕਿ ਇਸ ਵਿੱਚ ਭਗਤਾਂ ਨੂੰ ਕੁਛ ਮਾਣ ਨਹੀਂ ਹੁੰਦਾ। ਓਹ ਜਾਣਦੇ ਹਨ ਕਿ ਅਸੀਂ ਪਿਆਰੇ ਨੂੰ ਕੀਹ ਦੇ ਸਕਦੇ ਹਾਂ? ਉਹ ਕੀਹ ਹੈ ਜੋ ਸਾਡਾ ਹੈ ਤੇ ਅਰਪਣ ਕਰ ਸਕਦੇ ਹਾਂ:-

**'ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥੨੦੩॥'**

ਇਸੇ ਕਰਕੇ ਭਗਤ ਨਿਰਮਾਨ ਹੁੰਦੇ ਹਨ, ਆਪ ਨੂੰ ਕੇਵਲ ਅਪਣੇ

ਪਿਆਰੇ ਦੇ ਦਰ ਦਾ ਸੇਵਕ ਜਾਣਦੇ ਹਨ, ਅਰ ਆਖਦੇ ਹਨ:-

'ਹੇ ਦੀਨ ਦਿਆਲ; ਦਯਾ ਸਾਗਰ!
ਮਾਲਿਕਾ ਪ੍ਰਤਿਪਾਲਿਕਾ!
'ਕੀ ਅਰਪ ਦੇਵਾਂ ਸ਼ਰਨ ਤੇਰੀ?
ਸਭ ਖ਼ਲਕ ਸੰਦੇ ਖ਼ਾਲਿਕਾ!
'ਧਰਤੀ ਬਣਾਈ ਸੋਹਿਣੀ,
ਸਾਗਰ ਥਲੀਂ ਅਸਗਾਹੀਆਂ!
'ਮੈਂ ਫੁੱਲ ਪਾਣੀ ਅਰਪ ਦੇਵਾਂ,
ਸ਼ਰਮ ਖਾਵਾਂ ਸਾਈਆਂ!
'ਹੇ ਸ਼ਕਤੀਆਂ ਦੇ ਮਾਲਿਕਾ!
ਹੇ ਤਾਕਤਾਂ ਦੇ ਸੋਮਿਆਂ!
'ਬਲ ਸ਼ਕਤਿ ਦਾ ਤੂੰ ਆਪ ਘਰ ਹੈਂ,
ਕੀ ਜੁ ਮੈਂ ਹੈ ਹੋਮਿਆ?
'ਏ ਹੱਥ ਨਿਰਬਲ, ਪੈਰ ਹਲਕੇ,
ਤਾਣ ਹੀਣੀ ਦੇਹ ਹੈ!
'ਕੀ ਕਰੇ ਸੇਵਾ ਆਪਦੀ ਏ?
ਖੇਹ ਬਣੀ ਏ ਖੇਹ ਹੈ!
'ਹੇ ਦੌਲਤਾਂ ਦੇ ਦਾਤਿਆ!
ਨਿਤ ਦੇਂਦਿਆਂ ਨਹਿੰ ਹਾਰਿਆ,
'ਕੀ ਮਾਲ ਦੇਵਾਂ ਨਾਉਂ ਤੈਂ ਪਰ?
ਤੁੱਧ ਥੋਂ ਕੀ ਵਾਰਿਆ?
'ਹਾਂ ਪਾਸ ਮੇਰੇ ਕੱਖ ਨਾ,
ਲਖ-ਦਾਤੜੇ ਨੂੰ ਕੀ ਦਿਆਂ?
'ਫਿਰ ਦਾਤ ਵਿੱਚੋਂ ਦਿਆਂ ਦਾਤੇ,
ਭੁੱਲ ਹੈ ਇਹ ਦਾਤਿਆ!
'ਬਖਸ਼ਿੰਦ ਨੂੰ ਕੀ ਅਰਪ ਦੇਵਾਂ?
ਮੰਗਤਾ ਨਿਤ ਦਾ ਖੜਾ।


www.sikhbookclub.com

'ਹੇ ਮਾਲਿਕਾ, ਹੇ ਖ਼ਾਲਿਕਾ,
ਹੇ ਪਾਲਿਕਾ ਤੂੰ ਹੈਂ ਬੜਾ।
'ਏ ਆਪਣਾ ਜੋ ਆਪ ਮੇਰਾ,
ਸ਼ਰਨ ਵਿੱਚ ਏ ਅਰਪਿਆ।
'ਪਰ ਹਾਂ ਪ੍ਰਭੂ, ਮੈਂ ਬਹੁਤ ਮਾੜਾ,
ਇਹ ਆਖਕੇ ਬੀ ਡਰਪਿਆ।
'ਏ ਆਪਣਾ ਜੋ 'ਆਪ' ਹੈ,
ਏ ਭੀ ਤਾਂ ਤੇਰੀ ਦਾਤ ਹੈ,
'ਦਾਤ ਦਾਤੇ ਨੂੰ ਦਿਆਂ,
ਏ ਲੱਜਿਆ ਦੀ ਬਾਤ ਹੈ।'

ਜਦ ਪ੍ਰੇਮ ਵਿਚ ਲੀਨ ਹੁੰਦੇ ਹਨ ਤਦ ਗਾਉਂਦੇ ਹਨ :-

**"ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ॥**
**ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ॥**
**ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤ ਸਾਂਈ॥**
**ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ॥**
**ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ॥**
**ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣਚੇਰੀ ਰਾਮ॥੧॥"***

ਭਾਈ ਸੰਤੋਖ ਸਿੰਘ ਜੀ ਇਸ ਪ੍ਰੇਮ ਨੂੰ ਐਉਂ ਲਿਖਦੇ ਹਨ:-

'ਅਪਰ ਸਮੱਗ੍ਰੀ ਕਰ ਕਰ ਤਜਾਰੀ।
ਸਿਮਰਤ ਰਾਖਤ ਸਦਨ ਮਝਾਰੀ।੧੩।
ਬਹੁ ਸੁੰਦਰ ਪਰਯੰਕ ਬਨਾਏ।
ਦੇ ਦੇ ਦਰਬ ਤਜਾਰ ਕਰਵਾਏ।
ਹਿਤ ਭੋਜਨ ਕੇ ਸੁੰਦਰ ਐਨ।
ਆਨ ਧਰਹਿਂ ਹੁਇ ਸਿਦਕ ਸਪੰਨ।੧੪।

---

* ਇਹ ਵਾਕ, ਰਾ: ਸੂਹੀ ਛੰ: ਮ: ੫ ਘਰ ੩ ਵਿਚ ਹੈ

 www.sikhbookclub.com

ਜਯੋਂ ਜਯੋਂ ਵਸਤੁ ਤਯਾਰਿ ਕਰ ਜੋਵਤਿ।
ਤਯੋਂ ਤਯੋਂ ਅਧਿਕ ਪ੍ਰੇਮ ਉਰ ਹੋਵਤ।
ਦਿਨ ਪ੍ਰਤਿ ਪ੍ਰੇਮਾਤੁਰ ਹੁਇ ਦੰਪਤਿ।
ਗੁਰ ਬਿਨ ਲਗਹ ਨ ਆਛੀ ਸੰਪਤਿ।੧੫।
ਕਰਹਿਂ ਪ੍ਰਤੀਖਨ- ਕਬਿ ਗੁਰ ਆਵਹਿਂ।
ਹਮਰੇ ਮਨ ਅਭਿਲਾਖ ਪੁਰਾਵਹਿਂ-।
ਗੁਰ ਪ੍ਰਸੰਗ ਕਹਿ ਆਪਸ ਮਾਂਹੂ।
ਸੁਜਸੁ ਬਖਾਨਤ ਰਿਦੇ ਉਮਾਹੂ।੧੬।
ਬੀਤੇ ਕਿਤਿਕ ਦਿਵਸ ਇਸ ਭਾਂਤੀ।
ਗੁਰੂ ਨ ਆਏ ਤਾਪਤ ਛਾਤੀ।
-ਕਯਾ ਕਾਰਨ ਭਾ ਮਿਲੇ ਨ ਸ੍ਵਾਮੀ।
ਚੌਦਹ ਲੋਕਨ ਅੰਤਰਜਾਮੀ।੧੭।
ਸ੍ਰੀ ਗੁਰੂ ਹਰਗੋਬਿੰਦ ਮੁਖ ਚੰਦ।
ਹਮ ਚਕੋਰ ਕਬ ਦੇਹਿਂ ਅਨੰਦ।
ਸਮ ਸੂਰਜ ਕਬ ਤੇਜ ਦਿਖਾਵੈਂ।
ਹਮਰੇ ਰਿਦੇ ਕਮਲ ਬਿਕਸਾਵੈਂ।੧੮।
ਚਾਤ੍ਰਿਕ ਸਮ ਦੰਪਤਿ ਬਿਲਲਾਈ।
ਸ੍ਵਾਂਤਿ ਬੂੰਦ ਕਬਿ ਮਿਲੈਂ ਗੁਸਾਈਂ।
ਤਰੁ ਸੂਕਤ ਦੂਰਬਲ ਹਮ ਤੈਸੇ।
ਕਬਿ ਗੁਰ ਮਿਲਹਿਂ ਜਲਦ ਜਲ ਜੈਸੇ।੧੯।
ਜਬਿ ਦੇਖੈਂ ਜੁਗੁ ਪਦ ਅਰਬਿੰਦ।
ਤਬ ਹਰਖਹਿਂ ਮਨ ਹੋਇ ਮਲਿੰਦ।
ਅਜਹੁਂ ਨ ਆਏ ਹਮ ਨਿਰਭਾਗੇ।
ਕਿਧੋਂ ਨ ਰਿਦੇ ਪ੍ਰੇਮ ਬਹੁ ਜਾਗੇ।੨੦।

{ਸੂ: ਪ੍ਰ: ਰਾਸ ੫ ਅੰ: ੨੯}

ਐਸੀ ਪ੍ਰੇਮ ਦੀ ਗਾੜ੍ਹੀ ਖਿੱਚ ਵਾਲੀ ਦਸ਼ਾ ਦੰਪਤੀ ਦੀ ਹੋ ਰਹੀ ਹੈ। ਪਹਿਲੇ ਤਾਂ ਚਾਉ ਭਰੀ ਸੇਵਾ ਦਾ ਉਤਸ਼ਾਹ ਸੀ ਕਿ ਗੁਰੂ ਜੀ ਲਈ ਮੰਦਰ ਬਣਾ

ਰਹੇ ਹਾਂ। ਜਦ ਹੁਣ ਬਣ ਚੁਕਾ ਤੇ ਸਜ ਸਜਾ ਹੋ ਚੁਕਾ ਹੈ, ਤਦ ਇਹ ਚਾਹ ਹੈ ਕਿ ਆਪ ਆਕੇ ਇੱਥੇ ਬਿਰਾਜਣ? ਹੁਣ ਇਹ ਉਤਕੰਠਾ, ਕਿ ਗੁਰੂ ਜੀ ਆਉਣ, ਬਹੁਤ ਵਧ ਗਈ ਹੈ। ਸ੍ਰੀ ਗੁਰੂ ਜੀ ਦੇ ਸਾਰ ਰੂਪ ਦੇ ਜਾਣੂੰ ਹੁਣ ਪ੍ਰੇਮ ਦੀਆਂ ਕਾਂਗਾਂ ਵਿਚ ਵਹੇ ਚਲੇ ਜਾ ਰਹੇ ਹਨ ਕਿ ਕਿਵੇਂ ਪਿਆਰੇ ਸਤਿਗੁਰੂ ਜੀ ਏਥੇ ਆਕੇ ਬਿਰਾਜਣ। ਦਰਸ਼ਨ ਦੀ ਸਿੱਕ ਪੈਰੋ ਪੈਰ ਵਧਦੀ ਹੈ। ਹੋਰ ਖਿੱਚਾਂ ਦਾ ਨਿਯਮ ਹੈ ਕਿ ਜਿਉਂ ਜਿਉਂ ਵਿੱਥ ਘਟੇ ਜ਼ੋਰ ਵਧਦਾ ਹੈ, ਪਰ ਪ੍ਰੇਮ ਦੀ ਖਿੱਚ ਵਿੱਚ ਜਿਉਂ ਜਿਉਂ ਵਿੱਥ ਵਧੇ ਜ਼ੋਰ ਵਧਦਾ ਹੈ। ਭਾਈ ਜੀ ਦੀ ਕਥਾ ਵਿਚ ਹੁਣ ਨਿਰਾ ਬਿਰਹਾ ਹੁੰਦਾ ਹੈ। ਅਜ ਕਲ ਕਥਾ ਬੀ ਮਾਰੂ ਡਖਣਿਆਂ ਦੀ ਕਰਦੇ ਹਨ। ਸੰਗਤ ਸੁਣਦੀ ਵੈਰਾਗ ਰੂਪ ਹੋ ਜਾਂਦੀ ਹੈ। ਭਾਈ ਢੇਸਾ ਏਹ ਰੰਗ ਵੇਖ ਰਿਹਾ ਹੈ। ਕਥਾ ਸੁਣਦਾ ਹੈ ਤੇ ਪੰਘਰਦਾ ਹੈ, ਹਿਰਦਾ ਦ੍ਰਵਦਾ ਹੈ ਤੇ ਭਾਈ ਜੀ ਦੇ ਹਿਰਦੇ ਵਾਂਙੂ ਆਪ ਪ੍ਰੇਮ ਵਿਚ ਜਾਂਦਾ ਹੈ।

ਭਾਈ ਜੀ ਦੀ ਵੈਰਾਗ ਦੀ ਦਸ਼ਾ ਬਹੁਤ ਵਧੀ ਦੇਖਕੇ ਇਕ ਦਿਨ ਸੰਗਤ ਨੇ ਬੇਨਤੀ ਕੀਤੀ ਕਿ ਜੇ ਆਗਿਆ ਹੋਵੇ ਤਦ ਸਤਿਗੁਰਾਂ ਨੂੰ ਚੱਲਕੇ ਬਿਨੈ ਕਰੀਏ ਜੋ ਆ ਜਾਣ। ਭਾਈ ਜੀ ਨੇ ਹੱਥ ਜੋੜਕੇ ਕਿਹਾ, 'ਮਿੱਤ੍ਰ! ਸਤਿਗੁਰੂ ਜੀ ਜਾਣੀਜਾਣ ਹਨ, ਉਨ੍ਹਾਂ ਤੋਂ ਕੁਛ ਗੁੱਝਾ ਨਹੀਂ। ਮਨ ਮਿਲਣਾ ਲੋਚਦਾ ਹੈ, ਲੋਚਾ ਮਿਟ ਨਹੀਂ ਸਕਦੀ ਕਿਉਂਕਿ ਪ੍ਰੇਮ ਵੱਸ ਦੀ ਖੇਡ ਨਹੀਂ ਹੈ, ਪਰ ਪਿਆਰੇ ਗੁਰੂ ਦੀ ਰਜ਼ਾ ਜੇ ਬਿਰਹੋਂ ਦੀ ਹੈ ਤਦ ਸਾਡਾ ਧਰਮ ਉਨ੍ਹਾਂ ਦੀ ਰਜ਼ਾ ਨੂੰ ਸਿਰ ਤੇ ਧਰਨਾ ਹੈ। ਜਦੋਂ ਗੁਰੂ ਜੀ ਯੋਗ ਜਾਣਨਗੇ ਆਪੇ ਬਾਹੁੜਨਗੇ।' ਇਸ ਉੱਤਰ ਅੱਗੇ ਸੰਗਤ ਬੀ ਚੁੱਪ ਹੈ। ਰਾਮੋ ਦੀ ਆਪਣੀ ਦਸ਼ਾ ਪਤੀ ਜੀ ਵਰਗੀ ਹੈ, ਪਰ ਇਕ ਦਿਨ ਦੀ ਗੱਲ ਹੈ, ਭਾਈ ਜੀ ਸੁੱਤੇ ਪਏ ਸਨ, ਸੁਪਨੇ ਵਿੱਚ ਕੀ ਦੇਖਦੇ ਹਨ ਕਿ ਇਕ ਬੜਾ ਭਾਰੀ ਸਮੁੰਦਰ ਹੈ, ਅਰ ਉਸਦਾ ਜਲ ਬੜਾ ਮਿੱਠਾ ਹੈ, ਤੇ ਬਹੁਤ ਹੀ ਪਿਆਰਾ ਲਗਦਾ ਹੈ। ਸਮੁੰਦਰ ਵਿੱਚੋਂ ਇਕ ਬਹੁਤ ਪਿਆਰੀ ਸੂਰਤ ਨਿਕਲੀ ਤੇ ਕਹਿਣ ਲੱਗੀ ਕਿ: "ਸਾਈਂ ਦਾਸ! ਇਸ ਜਲ ਪਰ ਤੂੰ ਬਹੁਤ ਪ੍ਰੇਮਵਾਨ ਹੋਇਆ ਹੈਂ, ਆਓ ਤੂੰ ਇਸ ਵਿੱਚ ਨਿਵਾਸ ਕਰ ਮੱਛੀ ਸਾਮਾਨ, ਏਹ ਜਲ ਤੈਨੂੰ ਆਪਣੇ ਵਿੱਚ ਰੱਖੇਗਾ, ਤੈਨੂੰ ਡੋਬੇ ਹਿੱਕੇ ਮਾਰੇਗਾ ਨਹੀਂ।" ਭਾਈ ਜੀ ਨੇ ਪ੍ਰਤੀਤ ਕੀਤੀ ਅਰ ਸਮੁੰਦਰ ਵਿਚ ਜਾ ਵੜੇ? ਕੀ ਦੇਖਦੇ ਹਨ ਕਿ ਮੱਛੀ ਵਾਂਙੂ ਫਿਰਦੇ ਹਾਂ, ਤਰਦੇ ਹਾਂ, ਡੁਬਕੀਆਂ ਲਾਉਂਦੇ ਹਾਂ, ਅੰਦਰ ਬਾਹਰ ਜਲ

 www.sikhbookclub.com

ਫਿਰਦਾ ਹੈ, ਪਰ ਨਾ ਤਾਂ ਡੁਬਦੇ ਹਾਂ, ਨਾ ਮਰਦੇ ਹਾਂ, ਨਾ ਔਖੇ ਹੁੰਦੇ ਹਾਂ, ਸਗੋਂ ਅਤਿ ਅਨੰਦ ਪਾ ਰਹੇ ਹਾਂ। ਕੁਛ ਸਮਾਂ ਪਾਕੇ ਫੇਰ ਉਸੇ ਸੂਰਤ ਨੇ ਜਲ ਵਿਚੋਂ ਪ੍ਰਗਟ ਹੋਕੇ ਕਿਹਾ: "ਸਾਈਂਦਾਸ! ਇਹ ਜਲ ਜੋ ਹੈ ਤੈਨੂੰ ਬਹੁਤ ਪਿਆਰਾ ਹੈ, ਹੁਣ ਤੇਰਾ ਜੀਵਨ ਦਾ ਆਸਰਾ ਇਹੋ ਹੈ, ਤਾਂ ਤੇ ਆਉ ਜੋ ਤੈਨੂੰ ਬੀ ਜਲ ਰੂਪ ਕਰਕੇ ਇਸੇ ਦੇ ਵਿੱਚ ਰਲਾਇ ਦੇਵੀਏ ਸੋ ਤੂੰ ਬੀ ਜਲ ਵਿੱਚ ਜਲ ਹੋ ਜਾਵੇਂ।" ਇਹ ਸੁਣਕੇ ਭਾਈ ਜੀ ਨੇ ਕਿਹਾ: "ਜਿਵੇਂ ਜੀ ਹੁਕਮ ਕਰਹੁ, ਗੁਲਾਮ ਹਾਜ਼ਰ ਹੈ, ਪਰ ਨਾ ਜਲ ਤੋਂ ਬਾਹਰ ਕਢਿਓ ਜੇ ਤੇ ਨਾ ਜਲ ਬਨਾਇਓ ਜੇ, ਜਲ ਦੇ ਵਿੱਚ ਰਖਹੁ ਤੇ ਜਲ ਦੇ ਪਿਆਰੇ ਬਨਾਈ ਰਖੋ :

ਤੁਮ੍ ਜਲ ਨਿਧਿ ਹਮ ਮੀਨੇ ਤੁਮਰੇ"

{ਕਲ: ਮ: ੪-੧, ਪੰਨਾ ੧੩੧੯}

ਤਾਂ ਉਹ ਸੂਰਤ 'ਭਲਾ ਹੋਵੇ' ਕਹਿਕੇ ਲੋਪ ਹੋ ਗਈ। ਫਿਰ ਕੀ ਵੇਖਦੇ ਹਨ ਜੋ ਪਿਆਰੇ ਸਤਿਗੁਰ ਜੀ ਬਿਰਾਜ ਰਹੇ ਤੇ ਬਿਹਸ ਰਹੇ ਹਨ। ਹੁਣ ਆਪ ਦੀ ਜਾਗ ਖੁਲ੍ਹ ਗਈ। ਇਸ ਵੇਲੇ ਰਾਮੋ ਪਾਸ ਬੈਠੀ ਪਾਠ ਕਰ ਰਹੀ ਸੀ:-

ਕੇਦਾਰਾ ਛੰਤ ਮਹਲਾ ੫

ੴ ਸਤਿਗੁਰ ਪ੍ਰਸਾਦਿ॥

"ਮਿਲੁ ਮੇਰੇ ਪ੍ਰੀਤਮ ਪਿਆਰਿਆ॥ਰਹਾਉ॥ ਪੂਰਿ ਰਹਿਆ ਸਰਬਤ੍ਰ ਮੈ ਸੋ ਪੁਰਖੁ ਬਿਧਾਤਾ॥ ਮਾਰਗੁ ਪ੍ਰਭ ਕਾ ਹਰਿ ਕੀਆ ਸੰਤਨ ਸੰਗਿ ਜਾਤਾ॥ ਸੰਤਨ ਸੰਗਿ ਜਾਤਾ ਪੁਰਖੁ ਬਿਧਾਤਾ ਘਟਿ ਘਟਿ ਨਦਰਿ ਨਿਹਾਲਿਆ॥ ਜੋ ਸਰਨੀ ਆਵੈ ਸਰਬ ਸੁਖ ਪਾਵੈ ਤਿਲੁ ਨਹੀ ਭੰਨੈ ਘਾਲਿਆ॥ ਹਰਿ ਗੁਣ ਨਿਧਿ ਗਾਏ ਸਹਜ ਸੁਭਾਏ ਪ੍ਰੇਮ ਮਹਾਰਸ ਮਾਤਾ॥ ਨਾਨਕ ਦਾਸ ਤੇਰੀ ਸਰਣਾਈ ਤੂ ਪੂਰਨ ਪੁਰਖੁ ਬਿਧਾਤਾ॥੧॥ ਹਰਿ ਪ੍ਰੇਮ ਭਗਤਿ ਜਨ ਬੇਧਿਆ ਸੇ ਆਨ ਕਤ ਜਾਹੀ॥ ਮੀਨੁ ਬਿਛੋਹਾ ਨਾ ਸਹੈ ਜਲ ਬਿਨੁ ਮਰਿ ਪਾਹੀ॥ ਹਰਿ ਬਿਨੁ ਕਿਉ ਰਹੀਐ ਦੂਖਿ ਕਿਨਿ ਸਹੀਐ ਚਾਤ੍ਰਿਕ ਬੂੰਦ ਪਿਆਸਿਆ॥ ਕਬ ਰੈਨਿ ਬਿਹਾਵੈ ਚਕਵੀ

ਸੁਖੁ ਪਾਵੈ ਸੂਰਜ ਕਿਰਣਿ ਪ੍ਰਗਾਸਿਆ॥ ਹਰਿ ਦਰਸਿ ਮਨੁ ਲਾਗਾ ਦਿਨਸੁ ਸਭਾਗਾ ਅਨਦਿਨੁ ਹਰਿ ਗੁਣ ਗਾਹੀ॥ ਨਾਨਕ ਦਾਸੁ ਕਹੈ ਬੇਨੰਤੀ ਕਤ ਹਰਿ ਬਿਨੁ ਪ੍ਰਾਣ ਟਿਕਾਹੀ॥੨॥ ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ॥ ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਆਵੈ॥ ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ ਚਰਨ ਕਮਲ ਮਨੁ ਬੇਧਿਆ॥ ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ ਨਿਖੇਧਿਆ॥ ਹਰਿ ਸਿਉ ਜਾਇ ਮਿਲਣਾ ਸਾਧ ਸੰਗਿ ਰਹਣਾ ਸੋ ਸੁਖੁ ਅੰਕਿ ਨ ਮਾਵੈ॥ ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ ਹਰਿ ਚਰਨਹ ਸੰਗਿ ਸਮਾਵੈ॥੩॥ ਖੋਜਤ ਖੋਜਤ ਪ੍ਰਭ ਮਿਲੇ ਹਰਿ ਕਰੁਣਾ ਧਾਰੇ॥ ਨਿਰਗੁਣੁ ਨੀਚੁ ਅਨਾਥੁ ਮੈ ਨਹੀ ਦੋਖ ਬੀਚਾਰੇ॥ ਨਹੀ ਦੋਖ ਬੀਚਾਰੇ ਪੂਰਨ ਸੁਖ ਸਾਰੇ ਪਾਵਨ ਬਿਰਦੁ ਬਖਾਨਿਆ॥ ਭਗਤਿ ਵਛਲੁ ਸੁਨਿ ਅੰਚਲੋੁ ਗਹਿਆ ਘਟਿ ਘਟਿ ਪੂਰ ਸਮਾਨਿਆ॥ ਸੁਖ ਸਾਗਰੋੁ ਪਾਇਆ ਸਹਜ ਸੁਭਾਇਆ ਜਨਮ ਮਰਨ ਦੁਖ ਹਾਰੇ॥ ਕਰੁ ਗਹਿ ਲੀਨੇ ਨਾਨਕ ਦਾਸ ਅਪਨੇ ਰਾਮ ਨਾਮ ਉਰਿਹਾਰੇ॥੪॥੧॥"

ਇਹ ਸਬਦ ਆਪ ਨੇ ਬਹੁਤ ਹੀ ਪਿਆਰ ਨਾਲ ਸੁਣਿਆਂ। ਭੋਗ ਪਾਕੇ ਰਾਮੋ ਨੇ ਕਿਹਾ, ਪਤੀ ਜੀ! ਆਪ ਦੀ ਆਗਿਆ ਮੇਰੇ ਸੀਸ ਪਰ ਹੈ, ਪਰ ਜੇ ਆਪ ਜੋਗ ਜਾਣੋ ਤਦ ਸਤਿਗੁਰਾਂ ਜੋਗ ਇਕ ਪੱਤ੍ਰਕਾ ਪਾਓ, ਜਿਕੁਰਾਂ ਪੰਜਵੇਂ ਸਤਿਗੁਰਾਂ ਨੇ ਲਾਹੌਰ ਤੋਂ ਪਿਆਰੇ ਜੀ ਨੂੰ ਮਿਲਨ ਦੀ ਲੋਚਾ ਦਾ ਸ਼ਬਦ ਲਿਖਿਆ ਸੀ।

ਸਾਈਂਦਾਸ– ਹੇ ਗੁਰੂ ਸੁਆਰੀਏ! ਅਸੀਂ ਜੀਵ ਸਤਿਗੁਰਾਂ ਦੀ ਬਰੋਬਰੀ ਕੀਕੂੰ ਕਰ ਸਕਦੇ ਹਾਂ? ਗੁਰੂ ਅਰਜਨ ਦੇਵ ਜੀ ਪਾਤਸ਼ਾਹ ਦੇ ਸ਼ਾਹਜ਼ਾਦੇ ਸਨ, ਸ਼ਾਹਜ਼ਾਦੇ ਨੇ ਪਿਤਾ ਪਾਤਸ਼ਾਹ ਨੂੰ ਪਾਤੀ ਭੇਜ ਦਿੱਤੀ, ਤਦ ਬਣ ਆਈ। ਅਸੀਂ ਹੋਏ ਸਿੱਖ ਦਾਸ ਤੇ ਦਾਸ ਬੀ ਓਹ ਜੋ ਅਜੇ ਜੋਗ ਨਹੀਂ ਹੋਏ, ਅਸੀਂ 'ਪੱਤ੍ਰ ਲਿਖੀਏ', ਇਹ ਬੇਅਦਬੀ ਹੈ।


www.sikhbookclub.com

ਰਾਮੋ ਨੇ ਕਿਹਾ: ਸਤਿਗੁਰ ਜੀ ਨੇ ਸਿੱਖਾਂ ਦਾ ਦਰਜਾ ਤਾਂ ਬਹੁਤ ਉੱਚਾ ਲਿਖਿਆ ਹੈ, ਓਹ ਤਾਂ ਗੁਰੂ ਨੂੰ ਅਤਿ ਪਿਆਰੇ ਹਨ।

ਭਾਈ- ਇਹ ਗੁਰੂ ਦੀ ਅਪਨੀ ਮਿਹਰ ਹੈ।

ਇਹ ਕਹਿਕੇ ਭਾਈ ਜੀ ਨੇ ਫੇਰ ਸੁਪਨਾ ਸੁਨਾਇਆ। ਰਾਮੋ ਸੁਣਕੇ ਹੱਸ ਪਈ ਤੇ ਕਹਿਣ ਲਗੀ: "ਪਤੀ ਜੀ! ਗੁਰੂ ਜੀ ਨੇ ਕੇਡੀ ਸਹਾਇਤਾ ਕੀਤੀ! ਜੇ ਆਪ ਪਾਣੀ ਬਣਨਾ ਮੰਨ ਲੈਂਦੇ ਤਦ ਕੀਹ ਬਣਦਾ? ਬਹੁਤ ਹੀ ਭਲਾ ਹੋਇਆ ਜੋ ਤੁਸੀਂ ਮਛਲੀ ਬਣਨ ਨਾਲ ਵਧੀਕ ਪਿਆਰ ਕੀਤਾ। ਭਾਵੇਂ ਆਪ ਸਾਰੀ ਗੱਲ ਦੇ ਜਾਣੀ ਜਾਣ ਤੇ ਵਰਤੋਂ ਵਾਲੇ ਹੋ, ਪਰ **'ਮੁਕਤਿ ਬਪੁੜੀ ਭੀ ਗਿਆਨੀ ਤਿਆਗੇ'** {ਮਾਰੂ: ਮ: ੫, ਪੰਨਾ ੧੦੭੮} ਵਾਲਾ ਕਾਰਜ ਆਪ ਤੋਂ ਗੁਰੂ ਜੀ ਨੇ ਕਰਵਾਇਆ ਹੈ, ਗੁਰੂ ਜੀ ਧੰਨ ਹਨ।"

ਫੇਰ ਭਾਈ ਜੀ ਨੇ ਦੱਸਿਆ ਕਿ ਸੁਪਨੇ ਦੇ ਅੰਤ ਪਰ ਗੁਰੂ ਜੀ ਦੇ ਬਿਹਸਦੇ ਚਿਹਰੇ ਦੇ ਦਰਸ਼ਨ ਹੋਏ ਹਨ।

ਰਾਮੋ- ਪ੍ਰਾਣ ਨਾਥ ਜੀ! ਸਤਿਗੁਰੂ ਜੀ ਜੀਉ ਦੀ ਜਾਣਨਹਾਰ ਹਨ, ਆਉਣਗੇ ਅਰ ਕ੍ਰਿਪਾ ਕਰਨਗੇ। ਅਸੀਂ ਬੜੇ ਹੀ ਨੀਵੇਂ ਹਾਂ, ਧਰਤੀ ਵਾਂਞੂ ਤੇ ਕਲਰਾਏ ਥਾਂ ਵਾਂਞੂ ਹਾਂ, ਪਰ ਗੁਰੂ ਬੱਦਲ ਦੀ ਨਿਆਈਂ ਸਾਰੇ ਇਕਸਾਰ ਵੱਸ ਜਾਂਦਾ ਹੈ।

ਇਧਰ ਪ੍ਰੇਮ ਦੀ ਇਹ ਦਸ਼ਾ ਹੈ। ਉਧਰ ਇਕ ਦਿਨ ਸਤਿਗੁਰਾਂ ਨੇ ਦਮੋਦਰੀ ਜੀ ਨੂੰ ਕਿਹਾ: "ਹੇ ਪ੍ਰਿਯੇ! ਆਪ ਦੀ ਭੈਣ ਤੇ ਤਿਸਦੇ ਪ੍ਰਾਣ ਪਿਆਰੇ ਜੀ ਨੇ ਮੰਦਰ ਬਨਵਾਇਆ ਹੈ ਅਰ ਬਨਵਾ ਕੇ ਬੰਦ ਕਰ ਦਿਤਾ ਹੈ ਤੇ ਪ੍ਰੇਮ ਵਿਚ ਬਿਹਬਲ ਹੋ ਰਹੇ ਹਨ ਤੇ ਉਡੀਕ ਕਰ ਰਹੇ ਹਨ ਕਿ ਅਸੀਂ ਉਸ ਘਰ ਵਿੱਚ ਚੱਲਕੇ ਵੱਸੀਏ; ਦੱਸੋ ਤੁਹਾਡੀ ਕੀਹ ਮਰਜ਼ੀ ਹੈ?"

ਦਮੋਦਰੀ ਬੋਲੀ- ਹੇ ਕਿਰਪਾਲੂ ਜੀ! ਆਪ ਦਾ ਬਿਰਦ ਭਗਤ ਵਛਲ ਹੈ ਅਰ ਮੇਰੇ ਜੀਜਾ ਜੀ ਤੇ ਭੈਣ ਜੀ ਆਪ ਦੇ ਚਰਨਾਂ ਕਮਲਾਂ ਦੇ ਭੌਰੇ ਹਨ, ਆਪ ਕ੍ਰਿਪਾ ਕਰਕੇ ਉਨ੍ਹਾਂ ਦੇ ਮਨੋਰਥ ਪੂਰਨ ਕਰੀਏ। ਇਹ ਆਪ ਦੀ ਕ੍ਰਿਪਾਲਤਾ ਹੈ। ਸਾਕਾਦਾਰੀ ਬੀ ਹੈ ਅਰ ਬਹੁਤ ਹੀ ਪਿਆਰ ਦਾ ਸਾਕ ਹੈ, ਪਰ ਉਨ੍ਹਾਂ ਦੇ ਰਿਦੇ ਵਿੱਚ ਤਾਂ ਅਨਿੰਨ ਸਿੱਖੀ ਭਾਵ ਹੈ, ਸਾਕਾਦਾਰੀ ਦਾ ਮਾਨ ਹੰਕਾਰ ਰੱਤੀ ਜਿੰਨਾਂ ਬੀ ਨਹੀਂ ਹੈ।


www.sikhbookclub.com

ਗੁਰੂ ਜੀ ਨੇ ਕਿਹਾ ਕਿ ਅੱਛਾ, ਫਿਰ ਤੁਸੀਂ ਤਾਂ ਤਿਆਰੀ ਤੁਰਨ ਦੀ ਕਰੋ ਤੇ ਅਸਾਨੂੰ ਇਕ ਹੋਰ ਖਿੱਚ ਲਗ ਰਹੀ ਹੈ, ਮਾਤਾ ਜੀ ਨਾਲ ਸਲਾਹ ਕਰ ਲਵੀਏ।

ਫੇਰ ਆਪ ਨੇ ਮਾਤਾ ਜੀ ਪਾਸ ਜਾਕੇ ਸਾਈਂਦਾਸ ਦਾ ਹਾਲ ਸੁਣਾਇਆ ਅਰ ਨਾਲ ਦੱਸਿਆ ਕਿ ਨਾਨਕ ਮਤੇ, ਜੋ ਆਦਿ ਸਤਿਗੁਰਾਂ ਦਾ ਗੁਰਦੁਆਰਾ ਹੈ, ਉਹ ਸਾਡੇ ਸਿੱਖ ਸਾਧੂ ਪਾਸੋਂ ਸਿੱਧਾਂ ਨੇ ਖੋਹ ਲੀਤਾ ਹੈ ਅਰ ਬੇਅਦਬੀ ਕਰ ਰਹੇ ਹਨ ਤੇ ਉਹ ਸਿਖ ਸਾਧੂ ਬਹੁਤ ਵਿਆਕੁਲ ਦਿਨ ਰਾਤ ਬਿਨੈ ਕਰ ਰਿਹਾ ਹੈ ਕਿ ਸਤਿਗੁਰਾਂ ਦਾ ਗੁਰਧਾਮ ਉਨ੍ਹਾਂ ਤੋਂ ਲੈਕੇ ਪਵਿੱਤ੍ਰਤਾ ਵਿੱਚ ਕਾਇਮ ਰੱਖਿਆ ਜਾਵੇ। ਦੁਵੱਲੀ ਖਿੱਚ ਡਾਢੇ ਪ੍ਰੇਮ ਦੀ ਹੈ, ਤੁਸੀਂ ਆਗਿਆ ਕਰੋ ਕਿਸ ਪਾਸੇ ਚੱਲੀਏ? ਸ਼ੁਭ ਮਤ ਵਾਲੀ ਮਾਤਾ ਜੀ ਨੇ ਕਿਹਾ ਕਿ ਆਪ ਜਗਤ ਗੁਰੂ ਹੋ ਤੇ ਜਾਣੀ ਜਾਣ ਹੋ, ਜਿਸ ਪਾਸੇ ਗਏ ਬਿਨਾਂ ਹਰਜ ਵਿਸ਼ੇਸ਼ ਹੁੰਦਾ ਹੋਵੇ ਉਧਰ ਪਹਿਲੇ ਜਾਣਾ ਚਾਹੀਦਾ ਹੈ। ਨਾਨਕ ਮਤੇ ਆਪ ਬਿਨਾਂ ਕਾਰਜ ਸਰਨਾ ਨਹੀਂ ਹੈ, ਜਗ੍ਹਾ ਦੂਰ ਹੈ। ਭਾਵੇਂ ਮੈਂ ਸਮੇਤ ਸੰਗਤਾਂ ਨੇ ਵਿਛੋੜਾ ਨਹੀਂ ਸਹਾਰ ਸਕਨਾ ਪਰ ਜੋ ਭਗਤ ਨੂੰ ਭੀੜ ਪਈ ਹੈ, ਉਸਨੂੰ ਬਹੁੜਨਾ ਬੀ ਆਪਦਾ ਹੀ ਬਿਰਦ ਹੈ। ਇਧਰ ਸਾਈਂਦਾਸ ਜੀ ਬੀ ਪੂਰਨ ਸਿੱਖ ਹਨ ਉਨ੍ਹਾਂ ਦੇ ਪ੍ਰੇਮ ਦੀ ਲਾਜ ਪਾਲਨੀ ਬੀ ਆਪਦਾ ਬਿਰਦ ਹੈ।

ਤਦ ਸ੍ਰੀ ਗੁਰੂ ਜੀ ਬੋਲੇ ਕਿ ਐਉਂ ਕਰੀਏ:- ਤੁਸੀਂ ਤਾਂ ਪਰਵਾਰ ਸਮੇਤ ਡਰੋਲੀ ਚੱਲੋ ਤ ਸਾਈਂਦਾਸ ਜੀ ਤੇ ਰਾਮੋ ਨੂੰ ਪਿਆਰ ਧੀਰਜ ਦਿਲਾਸਾ ਦਿਓ ਤੇ ਅਸੀਂ 'ਨਾਨਕ ਮਤੇ' ਚਲਦੇ ਹਾਂ। ਉਥੋਂ ਕਾਰਜ ਰਾਸ ਕਰਕੇ ਫਿਰ ਕੁਛ ਚਿਰ ਨੂੰ ਅਸੀ ਡਰੋਲੀ ਆ ਅੱਪੜਾਂਗੇ, ਇਉਂ ਦੋਨੋਂ ਕਾਰਜ ਠੀਕ ਹੋ ਜਾਣਗੇ। ਮਾਤਾ ਜੀ ਇਸ ਗੱਲ ਪਰ ਬੜੇ ਪ੍ਰਸੰਨ ਹੋਏ ਤੇ ਦੀਨਾਂ ਦੇ ਨਾਥ ਸਤਿਗੁਰੂ ਜੀ ਨੇ ਦੀਵਾਨ ਵਿੱਚ ਜਾਕੇ ਭਾਈ ਬੁੱਢਾ ਤੇ ਭਾਈ ਗੁਰਦਾਸ ਜੀ ਆਦਿਕਾਂ ਨੂੰ ਆਪਣਾ ਮੰਤਵ ਦੱਸਿਆ, ਜਿਸ ਪਰ ਪੰਝੀ ਸੂਰਮੇਂ ਤਾਂ ਮਾਤਾ ਜੀ ਤੇ ਪਰਵਾਰ ਨਾਲ ਡਰੋਲੀ ਜਾਣ ਵਾਸਤੇ ਚੁਣੇ ਗਏ। ਭਾਈ ਬੁੱਢਾ ਤੇ ਗੁਰਦਾਸ ਜੀ ਸ੍ਰੀ ਦਰਬਾਰ ਸਾਹਿਬ ਜੀ ਤੇ ਅਕਾਲ ਤਖਤ ਦੀ ਸੇਵਾ ਵਾਸਤੇ ਕੁਛ ਸੂਰਮਿਆਂ ਤੇ ਸੰਗਤ ਸਮੇਤ ਛੱਡੇ ਗਏ। ਕੁਛ ਸੈਨਾਂ ਸਤਿਗੁਰਾਂ ਨੇ ਨਾਲ ਲੀਤੀ ਤੇ ਬਾਕੀ ਦੀ ਸੈਨਾਂ ਕਰਤਾਰਪੁਰੇ ਛੱਡਣ ਦਾ ਮਤਾ ਦ੍ਰਿੜ੍ਹ ਕੀਤਾ।


www.sikhbookclub.com

ਅਗਲੀ ਭਲਕ ਮਾਤਾ ਜੀ ਸਾਰੇ ਪਰਵਾਰ ਸਮੇਤ ਡਰੋਲੀ ਨੂੰ ਟੁਰ ਗਏ ਤੇ ਸ੍ਰੀ ਗੁਰੂ ਜੀ ਨੇ ਆਪਣੀ ਤਿਆਰੀ ਨਾਨਕ ਮਤੇ ਦੀ ਅਰੰਭ ਦਿੱਤੀ।

## (੨੦) ਗੁਰੂ ਪਰਿਵਾਰ ਡਰੋਲੀ।

**ਰਾਮੋ ਤੇ ਸਾਈਂਦਾਸ ਜੀ ਦੀ ਪਿਆਰ ਖਿੱਚ ਦਾ ਵਰਣਨ ਕਰਦੇ ਪੁਰਾਣੇ ਲੇਖਕ ਲਿਖਦੇ ਹਨ :-**

"ਪ੍ਰੇਮ ਮਗਨ ਦੋਨੌਂ ਭਏ ਰਹੀ ਨ ਦੇਹ ਸੰਭਾਰ।"

ਇਸ ਹਾਲ ਵਿਚ ਅੱਪੜ ਚੁਕੇ ਹਨ, ਪਰ ਅਜੇ ਕੋਈ ਸੰਦੇਸਾ ਸੁੰਧਕ ਨਹੀਂ ਆਉਂਦੀ ਕਿ ਪਿਆਰੇ ਜੀ ਕਦ ਦਰਸ਼ਨ ਦੇਂਦੇ ਹਨ? ਭਾਈ ਜੀ ਦਾ ਸਤਿਸੰਗਤ ਦਾ ਪ੍ਰੇਮ ਇਸ ਹਾਲ ਵਿਚ ਜਾਰੀ ਹੈ। ਅੰਮ੍ਰਿਤ ਵੇਲੇ ਜਦ ਪੰਜ ਘੜੀ ਰਾਤ ਰਹਿੰਦੀ ਹੈ ਤਾਂ ਦੀਵਾਨ ਵਿਚ ਵੀ ਅੱਪੜ ਜਾਂਦੇ ਹਨ, ਪਰ ਕਥਾ, ਵਾਰਤਾ, ਬਚਨ ਬਿਲਾਸ ਵੱਲੋਂ ਚੁੱਪ ਰਹਿੰਦੇ ਹਨ। ਪ੍ਰਸ਼ਾਦ ਵੀ ਅੱਗੇ ਤੋਂ ਅਲਪ ਹੋ ਗਿਆ ਹੈ, ਨੀਂਦ ਬੀ ਘਟ ਗਈ ਹੈ। ਸਿਮਰਨ ਦਾ ਪ੍ਰਵਾਹ ਨਦੀ ਦੀ ਰੌ ਵਾਂਙੂੰ ਚਲਦਾ ਹੈ, ਸੁਰਤ ਸੁਖੀ ਹੈ, ਪਰ ਧਿਆਨ ਪ੍ਰੀਤਮ ਵਿੱਚ ਮਗਨ ਹੈ ਅਰ ਉੱਚੇ ਮਨ ਕਿਸੇ ਲਹਿਰ ਵਿੱਚ ਝੂਲਦੇ ਮਸਤ ਜੇਹੇ ਰਹਿੰਦੇ ਹਨ। ਇਹੋ ਹਾਲ ਰਾਮੋ ਦਾ ਹੈ। ਇੱਕ ਦਿਨ ਅਚਾਨਕ ਕਿਸੇ ਪਿਆਰੇ ਨੇ ਆਕੇ ਕਿਹਾ:- "ਭਾਈ ਸਾਹਿਬ ਜੀ! ਇੱਕ ਸਿੱਖ ਮੇਵੜਾ ਆਇਆ ਹੈ, ਉਹ ਇਹ ਸੁਧ ਲਿਆਇਆ ਹੈ ਕਿ ਸ੍ਰੀ ਗੁਰੂ ਜੀ ਦੀ ਪਰਮ ਪਾਵਨ ਮਾਤਾ ਜੀ ਤੇ ਬੀਬੀ ਰਾਮੋ ਦੀ ਭੈਣ ਦਮੋਦਰੀ ਜੀ ਤੇ ਹੋਰ ਪ੍ਰਵਾਰ ਆਪ ਦੇ ਗ੍ਰਿਹ ਆ ਰਹੇ ਹਨ, ਮੈਂ ਪਹਿਲੋਂ ਖਬਰ ਲਈ ਆਇਆ ਹਾਂ।" ਇਹ ਗੱਲ ਸੁਣਕੇ ਦੋਵੇਂ ਜਣੇ ਚੁੱਪ ਤੇ ਚੁੱਪ ਵਿੱਚ ਨੈਣ ਬੰਦ ਤੇ ਕੁਛ ਬੇਸੁਧ ਜੇਹੇ ਹੋ ਗਏ। ਕੁਛ ਸਮੇਂ ਮਗਰੋਂ ਭਾਈ ਜੀ ਦੇ ਨੈਣ ਖੁਲ੍ਹੇ ਤਾਂ ਇਧਰ ਉਧਰ ਤੱਕਣ ਲੱਗ ਪਏ, ਜਿਵੇਂ ਨੀਮ ਬਾਵਰੇ ਹੁੰਦੇ ਹਨ। ਪ੍ਰੇਮੀ ਨੇ ਫੇਰ ਖ਼ਬਰ ਸੁਣਾਈ ਕਿ ਜੀ! ਬਾਹਰ ਮੇਵੜਾ ਖੜਾ ਹੈ। ਸਾਈਂਦਾਸ ਜੀ ਬੜੇ ਜ਼ੋਰ ਨਾਲ ਸੁਰਜੀਤ ਹੋਕੇ ਬੋਲੇ ਕੌਣ ਹੈ?

ਸਿੱਖ- ਜੀ! ਮੇਵੜਾ।

ਸਾਈਂਦਾਸ- ਮੇਵੜਾ ਕਿੱਥੋਂ ਆਇਆ ਹੈ?

 www.sikhbookclub.com

ਸਿੱਖ- ਗੁਰੂ ਪਰਵਾਰ ਆ ਰਿਹਾ ਹੈ।

ਸਾਈਂਦਾਸ- ਗੁਰੂ ਪਰਵਾਰ ਆ ਗਿਆ ਹੈ? ਗੁਰੂ? ਪਰਵਾਰ ਆ ਗਿਆ ਹੈ, ਮੰਦਰ ਵੱਲੇ ਗਿਆ ਹੈ? ਰੌਣਕਾਂ ਮੰਗਲ ਹੋ ਰਹੇ ਹਨ? ਹੈਂ....

**"ਮੰਦਭਾਗੀ ਤੇਰੋ ਦਰਸਨੁ ਨਾਹਿ॥"**

{ਗਉ: ਕਬੀਰ-੨, ਪੰਨਾ ੩੨੩}

ਸਿੱਖ ਨੇ ਫੇਰ ਚਰਨ ਦਬਾਏ, ਹੱਥ ਦੀਆਂ ਤਲੀਆਂ ਝੱਸੀਆਂ ਤੇ ਪਿਆਰ ਨਾਲ ਫੇਰ ਸੁਨੇਹਾ ਦਿੱਤਾ, ਤਾਂ ਸੁਰਤ ਆਈ, ਨੈਣ ਖੋਲ੍ਹਕੇ ਤੱਕੇ, ਉੱਠੇ ਤੇ ਫੇਰ ਬੈਠ ਗਏ। ਸਿੱਖ ਨੇ ਜਲ ਛਕਾਇਆ ਤੇ ਫ਼ੇਰ ਸੁਨੇਹਾ ਦਿੱਤਾ। ਫੇਰ ਆਪ ਸੁੱਤੇ ਹੋਏ ਵਾਙੂੰ, ਜੋ ਨਵਾਂ ਜਾਗੇ, ਬੋਲੇ: ਹੈਂ! ਆ ਗਏ ਹਨ?

ਸਿੱਖ- ਜੀ! ਪਰਵਾਰ ਆ ਗਿਆ ਹੈ, ਗੁਰੂ ਪਰਵਾਰ।

ਸਾਈਂਦਾਸ- ਗੁਰੂ ਜੀ! ਗੁਰੂ ਜੀ?.....ਹਾਂ। ਪਰਵਾਰ ਆਇਆ ਹੈ। ਗੁਰੂ ਜੀ ਫੇਰ ਆਉਣਗੇ?

ਸਿਖ-ਜੀ ਹਾਂ, ਪਰਿਵਾਰ ਆਇਆ ਹੈ। ਗੁਰੂ ਜੀ ਫੇਰ ਆਉਣਗੇ।

ਹੁਣ ਹੋਸ਼ ਹੋਰ ਫਿਰ ਆਈ, ਨੈਣ ਭਰ ਆਏ! ਹਾਂ, ਗੁਰੂ ਜੀ ਅਜੇ ਨਹੀਂ ਆਏ।ਆ ਗਿਆ ਹੈ ਪਰਵਾਰ। ਪਰਵਾਰ ਆ ਗਿਆ ਹੈ?

ਸਿੱਖ- ਮਾਤਾ ਗੰਗਾ ਜੀ ਆਏ ਹਨ।

ਹੁਣ ਸਾਈਂਦਾਸ ਬਾਹਰ ਆਇਆ, ਮਗਰੇ ਰਾਮੋ ਆਈ। ਨੱਗਰ ਦੇ ਪ੍ਰੇਮੀ ਕੱਠੇ ਹੋ ਗਏ। ਰਾਮੋ ਤਾਂ ਮੇਵੜੇ ਦੇ ਨਾਲ ਸਹੇਲੀਆਂ, ਸਤਿ-ਸੰਗਣਾਂ ਸਮੇਤ ਅਗਵਾਨੀ ਨੂੰ ਚੱਲੀ ਤੇ ਸਾਈਂ ਦਾਸ ਜੀ ਨੇ ਨਵੇਂ ਬੰਦ ਘਰ ਦਾ ਜੰਦਰਾ ਖੋਲ੍ਹਿਆ। ਘਰ ਵਿਚ ਪਲੰਘ ਰਖੇ ਹੋਏ ਸੇ, ਝਾੜੂ ਰੋਜ਼ ਦਿੱਤਾ ਜਾਂਦਾ ਸੀ, ਧੂਪ ਰੋਜ਼ ਧੁਖਦਾ ਸੀ। ਹੁਣ ਆਪ ਨੇ ਛੇਤੀ ਨਾਲ ਗੁਰੂ ਪ੍ਰਵਾਰ ਵਾਸਤੇ ਪਲੰਘ ਡਹਾਏ, ਵਿਛਾਈਆਂ ਕਰਵਾਈਆਂ ਤੇ ਇੱਕ ਪ੍ਰੇਮੀ ਨੂੰ ਪ੍ਰਸ਼ਾਦ ਤਿਆਰ ਕਰਨ ਲਾਇਆ। ਇੱਕ ਨੂੰ ਕੜਾਹ ਪ੍ਰਸ਼ਾਦ ਤੇ ਲਾਇਆ ਤੇ ਸਹਿਜੇ ਸਹਿਜੇ ਆਪ ਵੀ ਅਗੁਵਾਨੀ ਨੂੰ ਟੁਰ ਪਏ, ਸਰੀਰ ਅੱਗੇ ਤੋਂ ਲਿੱਸਾ ਹੈ ਤੇ ਕਦਮਾਂ ਵਿੱਚ ਫੁਰਤੀ ਕੱਸੀ ਹੈ। ਥੋੜੇ ਹੀ ਕਦਮ ਆਏ ਸਨ ਕਿ ਸੰਗਤ ਸਮੇਤ ਸਾਰੇ ਆ ਪਹੁੰਚੇ। ਬੜੇ ਸਤਿਕਾਰ ਤੇ ਪਿਆਰ ਨਾਲ ਰਥਾਂ ਤੋਂ ਵੱਡੇ ਮਾਤਾ ਜੀ ਤੇ ਸਾਰੇ


www.sikhbookclub.com

ਪਰਵਾਰ ਨੂੰ ਉਤਾਰਿਆ ਤੇ ਸਾਰੀ ਸੰਗਤ ਨੇ ਉਨ੍ਹਾਂ ਨੂੰ ਮੱਥਾ ਟੇਕਿਆ। ਰਾਮੋ ਮਾਤਾ ਗੰਗਾ ਜੀ ਨੂੰ ਤੇ ਭੈਣ ਨੂੰ ਨਾਲ ਲੈਕੇ ਟੁਰੀ। ਘਰ ਦੇ ਅੱਗੇ ਪਹੁੰਚੇ ਤਾਂ ਸਾਈਂ ਦਾਸ ਨੇ ਫੁੱਲਾਂ ਦੀ ਵਰਖਾ ਕੀਤੀ ਤੇ ਸੀਸ ਧਰਤੀ ਤੇ ਰੱਖੇ। ਫੇਰ ਰਾਮੋ ਤੇ ਆਪ ਹੱਥ ਜੋੜ ਕੇ ਦਲ੍ਹੀਜਾਂ ਨਾਲ ਖੜੇ ਗਏ ਤੇ ਮਾਤਾ ਜੀ ਨੇ ਪਰਵਾਰ ਸਮੇਤ- 'ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ!!' ਉਚਾਰਦੇ-ਅੰਦਰ ਪਰਵੇਸ਼ ਕੀਤਾ ਤੇ ਜਾਕੇ ਪਲੰਘ ਤੇ ਬਿਰਾਜੇ। ਕੜਾਹ ਪ੍ਰਸ਼ਾਦ ਤਿਆਰ ਹੋ ਗਿਆ ਸੀ, ਚੌਂਕੀ ਡਾਹਕੇ ਪ੍ਰਸ਼ਾਦ ਧਰਿਆ ਤੇ ਆਪ ਚਰਨਾਂ ਵਿਚ ਬਹਿ ਗਿਆ। ਮਾਤਾ ਜੀ ਉਸ ਦੇ "**ਉਨਵਿ ਘਨ ਛਾਏ।**" ਭਰ ਰਹੇ ਨੇਤ੍ਰਾਂ ਤੇ ਪ੍ਰੇਮ ਦੀ ਉਮੰਡ ਨੂੰ ਦੇਖਕੇ ਆਪ ਨੈਣ ਭਰ ਰਹੇ ਸਨ, ਪਲੰਘ ਤੋਂ ਉਠੇ ਤੇ ਸਾਈਂਦਾਸ ਦੇ ਸਿਰ ਤੇ ਪਿਆਰ ਦੇਕੇ ਉਠਾਲਿਆ ਤੇ ਕਿਹਾ: "ਹੇ ਸਾਈਂਦਾਸ! ਗੁਰੂ ਸੁਆਰੇ! ਧੀਰ ਧਰੋ, ਤਾਰਨ ਤਰਨ ਗੁਰੂ ਹੁਣ ਆ ਰਹੇ ਹਨ। ਗੁਰਧਾਮ ਦੀ ਬੇਅਦਬੀ ਦੇ ਕਾਰਣ ਗੁਰੂ ਜੀ ਅਲਮਸਤ ਸਾਧ ਅਨਿੰਨ ਸਿੱਖ ਦੀ ਪੀੜਾ ਹਰਨ ਵਾਸਤੇ ਨਾਨਕ ਮਤੇ ਗਏ ਹਨ, ਉਥੋਂ ਹੋਕੇ ਸਿੱਧੇ ਇਥੇ ਆਉਣਗੇ।" ਇਸ ਤਰ੍ਹਾਂ ਦੇ ਧੀਰਜ ਦੇ ਵਾਕ ਕਹਿਕੇ ਮਾਤਾ ਜੀ ਨੇ ਉੱਠਕੇ ਵਾਹਿਗੁਰੂ ਜੀ ਤੇ ਛਿਆਂ ਗੁਰਾਂ ਦੇ ਧਿਆਨ ਦੀ ਆਰਾਧਨਾ ਕਰਕੇ ਅਰਦਾਸਾ ਸੋਧਿਆ ਤੇ ਕੜਾਹ ਪ੍ਰਸ਼ਾਦ ਵੰਡਣ ਦੀ ਆਗਿਆ ਕੀਤੀ। ਜਦ ਪ੍ਰਸ਼ਾਦ ਵਰਤ ਚੁੱਕਾ ਤਦ ਸਾਰੀ ਨਗਰ ਦੀ ਸੰਗਤ ਵਿਦਾ ਕੀਤੀ। ਕੁਛ ਮਾਈਆਂ ਤੇ ਸਿੱਖ ਸੇਵਾ ਵਾਸਤੇ ਰਹਿ ਗਏ। ਸਾਈਂਦਾਸ ਜੀ ਨੇ ਹੁਣ ਬਾਹਰ ਜਾਕੇ ਨਾਲ ਆਏ ਯੋਧਿਆਂ, ਸੇਵਾ ਵਾਲਿਆਂ, ਸਵਾਰੀਆਂ ਤੇ ਸਵਾਰੀਆਂ ਦੇ ਟਹਿਲੀਆਂ ਦੇ ਰਹਿਣ ਦਾ, ਭੋਜਨ ਦਾ, ਘਾਹ ਪੱਠੇ ਦਾ ਸਾਰਾ ਪ੍ਰਬੰਧ ਕੀਤਾ ਤੇ ਪਿੰਡ ਦੇ ਪਿਆਰ ਵਾਲੇ ਸਿੱਖਾਂ ਨੂੰ ਸੇਵਾ ਵੰਡ ਦਿੱਤੀ। ਇੰਨੇ ਨੂੰ ਪ੍ਰਸ਼ਾਦ ਤਿਆਰ ਹੋ ਗਿਆ ਸੀ। ਭਾਈ ਜੀ ਤੇ ਰਾਮੋ ਨੇ ਬੜੇ ਆਦਰ ਨਾਲ ਪ੍ਰਸ਼ਾਦ ਛਕਾਇਆ, ਫੇਰ ਥੋੜਾ ਜਿਹਾ ਆਪ ਛੱਕਿਆ। ਰੁੱਤ ਹੁਨਾਲੇ ਦੀ ਸੀ, ਸਾਰੇ ਜਣੇ ਬਿਰਾਜ ਗਏ, ਅਰ ਸਾਈਂਦਾਸ ਤੇ ਰਾਮੋ ਜੀ ਬੂਹੇ ਢੋਕੇ ਬਾਹਰ ਚਲੇ ਗਏ ਤੇ ਆਪਣੇ ਕੱਚੇ ਕੋਠੇ ਵਿੱਚ ਜਾ ਬਿਸਰਾਮ ਕੀਤਾ।

ਹੁਣ ਨਿੱਤ ਕ੍ਰਿਆ ਇਸ ਤਰ੍ਹਾਂ ਹੋ ਗਈ ਕਿ ਅੰਮ੍ਰਿਤ ਵੇਲੇ ਆਸਾ ਦੀ ਵਾਰ ਇਸ ਨਵੇਂ ਘਰ ਵਿੱਚ ਲਗੇ। ਦੀਵਾਨ ਸਜ ਜਾਵੇ ਭੋਗ ਪਏ ਤੇ ਪ੍ਰੇਮੀ ਘਰੋ ਘਰੀ ਚਲੇ ਜਾਣ। ਰਾਮੋਂ ਤੇ ਸਾਈਂਦਾਸ ਗੁਰੂ ਪਰਵਾਰ ਦੀ ਸੇਵਾ ਪ੍ਰਸ਼ਾਦ ਆਦਿ ਵਿੱਚ

ਮਗਨ ਰਹਿਣ, ਪ੍ਰਸ਼ਾਦ ਛਕਾ ਕੇ ਆਪਣੇ ਕੱਚੇ ਕੋਠੇ ਆਰਾਮ ਕਰਨ, ਲੌਢੇ ਪਹਿਰ ਸੋਦਰ ਰਹਿਰਾਸ ਦਾ ਦੀਵਾਨ ਧਰਮਸਾਲ ਲੱਗੇ ਤੇ ਸੰਝ ਦਾ ਪ੍ਰਸ਼ਾਦ ਛਕਾਕੇ, ਪ੍ਰਵਾਰ ਦਾ ਬਿਸ੍ਰਾਮ ਕਰਾਕੇ ਸਾਈਂਦਾਸ ਜੀ ਓਸੇ ਕੱਚੇ ਕੋਠੇ ਵਿੱਚ ਜਾ ਬਿਰਾਜਣ।

ਸਮਾਂ ਬੀਤਦਾ ਗਿਆ, ਇਸਦਾ ਸੁਭਾ ਟੁਰਦੇ ਰਹਿਣਾ ਹੈ ਸੋ ਇਸਨੇ ਬੀਤਣਾਂ ਹੀ ਹੋਇਆ। ਸੋਆਂ ਆਉਣ ਲੱਗੀਆਂ ਕਿ ਸ੍ਰੀ ਗੁਰੂ ਜੀ ਨਾਨਕ ਮਤੇ ਤੋਂ ਮੁੜ ਪਏ ਹਨ, ਕੰਨ ਪਾਟਿਆਂ ਨੇ ਸ਼ਰਨ ਮੰਨ ਲਈ ਹੈ, ਗੁਰੂ ਨਾਨਕ ਦੇਵ ਜੀ ਦਾ ਪਵਿੱਤ੍ਰ ਕੀਤਾ ਅਸਥਾਨ ਉਨ੍ਹਾਂ ਨੇ ਛੱਡ ਦਿੱਤਾ ਹੈ, ਪਿੱਪਲ, ਜੋ ਉਨ੍ਹਾਂ ਨੇ ਸਾੜ ਦਿੱਤਾ ਸੀ, ਸਤਿਗੁਰ ਨੇ ਕੇਸਰ ਦੇ ਤ੍ਰੁੰਕੇ ਦਿੱਤੇ ਹਨ ਤੇ ਫੇਰ ਪੁੰਗਰ ਆਇਆ ਹੈ, ਅਰ ਜੋ ਨਵੀਂ ਕਰੂੰਬਲੀ ਨਿਕਲੀ ਹੈ ਉਸ ਪਰ ਛੱਟਿਆਂ ਦੇ ਨਿਸ਼ਾਨ ਹਨ[੧]। ਮਿੱਠੇ ਰੀਠੇ[੨] ਦਾ ਬ੍ਰਿਛ ਬੀ ਜੋ ਜੋਗੀਆਂ ਨੇ ਖੋਹ ਲਿਆ ਸੀ, ਜੋਗੀਆਂ ਛੱਡ ਦਿੱਤਾ ਹੈ ਤੇ ਸ਼ਰਨ ਲੈਕੇ ਮੰਨ ਲਿਆ ਹੈ ਕਿ ਅਗੋਂ ਨੂੰ ਕਦੇ ਗੁਰੂ ਬਾਬੇ ਦੇ ਇਹ ਅਸਥਾਨ ਤੇ ਨਿਸ਼ਾਨ ਅਸੀਂ ਨਹੀਂ ਛੇੜਾਂਗੇ। ਇਸ ਤਰ੍ਹਾਂ ਦੀ ਜੀਤ ਕਰਕੇ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆ ਰਹੇ ਹਨ, ਅਰ ਮੰਜਲਾਂ ਛੇਤੀ ਛੇਤੀ ਕਰਕੇ ਡਰੋਲੀ ਵੱਲ ਧਾਏ ਆ ਰਹੇ ਹਨ। ਹਾਂ! ਗੁਰੂ ਸਮੁੰਦਰ ਭੱਜਾ ਆ ਰਿਹਾ ਹੈ ਕਿ ਪਾਵਨ ਸਿੱਖੀ, ਪਰਵਾਨ ਸਿੱਖੀ, ਪ੍ਰੇਮ ਪ੍ਰਵੇਧੀ ਸਿੱਖੀ ਨੂੰ ਆ ਗਲ ਲਾਵੇ। ਏਹ ਸੋਆਂ ਸਾਈਂ ਦਾਸ ਜੀ ਨੂੰ ਹਰਖ ਦੇ ਰਹੀਆਂ ਹਨ, ਚਾਉ ਉਪਜ ਰਹੇ ਹਨ, ਤਿਆਰੀਆਂ ਵਧ ਚੜ੍ਹਕੇ ਹੋ ਰਹੀਆਂ ਹਨ, ਪਰ ਹਾਇ! ਸਰੀਰ ਧਾਰੀ ਦੇ ਅੰਦਰ ਅਪਣੇ ਇਲਾਹੀ ਜਲਵੇ ਵਾਲੇ ਸਰੀਰ ਧਾਰੀ ਨੂੰ ਮਿਲਨ ਦੀ ਲੋਚਾ ਕਸਕਾਂ ਮਾਰਦੀ ਹੈ ਤੇ 'ਆ ਮਿਲੋ' ਦੀ ਸੱਧਰ ਫੁੰਕਾਰੇ ਮਾਰਦੀ ਅੰਦਰੋਂ ਉਠਦੀ ਹੈ ਤੇ ਝੱਲੀ ਨਹੀਂ ਜਾਂਦੀ। ਮਾਤਾ ਰੰਗਾ ਜੀ, ਜਿਨ੍ਹਾਂ ਨੇ ਅਪਣੇ ਪ੍ਰਾਣ ਪਤੀ ਦੀ ਸੇਵਾ ਡਾਢੇ ਪਿਆਰ ਤੇ ਉੱਚੇ ਰਸਾਂ ਵਿੱਚ ਕੀਤੀ ਹੋਈ ਸੀ; ਜਿਸਦੇ ਅੰਦਰ ਗੁਰੂ ਮੂਰਤੀ ਦਾ ਗਿਆਨ, ਕਦਰ ਤੇ ਅਤਿ ਪ੍ਰੇਮ ਸੀ,

੧. ਇਸ ਪਿਪਲ ਦੇ ਪੱਤੇ ਯਾਤ੍ਰੂ ਲੋਕ ਲਿਆਉਂਦੇ ਹਨ, ਉਨ੍ਹਾਂ ਪਰ ਨਿਸ਼ਾਨ ਹੁੰਦੇ ਹਨ।

੨. ਯਾਤ੍ਰੂ ਲੋਕ ਏਹ ਰੀਠੇ ਪ੍ਰਸ਼ਾਦ ਵਜੋਂ ਲਿਆਉਂਦੇ ਹਨ, ਇਨ੍ਹਾਂ ਦਾ ਸੁਆਦ ਮਿੱਠਾ ਹੁੰਦਾ ਹੈ। ਇਹ ਬ੍ਰਿੱਛ ਗੁਰੂ ਨਾਨਕ ਦੇਵ ਜੀ ਦੀ ਅਸੀਸ ਨਾਲ ਮਿੱਠਾ ਹੋਇਆ ਸੀ। ਇਹ ਅਸਥਾਨ ਨਾਨਕ ਮਤੇ ਤੋਂ ਵਿੱਥ ਤੇ ਪਹਾੜ ਪਰ ਹੈ ਤੇ ਗੁਰਦਵਾਰੇ ਦਾ ਨਾਮ ਰੀਠਾ ਸਾਹਿਬ ਹੈ।

ਇਸ ਰੰਗ ਨੂੰ ਵੇਖ ਬੜੇ ਨਿਹਾਲ ਹੁੰਦੇ ਸਨ! ਉਨ੍ਹਾਂ ਦੇ ਨੈਣ ਭਰ ਭਰ ਆਉਂਦੇ ਤੇ ਕਲੇਜਾ ਦ੍ਰਵ ਦ੍ਰਵ ਜਾਂਦਾ ਸੀ। ਰਾਮੋ ਜੀ ਤੇ ਸਾਈਂਦਾਸ ਵਲ ਬੜੀ ਮਿਹਰ, ਪਿਆਰ ਤੇ ਅਸੀਸਾਂ ਭਰੀਆਂ ਨਿਗਾਹਾਂ ਨਾਲ ਤੱਕਦੇ ਸਨ। ਮਾਤਾ ਜੀ ਦੀ ਮੇਹਰ ਦੀ ਨਜ਼ਰ ਤੇ ਅਸੀਸ ਇਕ ਆਤਮ ਸੱਤਿਆ ਤੇ ਆਤਮ ਦਾਤ ਸੀ ਜੋ ਸਾਈਂਦਾਸ ਦੀ ਰੂਹ ਨੂੰ ਮਿਲ ਰਹੀ ਸੀ।

## (੨੧) ਗੁਰੂ ਆਗਮ।

ਇਕ ਦਿਨ ਆਇਆ, ਉਹ ਦਿਨ ਕਿ ਜਿਸ ਦਿਨ ਤਿਸੇ ਦੀ ਆਸ ਨਿਰਾਸਾ ਦੇ ਹੱਥ ਗਈ ਮੁੜ ਘਰ ਆ ਫੇਰਾ ਪਾਉਂਦੀ ਹੈ। ਇਕ ਸਵਾਰ ਆਇਆ, ਜੀਉ ਆਇਆ, ਡਰੋਲੀ ਵਿੱਚ ਆਇਆ ਤੇ ਇਹ ਸੁਧ ਲਿਆਇਆ ਕਿ ਸ੍ਰੀ ਸਤਿਗੁਰੂ ਜੀ ਨਾਨਕ ਮਤੇ ਤੋਂ ਆ ਰਹੇ ਡਰੋਲੀ ਦੇ ਨੇੜੇ ਆ ਪੁੱਜੇ ਹਨ। ਸਾਰੇ ਪਰਵਾਰ ਨੇ ਸੁਣੀ, ਸਾਰੇ ਆਨੰਦ ਨਾਲ ਭਰ ਗਏ, ਸਾਰੇ ਗਿਰਾਂ ਨੇ ਸੁਣੀ, ਸਾਰੇ ਚਾਉ ਭਰ ਆਏ, ਸਾਈਂਦਾਸ ਨੇ ਸੁਣੀ, ਕਿਸ ਤਰ੍ਹਾਂ ਸੁਣੀ-

"ਜਿਉਂ ਚਾਤ੍ਰਿਕ ਚਹੇ ਬੂੰਦ ਕੋ ਤੈਸੇ ਦਰਸ ਕੀ ਚਾਹ।
ਪ੍ਰੇਮ ਮਗਨ ਠਾਢੋ ਭਯੋ ਮਨ ਮੈਂ ਧਾਰ ਉਮਾਹ।" {ਗੁ: ਬਿ:}

ਪ੍ਰੇਮ ਮਗਨ ਉਸੇ ਵੇਲੇ ਉੱਠਕੇ ਟੁਰ ਪਿਆ ਮਾਨੋਂ ਕੋਈ ਨਸ਼ਾ ਜਿਵੇਂ ਚੜ੍ਹ ਰਿਹਾ ਹੈ:-

"ਗਿਰ ਗਿਰ ਪਰਤ ਦੇਹ ਸੁਧ ਨਾਹੀ।
ਮਨੋਂ ਪ੍ਰੀਤ ਇਹ ਤੇ ਭਵ ਪਾਹੀ।" {ਗੁ: ਬਿ:}

ਇਸ ਰੰਗ ਉਠਦਾ ਬੈਠਦਾ, ਕਦੇ ਨੈਣਾਂ ਤੋਂ ਨੀਰ ਡਲ੍ਹਕਦਾ, ਕਦੇ ਬਿਹਸਦਾ, ਕਦੇ ਉਤਾਵਲਾ ਹੁੰਦਾ, ਕਦੇ ਰੁਕਦਾ, ਡਿਗਦਾ ਟੁਰਦਾ ਅੱਗੇ ਅੱਗੇ ਜਾਂਦਾ ਸੜਕ ਉੱਤੇ ਇਕ ਥਾਂ ਬਹਿ ਹੀ ਗਿਆ, ਐਸਾ ਬੈਠਾ ਕਿ ਸਾਰੀ ਸੁਧ ਬਿਸਰ ਗਈ-

"ਬੈਠੋ ਪੰਥ ਪ੍ਰੇਮ ਮੇਂ ਲੀਨਾ।
ਲਾਗ ਸਮਾਧ ਰੰਗ ਰਸ ਭੀਨਾ।" {ਗੁ: ਬਿ:}

ਇਧਰ ਸ਼ਹਿਰ ਦੇ ਲੋਕ ਤਿਆਰ ਹੋਏ, ਕੜਾਹ ਪ੍ਰਸ਼ਾਦ ਨਾਲ ਲੀਤਾ ਤੇ ਕੀਰਤਨ ਕਰਦੇ, ਸ਼ਬਦ ਪੜ੍ਹਦੇ, ਪ੍ਰੇਮ ਭਰੇ ਟੁਰ ਪਏ। ਘਰ ਵਿੱਚ ਰਾਮੋਂ ਜੀ ਉਨ੍ਹਾਂ ਦੇ ਸੁਖ ਸਾਮਾਨ ਦੀ ਤਿਆਰੀ ਵਿੱਚ ਲਗ ਪਏ। ਸੰਗਤਾਂ ਵਾਸਤੇ ਦਰੀਆਂ ਵਿਛਾਈਆਂ, ਇਸ਼ਨਾਨ, ਪ੍ਰਸ਼ਾਦ ਦਾ ਪ੍ਰਬੰਧ ਕੀਤਾ। ਮਾਤਾ ਗੰਗਾ ਜੀ ਨੂੰ ਘਰ ਵਿੱਚ ਠਹਿਰਨਾ ਕਠਨ ਹੋ ਗਿਆ, ਉਤਾਵਲੇ ਚਿੱਤ ਨੂੰ ਰੋਕਦੇ ਪਰ ਅੰਤ ਗੁਰਦੁਆਰੇ ਵਲ ਟੁਰ ਹੀ ਪਏ।

ਉਧਰ ਪ੍ਰੇਮ ਦੀਆਂ ਇਨ੍ਹਾਂ ਖਿੱਚਾਂ ਦੇ ਅੱਗੇ ਸਤਿਗੁਰੂ ਜੀ ਘੋੜੇ ਨੂੰ ਪੋਈਏ ਪਾਈ ਆ ਰਹੇ ਸਨ ਕਿ ਅਚਾਨਕ ਸੜਕ ਦੇ ਕਿਨਾਰੇ ਪਿਆਰੇ ਦੀ ਲਿਵਲੀਨ ਮੂਰਤੀ ਕਿਸੇ ਪ੍ਰੇਮ ਦੇ ਰੰਗ ਰਤੜੀ ਬੈਠੀ ਆਪ ਨੂੰ ਦਿਸ ਆਈ। ਘੋੜੇ ਦੀ ਰਾਸ ਖਿੱਚ ਲਈ ਤੇ ਆਪ ਹੇਠਾਂ ਉਤਰੇ ਤੇ ਧਿਆਨ-ਮਗਨ ਸਾਈਂਦਾਸ ਦੇ ਪਾਸ ਆ ਖੜੋਤੇ। ਕ੍ਰਿਪਾ ਤੇ ਪ੍ਰੇਮ ਦੀ ਨਿਗਾਹ ਪਾਈ ਤੇ "ਉਠਹੁ! ਉਠਹੁ ਪਜਾਰੇ ਜੀਉ!!" ਦਾ ਵਾਕ ਉਚਾਰਿਆ। ਪਰ ਸੁਣੇ ਕੌਣ? ਉਸਦੇ ਇਸ ਰੰਗ ਵਿੱਚ ਗੁਰੂ ਜੀ ਆਪ ਰਸੀਏ ਹੋ ਗਏ ਤੇ ਨੈਨਾਂ ਵਿੱਚ ਜਲ ਭਰ ਆਇਆ। ਸਾਈਂਦਾਸ ਪਿਆਰੇ ਦੇ ਧਿਆਨ ਵਿੱਚ ਆਏ ਰੂਪ ਵਿੱਚ ਲੀਨ ਹੈ। ਸ੍ਰੀ ਗੁਰੂ ਜੀ ਨੇ ਉਸ ਰੂਪ ਵਿੱਚ ਹੋਕੇ ਆਖਿਆ: 'ਉਠੋ' ਤੇ ਫੇਰ ਸਾਈਂਦਾਸ ਨੂੰ ਗਲੇ ਨਾਲ ਲਾ ਲਿਆ। ਤ੍ਰੱਭ੍ਰਕ ਕੇ ਸਾਈਂਦਾਸ ਦੇ ਨੈਣ ਖੁਲ੍ਹੇ, ਜਿਵੇਂ ਕੋਈ ਸੁੱਤਾ ਜਾਗਦਾ ਹੈ। ਆਪਣੇ ਆਪ ਨੂੰ ਪਿਆਰੇ ਦੀ ਗਲਵੱਕੜੀ ਵਿੱਚ ਦੇਖਦੇ ਹਨ ਤੇ ਅਰਸ਼ਾਂ ਵਿੱਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਂਵਾਕ ਦੀ ਮਾਨੋਂ ਗੁੰਜਾਰ ਹੁੰਦੀ ਹੈ :-

**"ਤੇਰਿਆ ਭਗਤਾ ਭੁਖ ਸਦ ਤੇਰੀਆ॥ ਹਰਿ ਲੋਚਾ ਪੂਰਨ ਮੇਰੀਆ॥ ਦੇਹੁ ਦਰਸੁ ਸੁਖੁ ਦਾਤਿਆ ਮੈ ਗਲਿ ਵਿਚਿ ਲੈਹੁ ਮਿਲਾਇ ਜੀਉ॥੧੫॥"** {ਸਿਰੀ: ਮ: ੫}

ਸਾਈਂਦਾਸ ਚਰਨੀ ਢਹਿੰਦਾ ਹੈ ਤੇ ਸਤਿਗੁਰੂ ਜੀ ਗਲੇ ਲਗਾਉਂਦੇ ਹਨ। ਸਾਈਂਦਾਸ ਫੇਰ ਢੱਠਾ, ਸਤਿਗੁਰਾਂ ਫੇਰ ਗਲੇ ਲਾਇਆ, ਤਦੋਂ :-

**ਹਰਿ ਗੋਬਿੰਦ ਗੁਰ ਹਰਖ ਹੋਇ ਡਾਰ ਭੁਜਾ ਗਲ ਲਾਇ।**
**ਤੀਨ ਕਾਲ ਸੋਝੀ ਪਰੀ ਸਾਈਂਦਾਸ ਤਦਾਇ॥*** {ਗੁ: ਬਿ:}

* ਗੁਰੂ ਹਰਿਗੋਬਿੰਦ ਜੀ ਨੇ ਖੁਸ਼ ਹੋਕੇ ਸਾਈਂ ਦਾਸ ਨੂੰ ਗਲੱਕੜੀ ਪਾ ਗਲੇ ਲਾਇਆ। ਤਿੰਨਾਂ ਕਾਲਾਂ ਦੀ ਸੋਝੀ ਸਾਈਂਦਾਸ ਨੂੰ ਉਸੇ ਵੇਲੇ ਪੈ ਗਈ।

 www.sikhbookclub.com

ਸਾਈਂਦਾਸ ਤਰ ਗਿਆ, ਸਤਿਗੁਰ ਦਾ ਪਿਆਰਾ ਸਿੱਖ ਹੈ,- ਉਹ ਸਿੱਖ ਜਿਸ ਨੂੰ ਸਤਿਗੁਰ ਪਿਆਰ ਕਰਦਾ ਹੈ, ਜਿਸ ਨੂੰ ਸਤਿਗੁਰ ਨਦਰ ਨਾਲ ਨਿਹਾਲ ਕਰਦਾ ਹੈ। ਸਭ ਤੋਂ ਵੱਡੇ ਭਾਗ ਗੁਰ ਸਿੱਖ ਦੇ ਹੋ ਗਏ, ਜੋ ਸਤਿਗੁਰ ਦੇ ਪ੍ਰੇਮ ਵਿੱਚ ਸਮਾਕੇ, ਉਸਦੇ ਆਤਮਾਂ ਤੋਂ ਜਨਮ ਪਾਕੇ ਆਤਮਜ ਹੋ ਗਿਆ। ਹਾਂ! ਜੋ ਰੂਹ ਵਿੱਚ ਲੀਨ ਹੋ ਰੂਹ ਤੋਂ ਉਪਜੇ, ਕਿਉਂ ਨਾ ਸਭ ਤੋਂ ਵੱਡੇ ਭਾਗ ਹੋਣ ਉਸਦੇ? .

ਸਤਿਗੁਰ ਜੀ ਸਹਜ ਨਾਲ ਟੁਰ ਪਏ, ਖੱਬੇ ਪਾਸੇ ਸਾਈਂਦਾਸ ਦੀ ਬਾਂਹ ਫੜੇ ਜਾ ਰਹੇ ਹਨ, ਮਗਰ ਮਗਰ ਘੋੜਾ ਆਪੇ ਟੁਰਿਆ ਆ ਰਿਹਾ ਹੈ, ਮਿੱਠੇ ਮਿੱਠੇ ਰਸ ਭਿੰਨੜੇ ਪਿਆਰ ਦੇ ਸ਼ਬਦ ਹੋ ਰਹੇ ਹਨ, ਤੇ ਸੁਰਤਾਂ ਦਾ 'ਪਿਆਰ-ਸੰਗਮ' ਹੋ ਰਿਹਾ ਹੈ। ਪਤਾ ਨਹੀਂ ਕਿੰਨਾਂ ਪੈਂਡਾ ਏਸ ਤਰ੍ਹਾਂ ਲੰਘ ਗਏ, ਤਦੋਂ ਪਤਾ ਲੱਗਾ ਜਦੋਂ ਸ਼ਬਦਾਂ ਦੇ ਘਨਘੋਰ ਦੀ ਅਵਾਜ਼ ਆ ਗਈ। ਸੰਗਤ ਡਰੋਲੀ ਦੀ ਪ੍ਰਸ਼ਾਦ ਲੈਕੇ ਆ ਮਿਲੀ। ਹੁਣ ਸਾਈਂਦਾਸ ਜੀ ਨੂੰ ਪੂਰੀ ਸੁਧ ਆਈ ਕਿ ਸਤਿਗੁਰ ਜੀ ਆ ਗਏ, ਸੰਗਤ ਲੈਣ ਆਈ ਪਹੁੰਚ ਪਈ, ਮੈਂ ਨਾ ਲੈਣ ਵਾਲਿਆਂ ਵਿੱਚ ਆਦਰ ਕਰਨ ਦਾ ਹਿੱਸਾ ਲਿਆ, ਨਾ ਨਾਲ ਆਇਆਂ ਵਿੱਚ ਸੇਵਾ ਕੀਤੀ। ਦਿਲ ਦੀ ਖਿੱਚ ਮੈਨੂੰ ਕਿਸ ਰਾਹੇ ਲੈ ਟੁਰੀ? ਪਰ ਆਹ! ਸਾਈਂਦਾਸ! ਇਹੋ ਮੁਬਾਰਕ ਰਾਹ ਸੀ ਜੋ ਤੇਰੇ ਪੈਰਾਂ ਨੇ ਤੇਰੇ ਦੱਸੇ ਬਿਨਾਂ ਫੜਿਆ, ਪਿਆਰ ਦੀ ਖਿੱਚ ਵੱਜੇ ਤੇ ਆਪਾ ਪਿਆਰੇ ਵਿੱਚ ਤੇ ਉਸਦੀ ਖਿੱਚ ਵਿਚ ਮਗਨ ਹੋ ਜਾਏ। ਸੰਗਤ ਵਿੱਚ ਪ੍ਰੇਮੀਆਂ ਤੇ ਨਾਮ ਦੇ ਰਸੀਆਂ ਦੀ 'ਪਿਆਰ-ਲਹਿਰ' ਸਬਦ ਗੁੰਜਾਰ ਨਾਲ ਵਾਯੂ ਮੰਡਲ ਨੂੰ ਸੁਹਾਵਣਾਂ ਕਰ ਰਹੀ ਸੀ। ਹੁਣ ਸੰਗਤ ਪ੍ਰਸ਼ਾਦ ਲੈਕੇ ਖੜੀ ਹੋ ਗਈ, ਸਭ ਨੇ ਮੱਥਾ ਟੇਕਿਆ, ਇਕ ਪ੍ਰੇਮੀ ਨੇ ਗੁਰੂ ਜੀ ਦੇ ਸਨਮੁਖ ਖੜੋਕੇ ਅਰਦਾਸਾ ਸੋਧਿਆ, ਪ੍ਰਸ਼ਾਦ ਆਪ ਦੀ ਭੇਟ ਹੋਇਆ, ਸਤਿਗੁਰ ਦੀ ਭੇਟ, ਹਾਂ ਚਿਰੀ ਵਿਛੁੰਨੇ ਸਾਹਮਣੇ ਖੜੇ ਹਸਦੇ ਤੇ ਰਸਦੇ ਸਤਿਗੁਰ ਦੀ ਭੇਟ ਹੋਇਆ, ਰਸਨੀ ਲੈਕ ਹੋਇਆ। ਫੇਰ ਸਾਧ ਸੰਗਤ ਵਿਚ ਵਰਤਿਆ, ਸਭ ਨੇ ਪ੍ਰੇਮ ਨਾਲ ਛੱਕਿਆ ਤੇ ਸ਼ੁਕਰ ਕੀਤਾ। ਇੰਨੇ ਨੂੰ ਸਤਿਗੁਰ ਦੇ ਨਾਲ ਦੀ ਸੰਗਤ ਤੇ ਸੂਰਮੇ, ਜੋ ਪਿੱਛੇ ਰਹਿ ਗਏ ਸੇ, ਆ ਮਿਲੇ, ਇਨ੍ਹਾਂ ਵਿੱਚ ਬੀ ਪ੍ਰਸ਼ਾਦਿ ਵਰਤਾਇਆ ਗਿਆ।

ਇਸ ਤੋਂ ਮਗਰੋਂ ਸਤਿਗੁਰ ਜੀ ਨੇ ਸਿੱਧਾ ਧਰਮਸਾਲ ਨੂੰ ਰੁਖ਼ ਕੀਤਾ। ਏਥੇ ਸਾਰੀ ਸੰਗਤ ਮਾਈ ਭਾਈ ਕੱਠੇ ਸਨ ਤੇ ਏਥੇ ਹੀ ਮਾਤਾ ਰੀਗਾ ਜੀ ਡਾਵੇ

ਪਿਆਰ ਵਿੱਚ ਉਡੀਕ ਰਹੇ ਸੇ। ਸਤਿਗੁਰੂ ਗੁਰੂ-ਪੁੱਤ੍ਰ ਤੇ ਪਰਮ ਪਿਆਰੇ ਪੁੱਤ੍ਰ-ਦੀ ਉਡੀਕ ਵਿੱਚ ਮਾਤਾ ਬਿਹਬਲ ਹੋ ਰਹੀ ਸੀ, ਆਉਂਦੇ ਸਾਰ ਪੁੱਤ੍ਰ ਨੂੰ ਗਲੇ ਲਾਇਆ। ਸਾਹਿਬ ਪੈਰਾਂ ਵਲ ਝੁਕੇ, ਪਰ ਮਾਤਾ ਨੇ ਪਿਆਰਾ ਸੀਸ ਹਥਾਂ ਤੇ ਲੈਕੇ ਗਲੇ ਲਾਇਆ, ਮੱਥਾ ਸੁੰਘਿਆ ਤੇ ਚਿਤੋਂ ਗੁਰੂ ਭਾਵਨਾਂ ਵਿੱਚ ਆਕੇ ਡਾਢੇ ਅਦਬ ਦੇ ਭਾਵ ਨਾਲ ਆਦਰ ਦਿੱਤਾ, ਫੇਰ ਮਾਤਾ ਭਾਵ ਨਾਲ ਅਸੀਸਾਂ ਆਖੀਆਂ, ਪੱਲੇ ਨਾਲ ਭਰਵੱਟਿਆਂ ਤੋਂ ਗਰਦ ਝਾੜੀ, ਸਦਕੇ, ਵਾਰੀ, ਘੋਲੀ ਘੋਲੀ ਗਈ। ਜਦ ਪ੍ਰੇਮ ਦੀ 'ਚੁੱਪ-ਭਾਵਨਾਂ' ਆਪਣੇ ਪਿਆਰ ਦੇ ਆਦਰ ਦੇ ਚੁਕੀ ਤਾਂ ਰਸਨਾਂ ਖੁੱਲੀ। ਸਫ਼ਰ ਦੀ ਸੁਖ ਸਾਂਦ ਪੁੱਛੀ ਤੇ ਸੁਣਕੇ ਪ੍ਰਸੰਨ ਹੋਈ।

ਹੁਣ ਆਪ ਉਠ ਖੜੇ ਹੋਏ, ਮਾਤਾ ਜੀ ਤੋਂ ਆਗਿਆ ਮੰਗੀ, ਪਰ ਉਹ ਨਾਲ ਹੋ ਟੁਰੇ। ਸਾਈਂਦਾਸ ਵੱਲ ਤੱਕੇ, ਉਹ ਸਿਰ ਨਿਹੁੜਾਈ ਖੜਾ ਸੀ, ਹੱਥ ਜੁੜੇ ਸਨ, ਲੱਕ ਦੁਪੱਟਾ ਬੱਝਾ ਸੀ, ਮੱਥੇ ਤੇ ਨਾਮ ਦੀ ਦਮਕਾਰ ਸੀ ਤੇ ਨੈਣਾਂ ਵਿਚ ਲਿਵ ਦੀ ਚਮਕਾਰ ਸੀ। ਸਤਿੰਗੁਰ ਤੱਕੇ ਤੇ ਹੱਸੇ, ਤੇ ਬੋਲੇ:- ਚਲੋ ਭਾਈ ਸਾਈਂਦਾਸ ਜੀ! ਸਤਿਗੁਰ ਇਹ ਕਹਿ ਕੇ ਟੁਰ ਪਏ, ਸਾਈਂਦਾਸ ਨਾਲ ਹੋ ਟੁਰਿਆ! ਸਤਿਗੁਰ ਦਾ ਪਰਵਾਰ ਨਵੇਂ ਰਚੇ ਮੰਦਰ ਵਿਚ ਸੀ, ਰਾਮੋਂ ਦਲ੍ਹੀਜਾਂ ਵਿਚ ਖੜੀ ਰਾਹ ਤੱਕ ਰਹੀ ਸੀ, ਨੈਣਾਂ ਦੇ ਛੰਮਾਂ ਛੰਮ ਭਰੇ ਹੰਝੂ ਉਸ ਨਵੇਂ ਮਹਿਲ ਦੀਆਂ ਦਲ੍ਹੀਜਾਂ ਤੇ ਮਾਨੋਂ ਤੇਲ ਚੋ ਰਹੇ ਸਨ, ਰਾਮੋਂ ਦੀ ਆਪਣੀ ਪਿਆਰ ਭਰੀ ਸੂਰਤ ਬੂਹੇ ਦੇ ਪੱਤ੍ਰਾਂ ਦੇ ਬੰਦਨਵਾਰਾਂ ਵਿਚ ਇਕ ਸ਼ਿੰਗਾਰ ਬਣ ਰਹੀ ਸੀ। 'ਜੀ ਆਇਆਂ' ਕਰਨ ਨੂੰ ਆਰਤੀ ਉਤਾਰਨ ਦਾ ਸਾਮਾਨ ਪਿਆਰ ਦੀਆਂ ਕਾਂਗਾਂ ਵਿਚ ਕਿਸਨੂੰ ਯਾਦ ਸੀ? ਹਿਰਦੇ ਦੇ ਪ੍ਰੇਮ ਤ੍ਰੰਗ ਆਰਤੀ ਕਰ ਰਹੇ ਸਨ ਕਿ ਮਰਮਾਂ ਦੇ ਜਾਣੂੰ ਆ ਪਹੁੰਚੇ। ਇਕ ਪਲ ਅਝਕ ਗਏ, ਘਰ ਵੱਲ ਤੱਕੇ, ਤੱਕੇ ਤੇ ਬੋਲੇ "......**ਸੇ ਅਸਥਲ ਸੋਇਨ ਚਉਬਾਰੇ॥**"

"**ਸੇ ਅਸਥਲ ਸੋਇਨ ਚਉਬਾਰੇ**"{ਮਾਝ ਮ: ੫, ਪੰਨਾ-੧੦੫}

ਫੇਰ ਅਗੇ ਵਧੇ 'ਧੰਨ ਗੁਰ ਨਾਨਕ' ਮੂੰਹ ਥੀਂ ਨਿਕਲਿਆ, ਦਲ੍ਹੀਜਾਂ ਵਿਚ ਪੈਰ ਧਰਿਆ। ਇਕ ਪੈਰ ਅੰਦਰ ਸੀ, ਇਕ ਬਾਹਰ ਕਿ ਰਾਮੋ ਤੇ ਸਾਈਂਦਾਸ ਇਕ ਇਕ ਚਰਨ ਪਰ ਬਿਹਬਲ ਹੋਕੇ ਢਹਿ ਪਏ, ਲਿਪਟ ਗਏ ਤੇ ਰਸ ਰੰਗ ਵਿੱਚ ਰੱਤੇ ਗਏ। ਇਸ ਸੁਖ, ਇਸ ਅਨੰਦ, ਇਸ ਭਗਤਿ ਯੋਗ, ਇਸ ਪ੍ਰੇਮ ਜੋਗ ਵਿਚ ਭਾਗੋਭਰੀ ਛਿਨ ਲੰਘੀ, ਉਹ ਛਿਨ ਲੰਘੀ ਜੋ ਕਾਲ ਤੋਂ ਪਰੇ ਲੈ


www.sikhbookclub.com

ਜਾਂਦੀ ਤੇ ਪਜਾਰੇ ਨਾਲ ਜਾ ਮੇਲਦੀ ਹੈ। ਸਤਿਗੁਰ ਨੇ ਸਿਰਾਂ ਤੇ ਪਿਆਰ ਦਿੱਤਾ ਤੇ ਅਸੀਸ ਦਿੱਤੀ:-

"ਧੰਨ ਸਿੱਖੀ" "ਨਿਹਾਲ"

ਸਤਿਗੁਰ ਜੀ 'ਧੰਨ ਸਿੱਖੀ' ਕਹਿੰਦੇ ਅੱਗੇ ਵਧੇ ਤੇ ਆਪੂੰ ਹੀ ਆਪਣੇ ਲਈ ਡੱਠੇ ਪਲੰਘ ਤੇ ਜਾ ਬਿਰਾਜੇ। ਇਕ ਵੇਰ ਫੇਰ ਰਾਮੋ ਤੇ ਸਾਈਂ ਦਾਸ ਨੇ ਚਰਨ ਪਰਸੇ, ਮਸਤਕ ਸਫ਼ਲ ਕੀਤਾ, ਪਦ ਪੰਕਜ ਪ੍ਰੇਮ ਭਰੇ ਹੰਝੂਆਂ ਨਾਲ ਧੋਤੇ। ਫੇਰ ਰਾਮੋ ਉੱਠੀ ਤੇ ਛੇਤੀ ਜਾਕੇ ਸਤਿਗੁਰ ਦੇ ਪਰਵਾਰ (ਆਪਣੀ ਭੈਣ ਆਦਿਕਾਂ) ਨੂੰ ਲੈ ਆਈ ਤੇ ਚਰਨਾਂ ਕਮਲਾਂ ਤੇ ਲਿਟਾ ਦਿੱਤਾ। ਸਗਲ ਕੇ ਦਾਤੇ, ਸਗਲ ਕੇ ਪ੍ਰਤਿਪਾਲਕ ਜੀ ਨੇ ਅਸ਼ੀਰਵਾਦ ਦਿੱਤੀ, ਸੁਖ ਸਾਂਦ ਪੁੱਛੀ, ਮਿਹਰਾਂ ਨਾਲ ਨਿਹਾਲ ਕੀਤਾ। ਰਾਮੋਂ ਲੰਗਰ ਵਿਚ ਚਲੀ ਗਈ। ਸਾਈਂਦਾਸ ਜੀ ਨੇ ਇਸ਼ਨਾਨ ਦੀ ਤਿਆਰੀ ਕਰਵਾਈ ਤੇ ਸੰਗਤ ਸਾਰੀ ਆ ਜੁੜੀ। ਚੰਦ ਤਾਰਿਆਂ ਦੇ ਪਰਵਾਰ ਵਿੱਚ ਸੂਰਜ-ਤਾਰੇ, ਸਤਾਰੇ, ਗ੍ਰੈਹਾਂ, ਨਛੱਤ੍ਰਾਂ ਰਾਸੀਆਂ ਦੇ ਪਰਵਾਰ ਵਿਚ ਬੈਠੇ ਸੂਰਜਾਂ ਦੇ ਸੂਰਜ ਜੀ- ਇਸ ਪਾਪ ਮਈ ਧਰਤੀ ਉਤੇ ਮਿਹਰਾਂ ਵਾਲੇ ਤੇ ਛਹਿਬਰਾਂ ਵਾਲੇ ਚਾਨਣੇ ਨਾਲ ਰੱਬੀ ਜੋਤ ਜਗਾਏ ਸੁਭਾਇਮਾਨ ਹੋ ਰਹੇ ਹਨ।ਹਰ ਸਿੱਖ ਆਕੇ ਮੱਥਾ ਟੇਕਦਾ ਹੈ ਤੇ ਆਪਣਾ ਪਿਆਰ ਅਰਪਨ ਕਰਦਾ ਹੈ। ਹਰ ਸਿੱਖ ਨੂੰ ਨਾਮ ਦਾਨ ਦੀ ਅਸੀਸ ਮਿਲਦੀ ਹੈ। ਸਤਿਗੁਰ ਦਾ ਚਿੱਤ ਸਿੱਖਾਂ ਦੇ ਚਿੱਤ ਨੂੰ ਆਪਣੇ ਅੰਦਰਲੇ ਜਜ਼ਬੇ ਨਾਲ ਉਨਮਨ ਕਰਦਾ ਹੈ; ਹਾਂ, ਚਿੱਤਾਂ ਵਿਚ ਚਿੱਤ ਦਾ ਹਲੋਰਾ ਦੇਕੇ ਰੱਬੀ ਆਨੰਦ ਦਾਨ ਕਰ ਰਿਹਾ ਹੈ। ਸੁਰਤ ਨਾਲ ਸਿੱਖਾਂ ਦੀ ਸੁਰਤ ਨੂੰ ਚਾਕੇ ਭਵਸਾਗਰ ਤੋਂ ਉੱਚਾ ਕਰਕੇ, ਸੰਸਿਆਂ ਦੀਆਂ ਲਹਿਰਾਂ ਤੋਂ ਉਚਾਕੇ ਉਨਮਨ ਕਰ ਰਿਹਾ ਹੈ, ਗਗਨਾਂ ਦਾ ਤਾਰੂ ਬਣਾ ਰਿਹਾ ਹੈ, ਸੁਰਤ ਐਉਂ ਸਬਕ ਲੈਂਦੀ ਉੱਚੀ ਹੋ ਰਹੀ ਹੈ, ਤਰ ਰਹੀ ਹੈ। ਜੀਭ ਨਾਲ ਪੜ੍ਹਾਈ ਤੇ ਕੰਨਾਂ ਨਾਲ ਸੁਣਕੇ ਜੀਭ ਨਾਲ ਪੜ੍ਹੀ ਵਿਦਿਆ ਬੁੱਧੀ ਨੂੰ ਵਧਾਉਂਦੀ ਹੈ, ਬੁੱਧੀ ਨੂੰ ਤਿੱਖਿਆਂ ਕਰਦੀਹੈ। ਬ੍ਰਹਮ ਵਿੱਦਿਆ ਦੇ ਵੀ ਪੜ੍ਹਨ ਮਾਤ੍ਰ ਨਾਲ ਬੁਧੀ ਤੇ ਮਨ ਤ੍ਰਿਖੇ ਤੇ ਵਧੇਰੇ ਜਾਣਨਹਾਰ ਹੋ ਜਾਂਦੇ ਹਨ, ਪਰ ਮਨ ਤਦੇ ਹੀ ਉਨਮਨ ਹੁੰਦਾ ਹੈ, ਜਦੋਂ ਅਮਲ ਕਰੇ, ਯਾ ਜਦੋਂ ਉਨਮਨ ਵਾਲਾ ਦਾਤਾ ਦੂਸਰੇ ਦੇ ਮਨ ਨੂੰ ਆਪਣੇ ਮਨ ਨਾਲ ਉੱਚਾ ਕਰਕੇ ਦਸ ਦੇਵੇ ਕਿ ਆਹ ਹੈ ਟਿਕਾਣਾ ਜ੍ਹਿਥੇ ਸਦਾ ਮਨ ਰਹੇ, ਜਿੱਥੇ ਸੁਰਤ ਰਹੇ ਸੋਚ ਵਿਚਾਰ ਤੋਂ ਉੱਚੀ ਰਸ ਦੇਸ਼

 www.sikhbookclub.com

ਵਿੱਚ। ਇਹ ਹੈ ਬ੍ਰਹਮ ਵਿੱਦਿਆ ਦਾ ਦਾਨ। ਉੱਚਾ ਮਨ ਨੀਵੇਂ ਮਨ ਨੂੰ ਉੱਚਾ ਕਰ ਜਾਂਦਾ ਹੈ। ਤਾਰੂ ਤਰਨ ਦੀ ਜਾਚ ਸਿਖਾ ਦੇਂਦਾ ਹੈ, ਤਾਰ ਦੇਂਦਾ ਹੈ। ਖੇੜੇ ਵਾਲਾ ਅਨਖਿੜਿਆਂ, ਮੁਰਝਾਇਆਂ, ਕੁਮਲਾਇਆਂ ਤੇ ਸੁੱਕ ਰਿਹਾਂ ਨੂੰ ਖਿੜਾ ਜਾਂਦਾ ਹੈ। ਹਾਂ, ਕਰਕੇ ਦਿਖਾ ਜਾਂਦਾ ਹੈ। ਉੱਚਾ ਮਨ ਨਿਰਾ ਗੱਲਾਂ ਨਾਲ ਪੱਥਰ ਨਹੀਂ ਚਾਂਦਾ, ਦਿਲਾਂ ਦੇ ਰਸਤੇ ਦਿਲਾਂ ਨੂੰ ਚਾ ਜਾਂਦਾ ਹੈ, ਜਿਵੇਂ ਢੱਠਿਆਂ ਛੱਪਰਾਂ ਨੂੰ ਥੰਮ੍ਹੀਆਂ ਚਾ ਜਾਂਦੀਆਂ ਹਨ। ਨਿਰੇ ਪੜ੍ਹਨ ਪੜ੍ਹਾਉਨ ਨਾਲ ਸਮਝ ਤ੍ਰਿੱਖੀ ਹੁੰਦੀ ਹੈ, ਪਰ ਸੁਰਤੇ ਦੀ ਸੁਰਤ ਨਾਲ ਕਰਾਈ ਪੜ੍ਹਾਈ 'ਆਪੇ' ਨੂੰ ਇਕ ਉਚਿਆਈ ਤੇ ਲੈ ਜਾਂਦੀ ਹੈ, ਜੋ ਉਚਿਆਈ ਕਿ ਹੰਕਾਰ ਨਹੀਂ, ਪਰ 'ਆਤਮ ਪਦ' ਹੈ। ਹਾਂ! ਦਾਤੇ ਨੇ ਜੋ ਪਿਆਰੇ ਆਏ, ਸਾਰਿਆਂ ਦੇ ਮਨ ਨੂੰ ਇਕ ਹਿਲੋਰਾ ਦਿੱਤਾ; ਕਿੰਨਾਂ ਕਿੰਨਾਂ? ਮਣਾਂ ਤੇ ਪੰਡਾਂ ਬੰਨ੍ਹਕੇ ਨਹੀਂ, ਕਿਣਕਾ, ਹਾਂ ਜੀ ਕਿਣਕਾ ਕਿਣਕਾ। ਉਂਞ ਬੀ ਤਾਂ ਗੁਰਮੁਖ ਨਾਮ ਦੀ ਇਕ ਕਣੀ ਹੀ ਦੇਕੇ ਉਧਾਰ ਕਰਦਾ ਹੈ।

**"ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥"**

{ਸੋਰਠਿ ਮ: ੫, ਪੰਨਾ ੬੦੮}

ਜੀਓ! ਇਕ ਕਣੀ, ਕਣੀ-ਜੀਉਂਦੀ ਜਾਗਦੀ, ਮਘਦੀ, ਦਗਦੀ, ਭਖਦੀ, ਆਤਮ ਜੀਵਨ, ਰੂਹਾਨੀ ਜ਼ਿੰਦਗੀ ਦੀ ਜੀਵਨ ਕਣੀ- ਦਾਨ ਦੇ ਦੇਕੇ ਮੁਰਦੇ ਜਿਵਾ ਰਿਹਾ ਹੈ, ਧੰਨ ਜੀਵਾਲਣਹਾਰ!

**"ਜਨਮ ਮਰਣ ਦੋਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥"**

{ਸੂਹੀ ਮ: ੫-੫੪}

ਜੀ ਧੰਨ ਹਨ, ਜੀਅਦਾਨ ਦੀ ਕਣੀ-ਇਕ ਕਿਣਕਾ-ਦਾਨ ਕਰਨ ਵਾਲੇ! ਪਰ ਧੰਨ ਹਨ ਓਹ ਜਿਨ੍ਹਾਂ ਇਹ ਇਕ ਕਿਣਕਾ ਪਾਇਆ:-

**"ਕਿਨਕਾ ਏਕ ਜਿਸੁ ਜੀਅ ਬਸਾਵੈ॥
ਤਾਕੀ ਮਹਿਮਾ ਗਨੀ ਨ ਆਵੈ॥"** {ਗਉ: ਸੁਖਮਨੀ ਮ: ੫-੧}

ਇਕ 'ਕਿਣਕਾ ਭਰ ਜੀਵਨ' ਨਾਲ ਮੁਰਦਾ ਜੀ ਉਠਦਾ ਹੈ, ਇਕ ਕਿਣਕਾ ਨਹੀਂ ਤਾਂ ਮੁਰਦਾ ਹੈ, ਇਕ ਕਿਣਕਾ ਅੰਦਰ ਆ ਵਸਿਆ ਤਾਂ ਮੁਰਦਾ ਜੀ ਉੱਠਿਆ, ਮਹਿਮਾਂ ਵਾਲਾ ਹੋ ਗਿਆ। ਹਾਂ ਜੀ, ਜਿੱਥੇ ਨਾਮ ਆ ਵਸਿਆ

ਰੱਬ ਆ ਵਸਿਆ:-

**"ਹਰਿ ਸਿਮਰਨਿ ਮਹਿ ਆਪਿ ਨਿਰੰਕਾਰਾ॥"**

{ਸੁਖਮਨੀ}

ਜਿੱਥੇ ਨਾਮ ਆ ਵਸਿਆ ਓਥੇ ਹੀ ਸਾਈਂ ਆ ਵਸਿਆ, ਉਹ ਕਿਣਕਾ ਰੱਬੀ ਜੀਵਨ ਹੈ, ਉਹ ਕਿਣਕਾ ਹੀ ਹੈ ਜੋ ਅੰਦਰ ਸਾਈਂ ਵਸਦਾ ਹੈ; ਵੱਸੇ ਤਾਂ ਅਸੀਂ ਜੀਵੇ, ਨਾ ਵੱਸੇ ਤਾਂ ਅਸੀਂ ਥੋਥਰ ਤੁੱਕੇ:-

**"ਕਣ ਬਿਨਾ ਜੈਸੇ ਥੋਥਰ ਤੁਖਾ॥**
**ਨਾਮ ਬਿਹੂਨ ਸੂਨੇ ਸੇ ਮੁਖਾ॥੧॥"**

{ਗਉ: ਮ: ੫}

ਸੁੰਞੇਂ ਮੂੰਹ ਵਾਲੇ ਮੁਰਦਾਰ, ਪਰ ਜੀਵੇ ਕੌਣ?-

**"ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥**
**ਨਾਨਕ ਅਵਰੁ ਨ ਜੀਵੈ ਕੋਇ॥"** {ਮਾਝ: ਵਾਰ-੧੦}

ਕੋਈ ਟੁਰਦੇ ਫਿਰਦੇ, ਖਾਂਦੇ ਪੀਂਦੇ, ਹੱਸਦੇ ਬੋਲਦੇ ਜੀਉਂਦੇ ਹਨ, ਇਹ ਤਾਂ ਜਠਰਾ ਅਗਨੀ ਦੇ ਚੁੱਲ੍ਹੇ ਬਲ ਰਹੇ ਹਨ, ਇਨ੍ਹਾਂ ਵਿਚ ਅੰਨ ਆਦਿਕ ਬਾਲਣ ਬਲਨ ਦਾ ਕਾਰਜ ਹੋ ਰਿਹਾ ਹੈ:-

**"ਬਿਨੁ ਸਿਮਰਨ ਜੋ ਜੀਵਨੁ ਬਲਨਾ"***

ਸਿਮਰਨ ਤੋਂ ਬਿਨਾਂ ਜੋ ਜੀਉਣਾ ਹੈ ਇਹ ਬਲਨ ਦਾ ਕੰਮ ਹੋ ਰਿਹਾ ਹੈ, ਜਠਰਾ ਅਗਨੀ ਦਾ ਬਲਨਾ।

ਜੀਵਿਆ ਉਹ ਜਿਸ ਕਿਣਕਾ ਪਾਇਆ, ਇਹ ਕਿਣਕਾ ਆਪੇ ਭਾਂਬੜ ਹੋ ਬਲਿਆ, ਜੀਵਨ ਰੱਬੀ, ਇਲਾਹੀ, ਰੂਹਾਨੀ, ਆਤਮਕ ਜੀਵਨ ਹੋ ਗਿਆ, ਜੋ ਰੱਬ ਵਿੱਚ ਜੀਵਿਆ ਸੋ ਜੀਵਿਆ, ਬਾਕੀ ਤਾਂ ਸੁੱਤੇ ਪਏ ਮੁਰਦੇ ਸਮਾਨ ਹਨ। ਕਿਸੇ ਚੁਲ੍ਹੇ ਵਿੱਚ ਲੱਕੜਾਂ ਬਲ ਗਈਆਂ ਏਸ ਸਰੀਰ ਦੇ ਚੁੱਲੇ ਵਿੱਚ ਦਾਣੇ, ਫਲ, ਫੁੱਲ, ਫਲੀਆਂ, ਮੇਵੇ ਬਲ ਗਏ। ਕਦੇ ਨਾ ਮਰਣ ਵਾਲੇ ਤੇ ਹਰ ਥਾਂ ਵਿਆਪਕ ਰੱਬੀ ਜੀਵਨ ਦੇ ਨੂਰ ਤੋਂ ਤੇ ਹਰ ਥਾਂ ਠਾਠਾਂ ਮਾਰ ਰਹੇ ਇਲਾਹੀ ਜੀਵਨ ਦੇ ਸਮੁੰਦਰ ਤੋਂ ਜੋ ਭੁੱਲ ਵਿੱਚ, ਵਿੱਥ ਵਿੱਚ ਰਹੇ, ਸੋ ਕਾਹਦੇ ਜੀਵੇ?

---

* ਬਲਨੇ ਦੀ ਕ੍ਰਿਆ, ਚੁੱਲ੍ਹਾ। {ਟੋਡੀ ਮ: ੫, ਪੰਨਾ ੭੧੨}

 www.sikhbookclub.com

ਜੀਵੇ ਓਹ ਜੋ ਸਦਾ ਜੀਉਂਦੇ ਤੇ ਕਦੇ ਨਾ ਮਰਨਹਾਰ ਸਾਈਂ ਦੇ ਚਰਨਾਂ ਨਾਲ ਲੱਗੇ, ਲੱਗੇ ਤੇ ਫੇਰ ਸਦਾ ਅੰਤਰ ਆਤਮੇਂ ਲੱਗੇ ਹੀ ਰਹੇ, ਨਾ ਵਿੱਛੁੜੇ, ਪਰ ਨਾ ਵਿੱਛੁੜੇ। ਲੱਗੇ ਕਿਵ? ਨਾਮ ਜਪਕੇ, ਸਾਹਿਬ ਗੁਰੂ ਹਰਿ ਗੋਬਿੰਦ ਦੇ ਚਰਨਾਂ ਨੂੰ ਪ੍ਰਾਪਤ ਹੋ ਉਨ੍ਹਾਂ ਤੋਂ ਇਕ ਕਿਣਕਾ ਲੈਕੇ। ਹਾਂ! ਜੇ ਹੋਰ ਨਹੀਂ ਤਾਂ ਕਿਸੇ ਕਿਣਕੇ ਵਾਲੇ ਤੋਂ ਉਸ ਕਿਣਕੇ ਦਾ ਕਿਣਕਾ ਦਾਨ ਲੈਕੇ- ਜੀਉਂਦੇ ਕਿਣਕੇ ਦੇ ਕਿਣਕੇ ਦਾ ਕਿਣਕਾ-ਜੋ ਲੈਕੇ ਸਿਮਰਨ ਵਿਚ ਆਏ, ਜੀਉ ਪਏ। ਜੀਵਨ ਕਣੀ ਜੋ ਅੰਦਰ ਲੰਘ ਗਈ ਉਹ ਜੀਵਨ ਦੀ ਜੁਆਲਾ ਬਾਲ ਦੇਵੇਗੀ। ਜਿਵੇਂ ਅੱਗ ਦੀ ਇੱਕ ਕਣੀ ਜੀਉਂਦੀ ਹੈ, ਉਹ ਕਣੀ ਮਘਦੀ ਹੈ ਤੇ ਜਿੱਥੇ ਲੱਗੇ ਅਲਾਂਬੇ ਬਾਲ ਦੇਂਦੀ ਹੈ।

ਹਾਂ! ਆਓ ਸ਼ਰਨ ਸਤਿਗੁਰ ਦੀ ਤੇ ਛੱਡੋ ਹਉਂ ਦੀ ਟੇਕ! ਸਮਝ ਦੇ ਗੋਰਖ ਧੰਧੇ ਚਾਤੁਰ ਤਾਂ ਕਰਦੇ ਹਨ, ਪਰ ਕਲਿਆਨ ਸਿਮਰਨ ਵਿੱਚ ਹੈ।

**"ਹਰਿ ਬਿਸਰਤ ਸਦਾ ਖੁਆਰੀ"** {ਟੋਡੀ ਮ: ੫}

ਹੈ! ਯਾਦ ਵਿੱਚ ਸਦਾ ਸੁਖ ਹੈ। ਸਾਈਂ ਦੀ ਯਾਦ ਵਿੱਚ ਜੀਵੋ, 'ਊਠਤ ਬੈਠਤ ਸੋਵਤ ਨਾਮ' ਵਿੱਚ ਰਹੋ, ਦੰਮ ਦੰਮ ਸਾਈਂ ਨੂੰ ਸੰਭਾਲੋ, ਜਾਗੋ:

**"ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥**
**ਸਾਬਤੁ ਵਸਤੁ ਓਹ ਅਪਨੀ ਲਹੈ॥"**

{ਗਉ: ਗੁਆ: ਮ: ੫, ਪੰਨਾ ੧੮੨}

ਜਾਗੋ! ਜਾਗ ਯਾਦ ਹੈ, ਸਾਈਂ ਦੀ ਨਿਰੰਤਰ ਯਾਦ, ਪਿਆਰੇ ਨੂੰ ਕਦੇ ਨਾ ਭੁੱਲਣ ਵਾਲੀ ਯਾਦ।

ਹਾਂ ਜੀ! ਦਾਤਾ ਸਤਿਗੁਰ ਜੀ ਆਈਆਂ ਸੰਗਤਾਂ ਨੂੰ ਜੀਵਨ ਕਣੀਆਂ ਦਾਨ ਕਰਦੇ, ਗੁਰੂ ਤੇ ਗੁਰਮੁਖ ਦੋਹਾਂ ਪਦਾਂ ਵਿੱਚ ਬੈਠੇ ਜੀਅਦਾਨ ਦੇ ਰਹੇ ਹਨ ਤੇ ਕ੍ਰੋੜਾਂ ਦਾ ਉਧਾਰ ਕਰ ਰਹੇ ਹਨ।

ਇਹ ਸੀ ਪਰਵੇਸ਼ ਸਾਈਂਦਾਸ ਦੇ ਘਰ ਵਿੱਚ, ਇਹ ਸੀ ਜੱਠ ਯਾ ਚੱਠ ਯਾ ਡਠਣੀ ਜੋ ਸਾਈਂਦਾਸ ਦੇ ਮਕਾਨ ਤੇ ਹੋਈ।

**'ਘਰ ਛਡਣੇ ਰਹੈ ਨ ਕੋਈ॥'**

{ਮਾਰੂ: ਮ: ੧, ਪੰਨਾ ੯੮੯}

ਸਾਈਂਦਾਸ ਕਦੋਂ ਘਰ ਬਨਾਉਂਦਾ ਸੀ? ਇਹ ਤਾਂ ਸਤਿਗੁਰ ਦੇ ਚਰਨ ਪੈਣ ਲਈ ਬਣਾਇਆ ਸੀ। ਘਰ ਦਾਤੇ ਲਈ ਰਚਿਆ। ਆਪ ਸੇਵਕ ਹੋਕੇ ਆਇਆ ਤੇ ਲੰਗਰ ਕਾਹਦਾ ਲਾਇਆ? ਦਾਨ ਕਾਹਦਾ ਹੋਇਆ? ਅਨੇਕਾਂ ਜੀਵ ਜੀਅਦਾਨ ਪਾ ਗਏ, ਖੁਸ਼ੀਆਂ ਵਿਚ ਆਏ ਸਤਿਗੁਰ ਨੇ ਰੱਬੀ ਖਜ਼ਾਨੇ ਲੁਟਾਕੇ ਹਰ ਆਏ ਜੀ ਨੂੰ 'ਜਿਉਂਦਾ ਕਿਣਕਾ' ਦੇਕੇ ਸਿਮਰਨ ਵਿੱਚ, ਯਾਦ ਵਿੱਚ, ਨਾਮ ਵਿੱਚ, ਲਿਵ ਵਿੱਚ ਜਿਵਾ ਦਿੱਤਾ। ਧੰਨ ਸਾਈਂਦਾਸ! ਧੰਨ ਰਾਮੋਂ!! ਤੇ ਧੰਨ ਘਰ ਦਾ ਉੱਸਰਨਾ!!! ਤੇ ਧੰਨ ਉਸਦੀ ਜੱਠ ਦਾ ਹੋਣਾ!!!! ਆਤਮ ਰਸੀਆਂ ਦੇ ਸਾਰੇ ਕੌਤਕ ਆਤਮ ਰੰਗ ਵਿਚ ਰੰਗੇ ਹੋਏ ਹੁੰਦੇ ਹਨ।

ਇੰਨੇ ਨੂੰ ਲੰਗਰ ਤਿਆਰ ਹੋ ਗਿਆ। ਸਤਿਗੁਰ ਜੀ ਇਸ਼ਨਾਨ ਕਰਕੇ ਚੌਂਕੀ ਤੇ ਆ ਬੈਠੇ। ਆਏ ਜੀਆਂ ਦੀਆਂ ਪੰਗਤਾਂ ਲੱਗ ਗਈਆਂ ਤੇ ਪ੍ਰਸ਼ਾਦ ਸਭ ਦੇ ਅੱਗੇ ਪ੍ਰੋਸਿਆ ਗਿਆ। ਦਾਤੇ ਨੇ ਆਪ ਛਕਿਆ। ਰਾਮੋਂ ਤੇ ਸਾਈਂਦਾਸ ਪਾਸ ਬੈਠੇ ਛਕਾ ਰਹੇ ਹਨ। ਸਾਂਈਂਦਾਸ ਜੀ ਹੁਣ ਪੱਖਾ ਝੱਲਦੇ ਹਨ, ਹੁਣ ਕੋਈ ਭੋਜਨ ਅੱਗੇ ਧਰਦੇ ਹਨ, ਹੁਣ ਖੁਸ਼ ਹੁੰਦੇ ਹਨ, ਹੁਣ ਨੈਣ ਭਰ ਲੈਂਦੇ ਹਨ, ਸਾਕਾਦਾਰੀ ਦਾ ਮਾਨ ਹੈ ਨਹੀਂ। ਪੂਰਨ ਰੂਪ ਕਰਕੇ ਦਰਸ਼ਨ ਪਾ ਰਹੇ ਹਨ:-

ਸਨਬੰਧੀ ਹੈਂ ਗੁਰੂ ਹਮਾਰੇ,
ਇਹ ਨਿਸ਼ਚਾ ਉਰ ਤੇ ਨਿਰਵਾਰੇ।
ਪ੍ਰਭੂ ਲਖਜੋ ਸਭ ਜਗ ਕੋ ਸੁਾਮੀ,
ਆਯਹੁ ਹਮਹਿ ਉਧਾਰਨ ਕਾਮੀ॥੩੯
ਦੀਨ ਬੰਧੂ ਜਿਹਿ ਨਾਮ ਉਚਾਰੈਂ,
ਬਸੀ ਪ੍ਰੇਮ ਕੇ ਸਗਲ ਬਿਚਾਰੈਂ,
ਤੀਨ ਲੋਕ ਪਤਿ ਕੀ ਇਹ ਮੂਰਤ,
ਸਿੱਖਨ ਵਤਸਲ ਸੁੰਦਰ ਸੂਰਤ॥੪੦
ਇਮ ਨਿਸ਼ਚੈ ਲਖਿ ਸ੍ਰੀ ਗੁਰ ਪੂਰੇ,
ਭਏ ਪ੍ਰਸੰਨ ਚਰਿਤ ਜਿਨਿ ਰੂਰੇ।
ਅਪਰ ਕਾਮਨਾ ਜਿਨ ਕੈ ਨਾਹੀ,
ਰਿਦਾ ਬਿਮਲ ਕਰਿ ਦੀਨਸ ਤਾਂਹੀ॥੪੧

{ਗੁ: ਪ੍ਰ: ਸੂ: ਰਾ: ੫, ਐਸੂ ੩੭}

ਇਸ ਪਰਮ ਨਿਰਮਲ, ਪਰਮ ਨਿਸ਼ਕਾਮ, ਪਰਮ ਪ੍ਰੇਮ ਵਾਲੀ ਅਨਿੰਨ ਭਗਤੀ ਦੀ ਗਤੀ ਵਾਲੇ ਦੰਪਤੀ ਕਿਸ ਉੱਚੀ ਭਾਵਨਾ ਵਿੱਚ ਸੇਵਾ ਕਰ ਰਹੇ ਹਨ? ਪ੍ਰਸ਼ਾਦ ਛਕਕੇ ਸਤਿਗੁਰਾਂ ਠੰਢਾ ਜਲ ਪੀਤਾ, ਹੱਥ ਧੋਤੇ, ਰੁਮਾਲ ਹੱਥ ਪੂੰਝਣ ਲਈ ਸਾਈਂਦਾਸ ਨੇ ਅੱਗੇ ਕੀਤਾ, ਤਦ ਸਤਿਗੁਰ ਇੱਕ ਅਚਰਜ ਪਿਆਰ ਤੇ ਮੇਹਰ ਵਿੱਚ ਆਏ, ਇਕ ਹੋਰ ਦਮਕ ਦਮਕਦੇ ਮੱਥੇ ਤੇ ਨੈਣਾਂ ਵਿੱਚ ਆਈ ਤੇ-

ਕਰਜੋ ਬਚਨ "ਉਰ ਭਾਉ ਜੁ ਹੇਰਾ,
"ਹੋਹਿ ਨ ਅਬ ਤੇ ਭਵਜਲ ਫੇਰਾ॥
"ਅਤਿ ਪ੍ਰਸੰਨ ਮੋਕੋ ਤੁਮ ਕੀਨਾ,
"ਪਰਮਗਤੀ ਸੁਭ ਬਰ ਤੁਵ ਦੀਨਾ॥੪੩॥"

ਵਾਕ ਸੁਣਕੇ ਪਤਾ ਨਹੀਂ ਕੀਹ ਹੋਇਆ, ਕਿਸੇ ਰੰਗ ਵਿੱਚ ਪ੍ਰੇਮੀ ਚਰਨਾਂ ਕਮਲਾਂ ਤੇ ਢੈ ਪਏ। ਅੱਗੇ ਹੀ ਪੂਰਨ ਸਨ, ਹੁਣ ਤਾਂ ਅਪਰ ਅਪਾਰ ਵਿੱਚ ਇਕ ਗੋਤਾ ਆਇਆ, ਕਪਾਟ ਖੁੱਲ੍ਹ ਗਏ। ਆਪਾ ਆਪੇ ਦੇ ਦੇਸ਼ ਉੱਡ ਪਹੁੰਚਿਆ, ਕੌਣ ਕਹੇ ਉਸ 'ਕੁਛ' ਨੂੰ ਜੋ 'ਕੁਛ' ਕਿ ਹੁਣ ਉਨ੍ਹਾਂ ਤੇ ਵਾਪਰਿਆ? 'ਨਹੀਂ ਹੋਣਾ' ਬਿਲਾ ਗਿਆ, 'ਅਨਹੋਣਾ' ਮਿਟ ਗਿਆ ਤੇ ਸ਼ਾਂਤਿ, ਸੁਖ, ਸਹਜ, ਯਥਾਰਥ, ਅਸਲੀ, ਪੂਰਨ ਪਦ, ਅਪਦ ਤੋਂ ਪਰੇ ਦਾ ਰੰਗ ਵਰਤ ਗਿਆ, ਜੋ ਅਵਿਨਾਸ਼ ਹੋਂਦ ਹੈ, ਸੱਤਿ ਹੈ।

## (੨੨)* ਡਰੋਲੀ ਵਿਚ ਡੇਰੇ।

**ਸਤਿਗੁਰ** ਜੀ ਨੇ ਹੁਣ ਡਰੋਲੀ ਡੇਰੇ ਲਾ ਦਿੱਤੇ, ਇਥੇ ਹੀ ਸਤਿਸੰਗ ਦਾ ਪ੍ਰਵਾਹ ਚੱਲ ਪਿਆ। ਮਾਲਵੇ ਤੇ ਇਰਦ ਗਿਰਦ ਦੀਆਂ ਸੰਗਤਾਂ ਏਥੇ ਹੀ ਆਉਣ ਲਗ ਪਈਆਂ। ਅਸਲ ਵਿਚ ਇਹ ਸਮਾਂ ਜੋ ਸਤਿਗੁਰਾਂ ਦਾ ਏਥੇ ਲੱਗਾ, ਮਾਲਵੇ ਨੂੰ ਤਾਰ ਗਿਆ। ਸਤਿਗੁਰ ਦੀ ਸਿੱਖੀ ਤਾਂ ਅਗੇ ਹੀ ਮਾਲਵੇ ਵਿੱਚ ਬਹੂੰ ਸੀ, ਪਰ ਹੁਣ ਤਾਂ ਮਾਨੋਂ ਇਹ ਹੋ ਗਿਆ ਕਿ ਮਾਲਵਾ ਸਾਰਾ ਹੀ ਇਕ ਤਰ੍ਹਾਂ ਸਿਖ ਧਰਮ ਵਿੱਚ ਆ ਗਿਆ।

* ਵਾਕਜਾਤ ਦਾ ਕ੍ਰੱਮ ਜੋ ਇਥੇ ਚਲ ਰਿਹਾ ਹੈ, ਸੋ ਸੂ: ਪ੍ਰ: ਗੁ: ਬਿ: ਅਨੁਸਾਰ ਹੈ। ਪਰ ਅਜੇ ਵਿਸ਼ੇਸ਼ ਖੋਜ ਦੀ ਲੋੜ ਹੈ।

 www.sikhbookclub.com

ਗਰਮੀਆਂ ਵਿੱਚ ਸਤਿਗੁਰ ਘਰੋਂ ਟੁਰੇ ਸੇ, ਤੇ ਹੁਣ ਕੱਤਕ ਦੀ ਰੁਤ ਆ ਗਈ। ਸਿਆਲਾ ਚੜ੍ਹ ਪਿਆ, ਏਸੇ ਮਹੀਨੇ ਮਾਤਾ ਦਮੋਦਰੀ ਜੀ ਦੇ ਘਰ ਬਾਲਕ ਜਨਮਿਆਂ। ਕੱਤਕ ਦੀ ਪੂਰਨਮਾਸ਼ੀ ਦੀ ਥਿੱਤ ਸੀ, ਅੱਧੀ ਰਾਤ ਦਾ ਵੇਲਾ ਸੀ, ਬੱਚੇ ਦਾ ਨਾਮ 'ਗੁਰਦਿੱਤਾ' ਧਰਿਆ*। ਇਹ ਉਹੀ ਬਾਲਕ ਹੈ ਜੋ ਸਾਈਂ ਸਿਮਰਨ ਦਾ ਇਕ ਨਮੂਨਾ ਨਿਕਲਿਆ ਸੀ, ਅਰ ਜਿਸਨੂੰ ਸ੍ਰੀ ਚੰਦ ਜੀ ਨੇ ਆਪਣਾ ਸਭ ਕੁਛ ਅਰਪ ਦਿੱਤਾ ਸੀ।

ਜਦੋਂ ਛੇਵੇਂ ਸਤਿਗੁਰਾਂ ਦੇ ਪੰਜ ਪੁੱਤ੍ਰ ਹੋ ਗਏ ਸੇ ਏਹ ਤਦੋਂ ਦੀ ਵਾਰਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤ੍ਰ ਬਾਬਾ ਸ੍ਰੀ ਚੰਦ ਜੀ ਸੇ, ਜਿਨ੍ਹਾਂ ਨੇ ਉਦਾਸ ਸੰਪ੍ਰਦਾ ਤੋਰੀ ਸੀ, ਜੋ ਆਪ ਜਤੀ ਰਹੇ ਸੇ ਤੇ ਜਿਨ੍ਹਾਂ ਤੋਂ ਬਾਬਾ ਗੁਰਦਿਤਾ ਜੀ ਨੂੰ ਗੱਦੀ ਮਿਲੀ ਤੇ ਅਗੋਂ ਵਿਰਕਤ ਤੇ ਜਤੀ ਸਾਧੂਆਂ ਦੀ ਸੰਪ੍ਰਦਾ ਟੁਰੀ ਸੀ। ਜਿਵੇਂ ਬੁੱਧ ਦੇ ਭਿੱਖੂ, ਸੰਨਿਆਸ ਮਤ ਦੇ ਸਨਿਆਸੀ ਤਿਵੇਂ ਸ੍ਰੀ ਚੰਦ ਜੀ ਦੇ ਉਦਾਸੀ ਸਾਧੂ। ਆਪ ਦੀ ਸੌ ਬਰਸ ਤੋਂ ਉਪਰ ਆਰਬਲਾ ਹੋ ਗਈ ਤਦ ਆਪ ਨੂੰ ਆਪਣੀ ਗੱਦੀ ਦੇ ਯੋਗ ਸਜਣ ਦੀ ਢੂੰਡ ਹੋਈ, ਸਾਰੇ ਲੱਭਕੇ ਆਪ ਦੀ ਨਜ਼ਰ ਗੁਰੂ ਘਰ ਤੇ ਹੀ ਠਹਿਰੀ ਕਿ ਜਿੱਥੇ ਗੁਰੂ ਨਾਨਕ ਦੀ ਖੁਸ਼ੀ ਗਈ ਹੈ ਓਥੋਂ ਹੀ ਨਾਮ ਦਾ ਰਸੀਆ ਜਗਤ ਨੂੰ ਸੁਖੀ ਕਰਨ ਹਾਰ ਕੋਈ ਲੱਭੇਗਾ, ਇਸ ਕਰਕੇ ਆਪ ਨੇ ਗੁਰੂ ਹਰਿਗੋਬਿੰਦ ਜੀ ਪਾਸ ਆਕੇ ਇਕ ਪੁਤ੍ਰ ਲਈ ਯਾਚਨਾ ਕੀਤੀ, ਤਦ ਸ੍ਰੀ ਗੁਰੂ ਜੀ ਨੇ ਜੇਠਾ ਪੁੱਤ੍ਰ ਸਾਮ੍ਹਣੇ ਕਰਕੇ ਕਿਹਾ ਕਿ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤ੍ਰ ਹੋ, ਸਾਨੂੰ ਆਪ ਦਾ ਮਾਨ ਤੇ ਆਦਰ ਹੈ, ਇਹ ਜੇਠਾ ਬੱਚਾ ਹਾਜ਼ਰ ਹੈ, ਹੋਰ ਚਾਹੋ ਤਾਂ ਸਾਰੇ ਹਾਜ਼ਰ ਹਨ। ਸ੍ਰੀ ਚੰਦ ਜੀ ਹੱਸ ਪਏ ਤੇ ਬੋਲੇ 'ਸ੍ਰੀ ਗੁਰੂ ਨਾਨਕ ਦੇਵ ਜੀ ਸਭ ਕੁਛ ਆਪ ਨੂੰ ਦੇ ਗਏ ਹਨ, ਆਪ ਉਨ੍ਹਾਂ ਦਾ ਰੂਪ ਹੋ, ਮੇਰੇ ਪਾਸ ਏਹ ਟੋਪੀ ਹੈ ਤੇ ਉਦਾਸ ਸੰਪ੍ਰਦਾ ਦੀ, ਜੋ ਅਸਾਂ ਟੋਰੀ ਹੈ, ਵਾਗਡੋਰ ਹੈ। ਸੋ ਮੈਂ ਇਸ ਨਾਮ ਰਸੀਏ ਆਪਦੇ ਪਿਆਰੇ ਲਾਲ ਨੂੰ ਦੇਂਦਾ ਹਾਂ। ਉਦਾਸ ਸੰਪ੍ਰਦਾ ਇਸ ਤੋਂ ਹੁਣ ਵਧੇਗੀ, ਇਸਦੇ ਅੱਗੇ ਨਿਵੇਂਗੀ ਅਰ ਇਸਦੀ ਆਗਿਆ ਵਿੱਚ ਟੁਰੇਗੀ। ਇਹ ਕਹਿਕੇ ਟੋਪੀ ਪਹਿਨਾ ਦਿੱਤੀ ਤੇ ਆਖਿਆ ਕਿ "ਬਰਖੁਰਦਾਰ! ਤੁਸੀਂ ਹੁਣ ਬਾਬੇ ਹੋਏ, ਸ੍ਰੀ ਗੁਰੂ ਜੀ ਦੀ ਰਜ਼ਾ ਵਿਚ ਆਪ ਦੇ ਪਿਤਾ ਜੀ ਗੁਰੂ ਰੂਪ ਹੋਕੇ ਨਾਮ ਦਾ ਛਤ੍ਰ

* ਡਰੋਲੀ ਵਿਚ ਬਾਬਾ ਜੀ ਦੇ ਜਨਮ ਲੈਣ ਦਾ ਥਾਂ ਅਜੇ ਤਕ ਦੱਸੀਦਾ ਹੈ।


www.sikhbookclub.com

ਝੁਲਾ ਰਹੇ ਹਨ, ਤੁਸੀਂ, ਤਿਆਗੀਆਂ, ਜਗਤ ਤੋਂ ਉਪਰਾਮੀਆਂ ਸੰਤਾਂ ਦੇ ਜ਼ਰੀਏ ਸਤਿਨਾਮ ਦਾ ਝੰਡਾ ਝੁਲਾਓ।" ਤਦ ਤੋਂ ਇਨ੍ਹਾਂ ਦਾ ਨਾਮ 'ਬਾਬਾ ਗੁਰਦਿਤਾ ਜੀ' ਹੋਇਆ। ਇਸ ਪ੍ਰਕਾਰ ਸ੍ਰੀ ਚੰਦ ਜੀ ਨੇ ਅਪਣੀ ਸੰਪ੍ਰਦਾ ਬੀ ਸਤਿਗੁਰਾਂ ਦੇ ਅਨੁਸਾਰੀ ਕਰ ਦਿੱਤੀ। ਫਰਕ ਕੇਵਲ ਇਹ ਰਹਿ ਗਿਆ ਕਿ- ਤਿਆਗ, ਵੈਰਾਗ ਦੇ ਤਰੀਕੇ ਨਾਲ ਗ੍ਰਿਹਸਤ ਤੋਂ ਉਪਰਾਮ ਰੱਖਕੇ ਉਪਦੇਸ਼ ਕਰਨਹਾਰੀ ਸੰਪ੍ਰਦਾ ਨਾਮ ਰਸੀਆਂ ਦੇ ਪ੍ਰਚਾਰ ਦਾ ਤਰੀਕਾ ਇਉਂ ਰਿਹਾ, ਅਰ ਇਸ ਡਰ ਕਰਕੇ ਕਿ ਇਹ ਵੱਖਰਾ ਮਤ ਨਾ ਬਣ ਜਾਏ ਤੇ ਗੁਰ ਗੱਦੀ ਦੇ ਉਲਟ ਨਾ ਟੁਰ ਪਏ, ਸ੍ਰੀ ਚੰਦ ਜੀ ਗੁਰੂ ਅੰਗਦ ਜੀ ਦੇ ਮਗਰੋਂ ਹਰ ਗੁਰੂ ਜੀ ਨੂੰ ਮਿਲਦੇ ਰਹੇ ਤੇ ਉਨ੍ਹਾਂ ਦੀ ਵਡਿਆਈ ਮੰਨਦੇ ਰਹੇ। ਸ੍ਰੀ ਗੁਰੂ ਰਾਮਦਾਸ ਜੀ ਦੇ ਮੇਲ ਦੀ ਕਥਾ ਵਿੱਦਤ ਹੀ ਹੈ ਤੇ ਹੁਣ ਗੁਰੂ ਅੰਸ ਦਾ ਜੇਠਾ ਪੁੱਤ੍ਰ ਅਪਣੀ ਸੰਪ੍ਰਦਾ ਦਾ ਆਗੂ ਤੇ ਸਿਰਕਰਦਾ ਥਾਪ ਕੇ ਉਸ ਡਰ ਨੂੰ ਮੇਟ ਦਿੱਤਾ। ਬਾਬੇ ਗੁਰਦਿੱਤੇ ਤੋਂ ਅੱਗੇ ਚਾਰ ਧੂਏਂ ਅਰਥਾਤ ਮਹੰਤੀ ਦੀਆਂ ਗੱਦੀਆਂ ਤੇ ਸਾਰੀ ਉਦਾਸ ਸੰਪ੍ਰਦਾ ਤੇ ਜਥੇਬੰਦੀ ਟੁਰੀ। ਪਰ ਉਦਾਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਾਸਕ, ਸਾਰੀਆਂ ਪਾਤਸ਼ਾਹੀਆਂ ਦੀ ਅਰਦਾਸ ਸੋਧਣ ਵਾਲੇ ਤੇ ਹਰ ਗੁਰੂ ਨੂੰ ਗੁਰੂ ਅਵਤਾਰ ਤੇ ਵੱਡਾ ਮੰਨਣ ਵਾਲੇ ਰਹੇ। ਦਸਮੇਂ ਪਾਤਸ਼ਾਹ ਦੇ ਜੁੱਧਾਂ ਵਿਚ 'ਕ੍ਰਿਪਾਲ' ਉਦਾਸੀਆਂ ਦਾ ਸ੍ਰੀ ਮਹੰਤ ਜੰਗ ਵਿਚ ਸ਼੍ਰੀਕ ਹੋਇਆ ਅਰ ਉਸਨੇ ਇਕ ਭਾਰੀ ਸ਼ਤ੍ਰੂ ਨੂੰ ਮਾਰਿਆ। ਸਿਖ ਸਰਦਾਰਾਂ ਤੇ ਰਾਜਿਆਂ ਵਲੋਂ ਉਦਾਸੀਆਂ ਨੂੰ ਜਾਗੀਰਾਂ ਤੇ ਵਜ਼ੀਫੇ ਮਿਲਦੇ ਰਹੇ। ਔਕੜਾਂ ਤੇ ਭਾਜੜਾਂ ਦੇ ਸਮੇਂ ਤੇ ਜਦੋਂ ਕੇਸਾਂ ਵਾਲੇ ਦਾ ਸੀਸ ਅੱਸੀ ਅੱਸੀ ਰੁਪਏ ਨੂੰ ਵਿਕਦਾ ਸੀ, ਤਦੋਂ ਦੀ ਸੁੰਨ ਵਰਤੀ ਹਾਲਤ ਵਿੱਚ ਦਰਬਾਰ ਸਾਹਿਬ ਤੇ ਹੋਰ ਗੁਰਧਾਮਾਂ ਦੀ ਸੇਵਾ ਪੂਜਾ ਉਦਾਸੀ ਕਰਦੇ ਰਹੇ। ਲੰਕਾ ਤੇ ਟਾਪੂਆਂ ਤਕ 'ਸਤਿਨਾਮ' ਦਾ ਝੰਡਾ ਝੁਲਾਉਣ ਦੀ ਸੇਵਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਥਾਪਨ ਕਰਨ ਦੀ ਸੇਵਾ ਇਨ੍ਹਾਂ ਸੰਤਾਂ ਨੇ ਹੀ ਕੀਤੀ ਹੈ। ਹਿੰਦੁਸਤਾਨ ਵਿੱਚ ਨਾਨਕ ਪੰਥੀ ਨਾਮ ਹੇਠ ਗੁਰੂ ਘਰ ਦੇ ਉਪਾਸਕ ਬਹੁਤ ਕਰਕੇ ਇਨ੍ਹਾਂ ਦੀ ਘਾਲ ਦਾ ਫਲ ਹੈ। ਫੈਜ਼ਾਬਾਦ ਵਿਚ ਇਕ ਉਦਾਸੀ ਸੰਤ ਦੇ ਇਕ ਲੱਖ ਗੁਰੂ ਘਰ ਦਾ ਉਪਾਸਕ ਅਪਣੇ ਜੀਵਨ ਵਿਚ ਬਨਾਉਣ ਦਾ ਪਤਾ ਸ਼ੰਕਰ ਦਿਆਲ ਜੀ ਨੇ ਆਪਣੇ ਜਪੁਜੀ ਦੇ ਟੀਕੇ ਦੇ ਦੀਬਾਚੇ ਵਿੱਚ ਦਿੱਤਾ ਹੈ। ਇਹ ਗੁਰੂ ਘਰ ਦੀ ਅਨੁਸਾਰਤਾ ਤੇ ਸਤਿਗੁਰਾਂ ਦੇ

ਕਰਤੱਬਾਂ ਨਾਲ ਜੋੜਨਾ ਸ੍ਰੀ ਚੰਦ ਜੀ ਦੀ ਇਕ ਭਾਰੀ ਗੰਭੀਰਤਾ ਤੇ ਦੂਰੰਦੇਸ਼ੀ ਦਾ ਫਲ ਸੀ, ਜੋ ਉਹਨਾਂ ਨੇ ਛੇਵੇਂ ਸਤਿਗੁਰਾਂ ਦੀ ਗੁਰਿਆਈ ਮੰਨਕੇ ਸ਼ਰਨ ਲਈ ਤੇ ਉਨ੍ਹਾਂ ਦੇ ਸਪੁੱਤ੍ਰ ਨੂੰ ਆਪਣੀ ਥਾਂ ਉਦਾਸੀਆਂ ਦੀ ਵਾਗ ਡੋਰ ਉਹਨਾਂ ਦੇ ਹੱਥ ਸੌਂਪ ਕੇ ਦੱਸ ਦਿਤਾ ਕਿ ਮੇਰਾ ਫਰਕ ਕੇਵਲ ਗ੍ਰਹਸਤ ਤੇ ਉਦਾਸ ਦਾ ਹੈ। ਗੁਰੂ, ਗੁਰੂ ਗ੍ਰੰਥ ਜੀ, ਸਤਿਨਾਮ ਦਾ ਸਿਮਰਨ ਤੇ ਸਿੱਖੀ ਰਹੁਰੀਤ ਨਾਲ ਅਜੋੜ ਕੋਈ ਨਹੀਂ। ਇਸ ਸੰਪ੍ਰਦਾ ਵਿਚੋਂ ਨਾਮ ਸਿਮਰਨ ਦੇ ਘਟਣ ਦੇ ਸਮੇਂ ਤਕ ਤੇ ਹੁਣ ਤਕ ਨਾਮੀ ਸੰਤਾਂ ਮਹੰਤਾਂ ਵਿਚ ਇਹੋ ਰਹੁਰੀਤ ਜਾਰੀ ਹੈ*।

ਸੋ ਇਸੇ ਡਰੋਲੀ ਵਿੱਚ ਉਸ ਮਹਾਂ ਪੁਰਖ ਦਾ ਜਨਮ ਹੋਇਆ ਜੋ ਬਾਬਾ ਗੁਰਦਿੱਤਾ ਕਰਕੇ ਉਦਾਸ ਸੰਪ੍ਰਦਾ ਦੇ ਆਗੂ ਹੋਏ ਤੇ ਬਾਬਾ ਸ੍ਰੀ ਚੰਦ ਜੀ ਦੇ ਜਾਨਸ਼ੀਨ ਬਣੇ।

ਸੋ ਇਸ ਤਰ੍ਹਾਂ ਮੱਘਰ, ਪੋਹ, ਮਾਘ, ਫੱਗਣ, ਚੇਤ ਬੀਤ ਗਏ। ਸਤਿਗੁਰੂ ਜੀ ਰਾਮੋਂ ਤੇ ਸਾਈਂਦਾਸ ਦੇ ਪ੍ਰੇਮ ਬੱਧੇ ਡਰੋਲੀ ਬੈਠੇ ਹਨ। ਹਾਂ, ਮਾਲਵੇ ਦੀਆਂ ਸੰਗਤਾਂ ਦੇ ਤਾਰਨਹਾਰ ਸਾਰੇ ਦੇਸ਼ ਨੂੰ ਸਿੱਖੀ ਸੋਹਲੇ ਨਾਲ ਜੀਵਾਲਨ ਲਈ ਜੋਤਾਂ ਜਗਾ ਰਹੇ ਹਨ। ਵਿਸਾਖੀ ਆ ਗਈ, ਦੂਰ ਦੂਰ ਤੋਂ, ਕਾਬਲ, ਕੰਧਾਰ, ਸਿੰਧ, ਬਲੋਚਿਸਤਾਨ ਤੋਂ ਸੰਗਤਾਂ ਆਈਆਂ, ਪੂਰਬ ਤੇ ਦੱਖਣ ਤੋ ਸੰਗਤਾਂ ਆਈਆਂ ਪਰ ਸਭ ਨੂੰ ਪਤਾ ਸੀ ਕਿ ਗੁਰੂ ਜੀ ਡਰੋਲੀ ਹਨ ਸੋ:-

**"ਜਿਥੈ ਜਾਇ ਬਹੈ ਮੇਰਾ ਸਤਿਗੁਰੂ**
**ਸੋ ਥਾਨੁ ਸੁਹਾਵਾ ਰਾਮ ਰਾਜੇ॥"**

{ਆ: ਮ: ੪, ਪੰਨਾ-੪੫੦}

ਸਭ ਸੰਗਤਾਂ ਨੇ ਡਰੋਲੀ ਨੂੰ ਮੁਹਾੜਾਂ ਮੋੜ ਦਿਤੀਆਂ ਤੇ ਵਿਸਾਖੀ ਦੇ ਦੀਵਾਨ ਦੀ ਤਿਆਰੀ ਓਥੇ ਹੀ ਹੋ ਗਈ। ਬੜੇ ਬੜੇ ਸ਼ਾਮਿਆਨੇ ਖੁੱਲ੍ਹੇ ਮੈਦਾਨਾਂ ਵਿੱਚ ਲੱਗ ਗਏ, ਲੰਗਰ ਸਜ ਗਏ ਤੇ ਉਤਾਰੇ ਦੇ ਸਾਮਾਨ ਸਾਰੇ ਹੋ ਗਏ। ਇੱਕ ਮਹਾਨ ਵਡੇ ਸ਼ਾਮਿਆਨੇ ਹੇਠ ਦੀਵਾਨ ਦਾ ਪ੍ਰਬੰਧ ਹੋ ਗਿਆ, ਜਿਥੇ ਵਿਸਾਖੀ ਵਾਲੇ ਦਿਨ ਸਮਾਗਮ ਸੀ। ਸਾਰੀ ਸੰਗਤ ਏਥੇ ਆ ਜੁੜੀ। ਛਤ੍ਰ

* ਹੁਣ ਕੁਛ ਮਾਯਕ ਕਾਰਨਾਂ ਕਰਕੇ ਉਦਾਸੀ ਸੰਤ ਉਦਾਸ ਬੋਲੇ ਬੋਲਦੇ ਹਨ ਪਰ ਪੁਰਾਤਨ ਤੇ ਸ਼ਰਧਾ ਵਾਲੇ ਨਾਮ ਵਾਲੇ ਸੰਤ ਅਪਣੇ ਆਪ ਨੂੰ ਗੁਰਸਿੱਖੀ ਦੇ ਬ੍ਰਿੱਛ ਨਾਲ ਤੱਦਰੂਪ ਹੀ ਦੱਸਦੇ ਹਨ।

 www.sikhbookclub.com

ਸਿੰਘਾਸਨ ਸਜ ਗਿਆ। ਸ੍ਰੀ ਗੁਰੂ ਜੀ ਆ ਬਿਰਾਜੇ। ਆਸਾ ਦੀ ਵਾਰ ਦੇ ਉਚਾਰ ਤੇ ਕੀਰਤਨ ਹੋਏ। ਪ੍ਰਸ਼ਾਦ ਵਰਤੇ। ਸੰਗਤਾਂ ਪੇਸ਼ ਹੋਈਆਂ। ਭੇਟਾਂ ਅਰਪਨ ਹੋਈਆਂ, ਅਰਜ਼ਾਂ, ਲੋੜਾਂ, ਪੁੱਛਾਂ, ਮੰਗਾਂ ਜਗਿਆਸੂਆਂ ਪੇਸ਼ ਕੀਤੀਆਂ, ਸਭ ਨੇ ਮਨੋਂ ਕਾਮਨਾ ਪ੍ਰਾਪਤ ਕੀਤੀਆਂ, ਅਨੇਕਾਂ ਨਾਮ ਦੀ ਕਣੀ ਪ੍ਰਾਪਤ ਕਰਕੇ ਟੁਰੇ, ਹਜ਼ਾਰਾਂ ਨਾਮ ਦੇ ਰਸਤੇ ਅਟਕੇ ਅੱਗੇ ਟੁਰੇ ਤੇ ਅਨੇਕਾਂ ਜੋ ਅੱਗੇ ਲੱਗੇ ਹੋਏ ਸਨ ਸਿਰੇ ਚੜ੍ਹੇ। ਇਸ ਤਰ੍ਹਾਂ ਵਰੋਸਾਈਆਂ ਜਾਕੇ ਸੰਗਤਾਂ ਵਿਦਾ ਹੋਈਆਂ।

## (੨੩) ਡਰੋਲੀ ਤੋਂ ਅੰਮ੍ਰਿਤਸਰ।

ਅੰਮ੍ਰਿਤ ਸਰੋਵਰ ਦੇ ਪ੍ਰਬੰਧਕ ਤੇ ਸੇਵਕ ਭਾਈ ਗੁਰਦਾਸ ਤੇ ਭਾਈ ਬੁੱਢਾ ਜੀ ਅਤੀ ਪ੍ਰੇਮ ਵਿਚ ਸਤਿਗੁਰਾਂ ਦਾ ਆਗਮਨ ਰਾਮਦਾਸ ਪੁਰੇ ਵਿਚ ਚਿਤਵ ਰਹੇ ਸਨ, ਸ਼ਹਿਰ ਦੇ ਲੋਕ ਉਦਾਸ ਹੋ ਰਹੇ ਸਨ, ਸੰਗਤਾਂ ਵਿਸਾਖੀ ਦਾ ਦਰਸ਼ਨ ਤਾਂ ਕਰ ਆਈਆਂ, ਪਰ ਅੰਮ੍ਰਤਸਰ ਦਰਸ਼ਨਾਂ ਦੀ ਸੁਖੈਨਤਾ ਸਭ ਨੂੰ ਭਾ ਰਹੀ ਸੀ। ਸੋ ਬਾਬਾ ਬੁੱਢਾ ਤੇ ਭਾਈ ਗੁਰਦਾਸ ਜੀ ਨੇ ਰਹਿਰਾਸ ਦੇ ਭੋਗ ਮਗਰੋਂ ਅਰਦਾਸ ਕੀਤੀ ਕਿ ਸਾਰੀ ਸੰਗਤ ਸ਼ਬਦ ਕੀਰਤਨ ਕਰਦੀ ਸ੍ਰੀ ਹਰਿਮੰਦਰ ਜੀ ਦੀ ਰੋਜ਼ ਪਰਕ੍ਰਮਾਂ ਕਰਿਆ ਕਰੇ ਤੇ ਇਸ ਭਾਵਨਾਂ ਨਾਲ ਕਰਿਆ ਕਰੇ ਕਿ ਸ੍ਰੀ ਗੁਰੂ ਜੀ ਅੰਦਰ ਬਿਰਾਜਮਾਨ ਹਨ ਤੇ ਅਸੀਂ ਪਰਕ੍ਰਮਾਂ ਕਰਕੇ ਮਹਾਰਾਜ ਜੀ ਨੂੰ ਕੀਰਤਨ ਭੇਟ ਕਰ ਰਹੇ ਹਾਂ। ਸੋ ਸਾਡੇ ਇਸ ਪ੍ਰੇਮ ਦੀ ਖਿੱਚ ਸਤਿਗੁਰਾਂ ਨੂੰ ਇਥੇ ਲੈ ਆਵੇਗੀ। ਸ੍ਰੀ ਦਰਬਾਰ ਸਾਹਿਬ ਵਿਚ ਇਹ ਗਲ ਅਰੰਭ ਹੋ ਗਈ। ਇਹ ਦਿਨ ਜੇਠ ਦੀ ਏਕਾਦਸ਼ੀ ਦਾ ਸੀ।

ਇਧਰ ਤਾਂ ਸੰਗਤਾਂ ਐਉਂ ਅਰਾਧਨਾਂ ਵਿਚ ਲਗੀਆਂ, ਉਧਰ ਸਤਿਗੁਰੂ ਜੀ ਅਪਣੇ ਸਤਿਨਾਮ ਦੇ ਝੰਡੇ ਝੁਲਾ ਰਹੇ ਹਨ। ਸਾਈਂਦਾਸ ਨਾਲ ਸਤਿਸੰਗ ਦੇ ਗੂੜ੍ਹੇ ਭੇਤ ਖੁਲ੍ਹਦੇ ਹਨ। ਉਹ ਰੱਬ ਦੇ ਬੰਦੇ ਪੂਰਨ ਗਜਾਨਵਾਨ ਬੀ ਹੋ ਗਏ ਤੇ ਦਿੱਬ ਦ੍ਰਿਸ਼ਟ ਬੀ ਹੋ ਆਈਓ ਨੇ। ਇਕ ਦਿਨ ਗੁਰੂ ਜੀ ਅਪਣੀ ਰੱਬੀ ਨੀਂਦ ਵਿਚ ਟਿਕ ਰਹੇ ਸੇ ਕਿ ਕਿਸੇ ਸਿਖ ਨੂੰ ਸਮੁੰਦਰ ਵਿਚ ਭੀੜਾ ਆ ਪਈ। ਉਸਨੇ ਸਤਿਗੁਰਾਂ ਦੀ ਅਰਾਧਨਾ ਕੀਤੀ, ਉਸ ਸਮਾਧੀ ਵਿਚ ਉਹ ਅਰਦਾਸ ਸਤਿਗੁਰਾਂ ਅਗੇ ਆਈ ਤੇ ਆਪ ਨੇ ਉਸਦੀ ਸਹਾਇਤਾ ਕਰਕੇ ਔਕੜ ਦੂਰ ਕੀਤੀ। ਇਸ


www.sikhbookclub.com

ਵੇਲੇ ਭਾਈ ਸਾਈਂਦਾਸ ਜੀ ਪਾਸ ਬੈਠੇ ਸੇ, ਇਹ ਸਾਰੀ ਘਟਨਾਂ ਉਹਨਾਂ ਦੀ ਦ੍ਰਿਸ਼ਟਿ ਅੱਗੋਂ ਦੀ ਲੰਘ ਗਈ, ਇਸ ਪ੍ਰਕਾਰ ਦੀ ਦਿਬ ਦ੍ਰਿਸ਼ਟਿ ਸੁਤੇ ਸੁਭਾਵ ਸਾਈਂਦਾਸ ਨੂੰ ਪ੍ਰਾਪਤ ਹੋ ਗਈ ਸੀ।

ਸਤਿਗੁਰੂ ਜੀ ਹੁਣ ਉਦਾਸ ਬੋਲੀਆਂ ਕਦੇ ਕਦੇ ਲੱਗ ਪਏ ਉਚਾਰਨ। ਮਲਿਆਗਰ ਦੀ ਸੁਗੰਧਤ ਪੌਣ ਇਕ ਥਾਂ ਕਿਵੇਂ ਟਿਕੇ? ਇਸ ਨੇ ਉਪਕਾਰ ਕਰਨ ਟੁਰਨਾ ਹੀ ਹੋਇਆ, ਸੋ ਟੁਰਨੇ ਦੇ ਬਚਨ ਹੋਣ ਲਗੇ। ਇਕ ਦਿਨ ਸੁਧਾ ਸਰੋਵਰ ਦੇ ਪ੍ਰੇਮੀਆਂ ਵਲੋਂ ਭਾਈ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਪੱਤ੍ਰਿਕਾ ਆਈ, ਇਹ ਵਾਚਕੇ ਸਤਿਗੁਰਾਂ ਨੇ ਉਤਰ ਦਿੱਤਾ ਕਿ ਜਾਓ ਪਤਾ ਦਿਓ ਕਿ ਹੁਣੇ ਆਏ। ਉਧਰ ਤਾਂ ਖੁਸ਼ੀਆਂ ਦੇ ਪਾਰਖਦ ਉੱਡਕੇ ਅੱਪੜੇ, ਇਧਰ ਦਿਲ-ਤਰਬਾਂ ਉਦਾਸੀ ਦੀਆਂ ਸੁਰਾਂ ਨਾਲ ਥਰਰਾ ਉਠੀਆਂ, ਪਰ ਹੁਕਮੀ ਬੰਦਿਆਂ ਨੇ ਹੁਕਮ ਪੁਰ ਟੁਰਨਾ ਸੀ, ਸੋ ਹੁਕਮੀ ਦੇ ਹੁਕਮ ਵਿਚ ਸੁਰ ਮੇਲ ਲਈ। ਹੁਣ ਟੁਰਨੇ ਦਾ ਦਿਨ ਆਇਆ। ਸਤਿਗੁਰ ਜੀ ਵਿਦਾ ਹੋ ਰਹੇ ਹਨ, ਪ੍ਰੇਮੀ ਪ੍ਰੇਮ ਵਿਚ ਦ੍ਰਵ ਰਹੇ ਹਨ। ਬਿਰਹੇ ਦੇ ਭਾਵ ਅੰਦਰ ਲੰਘ ਰਹੇ ਹਨ। ਰਜ਼ਾ ਦੀਆਂ ਸੁਰਾਂ ਛਿੜ ਰਹੀਆਂ ਹਨ। ਪਜਾਰ ਤੇ ਵੀਚਾਰ ਦਾ ਸੰਗਮ ਹੋ ਰਿਹਾ ਹੈ। ਭਾਵ ਤੇ ਰਜ਼ਾ ਦੀ ਸਤਵੰਨੀ ਪੀਂਘ ਪੈ ਰਹੀ ਹੈ। ਸਤਿਗੁਰੂ ਪਜਾਰ ਦੇਂਦੇ ਹਨ, ਦਿਲਾਸੇ ਦੇਂਦੇ ਹਨ, ਉਚੇ ਉਚੇ ਵਾਕ ਕਰਦੇ ਹਨ ਤੇ ਇਹ ਵਰਦਾਨ ਬਖਸ਼ ਰਹੇ ਹਨ:-

ਅਬ ਤੁਮ ਸਦ ਹੀ ਸੰਗ ਹਮਾਰੇ।
ਨਹੀਂ ਕਰਹਿੰ ਨਿਜ ਤੇ ਕਬ ਨਜਾਰੇ।
ਜਨਮ ਮਰਨ ਕੇ ਮਿਟਜੈ ਸੰਦੇਹੂ।
ਸਿਮਰੋ ਸੱਤਿਨਾਮੁ ਬਿਧਿ ਏਹੁ।

{ਸੂ: ਪ੍ਰ: ਰਾ: ੫, ਅੰ-੩੯}

ਇਸ ਤਰ੍ਹਾਂ ਅਸੀਸਾਂ ਦੇਂਦੇ ਸ੍ਰੀ ਸਤਿਗੁਰ ਜੀ ਅੰਤ ਉਥੋਂ ਵਿਦਾ ਹੋ ਆਏ।

ਸ੍ਰੀ ਗੁਰੂ ਜੀ ਰਸਤੇ ਵਿਚ ਤਰਨਤਾਰਨ ਆ ਠਹਿਰੇ, ਗੁਰਧਾਮਾਂ ਦੀ ਯਾਤਰਾ ਕਰਕੇ ਰਾਮਦਾਸ ਪੁਰੇ ਆਏ। ਇਸ ਗੁਰ ਨਗਰੀ ਤੋਂ ਸੰਗਤਾਂ ਸ਼ਹਿਰੋਂ ਬਾਹਰ ਦੂਰ ਤਕ ਅੱਗੋਂ ਲੈਣ ਆਈਆਂ ਸਨ, ਸ਼ਬਦ ਕੀਰਤਨ ਦੇ ਉਚਾਰ ਹੋ ਰਹੇ ਸਨ, ਪ੍ਰਸ਼ਾਦ ਦਾ ਥਾਲ ਮੁਖੀਆਂ ਦੇ ਹੱਥ ਸੀ, ਪਰਸਪਰ ਗੁਰ ਸਿੱਖਾਂ ਦੇ ਮਿਲਾਪ, ਅਦਬ ਤੇ ਪਜਾਰ ਨਾਲ ਹੋਏ; ਫਿਰ ਇਕੱਠੇ ਸ੍ਰੀ ਹਰਿਮੰਦਰ ਸਾਹਿਬ ਜੀ ਆਏ ਤੇ ਯਾਤਰਾ ਕੀਤੀ। ਅਕਾਲ ਤਖਤ ਦੀਵਾਨ ਲਾਇਆ, ਸਾਰੀ

ਸੰਗਤ ਨੂੰ ਮਿਲੇ, ਫੇਰ ਆਪਣੇ ਘਰ, ਜੋ ਗੁਰੂ ਬਾਜ਼ਾਰ ਦੇ ਲਾਗੇ ਹੁਣ ਤਕ 'ਗੁਰੂ ਕੇ ਮਹਲ' ਨਾਮ ਦਾ ਮੰਦਰ ਹੈ, ਅੱਪੜੇ ਤੇ ਆਰਾਮ ਕੀਤਾ।

ਨਗਰ ਵਿਚ ਅੱਜ ਮਹਾਨ ਖੁਸ਼ੀਆਂ ਸਨ। ਸਾਰੇ ਸ਼ਹਿਰ ਵਿਚ ਸ੍ਵਾਗਤ ਦੇ ਸਾਮਾਨ ਲਗ ਰਹੇ ਸਨ ਤੇ ਸੰਗਤਾਂ ਇਕੱਤ੍ਰ ਹੋ ਦਰਸ਼ਨ ਕਰ ਰਹੀਆਂ ਸਨ। ਸੰਝਾਂ ਵੇਲੇ ਦੀਪਮਾਲਾ ਹੋਈ। ਹੁਣ ਜਦੋਂ ਸਤਿਗੁਰੂ ਸ੍ਰੀ ਦਰਬਾਰ ਸਾਹਿਬ ਜੀ ਨੂੰ ਆਏ ਤਾਂ ਸ਼ਹਿਰ ਦੇ ਚਾ ਮਲ੍ਹਾਰ ਝੱਲੇ ਨਾਂ ਜਾਣ। ਹਰ ਥਾਂ ਦੀਪਮਾਲਾ, ਹਰ ਥਾਂ ਪ੍ਰਸ਼ਾਦ ਤੇ ਸਿਰਵਾਰਨੇ ਤੇ ਆਰਤੀਆਂ। ਭਾਵੇਂ ਤਦੋਂ ਨਗਰ ਅੱਜ ਨਾਲੋਂ ਬਹੁਤ ਨਿੱਕਾ ਸੀ, ਪਰ ਆਦਰ ਭਾਵਾਂ ਵਿਚ ਇੰਨਾਂ ਸਮਾ ਲੰਘ ਗਿਆ ਕਿ ਜਦੋਂ ਸ੍ਰੀ ਗੁਰੂ ਜੀ ਅਕਾਲ ਤਖਤ ਅੱਪੜੇ ਤਾਂ ਭਾਈ ਬੁੱਢੇ ਜੀ ਦੀ ਚਲਾਈ ਰੀਤ ਵਾਲੀ ਸੰਗਤ ਸ਼ਬਦ ਗਾਉਂਦੀ ਪ੍ਰਕ੍ਰਮਾ ਕਰਕੇ ਅਕਾਲ ਤਖਤ ਅੱਪੜੀ ਸ਼ਬਦ ਗਾ ਰਹੀ ਸੀ। ਇਸ ਵੇਲੇ ਮੀਰੀ ਪੀਰੀ ਦੇ ਮਾਲਿਕ ਸਾਹਿਬ ਸ੍ਰੀ ਗੁਰੂ ਹਰ ਗੋਬਿੰਦ ਜੀ ਸ਼ਬਦ ਕੀਰਤਨ ਦਾ ਪ੍ਰਭਾਵ ਦੇਖਕੇ ਬੜੇ ਪ੍ਰਸੰਨ ਹੋਏ। ਚੌਂਕੀ ਸਾਹਿਬ ਨਾਮ ਬਖਸ਼ਿਆ ਤੇ ਵਰ ਦਿੱਤਾ ਕਿ ਇਹ ਸ਼ੁਭ ਰੀਤ ਸਦਾ ਜਾਰੀ ਰਹੇ। ਇਹ ਸ਼ੁਭ ਰੀਤ ਚੌਂਕੀ ਸਾਹਿਬ ਦੀ ਤਦ ਤੋਂ ਅੱਜ ਤੀਕ ਬਰਾਬਰ ਜਾਰੀ ਹੈ। ਪੁਰਾਤਨ ਸਿੰਘਾਂ ਤੋਂ ਅਸੀਂ ਸੁਣਦੇ ਰਹੇ ਹਾਂ ਕਿ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦਾ ਵਰ ਹੈ ਕਿ ਜਦ ਚੌਂਕੀ ਸਾਹਿਬ ਅਕਾਲ ਤਖਤ ਸਾਹਿਬ ਪਹੁੰਚਿਆ ਕਰੇਗੀ ਉਸ ਵੇਲੇ ਸਾਡਾ ਪ੍ਰਭਾਵ ਇਉਂ ਹੋਵੇਗਾ ਜਿਵੇਂ ਅਸੀਂ ਵਿਚ ਸ਼ਾਮਲ ਆ ਹੋਏ ਹਾਂ। ਇਸੇ ਵਰ ਕਰਕੇ ਪ੍ਰੇਮੀ ਤੇ ਇੱਛਾਵਾਨ, ਤੇ ਸ਼ੁਕਰ ਵਿਚ ਆਪਾ ਅਰਪਨ ਕਰਨ ਵਾਲੇ ਪ੍ਰੇਮੀ ਏਸ ਵੇਲੇ ਅਕਸਰ (ਤੇ ਅੰਦਰ ਭੋਗ ਵੇਲੇ ਬੀ) ਕੜਾਹ ਪ੍ਰਸ਼ਾਦ ਦਾ ਥਾਲ ਲੈਕੇ ਚੌਂਕੀ ਸਾਹਿਬ ਦੇ ਹਾਜ਼ਰ ਹੋਇਆ ਕਰਦੇ ਹਨ। ਚੌਂਕੀ ਸਾਹਿਬ ਨਾਲ ਪੜ੍ਹੇ ਜਾਣ ਵਾਲੇ ਸ਼ਬਦ ਹਰ ਸਮੇਂ ਦੇ ਚੁਣੇ ਹੋਏ ਹਨ, ਜੋ ਤਦੋਂ ਪੜ੍ਹੇ ਜਾਂਦੇ ਸਨ, ਸੋਈ ਪੜ੍ਹੇ ਜਾਣੇ ਹੁਣ ਤਕ ਜਾਰੀ ਹਨ। ਕਈ ਪ੍ਰੇਮੀਆਂ ਨੇ ਇਸਤੋਂ ਮਗਰੋਂ ਹੋਰ ਚੜ੍ਹਨ ਵਾਲੀਆਂ ਚੌਂਕੀਆਂ ਦੀ ਬੀ ਰੀਤ ਟੋਰੀ। ਦੋ ਚੌਂਕੀਆਂ ਮਗਰੋਂ ਹੋਰ ਚੜ੍ਹਦੀਆਂ ਹਨ। ਅੱਡਨ ਸ਼ਾਹੀ ਸੰਤ ਭਾਈ ਆਇਆ ਸਿੰਘ ਜੀ ਨੇ ਸਵੇਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਜਾਣ ਤੋਂ ਮਗਰੋਂ ਬੀ ਇਕ ਚੌਂਕੀ ਚੜ੍ਹਾਉਣ ਦੀ ਰਸਮ ਜਾਰੀ ਕੀਤੀ ਸੀ। ਗੱਲ ਕੀ ਚੌਂਕੀ ਸਾਹਿਬ ਅਜ ਤਕ ਚੜ੍ਹਦੀ ਹੈ, ਅਰ ਅਕਾਲ ਤਖਤ ਅੱਪੜਨ ਤੇ ਰੌਣਕ ਅਚਾਨਕ ਵਧ ਜਾਂਦੀ ਹੈ।


www.sikhbookclub.com

# (੨੪) ਭਾਈ ਢੇਸਾ।

**ਢੇਸਾ** ਪਹਿਲਾਂ ਅਣਹੋਂਦ ਦਾ ਬੰਦਾ ਸੀ, ਅਰਥਾਤ ਨਾਸਤਕ ਸੀ। ਵਸਦੇ ਰਸਦੇ ਸੰਸਾਰ ਵਿਚ ਉਸਨੂੰ ਐਉਂ ਭਾਸਦਾ ਸੀ ਕਿ ਕੁਛ ਹੈ ਨਹੀਂ, ਜੋ ਦਿੱਸਦਾ ਹੈ ਇਸਦੇ ਬਦਲਨ ਮਾਤ੍ਰ ਦੇ ਭੁਲੇਵੇਂ ਵਿੱਚ ਉਹ ਅਣਹੋਂਦ ਵੇਂਹਦਾ ਸੀ। ਇਹ ਨਹੀਂ ਸੀ ਸਮਝਦਾ ਕਿ ਜੋ ਬਦਲਨਾ ਹੈ ਉਹ ਵਿਨਾਸ਼ ਨਹੀਂ, ਇਕ ਹੋਂਦ ਹੈ ਅਰ ਏਹ ਸਭ ਉਸ ਸਦਾ ਦੀ ਹੋਂਦ ਦੇ ਲੱਖਨ ਹਨ। ਵਟਾਉ ਸਟਾਉ ਕਿਸੇ 'ਹੋਂਦ' ਦੇ ਹੋਣ ਦਾ ਸਬੂਤ ਹਨ, ਅਣਹੋਂਦ ਦਾ ਨਹੀਂ, ਪਰ ਉਸਦੀ ਅਕਲ ਇਸੇ ਪੁੱਠੇ ਪਾਸੇ ਪਈ ਹੋਈ ਸੀ। ਉਂਞ ਅਕਲ ਚਤੁਰ ਸੀ। ਸੋ ਉਸਦੀ ਚਤੁਰਾਈ ਨੂੰ ਭਾਈ ਸਾਈਂਦਾਸ ਜੀ ਦੀ ਉਚੇਰੀ ਤੇ ਉੱਜਲ ਚਤੁਰਾਈ ਨੇ, ਜੋ ਸੱਚ ਦੀ ਟੇਕ ਵਾਲੀ ਸੀ, ਜਿੱਤ ਲਿਆ ਸੀ। ਉਸਦੀ ਅਕਲ ਨੂੰ, ਜੋ ਸੱਖਣਾਪਨ ਵੇਖ ਰਹੀ ਸੀ, ਭਾਈ ਜੀ ਨੇ ਭਰਿਆਪਨ ਦਿਖਾ ਦਿੱਤਾ ਸੀ। ਫਿਰ ਉਸਦੀ ਰਹਿਣੀ ਵਿੱਚ ਭਲੇ ਸੁਭਾ ਦੇ, ਸੇਵਾ ਦੇ, ਭਲੀ ਕਰਨੀ ਆਦਿਕ ਦੇ ਦਵਾ ਦਾਰੂ ਲਾਕੇ ਉਸ ਵਿੱਚ ਸੰਜਮ ਤੇ ਨੇਕੀ ਵਸਾਈ ਸੀ। ਢੇਸਾ ਤਾਂ ਸਮਝਦਾ ਸੀ ਕਿ ਮੈਂ ਪੂਰਨ ਹੋ ਚਲਿਆ ਹਾਂ, ਪਰ ਭਾਈ ਜੀ ਜਾਣਦੇ ਸੀ ਕਿ ਅਜੇ ਢੇਸਾ ਸਤਿਸੰਗ ਦੇ ਬਹਿਰੰਗ* ਰੰਗਾਂ ਵਿਚ ਆਇਆ ਹੈ, ਅਜੇ ਤਾਂ 'ਗੁਣ' ਪੈਦਾ ਹੋ ਰਹੇ ਹਨ, ਕਿਉਂਕਿ **'ਵਿਣੁ ਗੁਣ ਕੀਤੇ ਭਗਤਿ ਨ ਹੋਇ॥'**{ਜਪੁਜੀ-੨੧} ਗੁਣ ਆਉਣ ਤਾਂ ਭਗਤੀ ਹੋਵੇ ਤੇ ਗੁਣ ਸਾਰੇ ਰੱਬ ਵਿਚ ਹਨ, ਬੰਦੇ ਤਾਂ ਨਿਰਗੁਣ ਹਨ। ਫੇਰ ਗੁਣ ਕੀਕੂੰ ਆਉਣ? ਸਤਿਸੰਗ ਵਿਚ ਰੱਬ ਦਾ ਨਿਵਾਸ ਹੈ, ਸਤਿਸੰਗ ਵਿਚ ਗੁਣ ਲੱਭਦੇ ਹਨ, ਕਿਉਂਕਿ ਸਤਿਸੰਗ ਸਾਈਂ ਦੀ ਮਾਨੋਂ ਹੱਟ ਹੈ ਤੇ ਓਥੇ ਗੁਣਾਂ ਦੀ ਰਾਸ ਮੌਜੂਦ ਰਹਿੰਦੀ ਹੈ, ਜੋ ਵਿਹਾਜਣਹਾਰਾਂ ਨੂੰ ਅਮੁੱਲ ਮਿਲਦੀ ਹੈ। ਓਥੋਂ ਫੇਰ **'ਸਭਿ ਗੁਣ ਤੇਰੇ ਮੈ ਨਾਹੀ ਕੋਇ॥'**{ਜਪੁਜੀ-੨੧} ਵਾਕ ਮੂਜਬ ਮੈਂ ਨਿਰਗੁਣ ਵਿੱਚ ਸਾਈਂ ਗੁਣੀ ਭੰਡਾਰ ਦੇ ਗੁਣ ਝਲਕੇ ਮਾਰਨ ਲਗ ਪੈਂਦੇ ਹਨ। ਤਦੇ ਵਾਕ ਹੈ:-

**'ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥'**

{ਗੂਜ: ਮ: ੫, ਪੰਨਾ ੪੯੫}

ਸੋ ਭਾਈ ਜੀ ਨੇ ਪਹਿਲਾਂ ਢੇਸੇ ਦੀ ਦਿਮਾਗੀ ਹਿਲ ਜੁਲ ਨੂੰ ਅਪਣੀ ਉੱਜਲ ਬੁੱਧੀ ਨਾਲ ਠੰਢ ਪਾਈ, ਫੇਰ (੨) ਸੰਜਮ ਸਿਖਾਇਆ--ਜਿਸਦਾ ਵੇਰਵਾ

* ਬਾਹਰਲੇ


www.sikhbookclub.com

ਪਿੱਛੇ ਆ ਚੁਕਾ ਹੈ- ਫੇਰ (੩) ਉਸਨੂੰ ਸੇਵਾ ਦੀ ਪਹਿਲੀ ਮੰਜ਼ਲ ਸਿਖਾਈ, ਜੋ ਉਸਨੇ ਉਨ੍ਹਾਂ ਦੀ ਆਗਿਆ ਵਿਚ ਕੀਤੀ। ਫੇਰ (੪) ਢੇਸੇ ਨੂੰ ਕੀਰਤਨ ਸੁਣਨ ਦਾ ਰਸ ਪੈ ਗਿਆ, ਫੇਰ (੫) ਭਾਈ ਜੀ ਦੇ ਸਤਿਸੰਗ ਦੀ ਇੱਛਾ ਪ੍ਰਬਲ ਹੋ ਆਈ ਤੇ ਭਾਈ ਜੀ ਨੂੰ ਡੱਲੇ ਤੋਂ ਡਰੋਲੀ ਲੈ ਆਇਆ। ਵਰਤਾਉ ਤੇ ਸਤਿਸੰਗ ਨੇੜੇ ਹੋ ਗਿਆ। ਭਾਈ ਜੀ ਦਾ ਜੀਵਨ ਤੇ ਪ੍ਰਚਾਰ ਤੇ ਮਕਾਨ ਦਾ ਉੱਸਰਨਾ ਤੇ ਸਤਿਗੁਰਾਂ ਦਾ ਆਕੇ ਠਹਿਰਨਾ ਸਾਰੇ ਸੁਹਣੇ ਨਜ਼ਾਰੇ ਅੱਖਾਂ ਅੱਗੋਂ ਲੰਘੇ। ਕਿਤਨਾ ਚਿਰ ਸਤਿਗੁਰੂ ਜੀ ਦੇ ਪ੍ਰਤੱਖ ਦਰਸ਼ਨ ਹੁੰਦੇ ਰਹੇ। (੬) ਇਸ ਸਾਰੇ ਅਰਸੇ ਵਿਚ ਢੇਸਾ ਸਹਿਜ ਸੁਭਾਉ ਗੁਰਬਾਣੀ ਦਾ ਰਸੀਆ ਹੋ ਗਿਆ। ਗੁਰਬਾਣੀ ਦਾ ਪਾਠ ਮਨ ਦੀ ਸ਼ੁੱਧੀ ਵਾਸਤੇ ਕਰੀਦਾ ਹੈ, ਪਜਾਰ ਵਾਸਤੇ ਕਰੀਦਾ ਹੈ, ਦਿਲ ਦੇ ਇਕ ਰੁਖ ਵਲ ਝੁਕਾਉ ਪੈਦਾ ਕਰਨ ਲਈ ਕਰੀਦਾ ਹੈ। ਸੋ ਢੇਸਾ ਬੜੇ ਪ੍ਰੇਮ ਨਾਲ ਗੁਰਬਾਣੀ ਦਾ ਪਾਠ ਤੇ ਵੀਚਾਰ ਕਰਨ ਲਗ ਪਿਆ, ਬਾਣੀ ਦੇ ਵਿਚਾਰ ਵਾਲੇ ਅਸਰ ਨਾਲ ਦਿਮਾਗ਼ ਮੰਝਣ ਲਗ ਪਿਆ। ਸੋ ਬਾਣੀ ਦੇ ਪਹਿਲੇ ਅਸਰ* ਨੇ ਮਨ ਸਾਫ਼ ਕੀਤਾ, ਮਾਯਾ ਦੀ ਮੈਲ ਤੋੜੀ ਤੇ 'ਵਿਚਾਰ ਰੂਪੀ ਅਸਰ' ਨੇ ਦਿਮਾਗ ਗਜਾਨ-ਮਈ ਕੀਤਾ। ਹੁਣ ਇਕ ਪ੍ਰਭਾਵ ਮਨ ਤੇ ਇਹ ਪੈਂਦਾ ਹੈ ਕਿ ਏਥੇ ਨਾਮ ਦਾ ਨਿਵਾਸ ਹੋ ਜਾਵੇ। (੭) ਨਾਮ ਇਕ ਦਾਤ ਹੈ, ਜੋ ਸਾਈਂ ਦੀ ਮਿਹਰ ਨਾਲ ਮਿਲਦੀ ਹੈ। ਕੋਈ ਨਹੀਂ ਸਿਮਰਨ ਕਰ ਸਕਦਾ, ਜਿਸ ਪਰ ਇਹ ਮਿਹਰ ਨਹੀਂ:-

**"ਸੇ ਸਿਮਰਹਿ ਜਿਨ ਆਪਿ ਸਿਮਰਾਏ"॥**

---

* ਬਾਣੀ ਪਦ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਭਾਵ ਹਨ, ਇਕ ਨਾਮ, ਦੂਸਰਾ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖੀ ਗਈ ਬਾਣੀ। ਇਸ ਗੁਰਬਾਣੀ ਦੇ ਪਾਠ ਵਿਚ ਇਕ ਤਾਂ ਉਪਦੇਸ਼ ਹੈ, ਜਿਸਨੂੰ ਵਿਚਾਰ ਨਾਲ ਸਮਝੀਦਾ ਹੈ, ਇਹ ਦਮਾਗ ਉੱਜਲ ਕਰਦਾ ਹੈ। ਦੂਸਰੇ ਮਨ ਨੂੰ ਪਵਿੱਤ੍ਰ ਕਰਨੇ ਦਾ ਅਸਰ ਹੈ, ਤੀਸਰੇ ਇਸ ਵਿਚ ਸਿਫ਼ਤ ਸਲਾਹ ਹੈ। ਸਾਈਂ ਦਾ ਨਾਮ ਹੈ- 'ਮਹਾ ਮੰਤ੍ਰ ਨਾਨਕੁ ਕਥੈ ਹਰਿ ਕੇ ਗੁਣ ਗਾਈ॥' ਉਹ ਮਹਾਂ ਮੰਤ੍ਰ ਕਿਹੜੀ ਸ਼ੈ ਹੈ:- "ਸੁਨਤ ਜਪਤ ਹਰਿਨਾਮ ਜਸੁ ਤਾਕੀ ਦੂਰਿ ਬਲਾਈ'॥ (ਬਿਲਾ: ਮ: ੫, ਪੰਨਾ ੮੧੪) ਹਰੀ ਦੇ ਨਾਮ ਦਾ ਜਸ ਗੁਰਬਾਣੀ ਹੈ, ਸੋ ਗੁਰਬਾਣੀ ਦਾ ਸੁਣਨਾ ਤੇ ਜਪਣਾ ਮਹਾਂ ਮੰਤ੍ਰ ਦੇ ਅਸਰ ਵਾਲਾ (ਭਾਵ ਮੈਲਾਂ ਵਿਖੇਪਾਂ ਤੇ ਦੁਖਾਂ ਨੂੰ ਦੂਰ ਕਰਨੇ ਵਾਲਾ) ਹੈ। ਵਾਕ ਹੈ- 'ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਨ ਕਉ॥' {ਸਾਰੰਗ : ਮ: ੫, ਪੰਨਾ ੧੨੦੮}

ਤੇ ਇਸ ਮਿਹਰ ਦੀ ਪ੍ਰਾਪਤੀ ਦੀ ਜੁਗਤ ਅਗਲੀ ਤੁਕ ਵਿਚ ਹੈ:-

"ਨਾਨਕ ਤਾਕੈ ਲਾਗਉ ਪਾਏ॥" {ਸੁਖਮਨੀ}

ਨਾ ਹੀ ਕੋਈ ਜਪ, ਤਪ, ਸੰਜਮ ਤੇ ਸੇਵਾ ਕਰਨੀ ਇਸ ਦਾਤ ਦਾ ਹੱਕਦਾਰ ਬਣਾਉਂਦੀ ਹੈ। ਨਾ ਹੀ ਕੋਈ ਵਿਉਂਤ ਹੈ, ਜਿਸ ਨਾਲ ਕਿ ਕਿਸੇ ਪ੍ਰਕਾਰ ਦੇ ਜ਼ੋਰ ਨਾਲ ਇਹ ਲੱਭ ਸਕੇ:-

"ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ
ਅਕੈ ਕੋਈ ਕਿਹੁ ਦੇਵਾਏ ਇਹੁ ਹਰਿ ਧਨੁ ਜੋਰਿ ਕੀਤੈ ਕਿਸੈ
ਨਾਲਿ ਨ ਜਾਇ ਵੰਡਾਇਆ"॥ {ਬਿਲਾ: ਵਾਰ-੯, ਪੰਨਾ ੮੫੩}

ਫਿਰ ਇਹ ਕਿੱਥੋਂ ਲਭਦਾ ਹੈ:-

"ਹਰਿ ਧਨੁ ਰਤਨ ਜਵੇਹਰੀ ਸੋ ਗੁਰਿ ਹਰਿ ਧਨੁ ਹਰਿ
ਪਾਸਹੁ ਦੇਵਾਇਆ"॥ {ਬਿਲਾ: ਵਾਰ-੯, ਪੰਨਾ ੮੫੩}

ਅਰਥਾਤ- ਇਹ ਹਰ ਧਨ ਰਤਨ ਜਵਾਹਰਾਂ ਵਾਂਙੂ ਅਮੋਲਕ ਹੈ ਤੇ ਰੱਬ ਜੀ ਤੋਂ ਲੱਭਦਾ ਹੈ ਤੇ ਗੁਰੂ ਮਹਾਰਾਜ ਜੀ ਰੱਬ ਪਾਸੋਂ ਦਿਵਾਉਂਦੇ ਹਨ ਤੇ ਰੱਬ ਜੀ ਇਹ ਕਿਸ ਤਰ੍ਹਾਂ ਦੇਂਦੇ ਹਨ:-

"ਜਿਸਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ ਤਿਸੁ ਹਰਿ ਧਨ
ਕੀ ਵੰਡ ਹਥਿ ਆਵੈ ਜਿਸਨੋ ਕਰਤੈ ਧੁਰਿ ਲਿਖਿ ਪਾਇਆ॥"
{ਵਾਰ ਬਿ: ਮ: ੪, ਪੰਨਾ ੮੫੩}

ਫਿਰ ਜੋ ਮਨ ਨੂੰ ਸ਼ੁੱਧ ਕਰਨਾ ਹੈ, ਆਚਰਨ ਨੇਕ ਬਣਾਉਣੇ ਹਨ, ਸੇਵਾ ਤੇ ਸੰਜਮ ਸਿੱਠਣਾ ਹੈ, ਨਿੱਤਨੇਮ ਤੇ ਬਾਣੀ ਦਾ ਪਾ (ਅਭਿਆਸ) ਕਰਨਾ ਹੈ, ਇਸਦਾ ਕੀ ਮਤਲਬ ਹੈ? ਉੱਤਰ ਇਹ ਹੈ ਕਿ ਨਾਮ ਤਾਂ ਰੱਬੀ ਦਾਤ ਹੈ, ਪਰ ਦਾਤਾ ਜਦ ਦਾਤ ਦੇਂਦਾ ਹੈ ਤਾਂ ਮੰਗਤਾ ਅੱਗੋਂ ਝੋਲੀ ਅੱਡਦਾ ਹੈ। ਸੋਈ ਸ਼ੁਭ ਗੁਣਾਂ ਦਾ ਧਾਰਨਾ, ਸੇਵਾ ਤੇ ਬਾਣੀ ਦਾ ਅਭਿਆਸ ਕਰਨਾ, ਕੁਛ ਇਸੇ ਤਰ੍ਹਾਂ ਦੀ ਇਕ ਤਿਆਰੀ ਹੈ। ਇਸ ਨਾਲ ਮਨ ਸ਼ੁਧ ਹੋਕੇ ਸਾਈਂ ਦੇ ਦਰ ਝੋਲੀ ਵਾਂਙੂ ਅੱਡਿਆ ਜਾਂਦਾ ਹੈ। ਜਦੋਂ ਫੇਰ ਦਾਤ ਮਿਲਦੀ ਹੈ ਤਾਂ ਝੋਲੀ ਦੇ ਵਿੱਚ ਪੈਂਦੀ ਹੈ।

ਭਾਈ ਸਾਈਂਦਾਸ ਨੇ ਢੇਸੇ ਨੂੰ ਅਣਹੋਂਦ ਭਾਵ ਦੇ ਹਨੇਰੇ ਵਿਚੋਂ ਕੱਢ ਕੇ ਤੋਟੇ ਤੇ ਸ਼ੂਨਤਾ ਦੇ ਅੰਦਰ ਵਾਪਰ ਰਹੇ ਅਸਰ ਤੋਂ ਸਾਫ਼ ਕਰਕੇ ਤੇ ਸ਼ੁਭ ਗੁਣਾਂ ਵਿੱਚ

ਸ਼ੁੱਧ ਮਨ ਕਰਕੇ ਸਤਿਗੁਰਾਂ ਵਲੋਂ ਹਰਧਨ ਦੀ ਦਾਤ ਦਿਵਾਏ ਜਾਣ ਲਈ ਤਿਆਰ ਕਰ ਰਖਿਆ ਸੀ। ਡਰੋਲੀ ਨਿਵਾਸ ਦੇ ਦਿਨਾਂ ਵਿਚ ਆਪ ਸਤਿਗੁਰ ਜੀ ਇੱਕ ਦਿਹਾੜੇ ਬਾਹਰ ਸ਼ਿਕਾਰ ਤੋਂ ਆਏ ਕਿਸੇ ਖੂਹ ਤੇ ਬੈਠੇ ਸਨ, ਕਿ ਢੇਸਾ ਸਾਰੇ ਸਿੱਖਾਂ ਤੋਂ ਪਹਿਲਾਂ ਅੱਪੜ ਪਿਆ। ਗੁਰੂ ਜੀ ਨੂੰ ਪਿਆਸ ਲੱਗ ਰਹੀ ਸੀ। ਢੇਸੇ ਨੇ ਦੌੜਕੇ ਖੂਹ ਤੋਂ ਜਲ ਆਂਦਾ ਤੇ ਛਕਾਇਆ। ਸਤਿਗੁਰ ਜੀ ਨੇ ਇੱਕ ਤਿਰਛੀ ਨਿਗਾਹ ਨਾਲ ਵੇਖਿਆ ਫੇਰ ਬੋਲੇ- ਤੇਰਾ ਨਾਮ?

ਢੇਸਾ- ਜੀਓ, ਦਾਸ ਦਾ ਨਾਮ ਹੈ, ਢੇਸਾ।

ਸਤਿਗੁਰ ਜੀ- **ਅਜੇ ਵੇਲਾ ਨਹੀਂ ਆਇਆ।**

ਇਹ ਸੁਣਕੇ ਢੇਸਾ ਪੈਰਾਂ ਤੇ ਢੈ ਪਿਆ ਤੇ ਬੋਲਿਆ- 'ਦਰ ਢੱਠਣੀ' ਬਖਸ਼ੀ ਰੱਖਣੀ।

ਸਤਿਗੁਰ ਜੀ-ਹਾਂ, ਪਰ ਓਹ......ਅਜੇ ਓਹ..... ਵੇਲਾ ਨਹੀਂ।

ਇਹ ਗੱਲ ਬੀਤ ਗਈ। ਢੇਸੇ ਨੇ ਸਾਈਂ-ਦਾਸ ਨੂੰ ਦੱਸਿਆ। ਉਨ੍ਹਾਂ ਆਖਿਆ ਢੇਸਿਆ! ਤੁਧ ਭਲੀ ਮੰਗ ਮੰਗੀ- 'ਦਰ ਢੱਠਣੀ' ਮਿਲੀ ਰਹੇ ਸਾਡੇ ਲਈ ਤਾਂ ਏਹੋ ਬੱਸ ਹੈ।

ਢੇਸਾ- ਪਰ ਭਾਈ ਸਾਹਿਬ ਜੀ! ਮੈਂ ਉਸ ਵੇਲੇ ਮੰਗਿਆ ਕੁਛ ਨਹੀਂ ਸੀ। ਇਹ ਮੈਂ ਬੇਅਦਬੀ ਸਮਝੀ ਸੀ ਜਿਸਦੇ ਕਰਨੋਂ ਡਰਦਾ ਸਾਂ।

ਭਾਈ ਜੀ- ਤੁਸਾਂ ਭਲਾ ਕੀਤਾ, ਪਰ ਉਹ ਸ਼ਹਿਨਸ਼ਾਹ ਆਪੇ ਤ੍ਰੁੱਠਣ ਲੱਗਾ ਸੀ ਤੇ ਤੂੰ ਸਮਝ ਤ੍ਰੁੱਠ ਪਿਆ ਹੈ, ਹੁਣ ਤਾਂ ਸਮੇਂ ਦੀ ਗਲ ਰਹਿ ਗਈ ਏ, ਦਾਤ ਮਿਲਨੀ ਤਾਂ ਨਿਸ਼ਚੇ ਹੋ ਗਈ ਹੈ। **'ਅਜੇ ਵੇਲਾ ਨਹੀਂ ਆਇਆ'**। ਇਸਦਾ ਅਰਥ ਹੈ ਕਿ ਦਾਤ ਤਾਂ ਜ਼ਰੂਰ ਮਿਲਣੀ ਹੈ ਪਰ ਅਜੇ ਸਮਾ ਨਹੀਂ ਆਇਆ, ਸਮਾ ਆਵੇਗਾ ਤਾਂ ਮਿਲੇਗੀ। ਸੋ ਮਿਲਣਾ ਤਾਂ ਨਿਸ਼ਚੇ ਹੋ ਗਿਆ, ਵਕਤ ਅਨਿਸ਼ਚੇ ਰਿਹਾ, ਸੋ ਵਡੇਰਾ ਕੰਮ ਤਾਂ ਹੋ ਗਿਆ, ਸਮੇਂ ਦਾ ਕੀ ਹੈ, ਇਹ ਤਾਂ ਬੀਤਦਾ ਰਹਿੰਦਾ ਹੈ ਤੇ ਮਿਥਿਆ ਹੋਇਆ ਅਵਸਰ ਆ ਹੀ ਜਾਂਦਾ ਹੈ। ਹੁਣ ਸ਼ੁਕਰ ਵਿੱਚ ਰਹੁ।

ਢੇਸਾ- ਜੀਓ ਦਾਤਾ ਜੀਓ! ਮੈਨੂੰ ਤਾਂ ਅਪਣੇ ਸਤਿਸੰਗ ਦਾ ਦਰ ਬਖਸ਼ੀ ਰੱਖੋ, ਫੇਰ ਜੋ ਦਿਓ ਸੋ ਵਾਧਾ ਤੇ ਜਦੋਂ ਦਿਓ ਸੁ ਤਦੋਂ ਹੀ ਵਾਧਾ।

ਇਸ ਤਰ੍ਹਾਂ ਦੇ ਬਚਨ ਬਿਲਾਸ ਮਗਰੋਂ ਢੇਸਾ ਉਸੇ ਤਰ੍ਹਾਂ ਲੱਗਾ ਰਿਹਾ। ਇਕ ਦਿਨ ਸਵੇਰ ਸਾਰ ਜਦੋਂ ਕਿ ਸਤਿਗੁਰ ਜੀ ਤੁਰਨ ਦੀਆਂ ਤਿਆਰੀਆਂ ਕਰ ਰਹੇ ਸੇ, ਢੇਸਾ ਬਾਣੀ ਪੜ੍ਹਦਾ ਖੇਤਾਂ ਦੇ ਵਿੱਚ ਦੀ ਜਾ ਰਿਹਾ ਸੀ ਕਿ ਉਸ ਦੀ ਮਧੁਰ ਧੁਨੀ ਸਤਿਗੁਰਾਂ ਨੇ ਸੁਣੀ। ਆਪ ਉਸ ਵੇਲੇ ਇੱਕ ਵਗਦੇ ਖੂਹ ਦੇ ਚੁਬੱਚੇ ਤੇ ਵਗਦੇ ਜਲ ਵਿਚ ਚਰਨ ਰਖੀ ਬੈਠੇ ਸਨ, ਮਿੱਠੀ ਧੁਨਿ ਸੁਣਕੇ ਆਪ ਬੜੇ ਖੁਸ਼ ਹੋਏ ਤੇ ਬੋਲੇ: ਢੇਸਿਆ!

ਢੇਸਾ ਭੱਜਕੇ ਆਇਆ ਤੇ ਚਰਨਾਂ ਤੇ ਢੈ ਪਿਆ।

ਸਤਿਗੁਰ ਜੀ- ਢੇਸਾ।

ਢੇਸਾ- ਜੀ ਪਾਤਸ਼ਾਹ?

ਸਤਿਗੁਰ ਜੀ- ਜਾਹ, ਇਕ ਕੋਹ ਹੋਰ ਅੱਗੇ ਤੇ ਉਜਾੜ ਵਿਚ ਇਕ ਘੜੀ ਬੈਠਕੇ ਆ ਜਾ। ਜਾਹੁ, ਚੁਪ ਬੈਠਕੇ ਆ ਜਾ।

ਢੇਸਾ ਮੱਥਾ ਟੇਕ ਕੇ ਟੁਰ ਗਿਆ। ਦਿਲ ਵਿਚ ਇਕ ਚਾਉ ਹੈ ਤੇ ਇਕ ਸਹਿਮ ਹੈ। 'ਦਾਤੇ ਨੇ ਹੁਕਮ ਦਿੱਤਾ' ਇਸ ਗਲ ਦਾ ਤਾਂ ਚਾਉ ਹੈ। ਕੀਹ ਹੋਣਾ ਹੈ? ਇਹ ਸਹਿਮ ਹੈ। ਪਰ ਉਹ ਗੁਰੂ ਗੁਰੂ ਜਪਦਾ ਟੁਰੀ ਗਿਆ ਤੇ ਜਾ ਇਕ ਉਜਾੜ ਵਿਚ ਬੈਠਾ। ਢੇਸੇ ਨੇ ਹੁਣ ਅੱਖਾਂ ਮੀਟ ਲਈਆਂ ਤੇ ਮੂੰਹ ਬੰਦ ਕਰ ਲਿਆ। ਚਾਰ ਚੁਫੇਰੇ ਚੁੱਪ ਚਾਪ ਸੀ। ਕੰਨਾਂ ਵਿਚ ਲਗੀ ਅਪਣੇ ਹੀ ਸਰੀਰ ਦੇ ਅੰਤ੍ਰੀਵ ਅੰਗਾਂ ਦੀ ਹਰਕਤ ਸੁਣਾਈ ਦੇਣ: ਸ਼ਾਂ ਸ਼ਾਂ, ਪਰ ਢੇਸੇ ਕਿਹਾ- ਸੱਚ-ਮੁਚ ਸਤਿਗੁਰ ਨੇ ਇਹ ਸ਼ਾਂ ਸ਼ਾਂ ਸੁਣਨ ਤਾਂ ਮੈਨੂੰ ਨਹੀਂ ਘੱਲਿਆ, ਇਹ ਤਾਂ ਐਵੇਂ ਪਈ ਇਕਾਂਤ ਵਿੱਚ ਸੁਣੀਂਦੀ ਹੈ; ਜਦੋਂ ਕਿ ਬਾਹਰ ਦੇ ਉੱਚੇ ਸ਼ਬਦ ਬੋਲਣੋਂ ਹਟ ਜਾਣ। ਮੈਨੂੰ ਸਤਿਗੁਰ ਨੇ ਏਸਦੇ ਸੁਣਨ ਲਈ ਨਹੀਂ ਘੱਲਿਆ ਹੋਣਾ, ਉਹ ਉੱਚਾ ਦਾਤਾ ਕਿਸੇ ਉਚੇ ਮਨਤੱਵ ਤੇ ਆਪਣੇ ਸੇਵਕਾਂ ਨੂੰ ਟੋਰਦਾ ਹੈ। ਇਹ ਸ਼ਾਂ ਸ਼ਾਂ ਤਾਂ ਨਿੰਮ ਬਹੁਤ ਪੀ ਲਈਏ ਜਾਂ ਖੁਸ਼ਕੀ ਚੜ੍ਹ ਜਾਏ ਤਾਂ ਆਪੇ ਹੀ ਜ਼ੋਰਾਂ ਦੀ ਸੁਣ ਲਈ ਦੀ ਹੈ; ਤਾਂ ਤੇ ਇਧਰੋਂ ਧਿਆਨ ਮੋੜਾਂ। ਸੋ ਢੇਸੇ ਨੇ ਆਪਣੇ ਧਿਆਨ ਨੂੰ ਸ਼ਾਂ ਸ਼ਾਂ ਵਲੋਂ ਮੋੜਿਆ, ਤਾਂ ਅੱਖਾਂ ਅੱਗੋਂ ਕਈ ਦੇਖੇ ਥਾਂ ਤੇ ਡਿੱਠੇ ਜੀਵ ਲੰਘੇ। ਢੇਸੇ ਕਿਹਾ, ਜ਼ਰੂਰ ਮੇਰੇ ਸਤਿਗੁਰ ਦਾ ਇਹ ਮਤਲਬ ਨਹੀਂ ਹੋਣਾ ਕਿ ਮੇਰੇ ਦਿਮਾਗ਼ ਅੱਗੇ, ਮੇਰੇ ਚੇਤੇ ਦੀ ਸ਼ਕਤੀ ਨਾਲ ਡਿੱਠੇ ਹੋਏ ਥਾਂ ਤੇ ਵੇਖੇ ਹੋਏ ਜੀਵ ਲਿਆ ਲਿਆ ਰੱਖੋ। ਜ਼ਰੂਰ ਮੇਰੇ ਸਤਿਗੁਰ ਦਾ

ਆਸ਼ਾ ਗੰਭੀਰ ਤੇ ਉੱਚਾ ਹੈ। ਫੇਰ ਉਸਨੇ ਏਸ ਤੋਂ ਬੀ ਜੀ ਨੂੰ ਮੋੜ ਲਿਆ ਤੇ ਜੋ ਸੂਰਤ ਮਨ ਅਗੇ ਆਵੇ ਉਸ ਨੂੰ ਵਰਜਕੇ ਬਾਹਰੋਂ ਹੀ ਟੋਰ ਦੇਵੇ, ਤਾਂ ਅੰਦਰ ਇਕ ਵਿਹਲ ਜਹੀ ਲੱਗੀ ਭਾਸਣ। ਢੇਸੇ ਕਿਹਾ, ਜ਼ਰੂਰ ਮੇਰੇ ਦਾਤੇ ਦਾ ਇਹ ਵਿਹਲ ਮਾਤ੍ਰ ਨੂੰ ਤੱਕਣਾਂ ਮੇਰੇ ਘੱਲਣ ਦਾ ਪਰੋਜਨ ਨਹੀਂ ਹੋ ਸਕਦਾ। ਤਦ ਉਸ ਆਖਿਆ ਹੁਣ ਮੈਂ ਹੋਰ ਕਰਾਂ ਕੀਹ? ਨਾ ਸ਼ਾਂ ਸ਼ਾਂ ਸੁਣਾਂ, ਨਾ ਮੂਰਤਾਂ ਦੇ ਅਕਸ ਵੇਖਾਂ, ਹਾਂ ਸਭ ਨੂੰ ਵਰਜ ਰਹਾਇਆਂ ਜੋ ਵਿਹਲ ਜਿਹੀ ਪਈ ਹੈ, ਇਸ ਵਿੱਚ ਟਿਕਾਂ?

ਪਰ ਓਹੋ! ਮੈਂ ਕਿਉਂ ਕਰਣੀਆਂ ਵਿੱਚ ਲੱਗਾ ਪਿਆ ਹਾਂ? ਮੈਨੂੰ ਬਹਿ ਆਉਣ ਦਾ ਹੁਕਮ ਹੈ। ਘੜੀ ਭਰ ਬਹਿਕੇ ਟੁਰ ਜਾਵਾਂ। ਪਰ ਹਾਂ....ਚੁੱਪ ਬਹਿਕੇ ਟੁਰ ਜਾਵਾਂ। ਹੈਂ, ਪਰ ਮੈਂ ਤਾਂ ਆਪੇ ਕੁਛ ਕੁਛ ਕਰਨ ਲਗ ਪਿਆ ਹਾਂ, ਜੋ ਮੈਂ ਕਰਾਂ ਕੁਛ ਨਾਂ, 'ਅ+ਕਰਾਂ' ਜਿਹਾ ਹੋ ਰਹਾਂ। ਪਰ ਕੁਛ ਨਾ ਕਰਣੇ ਵਾਲਾ ਹੋਵਾਂ ਕੀਕੂੰ? ਮਨ ਨੇ ਕੁਛ ਕਰਨਾਂ ਹੀ ਹੋਇਆ 'ਵਰਜ ਰਹਾਉਣਾ ਕੁਛ ਕਰਨੋਂ' ਬੱਸ, ਇਹੋ ਹੀ 'ਅ+ਕਰਾਂ' ਮੈਂ ਕਰਾਂ।

ਹੁਣ ਚੇਤਾ ਆਇਆ ਭਾਈ ਸਾਈਂਦਾਸ ਜੀ ਦਾ, ਪਰ ਸੂਰਤ ਅੱਖਾਂ ਅੱਗੇ ਨਾ ਆਈ। ਸੋਚ ਫੁਰੀ ਮੈਂ ਉਨ੍ਹਾਂ ਨੂੰ ਪੁੱਛਿਆ ਹੁੰਦਾ ਕਿ ਐਹੋ ਜੇਹੇ ਸਮੇਂ ਕੀਹ ਕਰੀਦਾ ਹੈ ਤਾਂ ਹੁਣ ਔਖਾ ਨਾ ਹੁੰਦਾ। ਹੱਛਾ ਭਾਈ ਜੀ ਕਿਹਾ ਕਰਦੇ ਹਨ ਕਿ ਦੇਸ਼ ਕਾਲ ਤਾਂ ਪੜਦੇ ਹੀ ਹੈਨ ਨਾ, ਜੋ ਅਸਲ ਸ਼ੈ ਨੂੰ ਡਿੰਗ ਪਾ ਪਾ ਦੱਸਦੇ ਹਨ। ਸੋ ਮੈਂ ਸਮਝਾਂ ਕਿ ਭਾਈ ਜੀ ਮੇਰੇ ਕੋਲ ਹਨ, ਇਸ ਵੇਲੇ ਹਨ, ਸੋ ਮੈਂ ਉਨ੍ਹਾਂ ਵਲ ਤੱਕਦਾ ਹਾਂ, ਓਹ ਦੱਸਣਗੇ ਕਿ ਮੈਂ ਕਿਵੇਂ ਕਰਾਂ। ਢੇਸਾ ਹੁਣ ਜ਼ੋਰ ਲਾਵੇ, ਸਾਈਂ ਦਾਸ ਜੀ ਦਾ ਚਿਹਰਾ ਅੱਖਾਂ ਅਗੇ ਨਾ ਆਵੇ। ਹੋਰ ਜਗਤ ਦੇ ਦੇਖੇ ਸੁਣੇ, ਆਪਣੇ ਪਰਾਏ, ਵੈਰੀ ਸੱਜਣ ਤਾਂ ਪਏ ਅੱਖਾਂ ਅਗੇ ਝਲਕੇ ਮਾਰਨ, ਪਰ ਗੁਰਮੁਖ ਦਾ ਚਿਹਰਾ ਨਦਰੀ ਨਾ ਆਵੇ। ਫੇਰ ਜੋਰ ਲਾਇਆ, ਪਰ ਗੁਰਮੁਖ ਦਾ ਧਿਆਨ ਨਾ ਆਇਆ। ਖਿਆਲ ਤਾਂ ਸਾਰਾ ਸਾਈਂਦਾਸ ਵਲ ਲੱਗ ਗਿਆ, ਪਰ ਸੂਰਤ ਨਾ ਦਿੱਸੀ। ਫੇਰ ਢੇਸੇ ਘਬਰਾਕੇ ਆਖਿਆ- 'ਵਾਹ ਅਵੈੜੇ ਮਨਾਂ! ਜੋ ਡਾਢੇ ਪਿਆਰੇ ਹਨ, ਜੋ ਇਸਤ੍ਰੀ, ਪੁੱਤ੍ਰ, ਮਿੱਤ੍ਰ, ਸਨਬੰਧੀ ਸਭ ਤੋਂ ਉੱਚੇ, ਸੁੱਚੇ, ਸੁਹਣੇ ਤੇ ਮਿੱਠੇ ਹਨ ਉਹ ਹੀ ਦਿਲ ਤੋਂ ਐਨੀ ਦੂਰ ਹਨ ਕਿ ਨਹੀਂ ਦੀਹੰਦੇ। ਹੋਰ ਸਹੁਰੇ ਸਾਰੇ ਪਏ ਦਿਲ ਦੇ ਨੇਤਰਾਂ ਅਗੇ ਘੁੰਮਰ ਪਾਉਂਦੇ


www.sikhbookclub.com

ਹਨ; ਵਰਜ ਵਰਜ ਹਟਾਉਂਦਾ ਹਾਂ, ਪਰ ਸ਼ਹਿਤ ਦੁਆਲੇ ਮੱਖੀਆਂ ਹਾਰ ਪਏ ਘੁੰਮਦੇ ਹਨ ਤੇ ਓਹ ਜੋ ਮੈਨੂੰ ਪਿਆਰਾ ਹੈ, ਜਿਸ ਦੀ ਮੇਰੇ ਨਾਲ ਨਿਸ਼ਕਾਮ ਪ੍ਰੀਤ ਹੈ, ਜਿਸ ਮੇਰਾ ਉਧਾਰ ਕਰਨਾ ਹੈ, ਦਿਲ ਅਗੇ ਸੂਰਤ ਧਾਰਕੇ ਨਹੀਂ ਆਉਂਦਾ। ਠੀਕ! ਮੇਰਾ ਦਿਲ ਮੈਲਾ ਹੈ, ਤਦੇ ਸਤਿਗੁਰ ਜੀ ਨੇ ਉਸ ਦਿਨ ਕਿਹਾ ਸੀ-

**'ਅਜੇ ਵੇਲਾ ਨਹੀਂ ਆਇਆ।'**

ਮੈਂ ਸਮਝਦਾ ਸਾਂ ਕਿ ਬਾਣੀ ਤੇ ਸੇਵਾ ਨਾਲ ਮੇਰੀ ਮੈਲ ਝੜ ਗਈ ਹੈ। ਠੀਕ! ਮੇਰੇ ਮਨ ਦੀ ਮੋਟੀ ਮੈਲ ਝੜ ਗਈ ਹੈ, ਪਰ ਹਾਇ! ਕੋਈ ਬਰੀਕ ਮੈਲ, ਡਾਢੀ ਚੰਬੜਨ ਵਾਲੀ ਮੈਲ, ੇਰੇ ਅੰਦਰ ਹੈ, ਜੋ ਮੇਰੇ ਦਿਲ ਦੇ ਸ਼ੀਸ਼ੇ ਨੂੰ ਧੁੰਦਲਾ ਕਰ ਰਹੀ ਹੈ, ਜਿਸ ਵਿਚੋਂ ਪ੍ਰੀਤਿ ਵਾਲੇ, ਨਿਰਮਲ ਮਨ ਵਾਲੇ, ਸਾਈਂ ਦੇ ਪਿਆਰੇ, ਸੁੱਚੇ ਆਤਮਾ ਵਾਲੇ ਗੁਰਮੁਖ ਦਾ ਦਿਦਾਰ ਨਹੀਂ ਦਿੱਸਦਾ। ਯਾ ਖਬਰੇ ਐਉਂ ਹੈ ਕਿ ਮੇਰਾ ਦਿਲ ਜੋ ਇਕ ਮੰਦਰ ਹੈ, ਇਸ ਵਿਚ ਮੇਰੇ ਮਿੱਤ੍ਰ, ਸਾਕ ਸਨਬੰਧੀ ਤਾਂ ਭੱਜੇ ਆ ਰਹੇ ਹਨ, ਕਿਉਂਕਿ ਇਹ ਉਨ੍ਹਾਂ ਲਈ ਸੁਹਣਾ ਹੈ, ਪਰ ਗੁਰਮੁਖ ਨਹੀਂ ਆਉਂਦੇ, ਕਿਉਂਕਿ ਇਹ ਉਨ੍ਹਾਂ ਲਈ ਅਜੇ ਕੋਥਰਾ ਥਾਉਂ ਹੈ। ਕੀਹ ਜਾਣੀਏਂ ਇਹ ਮੇਰੇ ਮਨ ਦੀ ਮੈਲ ਕੇਹੀ ਸੂਖਮ ਬਿੰਧੀ ਮੈਲ ਹੈ ਜੋ ਮੈਨੂੰ ਉਵ ਤਾਂ ਦੀਹਦੀ ਨਹੀਂ ਪਰ ਉਸ ਵਿਚੋਂ ਸੂਖਮ ਆਕਾਰ ਵਾਲੀਆਂ ਚੀਜ਼ਾਂ ਨਹੀਂ ਦਿੱਸਦੀਆਂ ਤੇ ਮੋਟੇ ਆਕਾਰ ਵਾਲੀਆਂ ਦਿੱਸਦੀਆਂ ਹਨ।

ਹੁਣ ਅਚਾਨਕ ਢੇਸੇ ਨੂੰ ਚੇਤਾ ਆਇਆ ਤੇ ਉੱਚੀ ਬੋਲਿਆ:-

ਓਏ ਮੂਰਖਾ! ਤੈਨੂੰ ਤਾਂ ਹੁਕਮ ਸੀ ਕਿ ਚੁੱਪ ਕਰਕੇ ਬੈਠ ਆ ਤੇ ਤੂੰ ਤਾਂ ਬਾਹਰੋਂ ਚੁੱਪ ਬੈਠਾ ਹੈਂ ਤੇ ਤੇਰੇ ਅੰਦਰ ਘੋੜ ਦੌੜ ਹੋ ਰਹੀ ਹੈ, ਤੇ ਰੌਲੇ ਪੈ ਰਹੇ ਹਨ, ਤੂੰ ਹੁਕਮ ਨਹੀਂ ਪਾਲ ਰਿਹਾ। ਅਡੋਲ ਹੋ, ਚੁੱਪ ਹੋ, ਕੁਛ ਨਾ ਕਰ, ਕੁਛ ਨਾ ਕਰ, ਟਿਕ, ਚੁੱਪ।

ਇਹ ਕਹਿ ਫੇਰ ਸਾਰੇ ਖਿਆਲ ਬਾਹਰ ਦੇ ਬਾਹਰ ਵਰਜ ਰਹਾਵੇ ਤੇ ਅੰਦਰ ਦੇ ਫੁਰਨੇ ਅੰਦਰ ਵਰਜ ਰਹਾਵੇ, ਪਰ ਇਹ ਬੀ ਜਤਨ ਹੀ ਹੋਇਆ, ਚੁਪ ਨਾ ਹੋਈ। ਚੁੱਪ ਕਿਵੇਂ ਹੋਵੇ? ਬਥੇਰੀ ਚੁੱਪ ਕਰੇ, ਪਰ ਚੁੱਪ ਨਾ ਹੋਵੇ। ਸੋਚ ਫੇਰ ਆ ਪਵੇ। ਜੇ ਸੋਚ ਸੋਚੇ ਤਾਂ ਕੋਈ ਸੋਚ ਅਸੋਚ ਵਿੱਚ ਨਾ ਲੈ ਜਾਵੇ, ਉਹ ਤਾਂ ਸੋਚ ਦੀ ਰੀਂਢ ਸਗੋਂ ਖੁੱਲ੍ਹ ਪਵੇ। ਸੋ ਰਤਾ ਅੰਦਰ ਵਿਹਲ ਜਹੀ ਭਾਸਕੇ

ਢੇਸਾ ਜਾਂ ਤਾਂ 'ਸੋਚ' ਵਿੱਚ ਪੈ ਜਾਵੇ ਜਾਂ 'ਅਸੋਚ ਦੇ ਤਰਲੇ' ਵਿੱਚ ਪੈ ਜਾਵੇ। ਤਾਂ ਫੇਰ ਸੋਚੇ ਕਿ ਹੁਣ ਚੁੱਪ ਹੈ, ਇਹੋ ਵਿਹਲ ਜੇਹੀ ਚੁੱਪ ਹੈ, ਇਹ ਚੁਪ ਫੇਰ ਅਚੁੱਪ ਭਾਸੇ। ਹਾਂ, ਇਹ ਭਾਸੇ ਕਿ ਇਹ ਚੁੱਪ ਦਾ 'ਤਰਲਾ' ਹੈ। ਫੇਰ ਆਖੇ ਮਨਾਂ ਹੁਕਮ ਸੀ ਚੁੱਪ ਬੈਠ, ਤੂੰ ਕਿਉਂ ਤਰਲੇ ਵਿਚ ਹੈਂ? ਚੁੱਪ ਬੈਠ, ਪਰ ਜਦ ਚੁੱਪ ਬੈਠੇ, ਤਰਲਾ ਛੱਡੇ ਤਾਂ ਸੋਚ ਆ ਪਵੇ। ਜੇ ਸੋਚ ਨੂੰ ਬਾਹਰ ਕੱਢੇ ਤਾਂ ਉਹ ਚੁੱਪ ਦਾ ਤਰਲਾ ਬਣ ਜਾਵੇ, ਚੁੱਪ ਨਾ ਬਣੇ।

ਹੁਣ ਘੜੀ ਮੁੱਕਣ ਤੇ ਆ ਰਹੀ ਸੀ। ਢੇਸੇ ਕਿਹਾ, ਅੱਜ ਫੇਰ ਸਤਿਗੁਰ ਨੇ ਕਹਿਣਾ ਹੈ, **'ਅਜੇ ਵੇਲਾ ਨਹੀਂ ਆਇਆ।'** ਹਾਂ, ਜੇ ਆਖਣਗੇ ਤਾਂ ਸੱਚ ਆਖਣਗੇ। ਦੇਖੋ! ਮੈਂ ਇਕ ਘੜੀ ਕੀਹ, ਇੱਕ ਪਲ ਚੁੱਪ ਨਹੀਂ ਬੈਠ ਸਕਦਾ। ਸੱਚ ਹੀ ਕਹਿਣਗੇ ਨਾ। ਹਾਇ! ਕਿਵੇਂ ਚਰਨੀ ਲਾਈ ਰੱਖਣ, ਕਿਤੇ ਸਤਿਗੁਰ ਦੇ ਦਰੋਂ ਧੱਕਾ ਨਾ ਮਿਲ ਜਾਵੇ। ਨਹੀਂ ਨਹੀਂ, ਉਹ ਦਿਆਲੂ ਹਨ, ਧੱਕਾ ਨਹੀਂ ਦੇਣਗੇ ਏਹੋ ਕਹਿਣਗੇ :

**'ਅਜੇ ਵੇਲਾ ਨਹੀਂ ਆਇਆ'**

ਉਹੋ ਹੋ! ਫੇਰ ਮੈਂ ਸੋਚੀਂ ਪੈ ਗਿਆ; ਸੋਚ ਮਨ ਦਾ ਸੁਭਾਉ ਹੈ ਜੋ ਨਹੀਂ ਛੁਟਦਾ ਪਰ ਨਹੀਂ ਛੁਟਦਾ। ਢੇਸਿਆ! ਚੁੱਪ ਕਰ ਸਤਿਗੁਰੂ ਦੇ ਪਿਆਰੇ ਮੁਖੜੇ ਵਲ ਧਿਆਨ ਕਰ। ਹੁਣ ਨਾ ਚੁੱਪ ਹੁੰਦੀ ਹੈ ਤੇ ਨਾ ਸੋਚ ਹਟਦੀ ਹੈ, ਹੁਣ ਉਨ੍ਹਾਂ ਪਿਆਰੇ ਨੈਣਾਂ ਵਲ ਤੱਕ! ਬੱਸ, ਏਥੇ ਟਿਕ ਜਾ। ਇਹੋ ਅਚੁੱਪ ਤੇ ਏਹੋ ਸੋਚ ਰੱਖ ਲੈ। ਨਾ ਸਹੀ ਚੁੱਪ ਤੇ ਨਾ ਸਹੀ ਅਸੋਚ। ਪੇਸ਼ ਜੁ ਇਸ ਮਨ ਅੱਗੇ ਨਾ ਜਾਂਦੀ ਹੋਈ। ਹੁਣ ਢੇਸੇ ਟੇਕ ਲਾਈ ਤੇ ਲੱਗਾ ਸਤਿਗੁਰ ਦੇ ਚੰਦਰ ਮੁਖ ਨੂੰ ਅੱਖਾਂ ਅਗੇ ਟਿਕਾਉਣ, ਪਰ ਉਹ ਚੇਤਾ ਹੀ ਵਿਸਰ ਗਿਆ। ਖਿਆਲ ਮਾਲਿਕ ਜੀ ਵਲ ਜਾਵੇ, ਪਰ ਧਿਆਨ ਕੋਈ ਨਾਂ ਬੱਝੇ, ਦਰਸ਼ਨ ਕੋਈ ਨਾ ਹੋਣ। ਢੇਸਾ ਜ਼ੋਰ ਲਾ ਥੱਕਾ, ਪਰ **'ਜੋਰੁ ਨ ਸੁਰਤੀ ਗਿਆਨਿ ਵੀਚਾਰਿ'॥** {ਜਪੁਜੀ} ਜੋਰ ਦੀ ਪੇਸ਼ ਨਾ ਗਈ। ਫੇਰ ਨਿਰਾਸ ਹੋਕੇ ਰੋ ਪਿਆ, ਹਾਏ! ਮੈਂ ਮੂਰਖ! ਜਿਸਨੇ ਕਈ ਵਰ੍ਹੇ ਹਾਂਮੇ ਬੰਨ੍ਹੀ ਰੱਖੇ ਕਿ ਕੁਛ ਹੈ ਹੀ ਨਹੀਂ ਤੇ ਮੇਰੀ ਅਕਲ ਮੁੰਕਮਲ ਹੈ, ਅਜ ਮੈਂ ਐਨਾਂ ਬੇਵਸ ਬੱਚੇ ਵਰਗਾ ਹੋ ਰਿਹਾ ਹਾਂ ਕਿ ਮੈਂ ਆਪਣੇ ਮਾਲਕ ਦਾ ਮੂੰਹ ਨਹੀਂ ਤੱਕ ਸਕਦਾ, ਆਪਣੇ ਆਪ ਨੂੰ ਚੁੱਪ ਨਹੀਂ ਰੱਖ

ਸਕਦਾ।... ਇ ਢੇਸਿਆ! ਸਹੁਰਿਆ!! ਗੁਰਮੁਖ ਦਾ ਦਰਸ਼ਨ ਤੈਨੂੰ ਨਹੀਂ ਹੋ ਸਕਿਆ, ਤੇ ਗੁਰੂ ਦਾ ਦਿਦਾਰ ਕਿਕੂੰ ਹੋਵੇ? ਜਿੱਥੇ ਗੁਰਮੁਖ ਪੈਰ ਨਹੀਂ ਪਾਉਂਦਾ, ਉਥੇ ਗੁਰੂ ਕਿਵੇਂ ਪਾਉਂਦਾ ਹੈ? ਅਜ ਪਤਾ ਲਗਾ, ਮੈਂ ਮੂਰਖ ਹਾਂ, ਸਭ ਸਿਆਣਪਾ ਸੜ ਗਈਆਂ। ਤ੍ਰਿਸ਼ਨਾਂ ਭੁੱਖ ਤਾਂ ਮੇਰੀ ਘਟੀ ਸੀ, ਪਰ ਕੀਹ ਘਟੀ? ਕੋਈ ਤ੍ਰਿਸ਼ਨਾ ਹੈ ਤਾ ਪਈਆਂ ਸੂਰਤਾਂ ਮੂਰਤਾਂ, ਥਾਵਾਂ ਦੇ ਨਕਸ਼ੇ ਤੇ ਸੰਕਲਪ ਅੱਖਾਂ ਅੱਗੇ ਦਬਾ ਦਬ ਆ ਰਹੇ ਹਨ। ਅਭੁੱਖ ਹੋਕੇ, ਚੁੱਪ ਹੋਕੇ ਮੈਥੋਂ ਇਕ ਘੜੀ ਨਾ ਬਹਿ ਹੋਇਆ*। ਇਸ ਘੜੀ ਵਿਚ ਹੁਕਮ ਬਜਾ ਲਿਆਉਣ ਲਈ ਮੈਂ ਸਾਰੀਆਂ ਸਿਆਣਪਾਂ ਖਰਚ ਕੀਤੀਆਂ, ਪਰ ਹਾਇ, ਢੇਸਿਆ! ਤੇਰੀ ਕਾਈ ਪੇਸ਼ ਨਾ ਚੱਲੀ, ਇਕ ਗਲ, ਇਕ ਸਿਆਣਪ ਦੀ ਬੀ ਕੋਈ ਗਲ ਨਾ ਚੱਲੀ। ਵੇਖ! ਦਾਤੇ ਦਾ ਹੁਕਮ ਨਾ ਮੰਨ ਹੋਇਆ। ਘੜੀ ਰਬ ਜਾਣੇ ਬੀਤ ਹੀ ਗਈ ਹੋਊ। ਮੈਂ ਕੀ ਮੂੰਹ ਦੇਸਾਂ? ਮੈਂ ਅੜਮੰਨ, ਹੁਕਮ ਅਦੂਲ ਮੂਰਖ! ਹਾਇ! ਮੈਂ ਕੀਹ ਮੂੰਹ ਦੇਸਾਂ? ਹੁਣ ਕੀਹ ਕਰਾਂ? ਉਠ ਚੱਲਾਂ? ਦਾਤਾ ਜੀ ਉਡੀਕਦੇ ਹੋਣਗੇ। ਓਹ ਪੁੱਛਣਗੇ ਬਹਿ ਆਇਆ ਹੈਂ? ਮੈਂ ਕਹਾਂਗਾ, ਹਾਂ ਜੀ। ਉਹ ਕਹਿਣਗੇ ਚੁੱਪ ਬਹਿ ਆਇਆ ਹੈਂ? ਤਾਂ ਕੀਕੂੰ ਕਹਾਂਗਾ 'ਹਾਂ ਜੀ'? ਮੈਂ ਜੀਭ ਦੀ ਚੁੱਪ ਧਾਰੀ, ਮੈਂ ਕੰਨਾਂ ਦੀ ਸ਼ਾਂ ਸ਼ਾਂ ਸੁਣ ਕੇ ਉਸ ਵਲੋਂ ਚੁਪ ਧਾਰੀ, ਸੋਚਾਂ ਸੋਚਣ ਦਾ ਜਤਨ ਕੀਤਾ, ਮੈਂ ਸੋਚਾਂ ਸੋਚਕੇ ਕੋਈ ਪੇਸ਼ ਚਲਾਉਣ ਵਾਲੀ ਸੋਚ ਸੋਚਣ ਦਾ ਜ਼ੋਰ ਲਾਇਆ। ਲੱਖ ਸਿਆਣਪ ਸੋਚੀ, ਪੇਸ਼ ਨਾ ਗਈ, ਪਰ ਨਾ ਗਈ। ਮੈਂ ਅਸੋਚ ਤੇ ਚੁੱਪ ਹੋਣ ਦਾ ਤਰਲਾ ਲਾਇਆ, ਪਰ ਅੰਦਰਲਾ ਨਾ ਚੁੱਪ ਹੋਇਆ। ਆਖਸਾਂ ਜੀ ਬਹਿ ਆਇਆ ਹਾਂ, ਪਰ ਚੁੱਪ ਨਹੀਂ ਹੋ ਸਕੀ। ਇਉਂ ਸੋਚਦਿਆਂ ਢੇਸੇ ਨੂੰ ਗੱਚ ਭਰ ਆਇਆ ਸੀ, ਨੈਣਾਂ ਤੋਂ ਅੱਥਰੂ ਨਿਕਲ ਰਹੇ ਸਨ। 'ਹਾਇ! ਮੈਂ ਨਾਚੀਜ਼', ਹਾਇ! 'ਮੈਂ ਕੁਛ ਨਾ'। ਇਸ ਤਰ੍ਹਾਂ ਦੇ ਗੱਚ ਵਿਚ ਆਪੇ ਤੋਂ ਬੇ-ਆਪੇ ਜਹੇ ਵਿਚ ਵਿਰਾਗ ਆ ਗਿਆ ਕਿ ਅਚਾਨਕ ਇਕ ਛਿਨ ਆਈ, ਇਕ ਝਲਕਾਰਾ ਵੱਜਾ, ਇਕ ਅੱਖ ਚਮਕਾਰ ਦਾ ਸਮਾਂ ਲੰਘਿਆ

* ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵਤਾਰ॥ ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ (ਜਪੁਜੀ-੧)

 www.sikhbookclub.com

ਕਿ ਢੇਸੇ ਨੂੰ ਸਤਿਗੁਰ ਜੀ ਦੇ ਖੂਹ ਪਰ ਬੈਠੇ ਜਲ ਦੀ ਆਡ ਵਿਚ ਰਖੇ ਚਰਨ ਕਮਲ ਦਿੱਸ ਪਏ ਅਵਾਜ਼ ਆਈ- ਕਹੁ-

"ਵਾਹਿਗੁਰੂ"

ਢੇਸੇ ਦੇ ਲੂੰ ਲੂੰ ਵਿਚੋਂ ਵਾਹਿਗੁਰੂ ਨਿਕਲ ਗਿਆ। ਢੇਸਾ ਬੇਸੁਧ ਸੀ। ਹੁਣ ਸੁਧ ਆਈ, ਤਾਂ ਜੀਭ ਕਹਿ ਰਹੀ ਸੀ:-

"ਵਾਹਿਗੁਰੂ"

ਲੂੰਆਂ ਵਿਚ ਇਕ ਝਰਨਾਟ ਛਿੜ ਰਹੀ ਸੀ, ਨੈਣਾਂ ਵਿਚ ਇਕ ਠੰਢ ਵਾਪਰ ਰਹੀ ਸੀ, ਸਰੀਰ ਵਿਚ ਹਲਕਾਪਨ ਸੀ, ਅੰਦਰ ਬਾਹਰ ਇਕ ਮੱਧਮ ਮੱਧਮ ਸੁਆਦ ਜੇਹਾ ਸੀ, ਜੀਭ ਪਰ ਇਕ ਰਸ ਸੀ ਤੇ ਜੀਭ ਹਿੱਲ ਰਹੀ ਸੀ ਤੇ ਕਹਿ ਰਹੀ ਸੀ:-

"ਵਾਹਿਗੁਰੂ"

ਢੇਸੇ ਨੇ 'ਬੋਲਹੁ ਜੀ ਵਾਹਿਗੁਰੂ' ਰੋਜ਼ ਸੁਣਿਆਂ ਸੀ, ਆਪ ਬੀ ਕਈ ਵਾਰੀ 'ਸ੍ਰੀ ਵਾਹਿਗੁਰੂ' ਕਿਹਾ ਸੀ, ਪਰ ਇਹ 'ਵਾਹਿਗੁਰੂ' ਕਦੇ ਨਹੀਂ ਕਿਹਾ ਸੀ, ਜਿਸਦਾ ਕਿ ਇਹ ਅਸਰ ਹੈ। ਹਾਂ, ਉਸਨੇ ਅੱਜ ਇਹ ਅਨੋਖਾ 'ਵਾਹਿਗੁਰੂ' ਸੁਣਿਆਂ, ਜੀ ਹਾਂ, ਸਤਿਗੁਰ ਨੂੰ 'ਵਾਹਿਗੁਰੂ' ਕਹਿੰਦੇ ਸੁਣਿਆਂ ਫੇਰ ਸੁਣਨ ਨੂੰ ਜੁ ਉਤਾਵਲਾ ਹੋਇਆ ਤਾਂ ਅੱਖ ਖੁਲੀ, ਛੇਤੀ ਜੁ ਅੱਖ ਖੁਲ੍ਹੀ, ਤਾਂ ਉੱਥੇ ਸਤਿਗੁਰ ਕੋਈ ਨਹੀਂ ਸੇ, ਢੇਸਾ ਸੀ ਇਕੱਲਾ ਤੇ ਢੇਸੇ ਦੀ ਜੀਭ ਤੇ ਸੀ 'ਵਾਹਿਗੁਰੂ' ਪਰ ਜੀਭ ਹੁਣ ਰਸ ਵਾਲੀ ਹੋ ਰਹੀ ਸੀ। ਇਹ ਕੀਹ ਸੀ? ਢੇਸਾ ਨਹੀਂ ਸਮਝ ਸਕਿਆ, ਪਰ ਉਹ ਇਕ ਸੁਆਦ ਵਿਚ ਸੀ ਤੇ ਇਕ ਕਦੇ ਨਾ ਪ੍ਰਤੀਤ ਕੀਤੇ ਸੁਖ ਵਿਚ ਸੀ।

ਹੁਣ ਘੜੀਓਂ ਵੱਧ ਬੀਤ ਗਿਆ ਜਾਪਦਾ ਸੀ, ਢੇਸਾ ਉਠਿਆ। ਉਠੇ ਕੌਣ? ਪਰ ਹੁਕਮ ਯਾਦ ਸੀ, ਸੋ ਉੱਠਣਾ ਪਿਆ। ਉਠਿਆ ਤੇ ਟੁਰ ਪਿਆ।

ਅੰਦਰ ਇਕ ਨਾਮ ਦੀ ਹੌਂ ਯਾ ਧੁਨਿ ਭਾਸਦੀ ਹੈ, ਇਕ ਜਾਗ੍ਰਤ ਭਾਸਦੀ ਹੈ, ਇਕ ਸੁਆਦ ਭਾਸਦਾ ਹੈ ਅਰ ਸਿਮਰਨ 'ਵਾਹਿਗੁਰੂ' ਦਾ ਜਾਰੀ ਹੈ। ਇਉਂ ਢੇਸਾ ਸਨੇ ਸਨੇ ਰਸ ਮੱਤਾ ਨੈਣ ਅਲਸਾਇਆ ਟੁਰੀ ਆਇਆ। ਅੱਗੇ ਖੂਹ ਤੇ ਦਾਤਾ ਜੀ ਕੋਈ ਨਹੀਂ ਸਨ। ਉਹ ਉਥੋਂ ਜਾ ਚੁੱਕੇ ਸਨ। ਢੇਸੇ ਨੂੰ ਹੁਣ

 www.sikhbookclub.com

ਪਿਆਰ ਦੀ ਖਿੱਚ ਦਾ ਤਣੁਕਾ ਤਾਂ ਵੱਜਾ, ਪਰ ਘਬਰਾ ਨਹੀਂ ਹੋਇਆ। ਫੇਰ ਡੇਰੇ ਆਇਆ, ਸਤਿਗੁਰ ਜੀ ਉੱਥੇ ਬੀ ਨਹੀਂ ਸਨ। ਹੁਣ ਹੋਰ ਪਿਆਰ ਦੀ ਖਿੱਚ ਵੱਜੀ, ਪਰ ਘਬਰਾ ਨਹੀਂ ਪਿਆ। ਢੇਸਾ ਹੁਣ ਸਾਈਂਦਾਸ ਦੇ ਘਰ ਆਇਆ, ਅੰਦਰ ਗਿਆ ਤਾਂ ਦਾਤਾ ਜੀ ਪਲੰਘ ਤੇ ਬੈਠੇ ਸਨ, ਰਾਮੋ ਪੱਖਾ ਕਰ ਰਹੀ ਸੀ ਤੇ ਸਾਂਈਦਾਸ ਜੀ ਚਰਨਾਂ ਪਾਸ ਬੈਠੇ ਸਨ। ਸਤਿਗੁਰ ਹੱਸਕੇ ਬੋਲੇ ਢੇਸਿਆ! ਚੁਪ ਬੈਠ ਆਇਆ ਹੈਂ?

ਢੇਸਾ ਚਰਨਾਂ ਨਾਲ ਲਿਪਟ ਗਿਆ, ਰੋ ਪਿਆ ਤੇ ਬੋਲਿਆ:-

ਸੱਚਿਆ! ਮੈਂ ਮੂਰਖ!

ਮੈਂ ਮੂਰਖ!

ਮੈਂ ਮੂਰਖ!

ਸਤਿਗੁਰ ਜੀ- ਸੁਣਾ ਚੁੱਪ ਬੈਠੋਂ ਕਿ ਨਾ?

ਢੇਸਾ-ਇਹ ਤਨ ਭੌਂਕਣਾ ਚੁਪ ਨਹੀਂ ਬਹਿਣ ਦੇਂਦਾ। ਤੇਰੀ ਮਿਹਰ, ਤੇਰੇ ਚਰਨਾਂ ਤੋਂ ਬਲਿਹਾਰ! ਤੂੰ ਕੋਈ ਝਲਕਾ ਮਾਰਿਆ, ਕੋਈ ਝਾਉਲਾ ਪਾਇਓਈ ਕਿ ਕੋਈ ਚਮਕਾਰਾ ਦਿਤੋਈ, ਮੈਨੂੰ ਕੁਛ ਪਤਾ ਨਹੀਂ ਲੱਗਾ।

ਸਤਿਗੁਰੂ- ਕੁਛ ਹੋਇਆ ਸੀ?

ਢੇਸਾ- ਪਾਤਸ਼ਾਹ:-

"ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥"

{ਗਉ: ਮ: ੪, ਪੰਨਾ ੧੬੭}

ਸਤਿਗੁਰ- ਕੁਝ ਸੁਣਿਆਂ, ਡਿੱਠਾ, ਸਮਝਿਆ?

ਢੇਸਾ- ਸੁਣਿਆ-ਅਪਣੇ ਸਰੀਰ ਦੀ ਸ਼ਾਂ ਸ਼ਾਂ। ਡਿੱਠਾ-ਅਪਣੇ, ਪਰਾਏ, ਮਿੱਤ੍ਰ, ਵੈਰੀਆਂ ਦੀਆਂ ਤਸਵੀਰਾਂ ਦੇ ਨਕਸ਼ੇ। ਨਾ ਡਿੱਠਾ ਪਰ ਨਾ ਡਿੱਠਾ ਦੇਖਣ ਜੋਗ, ਨਾ ਸੁਣਿਆਂ ਪਰ ਨਾ ਸੁਣਿਆਂ ਸੁਣਨੇ ਜੋਗ।

ਸਤਿਗੁਰ- ਫੇਰ ਖਾਲੀ ਆਇਆ। ਜੇਹਾ ਗਿਆ ਤੇਹਾ.......।

ਢੇਸਾ- ਖਾਲੀ ਗਿਆ ਪਾਤਸ਼ਾਹ! ਭਰਿਆ ਆਇਆ। ਤੂੰ ਮਿਹਰ ਕੀਤੀ, ਕੋਈ ਛਿਨ ਆਈ।

 www.sikhbookclub.com

ਮੈਂ ਡਿੱਠੇ ਤੇਰੇ ਚਰਨ ਕਮਲ ਮਕਰੰਦ ਰਸ ਨਾਲ ਭਰੇ, ਮੈਂ ਸੁਣਿਆ:-

'ਵਾਹਿਗੁਰੂ'

ਜੋ ਸੁਣਿਆਂ ਬਹਿ ਗਿਆ ਜੀਭ ਤੇ, ਤੇ ਉਸ ਤੋਂ ਹੇਠਾਂ ਲਹਿ ਗਿਆ ਤੇ ਹਲਕਾ ਕਰ ਗਿਆ ਸਰੀਰ, ਮਨ ਤੇ ਆਤਮਾ ਨੂੰ। ਖੀਵਾ ਹੋ ਰਿਹਾ ਹਾਂ, ਸੁਆਦ ਵਿਚ ਹਾਂ ਤੇ ਜੀਭ ਕਹਿ ਰਹੀ ਹੈ-

ਵਾਹਿਗੁਰੂ! ਵਾਹਿਗੁਰੂ!! ਵਾਹਿਗੁਰੂ!!!

ਇਹ ਕਹਿ ਢੇਸਾ ਫੇਰ ਚਰਨਾਂ ਨਾਲ ਲਿਪਟ ਗਿਆ।

ਹੁਣ ਸਤਿਗੁਰ ਨੇ ਸਿਰ ਤੇ ਪਿਆਰ ਦਿੱਤਾ ਤੇ ਆਖਿਆ, ਢੇਸਿਆ! ਤੈਨੂੰ 'ਨਾਮ ਦੀ ਦਾਤ' ਧੁਰੋਂ ਹੋਈ ਹੈ, ਪਰ ਵੇਖ! ਇਹ ਦਾਤ ਅਜਰ ਵਸਤੂ ਹੈ, ਇਸ ਨੂੰ ਜਰਨਾ ਕਠਨ ਹੈ ਤੇ ਵੇਖੀਂ ਇਹ ਗੁਆ ਨਾ ਬੈਠੀਂ।

ਸਾਈਂਦਾਸ ਵਲ-

ਸਾਈਂ ਦਾਸ! ਢੇਸਾ ਨਾਮਧਰੀਕ ਹੋਇਆ ਹੈ, ਇਸ ਤੇ ਮਿਹਰ ਤੇਰੇ ਪਿਆਰ ਦਾ ਸਦਕਾ ਹੋਈ ਹੈ। ਇਸ ਤੇ ਮਿਹਰ ਰੱਖੀਂ, ਸਤਿਸੰਗ ਦੀ ਬਹੁਤ ਲੋੜ ਹੈ। ਇਹ ਪਿਛੋਂ ਤਪਹੀਨ ਹੈ, ਏਥੇ ਸੇਵਾ ਘਾਲ ਦਾ ਪੱਕਾ ਨਹੀਂ; ਤੂੰ ਇਸ ਨੂੰ ਸੰਭਾਲੇਂਗਾ ਤਾਂ ਜੋ ਨਾਮ ਇਸਨੂੰ ਪ੍ਰਾਪਤ ਹੋਇਆ ਹੈ ਇਹ ਮਨ ਦੀ ਸੂਖਮ ਮੈਲ ਨੂੰ ਕੱਟੇਗਾ, ਨਾਲੇ ਅੰਮ੍ਰਿਤ ਰੂਪ ਹੋਕੇ ਇਸਨੂੰ ਰਸ ਵਿੱਚ ਤੇ ਲਿਵ ਵਿੱਚ ਲੈ ਜਾਏਗਾ। ਹਾਲੇ ਜੋ ਰਸ ਇਸ ਨੂੰ ਪਿਆ ਹੈ ਉਹ ਰਾਸ ਪਾ ਦਿੱਤੀ ਹੈ। ਇਸਦੇ ਵਣਜ ਵਪਾਰ ਦਾ ਧਿਆਨ ਰੱਖੀਂ, ਤਾਂ ਜੋ ਅਪਣੀ ਰਾਸ ਵਾਲਾ ਹੋ ਜਾਵੇ। ਇਹ ਕਹਿ ਸਤਿਗੁਰਾਂ ਨੇ ਢੇਸੇ ਨੂੰ ਵਿਦਾ ਕੀਤਾ।

ਇਹ ਸੀ ਵਿੱਥਿਆ ਜੋ ਸਤਿਗੁਰ ਜੀ ਦੇ ਟੁਰਨ ਤੋਂ ਪਹਿਲਾਂ ਢੇਸੇ ਨਾਲ ਵਾਪਰ ਚੁੱਕੀ ਸੀ।

ਸਤਿਗੁਰੂ ਜੀ ਹੁਣ ਅੰਮ੍ਰਿਤਸਰ ਸਨ, ਪਿੱਛੇ ਸਾਈਂਦਾਸ ਸੀ, ਸਤਿਸੰਗ ਸੀ ਤੇ ਵਾਹਿਗੁਰੂ ਦੇ ਦੇਸ਼ ਮੰਡਲ ਦਾ ਕੰਮ ਜਾਰੀ ਸੀ।


www.sikhbookclub.com

## (੨੫) ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥

ਇਕ ਦਿਨ ਢੇਸਾ ਤੇ ਸਾਈਂਦਾਸ ਜੀ ਇਕ ਏਕਾਂਤ ਵਿੱਚ ਬੈਠੇ ਸੇ ਤੇ ਵਾਰਤਾਲਾਪ ਚੱਲ ਪਈ।

ਢੇਸਾ- ਸ੍ਰੀ ਜੀਓ! ਮੈਂ ਬੜੀ ਵੇਰੀ ਇਹ ਗਲ ਸੁਣੀ ਸੀ 'ਨਾਮ ਜਪੋ' ਤੇ ਬੜੀ ਵੇਰੀ 'ਸਿਮਰਨ' ਦਾ ਜ਼ਿਕਰ ਸੁਣਿਆਂ ਸੀ, 'ਵਾਹਿਗੁਰੂ' ਕਈ ਵੇਰ ਆਪ ਬੀ ਕਿਹਾ ਸੀ। ਉਸ ਦਿਨ ਜਦ ਸਤਿਗੁਰਾਂ ਮਿਹਰ ਕੀਤੀ, ਪਤਾ ਨਹੀਂ ਉਹ ਕੀਹ ਸੀ, ਮੈਂ ਉਸ ਵੇਲੇ ਕੀਹ ਹੋ ਗਿਆ ਤੇ ਕੀਹ ਅਚਰਜ ਕੌਤਕ ਵਰਤ ਗਿਆ?

ਸਾਈਂਦਾਸ ਜੀ ਬੋਲੇ-

**"ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ॥**
**ਸੋਈ ਰਾਮੁ ਸਭੈ ਕਹਹਿ ਸੋਈ ਕਉਤਕ ਹਾਰ॥੧੯੦॥"** {ਸ: ਕਬੀਰ}

ਸਾਰੇ ਸਾਈਂ ਦਾ ਨਾਮ ਮੂੰਹੋਂ ਕਹਿ ਦੇਂਦੇ ਹਨ, ਪਰ ਢੇਸਿਆ! ਇੱਕ ਨਾਮ ਕੌਤਕ ਹਾਰ ਹੁੰਦਾ ਹੈ। ਕੌਤਕ ਸੰਸਕ੍ਰਿਤ ਬੋਲੀ ਦਾ ਪਦ ਹੈ, ਇਸਦਾ ਅਰਥ ਹੈ ਅਸਚਰਜ। ਕੌਤਕ ਹਾਰ ਦਾ ਅਰਥ ਹੋਇਆ 'ਅਸਚਰਜ ਪੈਦਾ ਕਰ ਦੇਣ ਵਾਲਾ', ਅਰਥਾਤ ਵਿਸਮਾਦ ਵਿਚ ਪਹੁੰਚਾ ਦੇਣ ਵਾਲਾ। ਤੂੰ ਭਾਈ ਗੁਰਦਾਸ ਜੀ ਦੀ ਬਾਣੀ ਵਿਚ ਅਚਰਜ, ਵਿਸਮਾਦ, ਅਦਭੁਤ ਦੇ ਹਾਲ ਪੜ੍ਹੇ ਹਨ ਤੇ ਆਸਾ ਦੀ ਵਾਰ ਵਿੱਚ ਵੀ ਵਿਸਮਾਦ ਦੀ ਪੌੜੀ ਪੜੀ ਹੈ, ਉਹ ਚੇਤੇ ਕਰੀਂ। ਕਬੀਰ ਜੀ ਦਾ ਤਾਤਪਰਜ ਇਹ ਹੈ ਕਿ ਵਾਹਿਗੁਰੂ ਦਾ ਨਾਮ ਸਾਰੇ ਲੈਂਦੇ ਹਨ ਪਰ ਸਾਧਾਰਨ ਜਿਵੇਂ ਹੋਰ ਪਦ ਉਚਾਰੀਦਾ ਹੈ, ਓਹ ਇਹ ਪਦ ਉਚਾਰ ਛੱਡਦੇ ਹਨ, ਪਰ ਕੋਈਕੁ ਵਾਹਿਗੁਰੂ ਦੇ ਨਾਮ ਦਾ ਉਚਾਰਨ ਐਸਾ ਹੈ ਕਿ ਉਹ ਵਿਸਮਾਦ ਉਤਪਤ ਕਰ ਦੇਂਦਾ ਹੈ।

ਢੇਸਾ- ਜੀ ਵਿਸਮਾਦ ਆਸਾ ਦੀ ਵਾਰ ਵਿੱਚ ਸੁਣਦਾ ਹਾਂ। ਪਰ ਇਹ ਅਸਲ ਵਿੱਚ ਕੀਹ ਗੱਲ ਹੈ?

ਸਾਈਂਦਾਸ- ਵਿਸਮਾਦ ਦੋ ਤਰ੍ਹਾਂ ਦਾ ਹੈ ਇੱਕ ਤਾਂ ਸੁਤੇ ਹੀ ਕਦੇ ਝਲਕਾ ਮਾਰ ਜਾਂਦਾ ਹੈ। ਇੱਕ ਵਾਹਿਗੁਰੂ ਦੇ ਰਸਤੇ ਟੁਰਦਿਆਂ ਮਨ ਦੀ ਏਕਾਗ੍ਰਤਾ ਤੇ ਰਸ ਦਾ ਕੋਈ ਟਿਕਾਣਾ ਆਉਂਦਾ ਹੈ ਜੋ ਉਚੇਰਾ ਰੰਗ ਹੈ।

ਸਾਧਾਰਣ ਵਿਸਮਾਦ ਤਾਂ ਐਉਂ ਆ ਜਾਂਦਾ ਹੈ ਕਿ ਜਦੋਂ ਸਾਡੀ ਸੁਰਤ ਕਿਸੇ ਸੁੰਦਰਤਾ ਦੇ ਨਜ਼ਾਰੇ ਨੂੰ ਤੱਕਕੇ, ਯਾ ਕਿਸੇ ਸੁੰਦਰਤਾ ਦੇ ਵੇਗ ਹੇਠ ਆਕੇ ਸੋਚ ਮੰਡਲਾਂ ਤੋਂ ਉੱਚੀ ਉੱਠਦੀ ਹੈ ਤਾਂ ਇੱਕ ਅਵਸਥਾ ਇਸਤੇ ਛਾਉਂਦੀ ਹੈ, ਜਿਸ ਵਿੱਚ ਸੁਰਤ ਅਸਚਰਜ ਦੇ ਘਰ ਲੀਨ ਜਿਹੀ ਹੋ ਜਾਂਦੀ ਹੈ। ਉਸ ਵੇਲੇ ਇਕ ਸੁਆਦ ਦਾ ਝਲਕਾ ਵਜਦਾ ਹੈ, ਐਉਂ ਜਾਪਦਾ ਹੈ ਜਿਵੇਂ ਕਿਸੇ ਅਨੰਤ ਦੀ ਛੁਹ ਨਾਲ ਛੁਹਿਆ ਹੈ ਯਾ ਅਨੰਤ ਵਿਚ ਇਕ ਟੁੱਭੀ ਲਾ ਆਇਆ ਹੈ, ਇਸਦੇ ਬੀਤ ਜਾਣ ਮਗਰੋਂ ਮਨ ਪਿਆ ਆਖਦਾ ਹੈ- ਵਾਹ ਵਾਹ! ਅਚਰਜ ਹੈ! ਸੁਆਦ ਹੈ! ਢੇਸਿਆ! ਇਹ ਅਵਸਥਾ ਮਨੁੱਖ ਦੇ ਚਿਤ ਤੋਂ ਹੁਣ ਘੱਟ ਲੰਘਦੀ ਹੈ, ਮਨੁੱਖ ਸੋਚਾਂ ਵਿੱਚ, ਫਿਕਰਾਂ ਵਿੱਚ ਤੇ ਲੋੜਾਂ ਵਿਚ ਇੰਨਾਂ ਡੁਬ ਰਿਹਾ ਹੈ ਕਿ ਉਸਦਾ ਮਨ ਇਸ ਵਿਸਮਾਦ ਵਿਚ ਬਹੁਤ ਘੱਟ ਉੱਚਾ ਹੁੰਦਾ ਹੈ।

ਦੂਸਰੀ ਵਿਸਮਾਦ- ਜੋ ਨਾਮ ਸਿਮਰਣ ਵਿਚ ਮਨ ਦੇ ਨਿਰਮਲ ਹੋਇਆਂ ਨਾਮ ਜਪਣ ਵਾਲਾ ਨਾਮੀ ਜੀ ਦੀ ਛੁਹ ਵਿਚ ਜਾਂਦਾ ਹੈ ਤੇ ਉਸ ਵੇਲੇ ਕੋਈ ਰਸ ਛਾਉਂਦਾ ਹੈ, ਜਿਸ ਨੂੰ ਸਮਝਣ ਲਈ ਮਨ ਉਸ ਵੇਲੇ ਗੁੰਮ ਹੁੰਦਾ ਹੈ। ਜਦ ਮਨ ਮੁੜਦਾ ਹੈ ਤਾਂ ਰਸ ਦਾ ਆਵੇਸ ਹੋਇਆ ਪ੍ਰਤੀਤ ਕਰਦਾ ਹੈ ਤੇ ਵਾਹ ਵਾਹ ਦੇ ਰੰਗ ਵਿਚ ਰਸਮਯ ਹੋਇਆ ਹੁੰਦਾ ਹੈ।

ਸਤਿਗੁਰ ਜੀ ਨੇ ਤੇਰੇ ਨਾਲ ਉਸ ਦਿਨ ਇਹੋ ਚੋਜ ਕੀਤਾ ਕਿ ਵਾਹਿਗੁਰੂ ਦਾ ਕਉਤਕਹਾਰ ਨਾਮ ਤੈਂਰੇ ਤੇ ਪ੍ਰਕਾਸ ਕਰ ਦਿੱਤਾ ਅਪਨੇ ਬਲ ਨਾਲ। ਤੈਨੂੰ ਉਹ ਰਸਮਈ ਨਾਮ ਮਿਲ ਗਿਆ। ਫੇਰ ਮਗਰੋਂ ਤੂੰ ਜਪਦਾ ਰਸਨਾਂ ਨਾਲ ਹੀ ਸੈਂ, ਪਰ ਇੱਕ ਸੁਆਦ ਤੇ ਇੱਕ ਰੰਗ ਪਿਆ ਪ੍ਰਤੀਤ ਕਰਦਾ ਸੈਂ। ਇਹ ਵਿਸਮਾਦ ਵਾਹਿਗੁਰੂ ਦੇ ਰਸਤੇ ਦੀ ਸ਼ੈ ਨਾਮ ਦੇ ਪ੍ਰੇਮੀਆਂ ਨੂੰ ਸਾਈਂ ਮਿਹਰ ਨਾਲ ਝਲਕੇ ਮਾਰਦੀ ਹੈ।

ਹੁਣ ਤੈਨੂੰ ਸਮਝ ਆ ਸਕਦੀ ਹੈ ਕਿ ਨਾਮ ਇਕ ਧਨ ਹੈ, ਰਾਸ ਹੈ ਅਰ ਨਾਮ ਦਾਨ ਇਕ ਭਾਰੀ ਰਹਿਮਤ ਤੇ ਬਖਸ਼ਸ਼ ਹੈ, ਇਸੇ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਮ ਨੂੰ ਧਨ ਤੇ ਦਾਤ, ਰਾਸ ਤੇ ਵੱਖਰ ਕਰਕੇ ਲਿਖਿਆ ਹੈ।

ਢੇਸਾ- ਠੀਕ ਹੈ, ਫੇਰ ਜੀ! ਜਿਨ੍ਹਾਂ ਨੇ ਇਹ ਵਿਸਮਾਦ ਦਾ ਝਲਕਾ ਨਹੀਂ ਡਿੱਠਾ, ਉਨ੍ਹਾਂ ਦਾ ਜੀਭ ਨਾਲ ਜਪਣਾ ਨਿਸਫਲ ਗਿਆ?

 www.sikhbookclub.com

ਭਾਈ ਜੀ- ਨਹੀਂ ਸੱਜਣਾਂ! ਨਾਮ ਕਦੇ ਅਫਲ ਨਹੀਂ ਜਾਂਦਾ। ਦੇਖ! ਭਗਤ ਜੀ ਫੁਰਮਾਉਂਦੇ ਹਨ:-

**"ਰੇ ਜਿਹਬਾ ਕਰਉ ਸਤ ਖੰਡ॥**
**ਜਾਮਿ ਨ ਉਚਰਸਿ ਸ੍ਰੀ ਗੋਬਿੰਦ॥"** {ਭੈਰ: ਨਾਮ}

ਕਹਿੰਦੇ ਹਨ ਹੇ ਜੀਭ! ਜੇ ਤੂੰ ਨਾਮ ਨਾ ਲਵੇਂ ਤਾਂ ਤੇਰੇ ਸਤ ਟੋਟੇ ਕਰਾਂ, ਪਰ ਸ੍ਰੀ ਗੁਰੂ ਜੀ ਇਸ ਤੋਂ ਵੱਧ ਉਚਾਰਦੇ ਹਨ:-

**'ਰਸਨਾ ਜਪੈ ਨ ਨਾਮ ਤਿਲੁ ਤਿਲੁ ਕਰਿ ਕਟੀਐ॥'** {ਫੁਨਹੇ-੧੪}

ਨਾਮ ਨਾ ਜਪਣ ਵਾਲੀ ਜੀਭ ਤਿਲ ਤਿਲ ਜਿੰਨੇ ਟੋਟੇ ਕਰਕੇ ਕੱਟੀ ਜਾਵੇ। ਸੋ ਸਿੱਧ ਕੀ ਹੋਇਆ ਕਿ ਜੀਭ ਨਾਲ ਨਾਮ ਜਪਣਾ ਚਾਹੀਏ।

ਜੀਭ ਨਾਲ ਨਾਮ ਜਪਿਆਂ ਮਨ ਦੀ ਮੈਲ ਕੱਟੀਂਦੀ ਹੈ। ਮਨ ਜੋ ਸਾਰੇ ਉਡ ਰਿਹਾ ਹੈ, ਇੱਕ ਖਿਆਲ ਵੱਲ ਰੁਖ ਕਰਦਾ ਹੈ, ਧਿਆਨ ਸ਼ਕਤੀ ਨੂੰ ਇਕ ਪਾਸੇ ਰਹਿਣ ਦਾ ਸੁਭਾ ਪੈਂਦਾ ਹੈ, ਪਰ ਨਾਮ ਜਪਣ ਵਾਲੇ ਨੂੰ ਇਸ ਖਿਆਲ ਦਾ ਜਤਨ ਜ਼ਰੂਰ ਲੋੜੀਏ ਕਿ ਮੈਂ ਨਾਮ ਜਪ ਰਿਹਾ ਹਾਂ, ਅਰ ਵਾਹਿਗੁਰੂ ਦਾ ਨਾਮ ਜਪ ਰਿਹਾ ਹਾਂ, ਅਰ ਵਾਹਿਗੁਰੂ ਮੇਰਾ ਪਿਆਰਾ ਤੇ ਮੈਨੂੰ ਪਿਆਰ ਕਰਨੇ ਵਾਲਾ ਹੈ, ਉਹ ਅਤਿ ਉੱਚਾ ਤੇ ਅਤਿ ਸੁੰਦਰ ਹੈ। ਇਸ ਪ੍ਰਕਾਰ ਦੇ ਗੁਣਾਂ ਦਾ ਚਿੰਤਨ ਕਰਦਿਆਂ ਜੀਭ ਦਾ ਜਪਣਾਂ ਖਾਲੀ ਨਹੀਂ ਜਾਂਦਾ। ਜਿਤਨੇ ਉੱਚੇ ਲੋਕ ਹੋਏ ਹਨ, ਸੋ ਕਿਸੇ ਨਾ ਕਿਸੇ ਤਰ੍ਹਾਂ ਰੱਬ ਨੂੰ ਹਰਦਮ ਯਾਦ ਵਿੱਚ ਰਖਦੇ ਸਨ। ਹਰਦਮ ਯਾਦ ਰੱਖਣਾ ਇਹੋ ਮੂਲ ਗੱਲ ਹੈ।

ਜੋ ਕੌਤਕਹਾਰ ਰੰਗ ਤੁਸਾ ਡਿੱਠਾ ਹੈ, ਇਹ ਮਿਹਰ ਹੈ। ਇਹ ਨਾਮ ਵਿਚ ਰੱਤਾ ਹੋਇਆ ਦਾਤਾ ਸਾਨੂੰ ਨਾਮ ਦੀ ਰਾਸ ਪਾਕੇ ਦੇਂਦਾ ਹੈ। ਇਸ ਨਾਲ ਨਾਮ ਦਾ ਨਿਵਾਸ ਹੁੰਦਾ ਹੈ। ਇਹ ਕਿਣਕਾ ਹੈ ਜੀਉਂਦਾ ਜਾਗਦਾ ਨਾਮ ਦੀ ਰਾਸ ਦਾ, ਜੋ ਅੰਦਰ ਨਿਵਾਸ ਪਾਉਂਦਾ ਹੈ ਤੇ ਇਸ ਵਿੱਚ ਸ਼ਕਤੀ ਹੈ ਕਿ ਮਘਾਇਆਂ ਮਘਦਾ ਹੈ ਤੇ ਵਧਾਇਆਂ ਵਧਦਾ ਹੈ, ਇਸੇ ਕਰਕੇ ਮਹਾਰਾਜ ਜੀ ਨੇ ਕਿਹਾ ਹੈ:-

**"ਕਿਨਕਾ ਏਕ ਜਿਸੁ ਜੀਅ ਬਸਾਵੈ॥**
**ਤਾਕੀ ਮਹਿਮਾ ਗਨੀ ਨ ਆਵੈ॥"** {ਸੁਖਮਨੀ}

ਢੇਸਾ- ਖਿਮਾ ਕਰਨੀ, ਮੈਨੂੰ ਇਕ ਤੁਕ ਯਾਦ ਆ ਰਹੀ ਹੈ, ਉਸਦਾ ਕੀ ਆਸ਼ਾ ਹੈ:-

"ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ॥
ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ॥੧੯੧॥"

ਭਾਈ ਜੀ- ਉਹੋ ਮਤਲਬ ਹੈ ਕਿ ਕਈ ਲੋਕ ਕਹਿੰਦੇ ਹਨ, ਪਰ ਉਨ੍ਹਾਂ ਨੂੰ ਇੱਕ/ਬਿਬੇਕ- ਬੀਚਾਰ ਦਾ ਪਤਾ ਨਹੀਂ ਹੈ। ਉਹ ਇਹ ਹੈ ਕਿ ਵਾਹਿਗੁਰੂ ਦਾ ਨਾਮ ਜਪਦਿਆਂ ਵਾਹਿਗੁਰੂ ਵਿਚ ਪ੍ਰਾਪਤ ਹੋਣਾ ਹੈ। ਇਹ ਸਾਡਾ ਆਸ਼ਾ 'ਇੰਦੀਆ' ਹੈ। ਏਹ ਗਲ ਕਦੇ ਨਾਂ ਭੁੱਲੇ। ਇਸ ਤਰ੍ਹਾਂ ਇਕ ਵਾਹਿਗੁਰੂ ਦੇ ਨਾਮ ਦਾ ਸਿਮਰਨ ਜੋ ਅੰਦਰ ਵਸਾਇਆ ਤਾਂ ਚਾਹੀਏ ਕਿ ਸੁਰਤ 'ਇੱਕ' ਵਿੱਚ ਟਿਕੇ, ਪਰ ਹੁੰਦਾ ਇਹ ਹੈ ਕਿ ਸੁਰ਼ਤ ਇੱਕ ਵਿਚ ਨਹੀਂ ਟਿਕਦੀ, ਅਨੇਕ ਸੰਕਲਪਾਂ, ਵਿਕਲਪਾਂ, ਫੁਰਨਿਆਂ ਵਿਚ ਪਈ ਭਟਕਦੀ ਹੈ, ਸੋ ਉਹ 'ਇਕ' ਸਿਮਰਨ ਜੋ ਅੰਦਰ ਅਸਾਂ ਜਪ ਜਪਕੇ ਪਾਉਣਾ ਸੀ, ਉਹ ਅਨੇਕਤਾਈ-ਫੁਰਨਿਆਂ-ਦੇ ਵਿਚ ਰਲ ਗਿਆ। ਪਰ ਜਿਸ ਤਰ੍ਹਾਂ ਦਾ ਨਾਮ ਤੈਨੂੰ ਲੱਝਾ ਹੈ, ਇਹ ਤੇਰੇ ਅੰਦਰਲੇ ਨੂੰ ਇਕ(ਵਾਹਿਗੁਰੂ) ਵਿਚ ਸਮਾਈ ਬਖਸ਼ੇਗਾ। ਭਾਵ ਏਹ ਕਿ ਇਕ ਨਾਮ ਤਾਂ ਅਨੇਕ ਫੁਰਨਿਆਂ ਵਿਚ ਰਲ ਗਿਆ, ਪਰ ਇਕ ਨਾਮ ਇਕ ਵਾਹਿਗੁਰੂ ਵਿਚ ਸਮਾਈ ਦੇ ਗਿਆ ਇਹ ਬਿਬੇਕ ਹੈ। ਬਿਬੇਕ ਨਾਮ ਵਿਚਾਰ ਦਾ ਹੈ। ਸੋ ਹੁਣ ਤੇਰੇ ਲਈ ਇਸ ਵਿਚਾਰ ਆਸਰੇ ਨਾਮ ਜਪਣ ਦੀ ਲੋੜ ਹੈ।

ਢੇਸਾ- ਇਹ ਕੀਕੂੰ?

ਸਾਈਂਦਾਸ- ਸੁਣੋ:-

"ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥"

{ਗੂਜਰੀ ਮ: ੩, ਪੰਨਾ ੪੯੧}

ਭਾਵ ਇਹ ਕਿ ਰਾਮ ਰਾਮ ਕਹਿਣ ਮਾਤ੍ਰ ਤਾਂ ਲੋਕੀ ਅਚਰਜ ਵੇਲੇ, ਘਬਰਾ ਵੇਲੇ, ਭੈ ਵੇਲੇ, ਸਹੁੰ ਖਾਣ ਵੇਲੇ ਬੀ ਕਹਿ ਦੇਂਦੇ ਹਨ ਪਰ ਉਸ ਕਹਣ ਨਾਲ 'ਨਾਮ ਪ੍ਰੇਮੀ' ਨਹੀਂ ਹੋ ਜਾਈਦਾ। ਪਰ ਇਸੇ ਨਾਮ ਨਾਲ ਵਾਹਿਗੁਰੂ ਪ੍ਰਾਪਤੀ ਦਾ ਫਲ ਮਿਲਨਾ ਹੈ, ਉਹ ਤਾਂ ਮਿਲਦਾ ਹੈ ਜੇ ਗੁਰੂ ਮਿਹਰ ਨਾਲ ਨਾਮ


www.sikhbookclub.com

ਨੂੰ ਮਨ ਵਿਚ ਵਸਾਇਆ ਜਾਵੇ। ਸੋ ਜਿਵੇਂ ਦਾਤੇ ਨੇ ਤੇਰੇ ਤੇ ਮਿਹਰ ਕੀਤੀ ਹੈ, ਉਹ ਇਹੋ ਹੈ ਕਿ ਨਾਮ ਨੂੰ ਤੇਰੇ ਮਨ ਵਿਚ ਵਸਾ ਦਿੱਤਾ ਹੈ। ਉਸ ਦਿਨ ਜੋ ਤੂੰ ਆਪਣੇ ਮਨ ਦੀ ਉਸ ਘੜੀ ਭਰ ਏਕਾਂਤ ਚੁੱਪ ਬਹਿਣ ਦੀ ਅਵਸਥਾ ਦੱਸੀ ਸੀ, ਉਹ ਚੇਤੇ ਕਰ ਲੈ ਕਿ ਤੇਰਾ ਮਨ ਕਿਤੇ ਨਹੀਂ ਸੀ ਟਿਕਦਾ, ਹਾਲਾਂਕਿ ਤੂੰ ਅਪਣੀ ਵੱਲੋਂ ਸੱਚਾ ਤੇ ਪੂਰਾ ਜ਼ੋਰ ਅੰਦਰਲੀ ਕਿਸੇ ਟੇਕ ਤੇ ਟਿਕਣ ਦਾ ਲਾਉਂਦਾ ਸੈਂ। ਜਿਸ ਤਰ੍ਹਾਂ ਤੇਰੇ ਮਨ ਦੀ ਅਵਸਥਾ ਸੀ ਇਸੇ ਤਰ੍ਹਾਂ ਦੀ ਅਵਸਥਾ ਵਿੱਚ ਲੋਕੀਂ ਕਈ ਤਰਲੇ ਲੈਂਦੇ ਹਨ, ਪਰ ਫਲ ਨਹੀਂ ਲੱਭਦਾ। ਤੂੰਹੋਂ ਦੱਸ ਕਿ ਮਨ ਦੀ ਉਸ ਹਾਲਤ ਵਿਚ ਕੀਹ ਬਣਦਾ ਹੈ? ਤੇ ਇਹ ਮੈਂ ਦੱਸਦਾ ਹਾਂ ਕਿ ਤੇਰੇ ਉਸ ਵੇਲੇ ਦੇ ਵੀਚਾਰ ਉੱਤਮ ਸਨ, ਤੇ 'ਇਹ ਨਹੀਂ, ਇਹ ਨਹੀਂ' ਕਰਕੇ ਯਥਾਰਥ ਵੱਲ ਜਾਣ ਦੀਆਂ ਟੋਹਾਂ ਲਾਉਂਦਾ ਸੈਂ ਅਰ ਹਰ ਗ਼ਲਤੀ ਤੋਂ ਆਪੇ ਨੂੰ ਕੱਢਦਾ ਸੈਂ, ਪਰ ਬਣਦਾ ਕੁਛ ਨਹੀਂ ਸੀ। ਅਜੇ ਤੂੰ 'ਸਤਿਸੰਗ-ਪ੍ਰਾਪਤ' ਸੈਂ, ਸੇਵਾ ਕਰਦਾ ਸੈਂ ਤੇ ਬਾਣੀ ਪੜ੍ਹਦਾ ਸੈਂ। ਹੁਣ ਤੇਰੇ ਸਿੱਖ ਰਹੇ ਮਨ ਨੂੰ ਨਾਮ ਦੀ ਲੋੜ ਸੀ। ਹਾਂ, ਲੋੜ ਸੀ ਤਾਂ ਇਹ ਕਿ ਨਾਮ ਦਾ ਕਿਣਕਾ ਅੰਦਰ ਲਹਿ ਜਾਵੇ, ਧੱਸ ਜਾਵੇ। ਸੋ ਇਸਦਾ ਹਿਰਦੇ ਵੱਸਣਾ ਮੂਲ ਰਾਸ ਦੀ ਪ੍ਰਾਪਤੀ ਹੈ, ਦੇਖੋ ਸਤਿਗੁਰ ਜੀ ਫੁਰਮਾਉਂਦੇ ਹਨ:-

"ਮੁਖਹੁ ਹਰਿ ਹਰਿ ਸਭੁ ਕੋ ਕਰੈ
ਵਿਰਲੈ ਹਿਰਦੈ ਵਸਾਇਆ॥
ਨਾਨਕ ਜਿਨ ਕੈ ਹਿਰਦੈ ਵਸਿਆ
ਮੋਖ ਮੁਕਤਿ ਤਿਨ ਪਾਇਆ॥"-

{ਵਡ: ਮ: ੩-ਅਸਟ:-੨}

ਪਰ ਇਹ ਨਾ ਸਮਝ ਬੈਠੀਂ ਕਿ ਰਸਨਾ ਨਾਲ ਜਪਣਾ ਠੀਕ ਨਹੀਂ। ਨਾਮ ਜਪਣਾ ਹੀ ਰਸਨਾ ਨਾਲ ਹੈ। ਇਸ ਨੇ ਰਸਨਾਂ ਤੋਂ ਹੀ ਹਿਰਦੇ ਵਿਚ ਜਾਣਾ ਹੈ। ਜਿਨ੍ਹਾਂ ਦੇ ਹਿਰਦੇ ਵਿਚ ਇਹ ਚਲਾ ਗਿਆ ਹੈ, ਉਨ੍ਹਾਂ ਨੇ ਸੰਸਾਰ ਵਿਚ ਹੀ ਵੱਸਣਾ ਹੈ ਤੇ ਵਰਤਣਾ ਹੈ, ਸੋ ਇਨ੍ਹਾਂ ਵਰਤਾਵਿਆਂ ਵਿਚ ਮਨ ਨੇ ਖਿੰਡਣਾ ਤੇ ਮੈਲਿਆਂ ਬੀ ਕਈ ਵੇਰ ਹੋ ਹੋ ਜਾਣਾ ਹੈ। ਉਹ ਮੈਲ ਰਸਨਾ ਦੇ ਜਪ ਨਾਲ ਉਤਰਦੀ ਹੈ। ਫੇਰ ਮਨ ਵਾਲਾ ਸਿਮਰਨ ਸਫ਼ਾ ਹੋਕੇ ਟੁਰਦਾ ਹੈ। ਨਾਲੇ ਤੂੰ ਕਿਤੇ ਇਹ ਬੀ ਨਾ ਸਮਝ ਬੈਠੀਂ ਕਿ ਤੇਰੇ ਹਿਰਦੇ ਵੱਸ ਗਿਆ ਹੈ, ਇਸ ਲਈ ਹੁਣ

ਤੂੰ ਗ਼ਾਫ਼ਲ ਹੋ ਜਾਣਾ ਹੈ। ਨਹੀਂ ਹੁਣ ਹੀ ਸਾਵਧਾਨਤਾ ਦੀ ਲੋੜ ਹੈ। ਹੁਣ ਜੋ ਤੇਰੇ ਅੰਦਰ ਕਿਣਕਾ ਵੱਸਿਆ ਹੈ ਤੇ ਸਤਿਗੁਰ ਨੇ ਵਸਾਇਆ ਹੈ ਇਸ ਨੂੰ ਅੰਦਰ ਸੰਭਾਲਣਾ ਹੈ:-

"ਨਉ ਨਿਧਿ ਨਾਮੁ ਨਿਧਾਨੁ ਹਰਿ
ਮੈ ਪਲੈ ਬਧਾ ਛਿਕਿ ਜੀਉ॥"

{ਸ੍ਰੀ ਰਾ. ਮ: ੫, ਪੰਨਾ-੭੩}

ਫੇਰ ਧਨ ਬੰਨ੍ਹਣ ਵਾਂਙ ਬੰਨ੍ਹਕੇ ਰਖ ਛੱਡਣਾ ਮਤਲਬ ਨਹੀਂ। ਇਸ ਨੂੰ ਗਹੁ ਕਰਕੇ ਸੰਭਾਲਣਾ ਤੇ ਇਸ ਦਾ ਵਪਾਰ ਕਰਨਾ ਹੈ, ਭਾਵ ਇਹ ਕਿ ਇਹ ਰਾਸ ਜੋ ਮਿਲੀ ਹੈ ਸੋ ਵਧਾਉਣੀ ਹੈ। ਉਹ ਜੋ ਨਾਮ ਮਿਲਿਆ ਹੈ, ਉਸ ਨੂੰ ਹੁਣ ਭੁੱਲ ਵਿਚ ਨਹੀਂ ਜਾਣ ਦੇਣਾ, ਮਨ ਵਿਚ ਵੱਸੇ ਕਿ ਜੀਭ ਤੇ ਕਿ ਦੋਹੀਂ ਥਾਂਈਂ, ਭੁੱਲ ਨਹੀਂ ਪੈਣ ਦੇਣੀ ਤੇ ਸਤਿਗੁਰ ਦੀ ਟੇਕ ਸਦਾ ਰੱਖਣੀ; ਇਸ ਤਰ੍ਹਾਂ ਇਹ ਚੇਤੇ ਕਰਨ ਦਾ- ਸਿਮਰਨ ਕਰਨ ਦਾ- ਵਿਉਪਾਰ ਟੁਰੇਗਾ, ਇਸ ਦੇ ਟੁਰਦਿਆਂ ਟੁਰਦਿਆਂ ਮਨ ਦੀਆਂ ਸੂਖਮ ਮੈਲਾਂ ਤੇ ਕਾਈਆਂ ਕੱਟੀਂਦੀਆਂ ਜਾਣਗੀਆਂ, ਅੰਤ ਨਾਮ ਇਕ ਰਸ ਰੂਪਤਾ ਵਿੱਚ ਆਵੇਗਾ। ਰਸ ਰੂਪ ਹੋਕੇ ਅੱਠ ਪਹਿਰ ਟਿਕੇਗਾ। ਇਹ ਰਸ ਰੂਪਤਾ ਫੇਰ ਵਧਦੀ ਵਧਦੀ ਲਿਵ ਬਣ ਜਾਏਗੀ।

ਢੇਸਾ- ਸ੍ਰੀ ਜੀਓ! ਮੈਨੂੰ ਤਾਂ ਹੁਣ ਉਸ ਦਿਨ ਦਾ ਇਕ ਸੁਖ ਹੋ ਗਿਆ ਹੈ। ਇਕ ਸੁਆਦ ਤੇ ਅਸਚਰਜ ਦਾ ਤਜਰਬਾ ਵੀ ਹੋ ਚੁਕਾ ਹੈ। ਸਭ ਕੁਛ ਹੈ, ਪਰ ਸਿਮਰਨ ਇਕ ਬੜੀ ਕਠਨ ਗੱਲ ਜਾਪਦੀ ਹੈ, ਹਰ ਵੇਲੇ ਸੁਆਦ ਨਹੀਂ ਰਹਿੰਦਾ। ਹਰ ਵੇਲੇ ਖਿੱਚ ਨਹੀਂ ਰਹਿੰਦੀ। ਕਿਸੇ ਵੇਲੇ ਮਨ ਉਟਾਟਰਾ ਬੀ ਹੋ ਜਾਂਦਾ ਹੈ, ਮਨ ਉਟਕ ਜਾਂਦਾ ਹੈ, ਫੇਰ ਮੱਲੋ ਮੱਲੀ ਜੀਭ ਹਿਲਾਈਦੀ ਹੈ।

ਸਾਂਈਦਾਸ- ਇਸੇ ਕਰਕੇ ਭਗਤ ਜਨ, ਰੱਬ ਦੇ ਪਿਆਰੇ ਜਗਿਆਸੂ, ਪਰਮੇਸ਼ੁਰ ਦੇ ਨਾਮ ਜਪਣ ਦਾ ਪਰਵਾਹ ਨਹੀਂ ਨਾ ਛੋਡਦੇ। ਤੀਸਰੇ ਸਤਿਗੁਰੂ ਪੂਰਨ ਗੁਰੂ ਸੇ, ਪਰ ਫੇਰ ਅੰਮ੍ਰਿਤ ਵੇਲੇ ਉੱਠਕੇ, (ਸਰੀਰ ਬਿਰਧ ਸੀ ਤਾਂ ਬੀ) ਕਿੱਲੀ ਫੜਕੇ ਖੜੋਕੇ ਨਾਮ ਜਪਦੇ ਸੇ। ਕਿੱਲੀ ਅਜੇ ਤਕ ਗੋਇੰਦਵਾਲ ਵਿੱਚ ਹੈ। ਇਹ ਤਰੱਦਦ ਕਿਉਂ ਸੀ? ਸਾਨੂੰ ਦੱਸਣ ਵਾਸਤੇ ਕਿ ਸਾਵਧਾਨ ਹੋਕੇ ਨਾਮ ਜਪਣਾ ਹੈ, ਦਲਿੱਦ੍ਰ ਨਾ ਪਵੇ ਤੇ ਆਲਸ ਨਾ ਆਵੇ।

 www.sikhbookclub.com

"ਉਦਮੁ ਕਰਹੁ ਵਡਭਾਗੀ ਹੋ
ਸਿਮਰਹੁ ਹਰਿ ਹਰਿ ਰਾਇ॥" {ਆਸਾ: ਮ: ੫}

ਸਿਮਰਨ ਵਿਚ ਉੱਦਮ ਰਹੇ, ਸਾਵਧਾਨਤਾ ਰਹੇ।

ਸਾਥੋਂ ਭੁੱਲਾਂ ਹੋਣੀਆਂ ਹੋਈਆਂ, ਅਸਾਂ ਮੈਲ ਸਹੇੜ ਲੈਣੀ ਹੋਈ। ਕੋਈ ਤਿਆਗੀ ਜੋਗੀ ਤਾਂ ਹਾਂ ਨਹੀਂ ਜੋ ਬਨਾਂ ਵਿੱਚ ਆ ਬੈਠੇ ਹਾਂ, ਇਹ ਤਾਂ ਗ੍ਰਹਸਤ ਮਾਰਗ ਹੈ। ਤਰ੍ਹਾਂ ਤਰ੍ਹਾਂ ਦੀਆਂ ਮੈਲਾਂ ਦਾ ਆ ਪੈਣਾ, ਮਨ ਨੇ ਉਟਾਟਰਾ ਹੋ ਜਾਣਾ ਹੁੰਦਾ ਹੀ ਰਹਿੰਦਾ ਹੈ। ਸੋ ਅਭਜਾਸੀ ਦਾ ਰੌ ਬਣਿਆ ਰਹੇ ਤਾਂ ਨਾਮ ਜਪਦਿਆਂ ਮੈਲ ਕਟੀਂਦੀ ਹੈ, ਜਦ ਮੈਲ ਕਟੀਂਦੀ ਹੈ ਫਿਰ ਰਸ ਪੈ ਜਾਂਦਾ ਹੈ। ਨਾਮ ਦੇ ਦੋ ਕੰਮ ਹਨ:-

੧. ਮੈਲ ਕੱਟਣੀ ਤੇ

੨. ਰਸ ਦੇਣਾ

ਦੇਖੋ! ਮਾਲਿਕ ਜੀ ਆਖਦੇ ਹਨ:-

"ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥"

{ਸੁਖਮਨੀ}

੧. ਵਾਹਿਗੁਰੂ ਦੇ ਸਿਮਰਨ ਨਾਲ ਮਨ ਦੀ ਮੈਲ ਲਹਿੰਦੀ ਹੈ, ਫੇਰ --

੨. ਵਾਹਿਗੁਰੂ ਦਾ ਅੰਮ੍ਰਤ ਰੂਪੀ ਨਾਮ (ਰਸਾਵਲਾ ਨਾਮ) ਹਿਰਦੇ ਵਿਚ ਸਮਾਉਂਦਾ ਹੈ।

ਸੋ ਜੇ ਤਾਂ ਮੈਲ ਨੇ ਇੱਕੋ ਦਿਨ ਕਟੀਜਕੇ ਫੇਰ ਨਾ ਪੈਣਾਂ ਹੋਵੇ, ਤਾਂ ਤਾਂ ਰਸ ਬੱਝਾ ਰਹੇ। ਮੈਲ ਨੇ ਰੋਜ਼ ਪੈਣਾ, ਮਨ ਨੇ ਰੋਜ਼ ਫਿਰ ਬੇਸੁਆਦੀ ਵਿਚ ਜਾਣਾ ਹੈ, ਤਾਂ ਤੇ ਨਿਤ ਜਪਣਾ ਤੇ ਮੈਲ ਨੂੰ ਕੱਟਣਾ, ਫੇਰ ਰਸ ਵਿਚ ਚੜ੍ਹਨਾ, ਇਸੇ ਕਰਕੇ ਹੁਕਮ ਹੈ-

"ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥"

{ਗਉ: ਵਾਰ-੧੧}

ਫੇਰ ਹੁਕਮ ਹੈ:-

"ਊਠਤ ਬੈਠਤ ਸੋਵਤ ਨਾਮ॥
ਕਹੁ ਨਾਨਕ ਜਨ ਕੈ ਸਦ ਕਾਮ॥"

{ਗਉ: ਮ: ੫, ਪੰਨਾ ੨੮੬}

ਫੇਰ:-

"ਊਠਤ ਬੈਠਤ ਸੋਵਤ ਧਿਆਈਐ॥
ਮਾਰਗਿ ਚਲਤ ਹਰੇ ਹਰਿ ਗਾਈਐ॥"

{ਆਸਾ: ਮ: ੫, ਪੰਨਾ ੩੮੬}

ਢੇਸਿਆ! ਨਾਮ ਤਾਂ ਅੱਠ ਪਹਿਰ ਅੰਦਰਲੇ ਦਾ ਜਤਨ ਹੈ ਕਿ ਮਨ ਉੱਚੇ ਘਰ ਵਿਚ ਰਹੇ।

ਢੇਸਾ- ਫੇਰ ਜੀ! ਇਸ ਦਾ ਕੀ ਅਰਥ ਹੋਇਆ ਕਿ ਮੇਰੇ ਅੰਦਰੋਂ ਨਾਮ ਦੀ ਕਣੀ ਜੋ ਮਹਾਰਾਜ ਨੇ ਪਾਈ ਹੈ ਨਿਕਲ ਵੈਂਦੀ ਏ?

ਸਾਈਂਦਾਸ- ਨਹੀਂ ਢੇਸਿਆ! ਉਹ ਘੜੀ ਨਾ ਆਵੇ ਕਿ ਕਣੀ ਨਿਕਲ ਜਾਵੇ। ਇਸੇ ਗਲ ਦਾ ਬਾਨ੍ਹਣੂ ਬੰਨ੍ਹਣ ਦਾ ਜਤਨ ਮੈਂ ਹੁਣ ਤੈਨੂੰ ਦੱਸ ਰਿਹਾ ਹਾਂ।

ਮਨ ਤੇ ਮੈਲ ਪੈਂਦੀ ਹੈ, ਜਿਵੇਂ ਅਸਮਾਨ ਤੇ ਧੂੜ ਚੜ੍ਹਦੀ ਹੈ। ਸੂਰਜ ਨਹੀਂ ਟੁਰ ਜਾਂਦਾ, ਪਰ ਸੂਰਜ ਨਜ਼ਰ ਨਹੀਂ ਪੈਂਦਾ, ਉਸਦਾ ਚਾਨਣਾ ਤੇ ਨਿੱਘ ਸਾਥੋਂ ਖੁੱਸ ਜਾਂਦੇ ਹਨ। ਤਿਵੇਂ ਸਾਡੇ ਮਨ ਵਿੱਚ ਮੈਲ ਚੜ੍ਹਿਆਂ ਨਾਮ ਦਾ ਰਸ ਤੇ ਸੁਆਦ ਸਾਥੋਂ ਖੁੱਸ ਜਾਂਦਾ ਹੈ; ਇਸ ਕਰਕੇ ਮੈਲ ਨਾ ਪੈਣ ਦਿਓ, ਨਾ ਪੈਣ ਦਿਓ, ਪਵੇ ਤਾਂ ਧੋ ਦਿਓ, ਧੋ ਦਿਓ।

ਢੇਸਾ- ਮੈਲ ਕਿਵੇਂ ਨਾ ਪਵੇ?

ਸਾਈਂਦਾਸ- ਵਾਹਿਗੁਰੂ ਮਿਹਰ ਕਰੇ ਤਾਂ ਨਹੀਂ ਪੈਂਦੀ, ਪਰ ਕੁਛ ਭੁੱਲਾਂ ਹਨ ਜੋ ਮੈਲ ਨੂੰ ਵਾਜਾਂ ਮਾਰ ਲੈਂਦੀਆਂ ਹਨ, ਇਕ ਤਾਂ ਹੈ ਕ੍ਰੋਧ, ਇਕ ਹੈ ਭੈ, ਇਕ ਹੈ ਮੋਹ।